ਵੀਰਵਾਰ, 3 ਜੁਲਾਈ, 2025
19 ਹਾੜ੍ਹ { ਨਾਨਕਸ਼ਾਹੀ 557 / ਬਿਕਰਮੀ 2082 }
ਜਿਲਦ/VOL. : 74
ਅੰਕ/NO. : 32

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • THURSDAY, 3 JULY, 2025 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

# ਭਾਜਪਾ ਹਕੂਮਤ ਫਾਸ਼ੀਵਾਦ ਦੇ ਰਾਹ : ਡੀ ਰਾਜਾ

## ਕੌਮੀ ਕੌਂਸਲ ਵੱਲੋਂ ਐਡਵੋਕੇਟ ਸ਼ੁਗਲੀ ਤੇ ਕਾਮਰੇਡ ਸੁਤੰਤਰ ਨੂੰ ਸ਼ਰਧਾਂਜਲੀਆਂ




**ਦਿੱਲੀ**—ਭਾਰਤੀ ਕਮਿਊਨਿਸਟ ਪਾਰਟੀ (ਸੀ ਪੀ ਆਈ) ਦੀ ਦੋ ਰੋਜ਼ਾ ਕੌਮੀ ਕੌਂਸਲ ਦੀ ਮੀਟਿੰਗ ਰਾਮ ਕਰੁਸ਼ਨਾ ਪਾਂਡਾ ਦੀ ਪ੍ਰਧਾਨਗੀ ਹੇਠ ਸੀ ਪੀ ਆਈ ਦੇ ਮੁੱਖ ਦਫਤਰ ਅਜੈ ਭਵਨ ਵਿਖੇ ਸ਼ੁਰੂ ਹੋਈ। ਮੀਟਿੰਗ ਦੇ ਸ਼ੁਰੂਆਤ ਵਿੱਚ ਡਾਕਟਰ ਗਰੀਸ਼ ਸ਼ਰਮਾ ਨੇ ਵਿੱਛੜ ਚੁੱਕੇ ਕਮਿਊਨਿਸਟ ਆਗੂਆਂ ਨੂੰ ਸ਼ਰਧਾਂਜਲੀ ਅਰਪਿਤ ਕਰਨ ਲਈ ਸ਼ੋਕ ਮਤਾ ਪੇਸ਼ ਪੇਸ਼ ਕੀਤਾ। ਸ਼ੋਕ ਮਤੇ ਵਿੱਚ ਪੰਜਾਬ ਤੋਂ 'ਨਵਾਂ ਜ਼ਮਾਨਾ' ਨੂੰ ਚਲਾਉਣ ਵਾਲੀ ਸੰਸਥਾ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ ਦੇ ਸਕੱਤਰ ਗੁਰਮੀਤ ਸਿੰਘ ਸ਼ੁਗਲੀ ਐਡਵੋਕੇਟ ਅਤੇ ਸੀ ਪੀ ਆਈ ਦੇ ਨਵਾਂ ਸ਼ਹਿਰ ਜ਼ਿਲ੍ਹੇ ਦੇ ਸਕੱਤਰ ਕਾਮਰੇਡ ਸੁਤੰਤਰ ਕੁਮਾਰ ਵੀ ਸਨ।

ਸੀ ਪੀ ਆਈ ਦੇ ਜਨਰਲ ਸਕੱਤਰ ਡੀ. ਰਾਜਾ ਨੇ 21 ਤੋਂ 25 ਸਤੰਬਰ ਤੱਕ ਚੰਡੀਗੜ੍ਹ ਵਿਖੇ ਹੋ ਰਹੀ ਕੁੱਲ ਹਿੰਦ ਕਾਂਗਰਸ ਦੀਆਂ ਤਿਆਰੀਆਂ ਬਾਰੇ ਕੌਂਸਲ ਮੈਂਬਰਾਂ ਨੂੰ ਜਾਣਕਾਰੀ ਦਿੱਤੀ। ਉਨ੍ਹਾ ਦੱਸਿਆ ਕਿ ਕਾਂਗਰਸ ਵਿੱਚ ਦੇਸ਼ ਭਰ 'ਚੋਂ 1000 ਦੇ ਕਰੀਬ ਡੈਲੀਗੇਟ, ਵੈਟਰਨ ਅਤੇ ਸਾਂਭ-ਸੰਭਾਲ ਲਈ ਵਲੰਟੀਅਰ ਪਹੁੰਚ ਰਹੇ ਹਨ। ਕਾਂਗਰਸ ਵਿੱਚ ਵਿਦੇਸ਼ਾਂ ਦੀਆਂ ਕਮਿਊਨਿਸਟ ਪਾਰਟੀਆਂ ਦੇ ਆਗੂ ਵੀ ਆਪਣਾ ਭਰਾਤਰੀ ਸੰਦੇਸ਼ ਦੇਣ ਵਾਸਤੇ ਆ ਰਹੇ ਹਨ। ਕਾਂਗਰਸ ਦੀ ਕਾਮਯਾਬੀ ਲਈ ਵੱਖ-ਵੱਖ ਕਮੇਟੀਆਂ ਬਣਾਈਆਂ ਗਈਆਂ ਹਨ, ਜੋ ਲਗਾਤਾਰ ਸਰਗਰਮੀ ਵਿੱਚ ਹਨ। ਪਾਰਟੀ ਦੀ ਕਾਮਯਾਬੀ ਲਈ ਸਭ ਤੋਂ ਵੱਧ ਪੈਸੇ ਦੀ ਜ਼ਰੂਰਤ ਹੁੰਦੀ ਹੈ, ਉਹ ਵੀ ਪਾਰਟੀ ਮੈਂਬਰ ਤੇ ਹਮਦਰਦ ਖੁਸ਼ੀ-ਖੁਸ਼ੀ ਦੇ ਰਹੇ ਹਨ। ਕਾਂਗਰਸ ਦੇ ਪਹਿਲੇ ਦਿਨ 21 ਸਤੰਬਰ ਨੂੰ ਪੰਜਾਬ ਪੱਧਰ ਦੀ ਮੁਹਾਲੀ ਵਿਖੇ ਰੈਲੀ ਕੀਤੀ ਜਾਵੇਗੀ।

ਮੀਟਿੰਗ ਵਿੱਚ ਡੀ. ਰਾਜਾ ਨੇ ਰਾਜਸੀ ਖਰੜਾ ਪੇਸ਼ ਕੀਤਾ, ਜੋ ਵਾਧਿਆਂ-ਘਾਟਿਆਂ ਤੋਂ ਬਾਅਦ ਪਾਰਟੀ ਕਾਂਗਰਸ ਵਿੱਚ ਪੇਸ਼ ਕੀਤਾ ਜਾਵੇਗਾ ਅਤੇ ਕਾਂਗਰਸ ਵਿੱਚ ਵਿਚਾਰਾਂ ਕਰਕੇ ਖਰੜੇ ਨੂੰ ਅੰਤਮ ਰੂਪ ਦਿੱਤਾ ਜਾਵੇਗਾ। ਉਸ ਦੀ ਸੇਧ ਵਿੱਚ ਹਿੰਦੁਸਤਾਨ ਵਿੱਚ ਰੁਜ਼ਗਾਰ, ਵਿਦਿਆ, ਸਿਹਤ, ਗਰੀਬਾਂ ਲਈ ਘਰ, ਕਿਸਾਨਾਂ ਦੀਆਂ ਫਸਲਾਂ ਦੀ ਖਰੀਦ ਲਈ ਐੱਮ ਐੱਸ ਪੀ ਪੂਰਨ ਰੂਪ ਵਿੱਚ ਲਾਗੂ ਕਰਾਉਣ, ਖੇਤ ਮਜ਼ਦੂਰਾਂ ਦੀ ਜ਼ਿੰਦਗੀ ਖੁਸ਼ਹਾਲ ਬਣਾਉਣ, ਮਨਰੇਗਾ ਦਾ ਕੰਮ ਸਾਲ ਵਿੱਚ 200 ਦਿਨ ਤੇ ਦਿਹਾੜੀ ਵਧਾਉਣ, ਟਰੇਡ ਯੂਨੀਅਨ ਦੀਆਂ ਮੰਗਾਂ ਮੰਨਵਾਉਣ ਅਤੇ ਪਬਲਿਕ ਅਦਾਰਿਆਂ ਦਾ ਪ੍ਰਾਈਵੇਟ ਕਰਨ ਰੋਕਣ ਅਤੇ ਜੋ ਅਦਾਰੇ ਪ੍ਰਾਈਵੇਟ ਹੋ ਚੁੱਕੇ ਹਨ, ਉਨ੍ਹਾਂ ਨੂੰ ਮੁੜ ਪਬਲਿਕ ਦੇ ਅਦਾਰੇ ਬਣਾਉਣ ਅਤੇ ਔਰਤਾਂ ਤੇ ਮਰਦ ਪ੍ਰਧਾਨ ਸਮਾਜ ਵਿੱਚ ਹੋ ਰਹੇ ਜ਼ੋਰ-ਜਬਰ ਦੇ ਖਿਲਾਫ ਸੰਘਰਸ਼ ਵਿੱਢਿਆ ਜਾਵੇਗਾ।

ਡੀ. ਰਾਜਾ ਨੇ ਰਿਪੋਰਟ ਦੇ ਖਰੜੇ ਵਿੱਚ ਇਹ ਵੀ ਪੇਸ਼ ਕੀਤਾ ਕਿ ਕੇਂਦਰ ਦੀ ਭਾਜਪਾ ਦੀ ਹਕੂਮਤ ਫਾਸ਼ੀਵਾਦ ਦੇ ਰਾਹ ਤੁਰੀ ਹੈ। ਮਾਓਵਾਦ ਦੇ ਨਾਂਅ 'ਤੇ ਆਦਿਵਾਸੀਆਂ ਦਾ ਕਤਲੇਆਮ ਹੋ ਰਿਹਾ ਹੈ। ਆਦਿਵਾਸੀਆਂ ਦੇ ਪਿੰਡਾਂ ਦੇ ਪਿੰਡ ਉਜਾੜ ਦਿੱਤੇ ਗਏ ਹਨ। ਆਦਿਵਾਸੀ ਆਪਣੇ ਪਰਵਾਰਾਂ ਦੀ ਜ਼ਿੰਦਗੀ ਆਰਜ਼ੀ ਕੈਂਪਾਂ ਵਿੱਚ ਗੁਜ਼ਾਰ ਰਹੇ ਹਨ। ਜਲ, ਜੰਗਲ, ਜ਼ਮੀਨ ਕਾਰਪੋਰੇਟ ਘਰਾਣਿਆਂ ਨੂੰ ਦਿੱਤੀ ਜਾ ਰਹੀ ਹੈ। ਕੁਦਰਤੀ ਖਣਿਜ ਪਦਾਰਥ ਜੋ ਸਾਡੇ ਦੇਸ਼ ਦਾ ਸੋਨਾ ਹੈ, ਉਹ ਕਾਰਪੋਰੇਟ ਲੁੱਟ ਰਹੇ ਹਨ। ਮੋਦੀ ਸਰਕਾਰ ਦੀ ਇਸ ਨੀਤੀ ਦਾ ਜਿਹੜਾ ਵੀ ਲਿਖਾਰੀ ਤੇ ਚੈਨਲ ਵਾਲਾ ਵਿਰੋਧਤਾ ਕਰਦਾ ਹੈ, ਉਸ ਨੂੰ ਜੇਲ੍ਹੀਂ ਡੱਕ ਦਿੱਤਾ ਜਾਂਦਾ ਹੈ। ਉਹਨਾ ਕਿਹਾ ਕਿ ਹਿੰਦੁਸਤਾਨ ਦੀ ਇਸ ਨਾਜ਼ੁਕ ਪ੍ਰਸਥਿਤੀ ਵਿੱਚ ਚੰਡੀਗੜ੍ਹ ਕਾਂਗਰਸ ਦੀ ਬਹੁਤ ਅਹਿਮੀਅਤ ਹੈ। ਨੈਸ਼ਨਲ ਕੌਂਸਲ ਦੀ ਮੀਟਿੰਗ ਵਿੱਚ ਪੰਜਾਬ ਤੋਂ ਸੀ ਪੀ ਆਈ ਦੇ ਪੰਜਾਬ ਦੇ ਸਕੱਤਰ ਬੰਤ ਸਿੰਘ ਬਰਾੜ, ਹਰਦੇਵ ਸਿੰਘ ਅਰਸ਼ੀ, ਜਗਰੂਪ, ਨਿਰਮਲ ਸਿੰਘ ਧਾਲੀਵਾਲ, ਪਿਰਥੀਪਾਲ ਸਿੰਘ ਮਾੜੀਮੇਘਾ ਤੇ ਅਮਰਜੀਤ ਸਿੰਘ ਆਸਲ ਸ਼ਾਮਲ ਹੋਏ। ਬੰਤ ਸਿੰਘ ਬਰਾੜ ਨੇ ਪਾਰਟੀ ਕਾਂਗਰਸ ਦੀ ਤਿਆਰੀ ਬਾਰੇ ਨੈਸ਼ਨਲ ਕੌਂਸਲ ਨੂੰ ਜਾਣਕਾਰੀ ਦਿੱਤੀ।

# ਦਲਾਈ ਲਾਮਾ ਦੀ ਚੋਣ 'ਚ ਚੀਨ ਦਾ ਦਖਲ ਰੱਦ

**ਨਵੀਂ ਦਿੱਲੀ** : ਤਿੱਬਤੀ ਭਾਈਚਾਰੇ ਲਈ ਇੱਕ ਵੱਡੀ ਖਬਰ 'ਚ 14ਵੇਂ ਦਲਾਈਲਾਮਾ ਤੈਨਜਿਨ ਗਿਆਤਸੋ ਨੇ ਬੁੱਧਵਾਰ ਐਲਾਨ ਕੀਤਾ ਕਿ ਦਲਾਈਲਾਮਾ ਦੀ ਰਵਾਇਤ (ਸੰਸਥਾ) ਜਾਰੀ ਰਹੇਗੀ। ਉਨ੍ਹਾ ਆਪਣੇ ਉੱਤਰਾਧਿਕਾਰੀ ਭਾਵ ਨਵੇਂ ਦਲਾਈਲਾਮਾ ਦੀ ਚੋਣ ਦੇ ਅਮਲ ਵਿੱਚ ਚੀਨ ਦੀ ਕਿਸੇ ਤਰ੍ਹਾਂ ਦੀ ਭੂਮਿਕਾ ਤੋਂ ਇਨਕਾਰ ਕੀਤਾ ਹੈ। ਉਨ੍ਹਾ ਕਿਹਾ ਕਿ ਗਡੇਨ ਫੋਡਰਾਂਗ ਟਰੱਸਟ ਕੋਲ ਭਵਿੱਖ ਦੇ ਉੱਤਰਾਧਿਕਾਰੀ ਨੂੰ ਮਾਨਤਾ ਦੇਣ ਦਾ ਇਕਲੌਤਾ ਅਧਿਕਾਰ ਹੈ। ਦਲਾਈਲਾਮਾ ਦੇ ਦਫਤਰ ਵੱਲੋਂ ਬਿਆਨ ਵਿੱਚ ਕਿਹਾ ਗਿਆ ਕਿ ਕਿਸੇ ਹੋਰ ਕੋਲ ਇਸ ਮਾਮਲੇ ਵਿੱਚ ਦਖਲ ਦੇਣ ਦਾ ਕੋਈ ਅਧਿਕਾਰ ਨਹੀਂ ਹੈ। ਦਲਾਈਲਾਮਾ ਨੇ ਕਿਹਾ, "ਮੈਂ ਪੁਸ਼ਟੀ ਕਰਦਾ ਹਾਂ ਕਿ ਦਲਾਈਲਾਮਾ ਦੀ ਰਵਾਇਤ ਜਾਰੀ ਰਹੇਗੀ। ਦੁਨੀਆ ਭਰ ਦੇ ਵੱਖ-ਵੱਖ ਬੋਧੀ ਸੰਗਠਨਾਂ ਦੀ ਬੇਨਤੀ ਤੋਂ ਬਾਅਦ ਇਸ ਰਵਾਇਤ ਨੂੰ ਜਾਰੀ ਰੱਖਣ ਦਾ ਫੈਸਲਾ ਲਿਆ ਗਿਆ ਹੈ।"

ਦਲਾਈਲਾਮਾ ਨੇ ਕਿਹਾ ਕਿ ਉਨ੍ਹਾ ਨੇ ਪਿਛਲੇ 14 ਸਾਲਾਂ ਵਿੱਚ (ਸਤੰਬਰ 2011 ਤੋਂ) ਇਸ ਮੁੱਦੇ 'ਤੇ ਕੋਈ ਜਨਤਕ ਚਰਚਾ ਨਹੀਂ ਕੀਤੀ ਹੈ, ਪਰ ਉਨ੍ਹਾ ਨੂੰ ਤਿੱਬਤ ਅਤੇ ਦੁਨੀਆ-ਭਰ ਦੇ ਤਿੱਬਤੀਆਂ ਤੋਂ ਵੱਖ-ਵੱਖ ਚੈਨਲਾਂ ਰਾਹੀਂ ਸੰਦੇਸ਼ ਮਿਲੇ ਹਨ, ਜਿਨ੍ਹਾਂ ਵਿੱਚ ਦਲਾਈਲਾਮਾ ਦੀ ਰਵਾਇਤ ਜਾਰੀ ਰੱਖਣ ਦੀ ਮੰਗ ਕੀਤੀ ਗਈ ਹੈ। ਦਲਾਈਲਾਮਾ ਨੇ ਇਹ ਐਲਾਨ ਅਜਿਹੇ ਮੌਕੇ ਕੀਤਾ ਹੈ, ਜਦੋਂ ਦੁਨੀਆ-ਭਰ ਦੇ ਬੋਧੀ ਵਿਦਵਾਨ ਅਤੇ ਭਿਕਸ਼ੂ ਬੁੱਧਵਾਰ ਤੋਂ ਸ਼ੁਰੂ ਹੋਏ ਤਿੰਨ ਦਿਨਾਂ ਸੰਮੇਲਨ ਲਈ ਹਿਮਾਚਲ ਪ੍ਰਦੇਸ਼ ਦੇ ਮੈਕਲੋਡਗੰਜ ਵਿਚ ਇਕੱਠੇ ਹੋਏ ਹਨ। ਦਲਾਈਲਾਮਾ ਦੀ ਰਵਾਇਤ ਜਾਰੀ ਰੱਖਣ ਦੇ ਭਵਿੱਖ ਬਾਰੇ ਫੈਸਲਾ ਉਦੋਂ ਲਿਆ ਜਾਂਦਾ ਹੈ ਜਦੋਂ ਮੌਜੂਦਾ ਦਲਾਈਲਾਮਾ 90 ਸਾਲ ਦੀ ਉਮਰ ਦਾ ਹੋ ਜਾਂਦਾ ਹੈ। ਗ੍ਰੇਗੋਰੀਅਨ ਕੈਲੰਡਰ ਅਨੁਸਾਰ 14ਵੇਂ ਦਲਾਈਲਾਮਾ 6 ਜੁਲਾਈ ਨੂੰ 90 ਸਾਲ ਦੇ ਹੋ ਰਹੇ ਹਨ, ਹਾਲਾਂਕਿ ਤਿੱਬਤੀ ਕੈਲੰਡਰ ਮੁਤਾਬਕ ਉਹ 30 ਜੂਨ ਨੂੰ 90 ਸਾਲ ਦੇ ਹੋ ਗਏ ਹਨ। ਦਲਾਈਲਾਮਾ ਤੈਨਜਿਨ ਗਿਆਤਸੋ ਨੇ ਹਾਲਾਂਕਿ ਬੀਤੇ ਵਿਚ ਕਿਹਾ ਸੀ, "ਜਦੋਂ ਮੈਂ ਨੱਬੇ ਦੇ ਕਰੀਬ ਹੋਵਾਂਗਾ ਤਾਂ ਮੈਂ ਤਿੱਬਤੀ ਬੋਧੀ ਰਵਾਇਤਾਂ ਦੇ ਉੱਚ ਲਾਮਿਆਂ, ਤਿੱਬਤੀ ਅਵਾਮ ਅਤੇ ਹੋਰ ਸੰਬੰਧਤ ਲੋਕਾਂ ਨਾਲ ਸਲਾਹ-ਮਸ਼ਵਰਾ ਕਰਾਂਗਾ, ਜੋ ਤਿੱਬਤੀ ਬੁੱਧ ਧਰਮ ਦਾ ਪਾਲਣ ਕਰਦੇ ਹਨ, ਤਾਂ ਜੋ ਇਹ ਮੁੜ ਮੁਲਾਂਕਣ ਕੀਤਾ ਜਾ ਸਕੇ ਕਿ ਦਲਾਈਲਾਮਾ ਦੀ ਰਵਾਇਤ ਨੂੰ ਜਾਰੀ ਰੱਖਣਾ ਚਾਹੀਦਾ ਹੈ ਜਾਂ ਨਹੀਂ।" ਅਗਲੇ ਦਲਾਈਲਾਮਾ ਦੀ ਰਵਾਇਤ ਨੂੰ ਜਾਰੀ ਰੱਖਣ ਦੀ ਬੇਨਤੀ ਕਰਨ ਵਾਲਿਆਂ ਵਿੱਚ ਜਲਾਵਤਨੀ ਹੰਢਾ ਰਹੇ ਤਿੱਬਤੀ ਸੰਸਦ ਮੈਂਬਰਾਂ, ਵਿਸ਼ੇਸ਼ ਜਨਰਲ ਬਾਡੀ ਮੀਟਿੰਗ ਵਿੱਚ ਸ਼ਾਮਲ ਭਾਈਵਾਲਾਂ, ਕੇਂਦਰੀ ਤਿੱਬਤੀ ਪ੍ਰਸ਼ਾਸਨ ਦੇ ਮੈਂਬਰਾਂ, ਗੈਰ-ਸਰਕਾਰੀ ਸੰਗਠਨਾਂ, ਹਿਮਾਲੀਅਨ ਖੇਤਰ, ਮੰਗੋਲੀਆ, ਰੂਸੀ ਸੰਘ ਦੇ ਬੋਧੀ ਗਣਰਾਜਾਂ ਅਤੇ ਮੁੱਖ ਭੂਮੀ ਚੀਨ ਸਮੇਤ ਏਸ਼ੀਆ ਦੇ ਬੋਧੀ ਸ਼ਾਮਲ ਹਨ।

### ਸਾਡੀ ਮਨਜ਼ੂਰੀ ਤਾਂ ਲੈਣੀ ਹੀ ਪੈਣੀ : ਚੀਨ



ਤੈਨਜਿਨ ਗਿਆਤਸੋ।

ਤਿੱਬਤੀ ਬੋਧੀਆਂ ਮੁਤਾਬਕ ਨਵਾਂ ਦਲਾਈ ਲਾਮਾ ਪੁਨਰ-ਜਨਮ ਲੈਂਦਾ ਹੈ। ਤਿੱਬਤੀ ਬੋਧੀ ਮੰਨਦੇ ਹਨ ਕਿ ਦਲਾਈ ਲਾਮਾ ਨੇ ਆਪਣੀ ਅਧਿਆਤਮਕ ਵਿਰਾਸਤ ਨੂੰ ਜਾਰੀ ਰੱਖਣ ਲਈ ਪੁਨਰ-ਜਨਮ ਲਿਆ ਹੈ।

ਉਧਰ, ਵਰਤਮਾਨ ਦਲਾਈ ਲਾਮਾ ਤੈਨਜਿਨ ਗਿਆਤਸੋ ਵੱਲੋਂ ਇਹ ਐਲਾਨਣ ਕਿ ਨਵਾਂ ਦਲਾਈ ਲਾਮਾ ਚੀਨ ਤੋਂ ਬਾਹਰ ਦਾ ਹੋਵੇਗਾ ਤੇ ਉਸ ਦੀ ਚੋਣ ਵਿੱਚ ਚੀਨ ਦੀ ਕੋਈ ਭੂਮਿਕਾ ਨਹੀਂ ਹੋਵੇਗੀ, ਦੇ ਕੁਝ ਘੰਟਿਆਂ ਬਾਅਦ ਚੀਨ ਨੇ ਕਿਹਾ ਕਿ ਨਵੇਂ ਦਲਾਈ ਲਾਮਾ ਲਈ ਚੀਨ ਸਰਕਾਰ ਦੀ ਮਨਜ਼ੂਰੀ ਜ਼ਰੂਰੀ ਹੈ। ਚੀਨੀ ਵਿਦੇਸ਼ ਮੰਤਰਾਲੇ ਦੀ ਤਰਜਮਾਨ ਮਾਓ ਨਿੰਗ ਨੇ ਕਿਹਾ ਕਿ ਦਲਾਈ ਲਾਮਾ ਦਾ ਪੁਨਰ-ਜਨਮ (ਚੋਣ) 18ਵੀਂ ਸਦੀ ਦੀ ਪ੍ਰਕਿਰਿਆ ਮੁਤਾਬਕ ਇੱਕ ਸਵਰਨ ਕਲਸ਼ ਵਿੱਚੋਂ ਲਾਟਰੀ ਕੱਢ ਕੇ ਹੋਣਾ ਜਾਣਾ ਚਾਹੀਦਾ ਹੈ ਤੇ ਚੀਨ ਦੀ ਕੇਂਦਰ ਸਰਕਾਰ ਤੋਂ ਇਸ ਦੀ ਪ੍ਰਵਾਨਗੀ ਮਿਲਣੀ ਚਾਹੀਦੀ ਹੈ। ਅਗਲਾ ਦਲਾਈ ਲਾਮਾ ਚੀਨ ਦੀਆਂ ਸਰਹੱਦਾਂ ਦੇ ਅੰਦਰ ਪੈਦਾ ਹੋਵੇਗਾ।

ਮੈਲਬੋਰਨ ਯੂਨੀਵਰਸਿਟੀ ਵਿੱਚ ਬੁੱਧ ਧਰਮ ਅਧਿਐਨ ਦੇ ਲੈਕਚਰਾਰ ਜਾਨ ਪਾਵਰਜ਼ ਦਾ ਕਹਿਣਾ ਹੈ ਕਿ ਚੀਨੀ ਕਮਿਊਨਿਸਟ ਪਾਰਟੀ ਤਿੱਬਤ ਵਿੱਚ ਸਮਾਰੋਹ ਕਰਕੇ ਨਵੇਂ ਦਲਾਈ ਲਾਮਾ ਦੀ ਚੋਣ ਕਰਵਾ ਸਕਦੀ ਹੈ। ਇਸ ਤਰ੍ਹਾਂ ਮੌਜੂਦਾ ਦਲਾਈ ਲਾਮਾ ਦੇ ਸਰੀਰ ਛੱਡਣ ਤੋਂ ਬਾਅਦ ਦੋ ਦਲਾਈ ਲਾਮਾ ਹੋ ਸਕਦੇ ਹਨ। ਇਤਿਹਾਸ ਵਿੱਚ ਦਲਾਈ ਲਾਮਾ ਦੀ ਚੋਣ ਕਰਨ ਲਈ ਕਈ ਤਰੀਕੇ ਅਪਣਾਏ ਗਏ ਹਨ। ਇਨ੍ਹਾਂ ਵਿੱਚੋਂ ਇੱਕ ਸੋਨੇ ਦੇ ਕਲਸ਼ ਵਿੱਚੋਂ ਨਾਂਅ ਕੱਢਣ ਦਾ ਹੈ। ਕਲਸ਼ ਇਸ ਵੇਲੇ ਚੀਨ ਕੋਲ ਹੈ।

## ਮਜੀਠੀਆ ਦੇ ਰਿਮਾਂਡ 'ਚ ਚਾਰ ਦਿਨਾਂ ਦਾ ਵਾਧਾ



**ਮੁਹਾਲੀ** : ਸਥਾਨਕ ਕੋਰਟ ਨੇ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਦੇ ਵਿਜੀਲੈਂਸ ਰਿਮਾਂਡ ਵਿੱਚ ਬੁੱਧਵਾਰ ਚਾਰ ਦਿਨਾ ਦਾ ਵਾਧਾ ਕਰ ਦਿੱਤਾ। ਮਜੀਠੀਆ ਨੂੰ ਆਮਦਨ ਤੋਂ ਵੱਧ ਜਾਇਦਾਦ ਮਾਮਲੇ 'ਚ ਸੱਤ ਦਿਨਾ ਦੇ ਰਿਮਾਂਡ ਦੀ ਮਿਆਦ ਮੁੱਕਣ ਮਗਰੋਂ ਕੋਰਟ ਵਿੱਚ ਪੇਸ਼ ਕੀਤਾ ਗਿਆ ਸੀ। ਦੋਵਾਂ ਧਿਰਾਂ ਵਿਚਾਲੇ ਚਾਰ ਘੰਟੇ ਦੇ ਕਰੀਬ ਬਹਿਸ ਚੱਲੀ।

ਕੋਰਟ ਦੇ ਬਾਹਰ ਸਖਤ ਸੁਰੱਖਿਆ ਪ੍ਰਬੰਧ ਕੀਤੇ ਗਏ ਸਨ। ਇਸ ਦੌਰਾਨ ਪੁਲਸ ਨੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਸਣੇ ਹੋਰਨਾਂ ਅਕਾਲੀ ਆਗੂਆਂ ਨੂੰ ਚੰਡੀਗੜ੍ਹ-ਮੁਹਾਲੀ ਦੀ ਸਰਹੱਦ ਨੇੜਿਓਂ ਹਿਰਾਸਤ ਵਿੱਚ ਲੈ ਲਿਆ। ਸੁਖਬੀਰ ਬਾਦਲ ਨੇ ਦੋਸ਼ ਲਾਇਆ ਹੈ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਨੇ ਸੂਬੇ ਵਿੱਚ ਅਣਐਲਾਨੀ ਐਮਰਜੈਂਸੀ ਲਾ ਦਿੱਤੀ ਹੈ। ਸੁਖਬੀਰ ਸਣੇ ਬਾਕੀ ਆਗੂਆਂ ਨੂੰ ਫੇਜ਼ 11 ਦੇ ਥਾਣੇ ਵਿੱਚ ਲਿਜਾਣ ਤੋਂ ਕੁਝ ਦੇਰ ਬਾਅਦ ਛੱਡ ਦਿੱਤਾ ਗਿਆ।

## ਆਦਮਪੁਰ-ਮੁੰਬਈ ਸਿੱਧੀ ਹਵਾਈ ਸੇਵਾ ਸ਼ੁਰੂ



**ਜਲੰਧਰ** : ਆਦਮਪੁਰ ਤੇ ਮੁੰਬਈ ਵਿਚਾਲੇ ਸਿੱਧਾ ਹਵਾਈ ਸੰਪਰਕ ਹੋ ਗਿਆ ਜਦੋਂ ਇੰਡੀਗੋ ਏਅਰਲਾਈਨ ਦਾ ਜਹਾਜ਼ ਮੁੰਬਈ ਤੋਂ ਉੱਡ ਕੇ ਆਦਮਪੁਰ ਹਵਾਈ ਅੱਡੇ 'ਤੇ ਉਤਰਿਆ। ਮੁੰਬਈ ਤੋਂ ਜਹਾਜ਼ ਬਾਅਦ ਦੁਪਹਿਰ 12.55 ਵਜੇ ਉਡਾਨ ਭਰਿਆ ਕਰੇਗਾ ਤੇ ਸਵਾ ਤਿੰਨ ਵਜੇ ਆਦਮਪੁਰ ਪੁੱਜੇਗਾ। ਆਦਮਪੁਰ ਤੋਂ 3:50 ਵਜੇ ਰਵਾਨਾ ਹੋ ਕੇ 6.30 ਵਜੇ ਮੁੰਬਈ ਪੁੱਜੇਗਾ। ਇਹ ਫਲਾਈਟ ਇਸ ਖ਼ੇਤਰ ਦੀ ਤਰੱਕੀ ਤੇ ਖੁਸ਼ਹਾਲੀ ਵਿੱਚ ਯੋਗਦਾਨ ਪਾਉਣ ਦੇ ਨਾਲ-ਨਾਲ ਦੋਆਬੇ ਦੇ ਵਪਾਰੀਆਂ ਅਤੇ ਹਜ਼ੂਰ ਸਾਹਿਬ ਜਾਣ ਵਾਲੇ ਯਾਤਰੀਆਂ ਲਈ ਵੀ ਲਾਹੇਵੰਦ ਸਾਬਤ ਹੋਵੇਗੀ। ਨਵਾਂਸ਼ਹਿਰ, ਕਪੂਰਥਲਾ, ਜਲੰਧਰ ਸਣੇ ਹੋਰਨਾਂ ਖੇਤਰਾਂ ਦੇ ਲੋਕਾਂ ਨੂੰ ਇੰਡੀਗੋ ਵੱਲੋਂ ਸ਼ੁਰੂ ਕੀਤੀ ਉਡਾਣ ਦਾ ਫਾਇਦਾ ਮਿਲੇਗਾ।

## ਮਾਨ ਵਜ਼ਾਰਤ ਦਾ ਸੱਤਵਾਂ ਵਿਸਥਾਰ ਅੱਜ



**ਚੰਡੀਗੜ੍ਹ** : ਮਾਨ ਮੰਤਰੀ ਮੰਡਲ ਵਿੱਚ ਵੀਰਵਾਰ ਸੱਤਵਾਂ ਵਿਸਥਾਰ ਕੀਤਾ ਜਾਵੇਗਾ। ਇਸ ਦੌਰਾਨ ਵਿਧਾਨ ਸਭਾ ਹਲਕਾ ਲੁਧਿਆਣਾ ਪੱਛਮੀ ਤੋਂ ਨਵੇਂ ਚੁਣੇ ਗਏ ਵਿਧਾਇਕ ਸੰਜੀਵ ਅਰੋੜਾ ਪੰਜਾਬ ਰਾਜ ਭਵਨ ਵਿੱਚ ਮੰਤਰੀ ਵਜੋਂ ਸਹੁੰ ਚੁੱਕਣਗੇ। ਪਿਛਲੇ ਹਫਤੇ ਵਿਧਾਇਕ ਚੁਣੇ ਜਾਣ ਤੋਂ ਬਾਅਦ ਹੀ ਉਨ੍ਹਾ ਦਾ ਮੰਤਰੀ ਮੰਡਲ ਵਿੱਚ ਸ਼ਾਮਲ ਹੋਣਾ ਤੈਅ ਸੀ। 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਜ਼ਿਮਨੀ ਚੋਣਾਂ ਵਿੱਚ ਪ੍ਰਚਾਰ ਦੌਰਾਨ ਅਰੋੜਾ ਨੂੰ ਮੰਤਰੀ ਬਨਾਉਣ ਦਾ ਐਲਾਨ ਕੀਤਾ ਸੀ। ਪਿਛਲੇ ਹਫਤੇ ਮੁੱਖ ਮੰਤਰੀ ਭਗਵੰਤ ਮਾਨ ਨੇ ਵੀ ਪੁਸ਼ਟੀ ਕੀਤੀ ਸੀ ਕਿ ਉਹ ਅਰੋੜਾ ਨੂੰ ਆਪਣੀ ਕੈਬਨਿਟ ਵਿੱਚ ਲਿਆ ਰਹੇ ਹਨ।

### ਅਮਰਨਾਥ ਗੁਫਾ ਲਈ ਪਹਿਲਾ ਜਥਾ ਰਵਾਨਾ

**ਜੰਮੂ** : ਉਪ ਰਾਜਪਾਲ ਮਨੋਜ ਸਿਨਹਾ ਨੇ ਬੁੱਧਵਾਰ ਸਵੇਰੇ ਪੰਜ ਵਜੇ ਦੇ ਕਰੀਬ ਅਮਰਨਾਥ ਯਾਤਰਾ ਲਈ ਪਹਿਲੇ ਜੱਥੇ ਨੂੰ ਰਵਾਨਾ ਕੀਤਾ। ਇਸ ਜਥੇ ਵਿੱਚ 5880 ਤੋਂ ਵੱਧ ਸ਼ਰਧਾਲੂ ਸ਼ਾਮਲ ਹਨ। 38 ਦਿਨਾ ਯਾਤਰਾ 3 ਜੁਲਾਈ ਨੂੰ ਘਾਟੀ ਤੋਂ ਦੋ ਰੂਟਾਂ ਰਾਹੀਂ ਸ਼ੁਰੂ ਹੋਵੇਗੀ।

### ਧਮਾਕੇ 'ਚ ਅਸਿਸਟੈਂਟ ਕਮਿਸ਼ਨਰ ਸਣੇ 4 ਮਰੇ

**ਪਿਸ਼ਾਵਰ** : ਪਾਕਿਸਤਾਨ ਦੇ ਖੈਬਰ ਪਖਤੂਨਖਵਾ 'ਚ ਹੋਏ ਧਮਾਕੇ ਵਿੱਚ ਅਸਿਸਟੈਂਟ ਕਮਿਸ਼ਨਰ ਸਣੇ ਚਾਰ ਸਰਕਾਰੀ ਅਧਿਕਾਰੀਆਂ ਦੀ ਮੌਤ ਹੋ ਗਈ ਤੇ 11 ਜਣੇ ਜ਼ਖ਼ਮੀ ਹੋ ਗਏ। ਅਫਗਾਨਿਸਤਾਨ ਦੀ ਸਰਹੱਦ ਨਾਲ ਲੱਗਦੇ ਬਾਜੌਰ ਕਬਾਇਲੀ ਜ਼ਿਲ੍ਹੇ ਦੀ ਖਾਰ ਤਹਿਸੀਲ ਵਿੱਚ ਮੇਲਾ ਗਰਾਊਂਡ ਨੇੜੇ ਹੋਇਆ ਇਹ ਧਮਾਕਾ ਬਾਜੌਰ ਜ਼ਿਲ੍ਹੇ ਦੀ ਨਵਾਗਈ ਤਹਿਸੀਲ ਦੇ ਅਸਿਸਟੈਂਟ ਕਮਿਸ਼ਨਰ ਫੈਸਲ ਸੁਲਤਾਨ ਦੀ ਗੱਡੀ ਨੂੰ ਨਿਸ਼ਾਨਾ ਬਣਾ ਕੇ ਕੀਤਾ ਗਿਆ। ਮ੍ਰਿਤਕਾਂ ਵਿੱਚ ਏ ਐੱਸ ਆਈ, ਤਹਿਸੀਲਦਾਰ ਅਤੇ ਕਾਂਸਟੇਬਲ ਵੀ ਸ਼ਾਮਲ ਹਨ।

### ਸੰਸਦ ਦੀ ਸੁਰੱਖਿਆ 'ਚ ਸੰਨ੍ਹ ਦੇ ਕੇਸ 'ਚ ਦੋ ਮੁਲਜ਼ਮਾਂ ਦੀ ਜ਼ਮਾਨਤ

**ਨਵੀਂ ਦਿੱਲੀ** : ਦਿੱਲੀ ਹਾਈ ਕੋਰਟ ਨੇ ਦਸੰਬਰ 2023 ਵਿੱਚ ਸੰਸਦ ਦੀ ਸੁਰੱਖਿਆ 'ਚ ਸੰਨ੍ਹ ਨਾਲ ਸੰਬੰਧਤ ਕੇਸ 'ਚ ਦੋ ਮੁਲਜ਼ਮਾਂ ਨੂੰ ਜ਼ਮਾਨਤ ਦੇ ਦਿੱਤੀ ਹੈ। ਜਸਟਿਸ ਸੁਬਰਾਮਨੀਅਮ ਪ੍ਰਸਾਦ ਤੇ ਜਸਟਿਸ ਹਰੀਸ਼ ਵੈਦਿਆਨਾਥਨ ਸ਼ੰਕਰ ਦੀ ਬੈਂਚ ਨੇ ਨੀਲਮ ਆਜ਼ਾਦ ਤੇ ਮਹੇਸ਼ ਕੁਮਾਵਤ ਨੂੰ 50-50 ਹਜ਼ਾਰ ਦਾ ਨਿੱਜੀ ਮੁਚੱਲਕਾ ਤੇ ਏਨੀ ਹੀ ਰਕਮ ਦੀਆਂ ਦੋ ਜ਼ਾਮਨੀਆਂ ਭਰਨ ਲਈ ਕਿਹਾ ਹੈ। ਬੈਂਚ ਨੇ ਦੋਵਾਂ ਨੂੰ ਕਿਸੇ ਵੀ ਮੀਡੀਆ ਆਊਟਲੈੱਟ ਨੂੰ ਇੰਟਰਵਿਊ ਦੇਣ ਜਾਂ ਇਸ ਘਟਨਾ ਬਾਰੇ ਸੋਸ਼ਲ ਮੀਡੀਆ 'ਤੇ ਕਿਸੇ ਤਰ੍ਹਾਂ ਦੀ ਪੋਸਟ ਪਾਉਣ ਤੋਂ ਵਰਜਿਆ ਹੈ। ਮੁਲਜ਼ਮਾਂ ਨੇ ਜ਼ਮਾਨਤ ਅਰਜ਼ੀ ਰੱਦ ਕਰਨ ਦੇ ਟਰਾਇਲ ਕੋਰਟ ਦੇ ਹੁਕਮਾਂ ਨੂੰ ਹਾਈ ਕੋਰਟ ਵਿਚ ਚੁਣੌਤੀ ਦਿੱਤੀ ਸੀ।

ਸੰਸਦ 'ਤੇ 2001 ਵਿੱਚ ਹੋਏ ਦਹਿਸ਼ਤੀ ਹਮਲੇ ਦੀ ਬਰਸੀ ਮੌਕੇ ਇੱਕ ਵੱਡੀ ਸੁਰੱਖਿਆ ਉਲੰਘਣਾ ਵਿੱਚ ਮੁਲਜ਼ਮ ਸਾਗਰ ਸ਼ਰਮਾ ਅਤੇ ਮਨੋਰੰਜਨ ਡੀ ਨੇ ਸਿਫਰ ਕਾਲ ਦੌਰਾਨ ਜਨਤਕ ਗੈਲਰੀ ਤੋਂ ਲੋਕ ਸਭਾ ਚੈਂਬਰ ਵਿੱਚ ਛਾਲ ਮਾਰ ਦਿੱਤੀ ਸੀ। ਉਨ੍ਹਾਂ ਕੁਝ ਸੰਸਦ ਮੈਂਬਰਾਂ ਵੱਲੋਂ ਕਾਬੂ ਕੀਤੇ ਜਾਣ ਤੋਂ ਪਹਿਲਾਂ ਕਨੱਸਤਰਾਂ ਤੋਂ ਪੀਲੀ ਗੈਸ ਛੱਡੀ ਅਤੇ ਨਾਅਰੇਬਾਜ਼ੀ ਵੀ ਕੀਤੀ। ਠੀਕ ਉਸੇ ਵੇਲੇ ਦੋ ਹੋਰ ਮੁਲਜ਼ਮਾਂ ਅਮੋਲ ਸ਼ਿੰਦੇ ਅਤੇ ਆਜ਼ਾਦ ਨੇ ਸੰਸਦੀ ਕੰਪਲੈਕਸ ਦੇ ਬਾਹਰ 'ਤਾਨਾਸ਼ਾਹੀ ਨਹੀਂ ਚਲੇਗੀ' ਦੇ ਨਾਅਰੇ ਲਗਾਉਂਦੇ ਹੋਏ ਡੱਬਿਆਂ ਤੋਂ ਰੰਗਦਾਰ ਧੂੰਆਂ ਛੱਡਿਆ ਸੀ।

# ਟਰੰਪ ਦੀਆਂ ਧਮਕੀਆਂ ਤੋਂ ਡਰਨ ਵਾਲਾ ਨਹੀਂ : ਮਮਦਾਨੀ



**ਨਿਊਯਾਰਕ** : ਭਾਰਤੀ ਮੂਲ ਦੇ ਨਿਊਯਾਰਕ ਸਿਟੀ ਦੇ ਡੈਮੋਕ੍ਰੇਟਿਕ ਮੇਅਰ ਪ੍ਰਾਇਮਰੀ ਵਿੱਚ ਜਿੱਤ ਹਾਸਲ ਕਰ ਚੁੱਕੇ ਜ਼ੋਹਰਾਨ ਮਮਦਾਨੀ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਗ੍ਰਿਫਤਾਰੀ ਅਤੇ ਨਾਗਰਿਕਤਾ ਖੋਹਣ ਦੀ ਧਮਕੀ 'ਤੇ ਕਿਹਾ ਹੈ ਕਿ ਉਹ ਇਸ ਤਰ੍ਹਾਂ ਦੀਆਂ ਧਮਕੀਆਂ ਤੋਂ ਡਰਨ ਵਾਲਾ ਨਹੀਂ ਹੈ ਅਤੇ ਟਰੰਪ ਦਾ ਇਹ ਰਵੱਈਆ ਲੋਕਤੰਤਰ 'ਤੇ ਸਿੱਧਾ ਹਮਲਾ ਹੈ। ਟਰੰਪ ਨੇ ਹਾਲ ਹੀ ਵਿੱਚ ਇੱਕ ਇਮੀਗ੍ਰੇਸ਼ਨ ਈਵੈਂਟ ਦੌਰਾਨ ਮਮਦਾਨੀ ਨੂੰ ਕਮਿਊਨਿਸਟ ਅਤੇ ਪਾਗਲ ਦੱਸਿਆ ਸੀ ਅਤੇ ਦਾਅਵਾ ਕੀਤਾ ਸੀ ਕਿ ਉਹ ਸੰਭਵ ਤੌਰ 'ਤੇ ਅਮਰੀਕਾ ਵਿੱਚ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਹਨ। ਟਰੰਪ ਨੇ ਧਮਕੀ ਦਿੱਤੀ ਕਿ ਜੇ ਮਮਦਾਨੀ ਨੇ ਯੂ ਐੱਸ ਇਮੀਗ੍ਰੇਸ਼ਨ ਏਜੰਸੀ (ਆਈ ਸੀ ਈ) ਦੇ ਕੰਮ ਵਿੱਚ ਰੁਕਾਵਟ ਪਾਈ ਤਾਂ ਉਸ ਨੂੰ ਗ੍ਰਿਫਤਾਰ ਕਰਕੇ ਡਿਟੈਂਸ਼ਨ ਕੈਂਪ ਵਿੱਚ ਭੇਜ ਦਿੱਤਾ ਜਾਵੇਗਾ ਅਤੇ ਨਾਗਰਿਕਤਾ ਰੱਦ ਕਰ ਦਿੱਤੀ ਜਾਵੇਗੀ। ਮਮਦਾਨੀ ਨੇ ਟਰੰਪ ਦੀਆਂ ਟਿੱਪਣੀਆਂ 'ਤੇ ਤਿੱਖੀ ਪ੍ਰਤੀਕਿਰਿਆ ਕਰਦੇ ਹੋਏ ਕਿਹਾ, "ਸੰਯੁਕਤ ਰਾਜ ਅਮਰੀਕਾ ਦੇ ਰਾਸ਼ਟਰਪਤੀ ਨੇ ਮੈਨੂੰ ਗ੍ਰਿਫਤਾਰ ਕਰਵਾਉਣ, ਮੇਰੀ ਨਾਗਰਿਕਤਾ ਖੋਹਣ ਅਤੇ ਡਿਟੈਂਸ਼ਨ ਕੈਂਪ ਵਿੱਚ ਪਾਉਣ ਦੀ ਧਮਕੀ ਦਿੱਤੀ ਹੈ, ਉਹ ਵੀ ਉਦੋਂ ਜਦੋਂ ਮੈਂ ਕੋਈ ਕਾਨੂੰਨ ਨਹੀਂ ਤੋੜਿਆ। ਇਹ ਸਿਰਫ ਇਸ ਲਈ ਹੋ ਰਿਹਾ ਹੈ ਕਿਉਂਕਿ ਮੈਂ ਆਈ ਸੀ ਈ ਨੂੰ ਸਾਡੇ ਸ਼ਹਿਰ ਵਿੱਚ ਅੱਤਵਾਦ ਫੈਲਾਉਣ ਤੋਂ ਰੋਕਾਂਗਾ।" ਉਨ੍ਹਾ ਅੱਗੇ ਕਿਹਾ, "ਇਹ ਨਾ ਸਿਰਫ ਲੋਕਤੰਤਰ 'ਤੇ ਹਮਲਾ ਹੈ, ਬਲਕਿ ਹਰ ਉਸ ਨਿਊਯਾਰਕ ਵਾਸੀ ਨੂੰ ਡਰਾਉਣ ਦੀ ਕੋਸ਼ਿਸ਼ ਹੈ, ਜੋ ਅਨਿਆਂ ਵਿਰੁੱਧ ਬੋਲਦਾ ਹੈ, ਪਰ ਅਸੀਂ ਡਰਾਂਗੇ ਨਹੀਂ, ਅਸੀਂ ਲੜਾਂਗੇ।"

ਮਮਦਾਨੀ ਨੇ ਨਿਊਯਾਰਕ ਦੇ ਮੌਜੂਦਾ ਮੇਅਰ ਐਰਿਕ ਐਡਮਜ਼ 'ਤੇ ਵੀ ਨਿਸ਼ਾਨਾ ਸੇਧਿਆ, ਜਿਨ੍ਹਾ ਦੀ ਟਰੰਪ ਨੇ ਹਾਲ ਹੀ ਵਿੱਚ ਪ੍ਰਸੰਸਾ ਕੀਤੀ ਸੀ। ਮਮਦਾਨੀ ਨੇ ਕਿਹਾ ਕਿ "ਟਰੰਪ ਵੱਲੋਂ ਐਰਿਕ ਐਡਮਜ਼ ਦੀ ਤਾਰੀਫ ਕਰਨਾ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੈ, ਪਰ ਇਸ ਨਾਲ ਇਹ ਸਪੱਸ਼ਟ ਹੋ ਗਿਆ ਹੈ ਕਿ ਇਸ ਮੇਅਰ ਦਾ ਕਾਰਜਕਾਲ ਹੁਣ ਖਤਮ ਹੋਣਾ ਚਾਹੀਦਾ ਹੈ। ਅਜਿਹੇ ਸਮੇਂ ਵਿੱਚ ਜਦੋਂ ਰਿਪਬਲਿਕਨ ਲੋਕ ਸਮਾਜਿਕ ਸੁਰੱਖਿਆ ਯੋਜਨਾਵਾਂ ਖਤਮ ਕਰਨਾ ਚਾਹੁੰਦੇ ਹਨ ਅਤੇ ਗਰੀਬਾਂ ਤੋਂ

• ਬਾਕੀ ਸਫਾ 2 'ਤੇ

# ਕੈਬ ਵਾਲਿਆਂ ਨੂੰ ਦੁੱਗਣਾ ਕਿਰਾਇਆ ਵਸੂਲਣ ਦੀ ਖੁੱਲ੍ਹ

**ਨਵੀਂ ਦਿੱਲੀ** : ਸੜਕੀ ਆਵਾਜਾਈ ਤੇ ਰਾਜ ਮਾਰਗ ਮੰਤਰਾਲੇ ਨੇ ਕੈਬ ਐਗਰੀਗੇਟਰਾਂ ਨੂੰ 'ਪੀਕ ਆਵਰ' (ਵਿਅਸਤਮ ਸਮੇਂ) ਦੌਰਾਨ ਆਧਾਰ ਮੁੱਲ ਦੇ ਦੁੱਗਣੇ ਤੱਕ ਕਿਰਾਇਆ ਲੈਣ ਦੀ ਇਜਾਜ਼ਤ ਦੇ ਦਿੱਤੀ ਹੈ। ਇਹ ਕਿਰਾਇਆ ਪਹਿਲਾਂ ਡੇਢ ਗੁਣਾ ਸੀ। ਗੈਰ-ਵਿਅਸਤ ਸਮੇਂ ਲਈ ਕਿਰਾਇਆ, ਆਧਾਰ ਮੁੱਲ ਦਾ ਘੱਟੋ-ਘੱਟ 50 ਫੀਸਦੀ ਹੋਣਾ ਚਾਹੀਦਾ ਹੈ। ਮੰਤਰਾਲੇ ਨੇ ਆਪਣੇ ਮੋਟਰ ਵਾਹਨ ਐਗਰੀਗੇਟਰ ਦਿਸ਼ਾ-ਨਿਰਦੇਸ਼-2025 ਵਿੱਚ ਕਿਹਾ ਹੈ, "ਐਗਰੀਗੇਟਰ ਨੂੰ ਮੂਲ ਕਿਰਾਏ ਤੋਂ ਘੱਟੋ-ਘੱਟ 50 ਫੀਸਦੀ ਘੱਟ ਕਿਰਾਇਆ ਅਤੇ ਉਪ-ਧਾਰਾ (17.1) ਦੇ ਤਹਿਤ ਦਰਸਾਏ ਗਏ ਮੂਲ ਕਿਰਾਏ ਤੋਂ ਦੁੱਗਣੀ ਤੱਕ ਗਤੀਸ਼ੀਲ ਕੀਮਤ ਵਸੂਲਣ ਦੀ ਇਜਾਜ਼ਤ ਹੋਵੇਗੀ।" ਇਸ ਤੋਂ ਇਲਾਵਾ ਡੈੱਡ ਮਾਈਲੇਜ ਦੀ ਭਰਪਾਈ ਲਈ ਘੱਟੋ-ਘੱਟ ਤਿੰਨ ਕਿਲੋਮੀਟਰ ਦਾ ਮੂਲ ਕਿਰਾਇਆ ਲਿਆ ਜਾਵੇਗਾ। ਇਸ ਵਿੱਚ ਯਾਤਰੀ ਤੋਂ ਬਿਨਾਂ ਤੈਅ ਕੀਤੀ ਦੂਰੀ, ਤੈਅ ਕੀਤੀ ਦੂਰੀ ਅਤੇ ਯਾਤਰੀਆਂ ਨੂੰ ਲਿਜਾਣ ਲਈ ਵਰਤਿਆ ਜਾਣ ਵਾਲਾ ਤੇਲ ਸ਼ਾਮਲ ਹੈ। ਦਿਸ਼ਾ-ਨਿਰਦੇਸ਼ਾਂ ਦੇ ਅਨੁਸਾਰ ਰਾਜ ਸਰਕਾਰ ਦੁਆਰਾ ਸੰਬੰਧਤ ਸ਼੍ਰੇਣੀ ਜਾਂ ਸ਼੍ਰੇਣੀ ਦੇ ਮੋਟਰ ਵਾਹਨਾਂ ਲਈ ਸੂਚਿਤ ਕੀਤਾ ਗਿਆ ਕਿਰਾਇਆ ਐਗਰੀਗੇਟਰ ਤੋਂ ਸੇਵਾਵਾਂ ਪ੍ਰਾਪਤ ਕਰਨ ਵਾਲੇ ਯਾਤਰੀਆਂ ਲਈ ਭੁਗਤਾਨਯੋਗ ਮੂਲ ਕਿਰਾਇਆ ਹੋਵੇਗਾ। ਰਾਜਾਂ ਨੂੰ ਤਿੰਨ ਮਹੀਨਿਆਂ ਦੇ ਅੰਦਰ ਸੋਧੇ ਹੋਏ ਦਿਸ਼ਾ-ਨਿਰਦੇਸ਼ਾਂ ਨੂੰ ਅਪਣਾਉਣ ਦੀ ਸਲਾਹ ਦਿੱਤੀ ਗਈ ਹੈ।

ਜੇ ਐਗਰੀਗੇਟਰ ਵੱਲੋਂ ਬਿਨਾਂ ਕਿਸੇ ਜਾਇਜ਼ ਕਾਰਨ ਦੇ ਕੈਬ ਰੱਦ ਕੀਤੀ ਜਾਂਦੀ ਹੈ ਤਾਂ ਡਰਾਈਵਰ ਨੂੰ ਕਿਰਾਏ ਦਾ 10 ਪ੍ਰਤੀਸ਼ਤ ਜੁਰਮਾਨਾ ਲਗਾਇਆ ਜਾਵੇਗਾ, ਜੋ ਕਿ 100 ਰੁਪਏ ਤੋਂ ਵੱਧ ਨਹੀਂ ਹੋਵੇਗਾ। ਬਿਨਾਂ ਕਿਸੇ ਜਾਇਜ਼ ਕਾਰਨ ਦੇ ਰੱਦ ਕਰਨ 'ਤੇ ਯਾਤਰੀ 'ਤੇ ਵੀ ਇਸੇ ਤਰ੍ਹਾਂ ਦਾ ਜੁਰਮਾਨਾ ਲਗਾਇਆ ਜਾਵੇਗਾ। ਦਿਸ਼ਾ-ਨਿਰਦੇਸ਼ਾਂ ਵਿੱਚ ਕਿਹਾ ਗਿਆ ਹੈ ਕਿ ਕੇਂਦਰ ਸਰਕਾਰ ਐਗਰੀਗੇਟਰ ਦੇ ਰੂਪ ਵਿੱਚ ਲਾਇਸੈਂਸ ਲਈ ਅਰਜ਼ੀ ਦੀ ਸਿੰਗਲ-ਵਿੰਡੋ ਮਨਜ਼ੂਰੀ ਲਈ ਇੱਕ ਪੋਰਟਲ ਵਿਕਸਤ ਅਤੇ ਨਾਮਜ਼ਦ ਕਰੇਗੀ। ਇਸ ਵਿੱਚ ਕਿਹਾ ਗਿਆ ਹੈ ਕਿ ਐਗਰੀਗੇਟਰ ਦੁਆਰਾ ਦੇਣਯੋਗ ਲਾਇਸੈਂਸ ਫੀਸ ਪੰਜ ਲੱਖ ਰੁਪਏ ਹੋਵੇਗੀ ਅਤੇ ਲਾਇਸੈਂਸ ਜਾਰੀ ਹੋਣ ਦੀ ਮਿਤੀ ਤੋਂ ਪੰਜ ਸਾਲ ਦੀ ਮਿਆਦ ਲਈ ਵੈਧ ਹੋਵੇਗਾ।

ਐਗਰੀਗੇਟਰਾਂ ਨੂੰ ਇਹ ਯਕੀਨੀ ਬਣਾਉਣਾ ਲਾਜ਼ਮੀ ਕੀਤਾ ਗਿਆ ਹੈ ਕਿ ਡਰਾਈਵਰਾਂ (ਵਾਹਨ ਚਾਲਕਾਂ) ਕੋਲ ਘੱਟੋ-ਘੱਟ ਕ੍ਰਮਵਾਰ ਪੰਜ ਲੱਖ ਰੁਪਏ ਅਤੇ 10 ਲੱਖ ਰੁਪਏ ਦਾ ਸਿਹਤ ਬੀਮਾ ਹੋਵੇ। ਦਿਸ਼ਾ-ਨਿਰਦੇਸ਼ਾਂ ਵਿੱਚ ਇਹ ਵੀ ਨਿਰਧਾਰਤ ਕੀਤਾ ਗਿਆ ਹੈ ਕਿ ਐਗਰੀਗੇਟਰ ਵੱਲੋਂ ਇੱਕ ਸ਼ਿਕਾਇਤ ਅਧਿਕਾਰੀ ਦੀ ਨਿਯੁਕਤੀ ਕੀਤੀ ਜਾਵੇਗੀ। ਦਿਸ਼ਾ-ਨਿਰਦੇਸ਼ਾਂ ਅਨੁਸਾਰ ਐਗਰੀਗੇਟਰ ਨੂੰ ਉਹ ਵਾਹਨ ਸ਼ਾਮਲ ਨਹੀਂ ਕਰਨੇ ਚਾਹੀਦੇ, ਜੋ ਸ਼ੁਰੂਆਤੀ ਰਜਿਸਟਰੇਸ਼ਨ ਦੀ ਮਿਤੀ ਤੋਂ ਅੱਠ ਸਾਲਾਂ ਤੋਂ ਵੱਧ ਸਮੇਂ ਲਈ ਰਜਿਸਟਰਡ ਹਨ।

# ਚੰਡੀਗੜ੍ਹ ਮਹਾਂ-ਸੰਮੇਲਨ ਦੇਸ਼ ਨੂੰ ਨਵੀਂ ਰਾਜਨੀਤਕ ਸੇਧ ਦੇਵੇਗਾ : ਜਗਰੂਪ

## ਕਮਿਊਨਿਸਟ ਅੰਦੋਲਨ ਦਾ ਸ਼ਾਨਾਮੱਤਾ ਇਤਿਹਾਸ ਦੱਸਣ ਲਈ ਘਰ-ਘਰ ਤੱਕ ਕਰਾਂਗੇ ਪਹੁੰਚ : ਗੋਲਡਨ, ਢੰਡੀਆਂ



**ਫਾਜ਼ਿਲਕਾ (ਪਰਮਜੀਤ ਢਾਬਾਂ)**

ਭਾਰਤੀ ਕਮਿਊਨਿਸਟ ਪਾਰਟੀ (ਸੀ ਪੀ ਆਈ) ਦੇ ਚੰਡੀਗੜ੍ਹ ਵਿਖੇ 21 ਤੋਂ 25 ਸਤੰਬਰ ਨੂੰ ਹੋ ਰਹੇ ਕੌਮੀ ਮਹਾਂ-ਸੰਮੇਲਨ ਦੀ ਕਾਮਯਾਬੀ ਲਈ ਪੰਜਾਬ ਸੂਬੇ ਦੀ ਸਮੁੱਚੀ ਪਾਰਟੀ ਪੂਰੀ ਸੁਹਿਰਦਤਾ ਨਾਲ ਕੰਮ ਕਰ ਰਹੀ ਹੈ ਅਤੇ ਜ਼ਿਲ੍ਹਾ ਪੱਧਰੀ ਪਾਰਟੀ ਵਰਕਰਾਂ ਨੂੰ ਸਰਗਰਮ ਕਰਨ ਲਈ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਇਸ ਲੜੀ ਤਹਿਤ ਫਾਜ਼ਿਲਕਾ ਦੇ ਪਾਰਟੀ ਦਫਤਰ ਕਾਮਰੇਡ ਵਧਾਵਾ ਰਾਮ ਭਵਨ ਵਿਖੇ ਸੀ ਪੀ ਆਈ ਦੀ ਜ਼ਿਲ੍ਹਾ ਕੌਂਸਲ ਦੀ ਮੀਟਿੰਗ ਸੁਰਿੰਦਰ ਢੰਡੀਆਂ ਦੀ ਪ੍ਰਧਾਨਗੀ ਹੇਠ ਕੀਤੀ ਗਈ। ਮੀਟਿੰਗ ਨੂੰ ਸੰਬੋਧਨ ਕਰਨ ਲਈ ਵਿਸ਼ੇਸ਼ ਤੌਰ 'ਤੇ ਸੀ ਪੀ ਆਈ ਦੇ ਕੌਮੀ ਕੌਂਸਲ ਮੈਂਬਰ ਜਗਰੂਪ ਸਿੰਘ ਹਾਜ਼ਰ ਹੋਏ। ਉਹਨਾ ਮੀਟਿੰਗ ਵਿੱਚ ਹਾਜ਼ਰ ਪਾਰਟੀ ਵਰਕਰਾਂ ਅਤੇ ਆਗੂਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕੌਮਾਂਤਰੀ ਪੱਧਰ 'ਤੇ 2025 ਦਾ ਵਰ੍ਹਾ ਨਿਰਣਾਇਕ ਅਤੇ ਤਬਦੀਲੀ ਦਾ ਵਰ੍ਹਾ ਹੈ। ਸੰਸਾਰ ਪੱਧਰ 'ਤੇ ਇਨਕਲਾਬੀ ਤਬਦੀਲੀਆਂ ਬੜੀ ਤੇਜ਼ੀ ਨਾਲ ਵਾਪਰ ਰਹੀਆਂ ਹਨ, ਕਿਉਂਕਿ ਦੁਨੀਆ ਦੀ ਸਰਮਾਏਦਾਰੀ ਲੋਕਾਂ ਨੂੰ ਸੁੱਖ-ਸਹੂਲਤਾਂ ਦੇਣ ਦੀ ਬਜਾਏ ਉਹਨਾਂ 'ਤੇ ਆਰਥਿਕ ਤੰਗੀ ਦਾ ਬੋਝ ਪਾ ਕੇ ਲਗਾਤਾਰ ਨਪੀੜ ਰਹੀ ਹੈ। ਸਰਮਾਏਦਾਰੀ ਸਿਸਟਮ ਵੱਲੋਂ ਆਮ ਲੋਕਾਂ 'ਤੇ ਜਬਰੀ ਲੋਕ ਵਿਰੋਧੀ ਨੀਤੀਆਂ ਠੋਸੀਆਂ ਜਾ ਰਹੀਆਂ ਹਨ, ਜਿਹੜਾ ਕਿ ਹੁਣ ਬਰਦਾਸ਼ਤ ਕਰਨ ਤੋਂ ਬਾਹਰ ਹੋ ਚੁੱਕਿਆ ਹੈ। ਆਰਥਕ ਪਾੜਾ ਲਗਾਤਾਰ ਵਧਣ ਨਾਲ ਬੇਰੁਜ਼ਗਾਰ ਕੀਤੇ ਜਾ ਰਹੇ ਅਤੇ ਭੁੱਖਮਰੀ ਦਾ ਸ਼ਿਕਾਰ ਲੋਕ ਆਪ-ਮੁਹਾਰੇ ਸੜਕਾਂ 'ਤੇ ਉਤਰ ਰਹੇ ਹਨ।

ਕਾਮਰੇਡ ਜਗਰੂਪ ਨੇ ਉਤਸ਼ਾਹਜਨਕ ਰਿਪੋਰਟਿੰਗ ਕਰਦਿਆਂ ਕਿਹਾ ਕਿ ਹੁਣ ਲੋਕ ਤਬਦੀਲੀ ਭਾਵ ਸਮਾਜਵਾਦੀ ਪ੍ਰਬੰਧ ਦੀ ਸਥਾਪਨਾ ਲਈ ਕਮਿਊਨਿਸਟ ਅੰਦੋਲਨ ਵੱਲ ਵਧ ਰਹੇ ਹਨ, ਜਿਸ ਦੀ ਤਾਜ਼ਾ ਉਦਾਹਰਨ ਅਮਰੀਕਾ ਦੇ ਵੱਡੇ ਸ਼ਹਿਰ ਨਿਊ ਯਾਰਕ ਵਿੱਚ ਮੇਅਰ ਲਈ ਚੋਣ

• ਬਾਕੀ ਸਫਾ 2 'ਤੇ

## ਅੱਜ-ਨਾਮਾ

ਰੌਲਾ ਕਾਂਗਰਸ ਦਾ ਪਿਆ ਕਰਨਾਟਕਾ 'ਚ,
ਲੀਡਰਾਂ ਦੋਂਹ ਦੀ ਕੁਰਸੀ ਦੀ ਭੁੱਖ ਮੀਆਂ।
ਵੰਡੀਆਂ ਪਾਰਟੀ ਵਿੱਚ ਦੋਵੇਂ ਪਾਈ ਜਾਂਦੇ,
ਬਣਨ ਨੂੰ ਰਾਜ ਸਰਕਾਰ ਦਾ ਮੁੱਖ ਮੀਆਂ।
ਇਨ੍ਹਾਂ ਗੱਲਾਂ ਨਾਲ ਪਹਿਲਾਂ ਹੈ ਮਾਰ ਖਾਧੀ,
ਪਿਆ ਹੈ ਛਾਂਗਿਆ ਸਾਰਾ ਹੀ ਰੁੱਖ ਮੀਆਂ।
ਮਿਲ ਕੇ ਰਾਜ ਵੀ ਭੈੜੇ ਨਹੀਂ ਕਰਨ ਜੋਗੇ,
ਮੰਗਦੇ ਟੱਬਰ ਦੀ ਕਦੇ ਨਹੀਂ ਸੁੱਖ ਮੀਆਂ।
ਵਧੇਗੀ ਗੱਲ ਤਾਂ ਰਾਜ ਨਹੀਂ ਰਹਿਣ ਲੱਗਾ,
ਜਾਊਗੀ ਠਿੱਬੀ ਫਿਰ ਭਾਜਪਾ ਮਾਰ ਮੀਆਂ।
ਦੋਵੇਂ ਹੀ ਧੜੇ ਉਹ ਰਾਜ ਗੁਆਉਣ ਪਿੱਛੋਂ,
ਫਿਰ ਤੋਂ ਹੋ ਜਾਣਗੇ ਸੜਕ ਸਵਾਰ ਮੀਆਂ।

-ਤੀਸ ਮਾਰ ਖਾਂ

# 'ਐਂਟੀ ਕੋਵਿਡ ਟੀਕਿਆਂ ਤੇ ਹਾਰਟ ਅਟੈਕ ਨਾਲ ਮੌਤਾਂ ਵਿਚਾਲੇ ਸੰਬੰਧ ਨਹੀਂ'




**ਨਵੀਂ ਦਿੱਲੀ** : ਕਰਨਾਟਕ ਦੇ ਮੁੱਖ ਮੰਤਰੀ ਸਿੱਧਾਰਮੱਈਆ ਵੱਲੋਂ ਹਸਨ ਜ਼ਿਲ੍ਹੇ ਵਿੱਚ ਦਿਲ ਦੇ ਦੌਰੇ ਕਾਰਨ ਹੋਣ ਵਾਲੀਆਂ ਮੌਤਾਂ ਨੂੰ ਕੋਵਿਡ-ਰੋਕੂ ਟੀਕਿਆਂ ਨਾਲ ਜੋੜਨ ਤੋਂ ਬਾਅਦ, ਕੇਂਦਰੀ ਸਿਹਤ ਮੰਤਰਾਲੇ ਨੇ ਬੁੱਧਵਾਰ ਕਿਹਾ ਕਿ ਇੰਡੀਅਨ ਕੌਂਸਲ ਆਫ ਮੈਡੀਕਲ ਰਿਸਰਚ (ਆਈ ਸੀ ਐੱਮ ਆਰ) ਅਤੇ ਆਲ ਇੰਡੀਆ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼ (ਏਮਜ਼) ਵੱਲੋਂ ਕੀਤੇ ਗਏ ਵਿਆਪਕ ਅਧਿਐਨਾਂ ਤੋਂ ਸਪੱਸ਼ਟ ਹੈ ਕਿ ਐਂਟੀ-ਕੋਵਿਡ ਟੀਕਿਆਂ ਅਤੇ ਦਿਲ ਦੇ ਦੌਰੇ ਕਰਕੇ ਅਚਾਨਕ ਹੋਣ ਵਾਲੀਆਂ ਮੌਤਾਂ ਵਿਚਕਾਰ ਕੋਈ ਸੰਬੰਧ ਨਹੀਂ ਹੈ।

ਸਿੱਧਾਰਮੱਈਆ ਨੇ ਮੰਗਲਵਾਰ ਕਿਹਾ ਸੀ ਕਿ ਕੋਵਿਡ ਟੀਕੇ ਨੂੰ 'ਕਾਹਲੀ ਵਿਚ ਮਨਜ਼ੂਰੀ ਦੇਣਾ ਤੇ ਲੋਕਾਂ ਨੂੰ ਲਾਉਣਾ' ਵੀ ਇਨ੍ਹਾਂ ਮੌਤਾਂ ਦਾ ਇਕ ਕਾਰਨ ਹੋ ਸਕਦਾ ਹੈ। ਉਨ੍ਹਾ ਸਾਰੇ ਲੋਕਾਂ ਨੂੰ ਅਪੀਲ ਕੀਤੀ ਕਿ ਜੇ ਉਨ੍ਹਾਂ ਨੂੰ ਛਾਤੀ ਵਿੱਚ ਦਰਦ ਜਾਂ ਸਾਹ ਲੈਣ ਵਿੱਚ ਤਕਲੀਫ ਹੋਵੇ ਤਾਂ ਉਹ ਫੌਰੀ ਸਿਹਤ ਕੇਂਦਰ 'ਚ ਜਾਂਚ ਕਰਵਾਉਣ ਤੇ ਇਸ ਨੂੰ ਨਜ਼ਰਅੰਦਾਜ਼ ਨਾ ਕਰਨ।

ਮੰਤਰਾਲੇ ਨੇ ਕਿਹਾ ਕਿ ਦੇਸ਼ ਦੀਆਂ ਕਈ ਏਜੰਸੀਆਂ ਜ਼ਰੀਏ ਅਚਾਨਕ ਤੇ ਅਸਪੱਸ਼ਟ ਕਾਰਨਾਂ ਕਰਕੇ ਹੋਈਆਂ ਮੌਤਾਂ ਦੀ ਜਾਂਚ ਕੀਤੀ ਗਈ ਹੈ ਤੇ ਇਨ੍ਹਾਂ ਅਧਿਐਨਾਂ ਤੋਂ ਇਹ ਸਾਬਤ ਹੋ ਗਿਆ ਕਿ ਕੋਵਿਡ 19 ਟੀਕਾਕਰਨ ਤੇ ਚਾਣਚੱਕ ਹੋਣ ਵਾਲੀਆਂ ਮੌਤਾਂ ਵਿਚਾਲੇ ਕੋਈ ਸਿੱਧਾ ਸੰਬੰਧ ਨਹੀਂ ਹੈ। ਮੰਤਰਾਲੇ ਨੇ ਕਿਹਾ ਕਿ ਆਈ ਸੀ ਐੱਮ ਆਰ ਅਤੇ ਨੈਸ਼ਨਲ ਸੈਂਟਰ ਫਾਰ ਡਿਜ਼ੀਜ਼ ਕੰਟਰੋਲ (ਐੱਨ ਸੀ ਡੀ ਸੀ) ਵੱਲੋਂ ਕੀਤੇ ਗਏ ਅਧਿਐਨ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਕੋਵਿਡ-19 ਟੀਕੇ ਭਾਰਤ ਵਿੱਚ ਸੁਰੱਖਿਅਤ ਅਤੇ ਪ੍ਰਭਾਵਸ਼ਾਲੀ ਹਨ ਅਤੇ ਉਨ੍ਹਾਂ ਦੇ ਗੰਭੀਰ ਮਾੜੇ ਪ੍ਰਭਾਵਾਂ ਦੇ ਮਾਮਲੇ ਬਹੁਤ ਘੱਟ ਹਨ।

ਮੰਤਰਾਲੇ ਨੇ ਬਿਆਨ ਵਿੱਚ ਕਿਹਾ ਕਿ ਅਚਾਨਕ ਦਿਲ ਦਾ ਦੌਰਾ ਪੈਣ ਪਿੱਛੇ ਕਈ ਕਾਰਨ ਹੋ ਸਕਦੇ ਹਨ, ਜਿਵੇਂ ਕਿ ਜੈਨੇਟਿਕ ਕਾਰਨ, ਜੀਵਨ ਸ਼ੈਲੀ, ਪਹਿਲਾਂ ਤੋਂ ਮੌਜੂਦ ਬਿਮਾਰੀਆਂ ਅਤੇ ਕੋਵਿਡ ਤੋਂ ਬਾਅਦ ਦੀਆਂ ਪੇਚੀਦਗੀਆਂ। ਆਈ ਸੀ ਐੱਮ ਆਰ ਤੇ ਐੱਨ ਸੀ ਡੀ ਸੀ ਖਾਸ ਕਰਕੇ 18 ਤੋਂ 45 ਸਾਲ ਦੀ ਉਮਰ ਦੇ ਬਾਲਗਾਂ ਵਿੱਚ ਅਚਾਨਕ ਅਤੇ ਅਸਪੱਸ਼ਟ ਮੌਤਾਂ ਦੇ ਕਾਰਨਾਂ ਨੂੰ ਸਮਝਣ ਲਈ ਇਕੱਠੇ ਕੰਮ ਕਰ ਰਹੇ ਹਨ। ਇਸ ਉਦੇਸ਼ ਲਈ ਦੋ ਪੂਰਕ ਅਧਿਐਨ ਕੀਤੇ ਗਏ ਸਨ, ਜਿਨ੍ਹਾਂ ਵਿੱਚ ਵੱਖ-ਵੱਖ ਖੋਜ ਤਰੀਕਿਆਂ ਦੀ ਵਰਤੋਂ ਕੀਤੀ ਗਈ ਸੀ। ਇੱਕ ਅਧਿਐਨ ਪਿਛਲਾ ਡੇਟਾ (ਪਿਛਲੇ ਰਿਕਾਰਡ) 'ਤੇ ਅਧਾਰਤ ਸੀ, ਜਦੋਂ ਕਿ ਦੂਜਾ ਅਸਲ-ਸਮੇਂ ਦੀ ਜਾਂਚ 'ਤੇ

• ਬਾਕੀ ਸਫਾ 2 'ਤੇ



# ਜਾਅਲੀ ਦਸਤਾਵੇਜ਼ ਬਣਾ ਕੇ ਜ਼ਮਾਨਤਾਂ ਦੇਣ ਦੇ ਮਾਮਲੇ ਵਿੱਚ 9 ਮੁਲਜ਼ਮ ਗ੍ਰਿਫ਼ਤਾਰ

**ਸੰਗਰੂਰ (ਪ੍ਰਵੀਨ ਸਿੰਘ)** ਪੁਲਸ ਨੂੰ ਉਸ ਸਮੇਂ ਵੱਡੀ ਸਫਲਤਾ ਮਿਲੀ, ਜਦੋਂ ਦਵਿੰਦਰ ਅੱਤਰੀ ਐੱਸ ਪੀ (ਡੀ) ਸੰਗਰੂਰ, ਸੁਖਦੇਵ ਸਿੰਘ ਡੀ.ਐੱਸ. ਪੀ. (ਆਰ) ਦੇ ਦਿਸ਼ਾ-ਨਿਰਦੇਸ਼ਾਂ ਹੇਠ ਅਵਤਾਰ ਸਿੰਘ ਮੁੱਖ ਅਫਸਰ ਥਾਣਾ ਸਿਟੀ-1 ਸੰਗਰੂਰ ਨੂੰ 27 ਜੂਨ ਨੂੰ ਇਤਲਾਹ ਮਿਲੀ ਕਿ ਰਾਜਵੀਰ ਸਿੰਘ ਵਾਸੀ ਪਿੰਡ ਚੀਮਾਂ, ਹਰਦੀਪ ਸਿੰਘ ਵਾਸੀ ਪਿੰਡ ਚੀਮਾ ਤੇ ਸੁਖਵਿੰਦਰ ਸਿੰਘ ਉਰਫ ਬਿੱਲਾ ਵਾਸੀ ਧਰਮਪੁਰਾ ਮੁਹੱਲਾ ਧੂਰੀ, ਕੁਝ ਵਕੀਲਾਂ ਜਾਂ ਉਨ੍ਹਾਂ ਦੇ ਮੁਨਸ਼ੀਆਂ ਨਾਲ ਸਾਜ਼ਬਾਜ਼ ਹੋ ਕੇ ਕਥਿਤ ਦੋਸ਼ੀਆਂ ਤੋਂ ਮੋਟੀ ਰਕਮ ਵਕੀਲਾਂ ਨੂੰ ਦਿਵਾ ਕੇ ਉਸ ਵਿੱਚੋਂ ਆਪ ਹਿੱਸਾ ਲੈ ਕੇ ਜਾਅਲੀ ਦਸਤਾਵੇਜ਼ਾਂ ਦੇ ਅਧਾਰ 'ਤੇ ਨਸ਼ੇ ਦੀ ਸਮੱਗਲਿੰਗ ਦੇ ਕਥਿਤ ਦੋਸ਼ੀਆਨ ਦੀਆਂ ਵੱਖ ਵੱਖ ਅਦਾਲਤਾਂ ਵਿੱਚ ਜਾਅਲੀ ਜ਼ਮਾਨਤਾਂ ਕਰਾਉਂਦੇ ਹਨ, ਜਿਸ ਸਬੰਧੀ ਮੁੱਖ ਅਫਸਰ ਥਾਣਾ ਸਿਟੀ 1 ਸੰਗਰੂਰ ਵੱਲੋਂ ਮੁਕੱਦਮਾ ਨੰਬਰ 112 ਮਿਤੀ 24.06.2025 ਅ/ਧ 318 (4), 338, 336 (3), 340(2), 319 (2), 61 (2) ਬੀ.ਐਨ.ਐਸ. 2023 ਥਾਣਾ ਸਿਟੀ-। ਸੰਗਰੂਰ ਦਰਜ ਕਰ ਕੇ ਤਫਤੀਸ਼ ਅਮਲ ਵਿੱਚ ਲਿਆਂਦੀ ਗਈ। ਮੁਕੱਦਮੇ ਦੀ ਅਹਿਮੀਅਤ ਨੂੰ ਦੇਖਦੇ ਹੋਏ ਤਫ਼ਤੀਸ਼ ਤੇਜ਼ੀ ਨਾਲ ਅਮਲ 'ਚ ਲਿਆ ਕੇ 24 ਜੂਨ ਨੂੰ ਹੀ ਕਥਿਤ ਦੋਸ਼ੀਆਨ ਰਾਜਵੀਰ ਸਿੰਘ, ਹਰਦੀਪ ਸਿੰਘ ਚੀਮਾ ਨੂੰ ਗ੍ਰਿਫ਼ਤਾਰ ਕੀਤਾ ਗਿਆ। ਪੁੱਛਗਿੱਛ



'ਚ ਸਾਹਮਣੇ ਆਇਆ ਕਿ ਉਨ੍ਹਾਂ ਵੱਲੋਂ ਦੋਸ਼ੀਆਨ ਦੀਆਂ ਜਾਅਲੀ ਜ਼ਮਾਨਤਾਂ ਕਰਾਉਣ ਸਬੰਧੀ ਇੱਕ ਵੱਡਾ ਗਿਰੋਹ ਬਣਾਇਆ ਹੋਇਆ ਹੈ, ਜਿਸ ਵਿੱਚ ਇਨ੍ਹਾਂ ਤਿੰਨਾਂ ਕਥਿਤ ਦੋਸ਼ੀਆਨ ਤੋਂ ਇਲਾਵਾ ਬਲਜੀਤ ਸਿੰਘ ਉਰਫ ਗਿਰੀ ਵਾਸੀ ਸ਼ਿਵਮ ਕਲੋਨੀ ਸੰਗਰੂਰ, ਸੁਰਜੀਤ ਸਿੰਘ ਵਾਸੀ ਖੰਨਾ, ਮਨਜਿੰਦਰ ਸਿੰਘ ਤੇ ਗੁਰਦੀਪ ਸਿੰਘ ਉਰਫ ਨੰਬਰਦਾਰ ਵਾਸੀਆਨ ਕਾਂਝਲਾ, ਮੋਹਿਤ ਕੁਮਾਰ ਉਰਫ ਮੋਤੀ ਵਾਸੀ ਮਾਧੋਪੁਰੀ ਮੁਹੱਲਾ ਧੂਰੀ ਤੇ ਮਨਪ੍ਰੀਤ ਸਿੰਘ ਉਰਫ ਸਨੀ ਵਾਸੀ ਧਰਮਪੁਰਾ ਮੁਹੱਲਾ ਧੂਰੀ ਵੀ ਸ਼ਾਮਲ ਹਨ, ਜਿਸ ਦੇ ਚੱਲਦੇ ਕਥਿਤ ਦੋਸ਼ੀਆਨ ਉਕਤਾਨ ਨੂੰ ਵੀ ਮੁਕਦਮੇ ਵਿੱਚ ਦੋਸ਼ੀ ਨਾਮਜ਼ਦ ਕੀਤਾ ਗਿਆ। ਗ੍ਰਿਫ਼ਤਾਰ ਕਥਿਤ ਦੋਸ਼ੀਆਨ ਰਾਜਵੀਰ ਸਿੰਘ ਤੇ ਹਰਦੀਪ ਸਿੰਘ ਦਾ ਪੁਲਸ ਰਿਮਾਂਡ ਹਾਸਲ ਕਰਕੇ ਇਨ੍ਹਾਂ ਪਾਸੋਂ ਹੋਰ ਡੂੰਘਾਈ ਨਾਲ ਕੀਤੀ ਪੁੱਛਗਿੱਛ ਦੇ ਅਧਾਰ 'ਤੇ ਸਾਹਮਣੇ ਆਇਆ ਕਿ ਕਥਿਤ ਦੋਸ਼ੀਆਨ ਹਰਦੀਪ ਸਿੰਘ, ਰਾਜਵੀਰ ਸਿੰਘ, ਮੋਹਿਤ ਕੁਮਾਰ ਉਰਫ ਮੋਤੀ ਤੇ ਮਨਪ੍ਰੀਤ ਸਿੰਘ ਉਰਫ ਸਨੀ ਉਕਤਾਨ ਦੇ ਜਾਅਲੀ ਨਾਵਾਂ ਦੇ ਅਧਾਰ ਕਾਰਡ ਵਾ ਜਮਾਂਬੰਦੀ ਫ਼ਾਰਦੂਮੈਂਟ ਸੁਰਜੀਤ ਸਿੰਘ ਵਾਸੀ ਖੰਨਾ ਆਪਣੇ ਲੈਪਟਾਪ ਵਿੱਚ ਤਿਆਰ ਕਰਕੇ ਕਥਿਤ ਦੋਸ਼ੀਆਨ ਉਕਤਾਨ ਨੂੰ ਵਟਸਐਪ 'ਤੇ ਮੁਹੱਈਆ ਕਰਾਉਂਦਾ ਸੀ, ਫਿਰ ਦੋਸ਼ੀਆਨ ਉਕਤਾਨ ਅੱਗੇ ਬਲਜੀਤ ਸਿੰਘ ਉਰਫ ਗਿਰੀ ਵਾਸੀ ਸ਼ਿਵਮ ਕਲੋਨੀ ਸੰਗਰੂਰ ਪਾਸੋਂ ਜਾਅਲੀ ਦਸਤਾਵੇਜ਼ਾਂ ਦੇ ਕਲਰ ਪ੍ਰਿੰਟ ਤਿਆਰ ਕਰਾ ਕੇ ਇਨ੍ਹਾਂ ਜਾਅਲੀ ਦਸਤਾਵੇਜ਼ਾਂ ਨੂੰ ਜ਼ਮਾਨਤਾਂ ਕਰਾਉਣ ਵਿੱਚ ਵਰਤਦੇ ਸੀ।

# ਪੀ ਜੀ ਆਈ ਨੇ ਰਾਸ਼ਟਰੀ ਕਾਨਫਰੰਸ 'ਚ ਦਿਖਾਇਆ ਦਿਲ ਦੀ ਸਰਜਰੀ ਦਾ ਲਾਈਵ ਪ੍ਰਸਾਰਨ

**ਸਮਰਾਲਾ (ਸੁਰਜੀਤ ਸਿੰਘ)** ਪੋਸਟ ਗ੍ਰੈਜੂਏਟ ਇੰਸਟੀਚਿਊਟ ਆਫ ਮੈਡੀਕਲ ਐਜੂਕੇਸ਼ਨ ਐਂਡ ਰਿਸਰਚ ਚੰਡੀਗੜ੍ਹ ਦੇ ਐਡਵਾਂਸ ਕਾਰਡੀਅਕ ਸੈਂਟਰ ਨੇ ਇੱਕ ਹੋਰ ਮਹੱਤਵਪੂਰਨ ਪ੍ਰਾਪਤੀ ਹਾਸਲ ਕਰਦਿਆਂ ਦਿਲ ਦੀ ਪਹਿਲੀ ਸਰਜਰੀ ਤੋਂ ਬਾਅਦ ਹੋਣ ਵਾਲੀ ਬਾਈਪਾਸ ਗ੍ਰਾਫਟ ਐਂਜੀਓਪਲਾਸਟੀ ਦੇ ਇੱਕ ਮੁਸ਼ਕਲ ਕੇਸ ਦਾ ਲਾਈਵ ਪ੍ਰਸਾਰਣ ਸਫਲਤਾਪੂਰਵਕ ਕੀਤਾ।ਇਹ ਪ੍ਰਸਾਰਣ 26 ਤੋਂ 29 ਜੂਨ ਤੱਕ ਮੁੰਬਈ ਵਿੱਚ ਆਯੋਜਿਤ ਪ੍ਰਸਿੱਧ ਨੈਸ਼ਨਲ ਇੰਟਰਵੈਨਸ਼ਨਲ ਕੌਂਸਲ ਕਾਨਫਰੰਸ ਦੌਰਾਨ ਕੀਤਾ ਗਿਆ। ਇਹ ਲਾਈਵ ਕਾਰਵਾਈ 28 ਜੂਨ ਨੂੰ ਪੀ ਜੀ ਆਈ ਦੇ ਕਾਰਡੀਓਲੋਜੀ ਵਿਭਾਗ ਦੀ ਮਾਹਿਰ ਟੀਮ ਵੱਲੋਂ ਕੀਤੀ ਗਈ, ਜਿਸ ਦੀ ਅਗਵਾਈ ਪ੍ਰੋਫੈਸਰ (ਡਾ.) ਰਾਜੇਸ਼ ਵਿਜਇਵਰਗੀਆ ਕਰ ਰਹੇ ਸਨ। ਇਹ ਕੇਸ ਪੀ ਜੀ ਆਈ ਦੀ ਆਧੁਨਿਕ ਕੈਥਲੈਬ ਤੋਂ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਵਿਗਿਆਨਕਾਂ ਦੀ ਹਾਜ਼ਰੀ ਵਾਲੀ ਕਾਨਫਰੰਸ ਵਿੱਚ ਲਾਈਵ ਦਿਖਾਇਆ ਗਿਆ।ਮਰੀਜ਼ ਜਿਸਦੀ 15 ਸਾਲ ਪਹਿਲਾਂ ਕੋਰੋਨਰੀ ਬਾਈਪਾਸ ਸਰਜਰੀ ਹੋਈ ਸੀ ਤੇ 4 ਸਾਲ ਪਹਿਲਾਂ ਇੱਕ ਰੁਕੇ ਹੋਏ ਗ੍ਰਾਫਟ ਦੀ ਐਂਜੀਓਪਲਾਸਟੀ ਕੀਤੀ ਗਈ ਸੀ।ਉਹ ਛਾਤੀ ਦਰਦ ਦੀ ਸ਼ਿਕਾਇਤ ਨਾਲ ਹਾਜ਼ਰ ਹੋਇਆ ਸੀ, ਜਿਸ ਦਾ ਕਾਰਨ ਇੱਕ ਪੁਰਾਣੇ ਲਗੇ ਸਟੈਂਟ ਵਿੱਚ ਰੁਕਾਵਟ ਤੇ ਹੋਰ ਨਵੇਂ ਗ੍ਰਾਫਟਾਂ ਵਿੱਚ ਨਵੀਆਂ ਬਲਾਕੇਜ਼ ਸੀ।ਲਾਈਵ ਪ੍ਰਸਾਰਣ ਦੌਰਾਨ ਦੋ ਬਾਈਪਾਸ ਗ੍ਰਾਫਟਾਂ ਦਾ ਇਲਾਜ ਆਧੁਨਿਕ ਤਕਨੀਕਾਂ ਦੀ ਵਰਤੋਂ ਕਰਕੇ ਕੀਤਾ ਗਿਆ, ਜਿਵੇਂ



ਫਿਟ ਟ੍ਰਾਂਵ ਸਕਲਰ ਅਲਟ੍ਰਾਸਾਊਂਡ ਤੇ ਓਪਟੀਕਲ ਕੋਹੀਰੈਂਸ ਟੋਮੋਗ੍ਰਾਫੀ ਜਿਹੜੀਆਂ ਭਾਰਤ ਦੇ ਸਿਰਫ ਕੁਝ ਚੁਣੇ ਹੋਏ ਸੈਂਟਰਾਂ ਵਿੱਚ ਹੀ ਉਪਲਬਧ ਹਨ। ਪ੍ਰੋ. ਵਿਜਇਵਰਗੀਆ ਨੇ ਕਿਹਾ ਕਿ ਇਹ ਤਕਨੀਕੀ ਤੌਰ 'ਤੇ ਕਾਫੀ ਚੁਣੌਤੀਪੂਰਨ ਪ੍ਰਕਿਰਿਆਵਾਂ ਹੁੰਦੀਆਂ ਹਨ, ਜੋ ਵਿਸ਼ੇਸ਼ ਕੁਸ਼ਲਤਾ ਅਤੇ ਸੂਖਮਤਾ ਦੀ ਮੰਗ ਕਰਦੀਆਂ ਹਨ। ਇਸ ਲਾਈਵ ਕੇਸ ਨੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਮਸ਼ਹੂਰ ਕਾਰਡੀਓਲੋਜਿਸਟਾਂ ਵਿਚਕਾਰ ਗੰਭੀਰ ਚਰਚਾ ਨੂੰ ਜਨਮ ਦਿੱਤਾ, ਜਿਸ ਦੌਰਾਨ ਉਨ੍ਹਾਂ ਨੇ ਲੀਜ਼ਨ ਦੀ ਜਟਿਲਤਾ, ਉਪਕਰਣ ਚੋਣ ਤੇ ਵਿਕਲਪਕ ਇਲਾਜ ਰਣਨੀਤੀਆਂ 'ਤੇ ਵਿਚਾਰ ਸਾਂਝੇ ਕੀਤੇ।ਇਹ ਸੈਸ਼ਨ ਇਕ ਕੀਮਤੀ ਵਿਦਿਅਕ ਮੰਚ ਸਾਬਤ ਹੋਇਆ, ਜਿਸ ਨੇ ਇੰਟਰਵੈਨਸ਼ਨਲ ਕਾਰਡੀਓਲੋਜੀ ਦੀਆਂ ਨਵੀਆਂ ਵਿਕਸਤ ਹੋ ਰਹੀਆਂ ਮਿਆਰੀ ਪ੍ਰਥਾਵਾਂ ਨੂੰ ਸਾਹਮਣੇ ਲਿਆਂਦਾ।

# ਬੀ ਸੀ ਏ ਸਮੈਸਟਰ ਛੇਵਾਂ ਦਾ ਨਤੀਜਾ ਸ਼ਾਨਦਾਰ ਰਿਹਾ



**ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)** ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫਾਰ ਵਿਮੈਨ, ਝਾੜ ਸਾਹਿਬ ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਸਰਪ੍ਰਸਤੀ ਹੇਠ ਚੱਲ ਰਹੀ ਸੰਸਥਾ ਹੈ, ਦਾ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵੱਲੋਂ ਐਲਾਨਿਆ ਬੀ.ਸੀ.ਏ ਸਮੈਸਟਰ ਛੇਵਾਂ ਦਾ ਨਤੀਜਾ ਸ਼ਾਨਦਾਰ ਰਿਹਾ। ਕਾਲਜ ਵਿਦਿਆਰਥਣ ਗਗਨਦੀਪ ਕੌਰ ਨੇ 83 ਫੀਸਦੀ ਅੰਕ ਪ੍ਰਾਪਤ ਕਰਕੇ ਕਾਲਜ 'ਚੋਂ ਪਹਿਲਾ, ਦਮਨਪ੍ਰੀਤ ਕੌਰ ਨੇ 82 ਫੀਸਦੀ ਅੰਕ ਹਾਸਲ ਕਰਕੇ ਦੂਜਾ ਤੇ ਅਕਾਸ਼ਦੀਪ ਕੌਰ ਨੇ 81 ਅੰਕ ਹਾਸਲ ਕਰਕੇ ਤੀਜਾ ਸਥਾਨ ਹਾਸਲ ਕੀਤਾ। ਕਾਲਜ ਪ੍ਰਿੰਸੀਪਲ ਡਾ. ਰਜਿੰਦਰ ਕੌਰ ਨੇ ਵਿਦਿਆਰਥਣਾਂ ਤੇ ਸਟਾਫ਼ ਮੈਂਬਰ, ਮਾਪਿਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਸੰਸਥਾ ਵਿਦਿਆਰਥਣਾਂ ਦੇ ਸਰਬਪੱਖੀ ਵਿਕਾਸ ਦੀ ਪੂਰਤੀ ਲਈ ਸਦਾ ਯਤਨਸ਼ੀਲ ਰਹਿੰਦੀ ਹੈ।

# ਕਰੰਟ ਲੱਗਣ ਨਾਲ ਦੋ ਨੌਜਵਾਨਾਂ ਦੀ ਮੌਤ



**ਲਹਿਰਾਗਾਗਾ (ਗੀਤਵਾਲ)** ਪਿੰਡ ਫ਼ਤਹਿਗੜ੍ਹ ਵਿਖੇ ਦੋ ਨੌਜਵਾਨਾਂ ਦੀ ਬਿਜਲੀ ਦਾ ਕਰੰਟ ਲੱਗਣ ਕਾਰਨ ਮੌਤ ਹੋ ਜਾਣ ਦਾ ਦੁਖਦਾਈ ਸਮਾਚਾਰ ਹੈ।ਪੁਲਸ ਨੇ ਦੱਸਿਆ ਕਿ ਫ਼ਤਹਿਗੜ੍ਹ ਪਿੰਡ ਦੇ ਇਕ ਪੋਲਟਰੀ ਫਾਰਮ 'ਚ ਇਕ ਪ੍ਰਵਾਸੀ ਮਜ਼ਦੂਰ ਬੀਰੂ ਹਰ ਰੋਜ਼ ਦੀ ਤਰ੍ਹਾਂ ਮਜ਼ਦੂਰੀ ਕਰ ਰਿਹਾ ਸੀ ਤਾਂ ਇਸ ਦੌਰਾਨ ਪ੍ਰਵਾਸੀ ਮਜ਼ਦੂਰ ਬੀਰੂ ਦਾ ਫਾਰਮ 'ਚ ਲੱਗੇ ਐਗਜਿਸ਼ਟ ਫੈਨ ਨਾਲ ਅਚਾਨਕ ਹੱਥ ਲੱਗਣ ਕਾਰਨ ਕਰੰਟ ਲੱਗ ਗਿਆ।ਜਦੋਂ ਉਸ ਨਾਲ ਕੰਮ ਕਰ ਰਿਹਾ ਹਰਪ੍ਰੀਤ ਸਿੰਘ ਉਸ ਨੂੰ ਕਰੰਟ ਤੋਂ ਬਚਾਉਣ ਲੱਗਾ ਤਾਂ ਉਹ ਵੀ ਕਰੰਟ ਦੀ ਲਪੇਟ ਵਿਚ ਆ ਗਿਆ, ਜਿਸ ਕਾਰਨ ਹਰਪ੍ਰੀਤ ਸਿੰਘ (37) ਵਾਸੀ ਫਤਹਿਗੜ੍ਹ ਅਤੇ ਯੂ.ਪੀ. ਦੇ ਰਹਿਣ ਵਾਲੇ ਪ੍ਰਵਾਸੀ ਮਜ਼ਦੂਰ ਬੀਰੂ (24) ਦੀ ਮੌਕੇ 'ਤੇ ਹੀ ਮੌਤ ਹੋ ਗਈ। ਇਸ ਘਟਨਾ ਨੂੰ ਲੈ ਕੇ ਪਿੰਡ 'ਚ ਸੋਗ ਦੀ ਲਹਿਰ ਹੈ।

# ਫੈਕਟਰੀ ਹਾਦਸੇ 'ਚ ਜ਼ਖਮੀ ਵਰਕਰ ਦੀ ਸ਼ਿਕਾਇਤ 'ਤੇ ਫੈਕਟਰੀ ਮਾਲਕ ਤੇ ਮੁਨੀਮ ਵਿਰੁੱਧ ਕੇਸ ਦਰਜ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)** ਇੱਕ ਫੈਕਟਰੀ 'ਚ ਬੀਤੇ ਦਿਨੀਂ ਲੱਤਾਂ 'ਤੇ ਵਜ਼ਨਦਾਰ ਪਲੇਟਾਂ ਡਿੱਗ ਪੈਣ ਕਾਰਨ ਗੰਭੀਰ ਜ਼ਖਮੀ ਹੋਏ ਫੈਕਟਰੀ ਕਾਮੇ ਦੀ ਇਲਾਜ ਦੌਰਾਨ ਡਾਕਟਰਾਂ ਵੱਲੋਂ ਲੱਤ ਕੱਟੇ ਜਾਣ ਦਾ ਸਮਾਚਾਰ ਹੈ। ਜਾਣਕਾਰੀ ਅਨੁਸਾਰ ਸੈਕਟਰ 32 ਹਸਪਤਾਲ ਚੰਡੀਗੜ੍ਹ ਵਿਖੇ ਜ਼ੇਰੇ ਇਲਾਜ਼ ਕਰਨੈਲ ਸਿੰਘ ਵਾਸੀ ਪਿੰਡ ਸਾਨੀਪੁਰ ਨੇ ਪੁਲਿਸ ਨੂੰ ਦਿੱਤੇ ਬਿਆਨਾਂ 'ਚ ਦੱਸਿਆ ਕਿ ਉਹ ਪ੍ਰਾਈਮਰ ਰਬੜ ਮਕੈਨੀਕਲ ਇੰਡਸਟਰੀ ਸਰਹਿੰਦ ਵਿਖੇ ਕੰਮ ਕਰਦਾ ਹੈ, ਜਿੱਥੇ ਫੈਕਟਰੀ ਮਾਲਕ ਅਤੇ ਮੁਨੀਮ ਵੱਲੋਂ ਵਰਕਰਾਂ ਤੋਂ ਬਿਨਾਂ ਕੋਈ ਸੁਰੱਖਿਆ ਉਪਰਕਣ ਕਰਾਏ ਕੰਮ ਲਿਆ ਜਾਂਦਾ ਹੈ। 16 ਜੂਨ ਨੂੰ ਉਹ ਰੋਜ਼ਾਨਾ ਦੀ ਤਰ੍ਹਾਂ ਫੈਕਟਰੀ 'ਚ ਕੰਮ ਕਰ ਰਹੇ ਸਨ ਤਾਂ ਇੱਕ ਵਜ਼ਨਦਾਰ ਪਲੇਟ ਉਸ ਦੀਆਂ ਲੱਤਾਂ 'ਤੇ ਡਿੱਗ ਪਈ, ਜਿਸ ਕਾਰਨ ਉਹ ਗੰਭੀਰ ਜ਼ਖ਼ਮੀ ਹੋ ਗਿਆ।ਹਾਦਸਾ ਵਾਪਰਨ ਤੋਂ ਕਰੀਬ ਡੇਢ ਘੰਟਾ ਬਾਅਦ ਵੀ ਜਦੋਂ ਫੈਕਟਰੀ ਮਾਲਕ ਜਾਂ ਮੁਨੀਮ ਵੱਲੋਂ ਉਸ ਨੂੰ ਹਸਪਤਾਲ ਨਾ ਲਿਜਾਇਆ ਗਿਆ ਤਾਂ ਉਸਦੇ ਲੜਕੇ ਨੇ ਪ੍ਰਾਈਵੇਟ ਵਹੀਕਲ ਦਾ ਇੰਤਜ਼ਾਮ ਕੀਤਾ ਤੇ ਉਸ ਨੂੰ ਹਸਪਤਾਲ ਦਾਖਲ ਕਰਵਾਇਆ, ਜਿੱਥੇ ਇਲਾਜ ਦੌਰਾਨ ਡਾਕਟਰਾਂ ਨੂੰ ਉਸਦੀ ਲੱਤ ਕੱਟਣੀ ਪਈ।ਕਰਨੈਲ ਸਿੰਘ ਦੇ ਬਿਆਨਾਂ 'ਤੇ ਫੈਕਟਰੀ ਦੇ ਕਥਿਤ ਮਾਲਕ ਪਵਨ ਕੁਮਾਰ ਅਤੇ ਮੁਨੀਮ ਵਿਰੁੱਧ ਅ/ਧ 12(ਏ), 125(ਬੀ) ਬੀ.ਐਨ.ਐਸ. ਤਹਿਤ ਮੁਕੱਦਮਾ ਦਰਜ ਕਰਕੇ ਥਾਣਾ ਸਰਹਿੰਦ ਦੀ ਪੁਲਸ ਵੱਲੋਂ ਮਾਮਲੇ ਦੀ ਤਫ਼ਤੀਸ਼ ਕੀਤੀ ਜਾ ਰਹੀ ਹੈ।




# ਕੋਟਾਂ ਕਾਲਜ ਦੇ ਐੱਨ ਸੀ ਸੀ ਕੈਡਿਟਸ ਵੱਲੋਂ ਕੈਂਪ 'ਚ ਸ਼ਮੂਲੀਅਤ

**ਦੋਰਾਹਾ (ਹਰਮਿੰਦਰ ਸੇਠ)**- ਮਾਤਾ ਗੰਗਾ ਖ਼ਾਲਸਾ ਕਾਲਜ, ਮੰਜੀ ਸਾਹਿਬ ਕੋਟਾਂ ( ਪ੍ਰਬੰਧ ਅਧੀਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ) ਦੇ ਵਿਦਿਆਰਥੀ ਰਸਮੀ ਵਿੱਦਿਆ ਦੇ ਨਾਲ- ਨਾਲ਼ ਵੱਖ-ਵੱਖ ਗਤੀਵਿਧੀਆਂ ਵਿੱਚ ਵੀ ਮਾਣਮੱਤੀਆਂ ਪ੍ਰਾਪਤੀਆਂ ਹਾਸਲ ਕਰਕੇ ਨਾਮਣਾ ਖੱਟ ਰਹੇ ਹਨ। ਇਸ ਦੇ ਅਧੀਨ ਹੀ ਕਾਲਜ ਦੇ ਐੱਨ.ਸੀ.ਸੀ. ਇੰਚਾਰਜ ਲੈਫਟੀਨੈਂਟ ਸੁਰਿੰਦਰ ਕੌਰ ਦੀ ਅਗਵਾਈ ਹੇਠ ਕਾਲਜ ਦੇ ਐੱਨ. ਸੀ. ਸੀ. ਕੈਡਿਟਸ ਦੁਆਰਾ 23 ਜੂਨ ਤੋਂ 2 ਜੁਲਾਈ ਤੱਕ ਰਿਮਟ ਯੂਨੀਵਰਸਿਟੀ ਵਿਖੇ ਟ੍ਰੇਨਿੰਗ ਕੈਂਪ ਵਿੱਚ ਸ਼ਮੂਲੀਅਤ ਕੀਤੀ ਗਈ ਹੈ। ਇਹ ਕੈਂਪ 19 ਪੰਜਾਬ ਬਟਾਲੀਅਨ ਐੱਨ. ਸੀ. ਸੀ. ਲੁਧਿਆਣਾ ਵੱਲੋਂ ਲਗਾਇਆ ਗਿਆ। ਜਿਸ ਵਿੱਚ 24 ਕੈਡਿਟਸ ਵੱਲੋਂ ਬੀ ਅਤੇ ਸੀ ਸਰਟੀਫਿਕੇਟ ਪ੍ਰਾਪਤ ਕਰਨ ਲਈ ਟ੍ਰੇਨਿੰਗ ਲਗਾਈ ਜਾ ਰਹੀ ਹੈ। ਇਸ ਕੈਂਪ ਦੀ ਟ੍ਰੇਨਿੰਗ ਸੂਬੇਦਾਰ ਮੇਜਰ ਸੁਖਦੇਵ ਸਿੰਘ, ਟ੍ਰੇਨਿੰਗ ਅਫ਼ਸਰ ਬਲਵੀਰ ਸਿੰਘ ਅਤੇ 19 ਪੰਜਾਬ ਬਟਾਲੀਅਨ ਐੱਨ. ਸੀ. ਸੀ. ਦੇ ਕਮਾਂਡਿੰਗ ਅਫ਼ਸਰ ਫੈਜ਼ਾਨ ਜ਼ਹੂਰ ਦੀ ਨਿਗਰਾਨੀ ਹੇਠ ਹੋ ਰਹੀ ਹੈ। ਕਾਲਜ ਪ੍ਰਿੰਸੀਪਲ ਡਾ. ਗਗਨਦੀਪ ਸਿੰਘ ਨੇ ਇਸ ਟ੍ਰੇਨਿੰਗ ਕੈਂਪ ਲਈ ਐੱਨ. ਸੀ. ਸੀ. ਇੰਚਾਰਜ ਅਤੇ ਕੈਂਪ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਦਿਆਂ ਕੈਂਪ ਦੀ ਸਫ਼ਲਤਾ ਲਈ ਆਸ਼ੀਰਵਾਦ ਦਿੱਤਾ।

# ਜ਼ਿਲ੍ਹਾ ਫਤਿਹਗੜ੍ਹ ਸਾਹਿਬ 'ਚ ਭਰਤੀ ਨੇ ਪਾਰ ਕੀਤਾ 50 ਹਜ਼ਾਰ ਦਾ ਅੰਕੜਾ : ਤਲਵੰਡੀ

**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**- ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਸ਼੍ਰੋਮਣੀ ਅਕਾਲੀ ਦਲ ਨੂੰ ਮੁੜ ਸੁਰਜੀਤ ਕਰਨ ਲਈ ਬਣਾਈ ਗਈ ਪੰਜ ਮੈਂਬਰੀ ਕਮੇਟੀ ਦੀ ਅਗਵਾਈ ਹੇਠ ਚੱਲ ਰਹੀ ਭਰਤੀ ਮੁਹਿੰਮ ਨੂੰ ਪੰਜਾਬ ਭਰ ਵਿੱਚ ਭਾਰੀ ਹੁੰਗਾਰਾ ਮਿਲ ਰਿਹਾ ਹੈ।ਇਸ ਮੁਹਿੰਮ ਨੇ ਫਤਿਹਗੜ੍ਹ ਸਾਹਿਬ ਜ਼ਿਲ੍ਹੇ ਵਿੱਚ 50 ਹਜ਼ਾਰ ਤੋਂ ਵੱਧ ਭਰਤੀਆਂ ਕਰਕੇ ਇੱਕ ਵੱਡੀ ਕਾਮਯਾਬੀ ਹਾਸਲ ਕੀਤੀ ਹੈ। ਇਹ ਜਾਣਕਾਰੀ ਸੀਨੀਅਰ ਅਕਾਲੀ ਆਗੂ ਗੁਰਜੀਤ ਸਿੰਘ ਤਲਵੰਡੀ ਨੇ ਦਿੱਤੀ।ਮੀਡੀਆ ਨਾਲ ਗੱਲਬਾਤ ਕਰਦਿਆਂ ਤਲਵੰਡੀ ਨੇ ਕਿਹਾ, ਜ਼ੀਰੀ ਦੀ ਫ਼ਸਲ ਦੇ ਮੌਸਮ ਹੋਣ ਦੇ ਬਾਵਜੂਦ ਅਸੀਂ ਆਪਣਾ ਟੀਚਾ ਦੁੱਗਣਾ ਪੂਰਾ ਕੀਤਾ ਹੈ। ਸਾਰੀ ਸੰਗਤ ਅਕਾਲ ਤਖਤ ਸਾਹਿਬ ਦੇ ਹੁਕਮ ਨਾਲ ਵਾਪਸ ਇੱਕਜੁਟ ਹੋ ਗਈ ਹੈ। ਭਰਤੀ ਬੇਸ਼ੱਕ ਹੋਰ ਵੀ ਵਧ ਸਕਦੀ ਸੀ, ਪਰ ਹੁਣ ਅਸੀਂ ਇਸ ਨੂੰ ਸਮੇਟਣ ਵੱਲ ਵਧ ਰਹੇ ਹਾਂ।ਉਨ੍ਹਾਂ ਦੱਸਿਆ ਕਿ ਇਸੇ ਮਹੀਨੇ ਡੇਲੀਗੇਟਾਂ ਦੀ ਚੋਣ ਸ਼ੁਰੂ ਹੋਣੀ ਹੈ ਅਤੇ ਜੋ ਫੇਰ ਨਵੇਂ ਪ੍ਰਧਾਨ ਦੀ ਚੋਣ ਕਰਨਗੇ। ਪੰਥ ਇਕਜੁਟ ਹੋ ਕੇ ਆਉਣ ਵਾਲੀਆਂ ਐੱਸ ਜੀ ਪੀ ਸੀ ਦੀਆਂ ਚੋਣਾਂ ਵਿੱਚ ਫ਼ਤਿਹ ਪਾ ਕੇ ਪੰਥਕ ਰਾਜਨੀਤੀ ਅਤੇ ਸਿੱਖ ਅਸੂਲਾਂ ਜ਼ਿਆਦਾ ਹੈ ਕਿ ਆਉਣ ਵਾਲੀਆਂ ਐਸ ਜੀ ਪੀ ਸੀ ਚੋਣਾਂ ਵਿੱਚ ਕਿਸੇ ਹੋਰ ਜਥੇਬੰਦੀ ਨਾਲ ਮੁਕਾਬਲਾ ਹੀ ਨਹੀਂ ਰਹਿਣਾ।



ਅਧਾਰਤ ਨੀਂਹ ਮੁੜ ਹਰੀ ਕਰੇਗਾ।ਤਲਵੰਡੀ ਨੇ ਜ਼ਿਲ੍ਹਾ ਪੱਧਰ ਦੇ ਆਗੂਆਂ ਅਤੇ ਵਰਕਰਾਂ ਨਾਲ ਇਕ ਮੀਟਿੰਗ ਕੀਤੀ, ਜਿਸ 'ਚ ਭਰਤੀ ਦਾ ਜਾਇਜ਼ਾ ਲਿਆ ਗਿਆ ਅਤੇ ਅਗਲੇ ਰਣਨੀਤੀ 'ਤੇ ਵਿਚਾਰ ਕੀਤਾ ਗਿਆ। ਫਤਿਹਗੜ੍ਹ ਸਾਹਿਬ ਦੇ ਸੀਨੀਅਰ ਆਗੂ ਮਾਸਟਰ ਚਰਨਜੀਤ ਖਲਸਪੁਰ ਨੇ ਕਿਹਾ, ਗ੍ਰਾਊਂਡ ਤੇ ਲੋਕਾਂ ਦਾ ਜੋਸ਼ ਇੰਨਾ ਉਹਨਾਂ ਦੱਸਿਆ ਜ਼ਮੀਨੀ ਪੱਧਰ 'ਤੇ ਲੋਕਾਂ ਵਿੱਚ ਬਹੁਤ ਉਤਸ਼ਾਹ ਦੇਖਿਆ ਅਤੇ ਨਵੇਂ ਅਕਾਲੀ ਦਲ ਤੋਂ ਲੋਕਾਂ ਨੂੰ ਬਹੁਤ ਆਸਾਂ ਹਨ। ਮੈਨੇਜਰ ਅਮਰਜੀਤ ਸਿੰਘ, ਹਰੀ ਸਿੰਘ ਚਮਕ, ਲੰਬੜਦਾਰ ਸੁਰਜੀਤ ਸਿੰਘ ਚਰਨਾਥਲ ਅਤੇ ਜਥੇਦਾਰ ਮਲਕੀਤ ਸਿੰਘ ਰੇਲੋਂ ਨੇ ਸਾਂਝੇ ਬਿਆਨ ਵਿੱਚ ਕਿਹਾ, 1984 ਤੋਂ ਬਾਅਦ ਅਸੀਂ ਅਜਿਹਾ ਜੋਸ਼ ਅਤੇ ਪੰਥ ਵਿੱਚ ਸਾਂਝ ਹੁਣ ਵੇਖੀ ਹੈ।

# ਜ਼ਮੀਨ ਅਕੁਆਇਰ ਕਰਨ ਦਾ ਕਿਸਾਨਾਂ ਵੱਲੋਂ ਵਿਰੋਧ

**● ਅਧਿਕਾਰੀਆਂ ਨੇ 5 ਕਿਲੋਮੀਟਰ ਜ਼ਮੀਨ 'ਤੇ ਕੀਤਾ ਕਬਜ਼ਾ**

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)** ਰੂਪਨਗਰ ਤੋਂ ਲੁਧਿਆਣਾ ਨੈਸ਼ਨਲ ਹਾਈਵੇ ਲਈ ਪ੍ਰਸ਼ਾਸਨਿਕ ਅਧਿਕਾਰੀ ਭਾਰੀ ਪੁਲਸ ਬਲ ਸਮੇਤ ਪਿੰਡ ਸਹਿਜੋ ਮਾਜਰਾ ਵਿਖੇ 5 ਕਿਲੋਮੀਟਰ ਤੱਕ ਦੀ ਜਮੀਨ 'ਤੇ ਕਬਜ਼ਾ ਕਰਨ ਪੁੱਜੇ, ਜਿਨ੍ਹਾਂ ਦਾ





ਕਿਸਾਨਾਂ ਵੱਲੋਂ ਡਟ ਕੇ ਵਿਰੋਧ ਕੀਤਾ ਗਿਆ ਅਤੇ ਨਾਅਰੇਬਾਜ਼ੀ ਵੀ ਕੀਤੀ, ਪਰ ਫਿਰ ਵੀ ਅਧਿਕਾਰੀਆਂ ਵਲੋਂ ਜ਼ਮੀਨ 'ਤੇ ਕਬਜ਼ਾ ਕਰ ਲਿਆ ਗਿਆ। ਕਿਸਾਨ ਗੁਰਸੇਵਕ ਸਿੰਘ ਸਹਿਜੋ ਮਾਜਰਾ, ਲਵਪ੍ਰੀਤ ਸਿੰਘ, ਸੁੱਚਾ ਸਿੰਘ ਨੇ ਦੱਸਿਆ ਕਿ ਸਵੇਰ ਸਮੇਂ ਸੜਕੀ ਪ੍ਰੋਜੈਕਟ ਲਈ ਅਧਿਕਾਰੀ ਜੇ.ਸੀ.ਬੀ. ਮਸ਼ੀਨਾਂ ਤੇ ਟ੍ਰੈਕਟਰ ਲੈ ਕੇ ਉਨ੍ਹਾਂ ਦੀ ਜਮੀਨ ਵਿਚ ਆ ਵੜੇ ਜਿਨ੍ਹਾਂ ਖੜੀ ਝੋਨੇ ਦੀ ਫਸਲ ਨੂੰ ਵੀ ਵਾਹ ਦਿੱਤਾ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਜ਼ਮੀਨ ਦਾ ਬਣਦਾ ਮਾਰਕੀਟ ਭਾਅ ਨਹੀਂ ਦਿੱਤਾ ਜਾ ਰਿਹਾ, ਜੋ ਕਿਸਾਨਾਂ ਨਾਲ ਸ਼ਰੇਆਮ ਧੱਕੇਸ਼ਾਹੀ ਹੈ। ਕਿਸਾਨਾਂ ਨੇ ਦੱਸਿਆ ਕਿ ਉਨ੍ਹਾਂ ਦੀਆਂ ਜ਼ਮੀਨਾਂ ਦਾ ਰੇਟ ਪ੍ਰਤੀ ਏਕੜ 40 ਤੋਂ 50 ਲੱਖ ਰੁਪਏ ਬਣਦਾ ਹੈ, ਜਦਕਿ ਸਰਕਾਰ ਵਲੋਂ ਛਾਂਟ ਕੱਢ ਕੇ 8 ਤੋਂ 9 ਲੱਖ ਰੁਪਏ ਪ੍ਰਤੀ ਏਕੜ ਦਿੱਤਾ ਜਾ ਰਿਹਾ ਹੈ। ਪਿੰਡ ਸਹਿਜੋ ਮਾਜਰਾ ਦੇ ਕਿਸਾਨਾਂ ਨੇ ਦੱਸਿਆ ਕਿ ਪ੍ਰਸ਼ਾਸਨ ਵਲੋਂ ਸੜਕੀ ਪ੍ਰੋਜੈਕਟ ਲਈ ਜ਼ਮੀਨ ਐਕਵਾਇਰ ਕਰਨ ਦਾ ਉਨ੍ਹਾਂ ਨੂੰ ਕੋਈ ਨੋਟਿਸ ਨਹੀਂ ਭੇਜਿਆ ਗਿਆ। ਉਹ ਸਵੇਰੇ ਖੇਤਾਂ ਵਿਚ ਆਏ ਤਾਂ ਉੱਥੇ ਜੇਸੀਬੀ ਮਸ਼ੀਨਾਂ ਤੇ ਟ੍ਰੈਕਟਰਾਂ ਰਾਹੀਂ ਉਨ੍ਹਾਂ ਦੀ ਖੜੀ ਝੋਨੇ ਤੇ ਮੱਕੀ ਦੀ ਫਸਲ ਨੂੰ ਵਾਹ ਦਿੱਤਾ ਗਿਆ। ਕਿਸਾਨਾਂ ਨੇ ਸਰਕਾਰ ਤੋਂ ਮੰਗ ਕੀਤੀ ਕਿ ਸਰਕਾਰ ਸੜਕੀ ਪ੍ਰੋਜੈਕਟ ਤਹਿਤ ਜਮੀਨ ਅਕੁਆਇਰ ਕਰ ਲਵੇ, ਪਰ ਕਿਸਾਨਾਂ ਨੂੰ ਜ਼ਮੀਨਾਂ ਦੇ ਸਹੀ ਭਾਅ ਅਤੇ ਉਨ੍ਹਾਂ ਦੀ ਨੁਕਸਾਨੀ ਗਈ ਫ਼ਸਲ ਦਾ ਮੁਆਵਜ਼ਾ ਦੇਵੇ। ਜ਼ਮੀਨ 'ਤੇ ਕਬਜਾ ਲੈਣ ਪੁੱਜੇ ਡੀ.ਐੱਸ.ਪੀ. ਸਮਰਾਲਾ ਤਰਲੋਚਨ ਸਿੰਘ ਨੇ ਕਿਹਾ ਕਿ ਗ੍ਰੀਨ ਫੀਲਡ ਯੋਜਨਾ ਤਹਿਤ ਪਿੰਡ ਸਹਿਜੋ ਮਾਜਰਾ ਵਿਖੇ ਜ਼ਮੀਨ ਸ਼ਾਂਤਮਈ ਢੰਗ ਨਾਲ ਐਕਵਾਇਰ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਵੱਲੋਂ ਪ੍ਰਸ਼ਾਸਨ ਨੂੰ ਪੂਰਾ ਸਹਿਯੋਗ ਦਿੱਤਾ ਗਿਆ। ਉਨ੍ਹਾਂ ਜ਼ਮੀਨਾਂ ਦੇ ਭਾਅ ਸਬੰਧੀ ਐੱਸ.ਡੀ.ਐੱਮ. ਰਜਨੀਸ਼ ਅਰੋੜਾ ਨਾਲ ਸੰਪਰਕ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਜਮੀਨ 'ਤੇ ਕਬਜ਼ਾ ਲੈਣ ਲਈ ਉਨ੍ਹਾਂ ਨਾਲ ਡੀ.ਐੱਸ.ਪੀ. ਕਰਮਜੀਤ ਸਿੰਘ ਗਰੇਵਾਲ ਸਮੇਤ 100 ਦੇ ਕਰੀਬ ਪੁਲਸ ਜਵਾਨ ਮੌਜੂਦ ਸਨ।

# ਗਊ ਸੁੱਰਕਸ਼ਾ ਸੇਵਾ ਦਲ ਨੇ ਗਊਆਂ ਨਾਲ ਭਰਿਆ ਕੈਂਟਰ ਪੁਲਸ ਹਵਾਲੇ ਕੀਤਾ

**ਰਾਮਪੁਰਾ ਫੂਲ (ਦਰਸ਼ਨ ਜਿੰਦਲ)** ਬਠਿੰਡਾ ਬਰਨਾਲਾ ਨੈਸ਼ਨਲ ਹਾਈਵੇ ਮਾਰਗ 'ਤੇ ਸਥਿਤ ਪਿੰਡ ਜੇਠੂਕੇ ਵਿਖੇ ਲੱਗੇ ਨਾਕੇ 'ਤੇ ਗਊ ਸੁਰੱਕਸ਼ਾ ਸੇਵਾ ਦਲ ਪੰਜਾਬ ਦੇ ਸੇਵਾਦਾਰਾਂ ਵੱਲੋਂ ਇੱਕ ਗਊਆਂ ਦੇ ਭਰੇ ਹੋਏ ਕੈਂਟਰ ਨੂੰ ਫੜ ਕੇ ਪੁਲਸ ਦੇ ਹਵਾਲੇ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਦਲ ਦੇ ਪ੍ਰਧਾਨ ਸੰਦੀਪ ਕੁਮਾਰ ਵਰਮਾ ਨੇ ਦੱਸਿਆ ਕਿ ਸਾਨੂੰ ਗੁਪਤ ਸੂਚਨਾ ਮਿਲੀ ਕਿ ਜ਼ਿਲ੍ਹਾ ਬਰਨਾਲਾ ਦੇ ਪਿੰਡਾਂ ਵਿੱਚੋਂ ਇੱਕ ਗਊ ਤਸਕਰ ਮੁਹੰਮਦ ਸਲੀਮ ਉਰਫ ਕਾਕਾ ਖੁੱਸੇ ਵਾਲਾ ਪੁੱਤਰ ਖੁਸ਼ੀ ਮੁਹੰਮਦ ਵਾਸੀ ਨੂਰ ਬਸਤੀ ਜਮਾਲਪੁਰ ਮਲੇਰਕੋਟਲਾ ਤੇ ਜੱਗੀ ਬਰਨਾਲਾ ਨਾਲ ਮਿਲ ਕੇ ਇੱਕ ਗਿਰੋਹ ਬਣਾਇਆ ਹੋਇਆ ਹੈ। ਉਨ੍ਹਾਂ ਵੱਲੋਂ ਸ਼ੇਖਾਂ ਰੋਡ 'ਤੇ ਸਥਿਤ ਜੱਗੀ ਡੈਰੀ ਫਾਰਮ ਬਣਾਇਆ ਹੋਇਆ ਹੈ, ਇਹ ਕਾਫੀ ਲੰਮੇ ਸਮੇਂ ਤੋਂ ਡੈਰੀ ਦੀ ਆੜ ਵਿੱਚ ਗਊਆ ਤਸਕਰੀ ਕਰਦੇ ਹਨ। ਇਨ੍ਹਾਂ 'ਤੇ ਪਹਿਲਾਂ ਵੀ ਪੰਜਾਬ ਹਰਿਆਣਾ ਦੇ ਵੱਖ-ਵੱਖ ਥਾਣਿਆਂ ਵਿੱਚ 20 ਦੇ ਕਰੀਬ ਵੱਖ ਵੱਖ ਧਾਰਾਵਾਂ ਤਹਿਤ ਚੋਰੀ, ਗਊ ਹੱਤਿਆ ਤੇ ਤਸਕਰੀ ਦੇ ਮਾਮਲੇ ਦਰਜ ਹਨ। ਉਨ੍ਹਾਂ ਕਿਹਾ ਕਿ ਅੱਜ ਵੀ ਬਰਨਾਲਾ ਦੇ ਆਸ-ਪਾਸ ਦੀਆਂ ਸੜਕਾਂ ਅਤੇ ਪਿੰਡਾਂ ਵਿੱਚੋਂ



ਬੇਸਹਾਰਾ ਗਊਆਂ ਨੂੰ ਛੋਟੇ ਹਾਥੀ ਰਾਹੀਂ ਡੈਰੀ ਵਿੱਚ ਇਕੱਠਾ ਕੀਤਾ ਹੋਇਆ ਹੈ। ਪੰਜਾਬ ਤੋਂ ਬਾਹਰਲੀਆਂ ਸਟੇਟਾਂ ਵਿੱਚ ਕੈਂਟਰ ਵਿੱਚ ਗਊਆਂ ਨੂੰ ਬੇਰਹਿਮੀ ਨਾਲ ਬੰਨ੍ਹ ਨੂੜ ਕੇ ਤਿਰਪਾਲ ਨਾਲ ਢਕ ਕੇ, ਜਿਸ ਨੂੰ ਡਰਾਈਵਰ ਜਤਿੰਦਰ ਕੁਮਾਰ ਪੁੱਤਰ ਭਜਨ ਸਿੰਘ ਅਤੇ ਉਸ ਦਾ ਸਾਥੀ ਗੁਰਅਵਤਾਰ ਸਿੰਘ ਉਰਫ ਸੋਨੂੰ ਪੁੱਤਰ ਸੁਖਦੇਵ ਸਿੰਘ ਵਾਸੀ ਕਪੂਰਥਲਾ ਨੇ ਰਾਮਪੁਰਾ, ਬਠਿੰਡਾ, ਡੱਬਵਾਲੀ, ਹੁੰਦੇ ਬੁੱਚੜਖਾਨੇ ਜਾਣਾ ਸੀ ਤਾਂ ਅਸੀਂ ਜ਼ਿਲ੍ਹਾ ਬਰਨਾਲਾ ਵਿੱਚ ਵੱਖ-ਵੱਖ ਥਾਂਵਾਂ 'ਤੇ ਆਪਣੀਆਂ ਟੀਮਾਂ ਤਾਇਨਾਤ ਕੀਤੀਆਂ ਸਨ। ਜਦ ਕੈਂਟਰ ਬਰਨਾਲਾ ਸਾਈਡ ਤੋਂ ਰਾਮਪੁਰਾ ਫੂਲ ਵੱਲ ਨੂੰ ਜਾਂਦਾ ਦਿਖਾਈ ਦਿੱਤਾ ਤਾਂ ਅਸੀਂ ਇਸ ਦੀ ਇਤਲਾਹ ਸਦਰ ਥਾਣਾ ਰਾਮਪੁਰਾ ਜ਼ਿਲ੍ਹਾ ਬਠਿੰਡਾ ਨੂੰ ਦਿੱਤੀ। ਪੁਲਸ ਵੱਲੋਂ ਪਿੰਡ ਜੇਠੂਕੇ ਵਿੱਚ ਲੱਗੇ ਹੋਏ ਨਾਕੇ ਦੇ ਸਹਿਯੋਗ ਨਾਲ ਦੋ ਗਊ ਤਸਕਰਾਂ ਨੂੰ ਕੈਂਟਰ ਸਮੇਤ ਕਾਬੂ ਕੀਤਾ ਗਿਆ। ਪੁਲਿਸ ਦੀ ਮੌਜੂਦਗੀ ਵਿੱਚ ਕੈਂਟਰ ਨੂੰ ਚੈੱਕ ਕਰਨ ਤੇ 12 ਗਊ ਵੰਸ਼ਾਂ ਨੂੰ ਬੇਰਹਿਮੀ ਨਾਲ ਬੰਨ੍ਹਿਆ ਨੂੜਿਆ ਹੋਇਆ ਸੀ।ਪੁਲਸ ਨੇ ਕੈਂਟਰ ਨੂੰ ਕਬਜ਼ੇ ਵਿੱਚ ਲੈ ਕੇ ਦੋਸ਼ੀਆਂ ਖਿਲਾਫ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ। ਗਊਆਂ ਨੂੰ ਗਊਸ਼ਾਲਾ ਕਮੇਟੀ ਫੂਲ ਰੋਡ ਰਾਮਪੁਰਾ ਫੂਲ ਵਿਖੇ ਸੇਵਾ ਸੰਭਾਲ ਲਈ ਛੱਡਿਆ ਗਿਆ ਤੇ ਪੁਲਸ ਨੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਵਿਸ਼ਾਲ ਸਤਿਸੰਗ ਸਮਾਰੋਹ ਤੇ ਰੱਥ ਯਾਤਰਾ 5 ਨੂੰ

**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)** ਸਤਿਗੁਰੂ ਕਬੀਰ ਸਾਹਿਬ ਤੇ ਸੰਤ ਇੰਦਰਮਨੀ ਸਾਹਿਬ ਦੀ ਅਪਾਰ ਕ੍ਰਿਪਾ ਨਾਲ ਸਤ ਪ੍ਰਚਾਰ ਸੇਵਾ ਸਮਿਤੀ ਗਿੱਦੜਬਾਹਾ ਵੱਲੋਂ ਵਿਸ਼ਾਲ ਸਤਿਸੰਗ ਸਮਾਰੋਹ ਤੇ ਰੱਥ ਯਾਤਰਾ ਦਾ ਆਯੋਜਨ ਕੀਤਾ ਜਾ ਰਿਹਾ ਹੈ। ਸੁਰੇਸ਼ ਇੰਦੋਰਾ, ਸਤਪਾਲ ਇੰਦੌਰਾ, ਹਨੀਸ਼ ਇੰਦੌਰਾ, ਅਭਿਨਿਸ਼ ਇੰਦੋਰਾ, ਅਗਮ ਇੰਦੋਰਾ ਨੇ ਦੱਸਿਆ ਕਿ 5 ਜੁਲਾਈ ਨੂੰ ਰੱਥ ਯਾਤਰਾ ਦੁਪਹਿਰ 3:00 ਵਜੇ ਲੰਬੀ ਰੋਡ ਤੋਂ ਸਰਕਾਰੀ ਹਸਪਤਾਲ



ਤੱਕ ਕੱਢੀ ਜਾਵੇਗੀ ਤੇ ਸਤਿਸੰਗ ਰਾਤ 9:00 ਵਜੇ ਸਤਿ ਸਾਹਿਬ ਕਾਟੇਜ, ਪ੍ਰੇਮ ਨਗਰ ਨੇੜੇ ਸਰਕਾਰੀ ਹਸਪਤਾਲ ਗਿੱਦੜਬਾਹਾ ਵਿਖੇ ਹੋਵੇਗਾ।ਉਨ੍ਹਾਂ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਸੰਤ ਇੰਦਰਮਨੀ ਸਾਹਿਬ ਦੇ ਪਰਮ ਸੇਵਕ ਸੰਤ ਸੁਰਿੰਦਰ ਸਾਹਿਬ ਦੀ ਰੱਥ ਯਾਤਰਾ ਜੋਂ ਲੰਬੀ ਰੋਡ ਤੋਂ ਸਰਕਾਰੀ ਹਸਪਤਾਲ ਤੱਕ ਕੱਢੀ ਜਾਵੇਗੀ। ਲੋਕ ਉਸ ਪ੍ਰੋਗਰਾਮ 'ਚ ਹਿੱਸਾ ਵੱਧ ਤੋਂ ਵੱਧ ਹਿੱਸਾ ਲੈਣ ਤੇ ਵੱਧ ਤੋਂ ਵੱਧ ਸਤਿਸੰਗ ਦੀ ਬ੍ਰਹਮਤਾ ਦਾ ਲਾਭ ਲੈਣ।

## ...ਸਫ਼ਾ 1 ਦੇ ਬਾਕੀ

### 'ਐਂਟੀ ਕੋਵਿਡ ਟੀਕਿਆਂ ਤੇ ਹਾਰਟ ਅਟੈਕ...

ਕੇਂਦਰਤ ਸੀ। ਮੰਤਰਾਲੇ ਨੇ ਕਿਹਾ ਕਿ ਇਹ ਅਧਿਐਨ ਮਈ ਅਤੇ ਅਗਸਤ 2023 ਦੇ ਵਿਚਕਾਰ ਦੇਸ਼ ਦੇ 19 ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਸਥਿਤ 47 ਤੀਜੇ ਦਰਜੇ ਦੇ ਹਸਪਤਾਲਾਂ ਵਿੱਚ ਕੀਤਾ ਗਿਆ ਸੀ। ਇਸ ਅਧਿਐਨ ਵਿੱਚ ਉਹ ਵਿਅਕਤੀ ਸ਼ਾਮਲ ਸਨ, ਜੋ ਪੂਰੀ ਤਰ੍ਹਾਂ ਤੰਦਰੁਸਤ ਦਿਖਾਈ ਦਿੰਦੇ ਸਨ, ਪਰ ਅਕਤੂਬਰ 2021 ਅਤੇ ਮਾਰਚ 2023 ਦੇ ਵਿਚਕਾਰ ਅਚਾਨਕ ਮਰ ਗਏ। ਲੱਭਤਾਂ ਨੇ ਸਪੱਸ਼ਟ ਕੀਤਾ ਹੈ ਕਿ ਕੋਵਿਡ-19 ਟੀਕਾਕਰਨ ਨੌਜਵਾਨ ਬਾਲਗਾਂ ਵਿੱਚ ਅਚਾਨਕ ਮੌਤ ਦੇ ਜੋਖਮ ਨੂੰ ਨਹੀਂ ਵਧਾਉਂਦਾ।

ਦੂਜੇ ਅਧਿਐਨ ਦਾ ਸਿਰਲੇਖ 'ਨੌਜਵਾਨਾਂ ਵਿੱਚ ਅਚਾਨਕ ਮੌਤ ਦੇ ਕਾਰਨਾਂ ਦੀ ਪਛਾਣ ਕਰਨਾ' ਹੈ। ਇਹ ਅਧਿਐਨ ਵਰਤਮਾਨ ਵਿੱਚ ਏਮਜ਼, ਨਵੀਂ ਦਿੱਲੀ ਵੱਲੋਂ ਇੰਡੀਅਨ ਕੌਂਸਲ ਆਫ ਮੈਡੀਕਲ ਰਿਸਰਚ ਦੇ ਸਹਿਯੋਗ ਅਤੇ ਫੰਡਿੰਗ ਨਾਲ ਕੀਤਾ ਜਾ ਰਿਹਾ ਹੈ। ਬਿਆਨ ਵਿੱਚ ਕਿਹਾ ਗਿਆ ਹੈ ਕਿ ਇਸ ਅਧਿਐਨ ਦਾ ਉਦੇਸ਼ ਨੌਜਵਾਨਾਂ ਦੀ ਅਚਾਨਕ ਮੌਤ ਦੇ ਆਮ ਕਾਰਨਾਂ ਦੀ ਪਛਾਣ ਕਰਨਾ ਹੈ। ਇਸ ਅਧਿਐਨ ਦੇ ਸ਼ੁਰੂਆਤੀ ਅੰਕੜਿਆਂ ਦੀ ਸਮੀਖਿਆ ਤੋਂ ਪਤਾ ਚੱਲਦਾ ਹੈ ਕਿ ਦਿਲ ਦਾ ਦੌਰਾ ਇਸ ਉਮਰ ਵਰਗ ਵਿੱਚ ਅਚਾਨਕ ਮੌਤ ਦਾ ਪ੍ਰਮੁੱਖ ਕਾਰਨ ਬਣਿਆ ਹੋਇਆ ਹੈ।

ਇਹ ਅਧਿਐਨ ਦਰਸਾਉਂਦਾ ਹੈ ਕਿ ਭਾਰਤ ਵਿੱਚ ਨੌਜਵਾਨਾਂ 'ਚ ਅਚਾਨਕ ਮੌਤ ਦੇ ਕਾਰਨਾਂ ਦੇ ਰੁਝਾਨ ਵਿੱਚ ਕੋਈ ਵੱਡਾ ਬਦਲਾਅ ਨਹੀਂ ਦੇਖਿਆ ਗਿਆ ਹੈ। ਜ਼ਿਆਦਾਤਰ ਮਾਮਲਿਆਂ ਵਿੱਚ ਜੈਨੇਟਿਕ ਪਰਿਵਰਤਨ ਨੂੰ ਸੰਭਾਵਤ ਕਾਰਨ ਵਜੋਂ ਪਛਾਣਿਆ ਗਿਆ ਹੈ। ਅਧਿਐਨ ਪੂਰਾ ਹੋਣ ਤੋਂ ਬਾਅਦ ਅੰਤਿਮ ਲੱਭਤਾਂ ਸਾਂਝੀਆਂ ਕੀਤੀਆਂ ਜਾਣਗੀਆਂ।

ਇਨ੍ਹਾਂ ਦੋ ਅਧਿਐਨਾਂ ਨੇ ਭਾਰਤ ਵਿੱਚ 18 ਤੋਂ 45 ਸਾਲ ਦੀ ਉਮਰ ਦੇ ਨੌਜਵਾਨਾਂ ਵਿੱਚ ਅਚਾਨਕ ਮੌਤ ਦੇ ਕਾਰਨਾਂ ਦੀ ਇੱਕ ਬਿਹਤਰ ਅਤੇ ਵਿਆਪਕ ਤਸਵੀਰ ਪੇਸ਼ ਕੀਤੀ ਹੈ। ਸਿਹਤ ਮੰਤਰਾਲੇ ਨੇ ਕਿਹਾ ਕਿ ਬਿਨਾਂ ਕਿਸੇ ਠੋਸ ਸਬੂਤ ਦੇ ਖਦਸ਼ਿਆਂ 'ਤੇ ਆਧਾਰਤ ਦਾਅਵੇ ਨਾ ਸਿਰਫ ਗੁੰਮਰਾਹਕੁਨ ਹਨ, ਬਲਕਿ ਟੀਕਿਆਂ ਵਿੱਚ ਲੋਕਾਂ ਦੇ ਵਿਸ਼ਵਾਸ ਨੂੰ ਵੀ ਕਮਜ਼ੋਰ ਕਰ ਸਕਦੇ ਹਨ, ਜਦੋਂ ਕਿ ਇਨ੍ਹਾਂ ਟੀਕਿਆਂ ਨੇ ਕੋਵਿਡ-19 ਮਹਾਂਮਾਰੀ ਦੌਰਾਨ ਲੱਖਾਂ ਜਾਨਾਂ ਬਚਾਉਣ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਅਜਿਹੇ ਬੇਬੁਨਿਆਦ ਦਾਅਵਿਆਂ ਨਾਲ ਦੇਸ਼ ਵਿੱਚ ਟੀਕਾਕਰਨ ਕਰਵਾਉਣ ਨੂੰ ਲੈ ਕੇ ਝਿਜਕ ਵਧ ਸਕਦੀ ਹੈ, ਜੋ ਜਨਤਕ ਸਿਹਤ ਲਈ ਗੰਭੀਰ ਖਤਰਾ ਪੈਦਾ ਕਰ ਸਕਦੀ ਹੈ।

### ਟਰੰਪ ਦੀਆਂ ਧਮਕੀਆਂ...

ਖੋਹ ਕੇ ਅਰਬਪਤੀਆਂ ਨੂੰ ਦੇਣਾ ਚਾਹੁੰਦੇ ਹਨ, ਐਰਿਕ ਐਡਮਜ਼ ਦਾ ਟਰੰਪ ਦੀ ਭਾਸ਼ਾ ਬੋਲਣਾ ਸ਼ਰਮਨਾਕ ਹੈ।"

ਨਵੰਬਰ ਵਿੱਚ ਹੋਣ ਵਾਲੀਆਂ ਨਿਊਯਾਰਕ ਸਿਟੀ ਮੇਅਰ ਚੋਣਾਂ ਵਿੱਚ ਜ਼ੋਹਰਾਨ ਮਮਦਾਨੀ ਜਨਮਤ ਸਰਵੇਖਣਾਂ ਵਿੱਚ ਫਿਲਹਾਲ ਸਭ ਤੋਂ ਅੱਗੇ ਚੱਲ ਰਹੇ ਹਨ। ਉਹ ਮੌਜੂਦਾ ਮੇਅਰ ਐਰਿਕ ਐਡਮਜ਼ ਅਤੇ ਰਿਪਬਲਿਕਨ ਉਮੀਦਵਾਰ ਕਰਟਿਸ ਸਲਿਵਾ ਤੋਂ ਅੱਗੇ ਹਨ। ਉਨ੍ਹਾ ਕਿਹਾ, "ਅਸੀਂ ਸਾਬਤ ਕਰ ਦਿੱਤਾ ਹੈ ਕਿ ਜਦੋਂ ਲੋਕਾਂ ਨੂੰ ਕੁਝ ਠੋਸ ਵਿਕਲਪ ਮਿਲਦਾ ਹੈ ਤਾਂ ਉਹ ਵਾਪਸ ਆਉਂਦੇ ਹਨ।"

ਜ਼ੋਹਰਾਨ ਮਮਦਾਨੀ ਭਾਰਤੀ ਮੂਲ ਦੇ ਅਮਰੀਕੀ ਨੇਤਾ ਹਨ, ਜੋ ਨਿਊਯਾਰਕ ਸਿਟੀ ਵਿੱਚ ਡੈਮੋਕ੍ਰੇਟਿਕ ਸੋਸ਼ਲਿਸਟ ਪਾਰਟੀ ਨਾਲ ਜੁੜੇ ਹੋਏ ਹਨ। ਉਨ੍ਹਾ ਨੇ 7 ਸਾਲ ਪਹਿਲਾਂ ਅਮਰੀਕੀ ਨਾਗਰਿਕਤਾ ਪ੍ਰਾਪਤ ਕੀਤੀ ਸੀ ਅਤੇ ਵਰਤਮਾਨ ਵਿੱਚ ਸਮਾਜਿਕ ਨਿਆਂ, ਪ੍ਰਵਾਸੀ ਅਧਿਕਾਰਾਂ ਅਤੇ ਆਰਥਿਕ ਸਮਾਨਤਾ ਦੇ ਮੁੱਦਿਆਂ ਨੂੰ ਲੈ ਕੇ ਚਰਚਾ ਵਿਚ ਹਨ।

### ਚੰਡੀਗੜ੍ਹ ਮਹਾਂ-ਸੰਮੇਲਨ ਦੇਸ਼ ਨੂੰ ਨਵੀਂ ...

ਲੜਨ ਲਈ ਚੁਣੇ ਗਏ 33 ਸਾਲਾ ਇਨਕਲਾਬੀ ਨੌਜਵਾਨ ਜੌਹਰਾਂ ਮਮਦਾਨੀ ਦੇ ਪ੍ਰੋਗਰਾਮ ਅਤੇ ਉਸ ਦੇ ਏਜੰਡਿਆਂ ਨੂੰ ਉਥੋਂ ਦੇ ਲੋਕ ਪਸੰਦ ਕਰ ਰਹੇ ਹਨ, ਜਿਸ ਨੇ ਇਸ ਗੱਲ ਨੂੰ ਲੈ ਕੇ ਕੌਮਾਂਤਰੀ ਪੱਧਰ 'ਤੇ ਪ੍ਰਸਿੱਧੀ ਪ੍ਰਾਪਤ ਕੀਤੀ ਹੈ। ਕਾਮਰੇਡ ਜਗਰੂਪ ਨੇ ਕਿਹਾ ਕਿ ਜਿਸ ਸਮੇਂ ਵਿੱਚ ਕੌਮਾਂਤਰੀ ਪੱਧਰ 'ਤੇ ਘਟਨਾਵਾਂ ਤੇਜ਼ੀ ਨਾਲ ਵਧ ਰਹੀਆਂ ਹਨ, ਉਸ ਸਮੇਂ ਵਿੱਚ ਸੀ ਪੀ ਆਈ ਦਾ ਮਹਾਂ-ਸੰਮੇਲਨ ਹੋਣਾ ਵੱਡੀ ਮਹੱਤਤਾ ਰੱਖਦਾ ਹੈ ਅਤੇ ਇਹ ਮਹਾਂ-ਸੰਮੇਲਨ ਦੇਸ਼ ਨੂੰ ਨਵੀਂ ਰਾਜਨੀਤਕ ਸੇਧ ਦੇਵੇਗਾ। ਅੱਜ ਦੀ ਮੀਟਿੰਗ ਵਿੱਚ ਜ਼ਿਲ੍ਹੇ ਦੇ ਆਗੂਆਂ ਨੇ ਹਰ ਤਰ੍ਹਾਂ ਦਾ ਕੋਟਾ ਪੂਰਾ ਕਰਨ ਦਾ ਵਿਸ਼ਵਾਸ ਦਿਵਾਇਆ ਹੈ ਅਤੇ ਵੱਡੀ ਗਿਣਤੀ ਵਿੱਚ ਇਥੋਂ ਸਾਥੀ 21 ਸਤੰਬਰ ਨੂੰ ਹੋਰ ਰਹੀ ਰੈਲੀ ਵਿੱਚ ਵੀ ਸ਼ਾਮਿਲ ਹੋਣਗੇ।

ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਹੰਸ ਰਾਜ ਗੋਲਡਨ ਅਤੇ ਸਹਾਇਕ ਸਕੱਤਰ ਸੁਰਿੰਦਰ ਢੰਡੀਆਂ ਨੇ ਦੱਸਿਆ ਕਿ ਮੀਟਿੰਗ ਵਿੱਚ ਪਾਰਟੀ ਦੇ ਸੰਮੇਲਨ ਦੀ ਕਾਮਯਾਬੀ ਲਈ ਸਾਰੇ ਪਾਰਟੀ ਆਗੂਆਂ ਦੀਆਂ ਵੱਖ-ਵੱਖ ਡਿਊਟੀਆਂ ਲਗਾ ਦਿੱਤੀਆਂ ਗਈਆਂ ਹਨ। 21 ਸਤੰਬਰ ਨੂੰ ਚੰਡੀਗੜ੍ਹ ਵਿਖੇ ਹੋ ਰਹੀ ਰੈਲੀ ਵਿੱਚ ਵੱਡੀ ਗਿਣਤੀ ਵਿੱਚ ਜ਼ਿਲ੍ਹਾ ਫਾਜ਼ਿਲਕਾ ਤੋਂ ਸਾਥੀ ਹਿੱਸਾ ਲੈਣਗੇ। ਗੋਲਡਨ ਅਤੇ ਢੰਡੀਆਂ ਨੇ ਕਿਹਾ ਕਿ ਉਹ ਸਥਾਨਕ ਪੱਧਰ ਤੋਂ ਲੈ ਕੇ ਕੌਮਾਂਤਰੀ ਪੱਧਰ ਤੱਕ ਕਮਿਊਨਿਸਟ ਅੰਦੋਲਨ ਦੇ ਸ਼ਾਨਾਮੱਤੇ ਅਤੇ ਪ੍ਰਾਪਤੀਆਂ ਭਰੇ ਇਤਿਹਾਸ ਨੂੰ ਘਰ-ਘਰ ਤੱਕ ਪਹੁੰਚਾਉਣ ਲਈ ਮੁਹਿੰਮ ਚਲਾਉਣਗੇ। ਉਹਨਾਂ ਦਾਅਵਾ ਕਰਦਿਆਂ ਕਿਹਾ ਕਿ ਕਮਿਊਨਿਸਟ ਰਾਜ ਪ੍ਰਬੰਧ ਤੋਂ ਬਿਨਾਂ ਕੋਈ ਵੀ ਤਬਦੀਲੀ ਦਾ ਮਖੌਟਾ ਪਹਿਨ ਕੇ ਲੋਕ ਹਿੱਤਾਂ ਦੀ ਰਾਖੀ ਨਹੀਂ ਕਰ ਸਕਦਾ।

ਹੋਰਨਾਂ ਤੋਂ ਇਲਾਵਾ ਵਜ਼ੀਰ ਚੰਦ ਸੱਪਾਂਵਾਲੀ, ਕਿਸ਼ਨ ਧਰਮੂ ਵਾਲਾ, ਹਰਦੀਪ ਅਬੋਹਰ, ਸ਼ਬੇਗ ਝੰਗੜ ਭੈਣੀ, ਪਰਮਜੀਤ ਢਾਬਾਂ, ਹਰਜੀਤ ਕੌਰ ਢੰਡੀਆ, ਜੰਮੂ ਰਾਮ ਬਣਵਾਲਾ, ਭਰਪੂਰ ਸਿੰਘ, ਭਜਨ ਲਾਲ ਫਾਜ਼ਿਲਕਾ, ਹਰਭਜਨ ਛੱਪੜੀ ਵਾਲਾ, ਰਮਨ ਧਰਮੂ ਵਾਲਾ, ਨਰਿੰਦਰ ਢਾਬਾਂ, ਗੁਰਦਿਆਲ ਢਾਬਾਂ, ਕੁਲਦੀਪ ਬਖੂ ਸ਼ਾਹ ਤੇ ਰਾਜਵਿੰਦਰ ਨਿਉਲਾ ਵੀ ਹਾਜ਼ਰ ਸਨ।

# ਨਸ਼ੇੜੀਆਂ ਨੇ 'ਆਪ' ਦਾ ਸਰਪੰਚ ਨਾਲੇ ਕੁੱਟਿਆ, ਨਾਲੇ ਲੁੱਟਿਆ

**ਨਾਭਾ (ਵਰਿੰਦਰ ਵਰਮਾ)** ਆਮ ਆਦਮੀ ਪਾਰਟੀ ਦੇ ਮੌਜੂਦਾ ਸਰਪੰਚ ਨਾਲ ਨਸ਼ੇੜੀ ਨੌਜਵਾਨਾਂ ਵੱਲੋਂ ਕੁੱਟ ਤੇ ਲੁੱਟ ਦਾ ਮਾਮਲਾ ਨਾਭਾ ਕੋਤਵਾਲੀ ਪੁਲਸ ਮੁਖੀ ਇੰਸ. ਸਰਬਜੀਤ ਸਿੰਘ ਚੀਮਾ ਦੀ ਅਗਵਾਈ ਹੇਠ ਨਾਭਾ ਪੁਲਸ ਨੇ ਘੰਟਿਆਂ ਵਿੱਚ ਹੀ

**● ਪੁਲਸ ਨੇ ਘੰਟਿਆਂ 'ਚ ਹੀ ਤਿੰਨ ਕਥਿਤ ਦੋਸ਼ੀ ਕੀਤੇ ਕਾਬੂ**

ਹੱਲ ਕਰ ਲਿਆ। ਸਿਵਲ ਹਸਪਤਾਲ ਵਿਖੇ ਜੇਰੇ ਇਲਾਜ ਜਗਤਾਰ ਸਿੰਘ ਪਾਲੀਆ ਨੇ ਦੱਸਿਆ ਕਿ ਉਹ ਆਮ ਆਦਮੀ ਪਾਰਟੀ ਨਾਲ ਸਬੰਧਤ ਮੌਜੂਦਾ ਸਰਪੰਚ ਹੈ ਅਤੇ ਦੁੱਧ ਦਾ ਕਾਰੋਬਾਰ ਕਰਦਾ ਹੈ।ਜਦੋਂ ਉਹ ਆਪਣੇ ਦੁੱਧ ਦੇ ਕਾਰੋਬਾਰ ਤੋਂ ਇਕੱਤਰ ਨਕਦੀ ਨਾਲ ਆਪਣੇ ਪਿੰਡ ਤੋਂ ਨਾਭਾ ਆ ਰਿਹਾ ਸੀ ਤਾਂ ਪੱਥਰਾਂ ਵਾਲੀ ਸੜਕ ਤੋਂ ਲੰਘਣ ਸਮੇਂ ਮੂੰਹ ਬੰਨੇ ਤਿੰਨ ਨਸ਼ੇੜੀ ਨੌਜਵਾਨਾਂ ਨੇ ਉਸ ਨੂੰ ਘੇਰ ਲਿਆ ਤੇ ਖਪਰੇ ਜਿਹੇ ਮਾਰੂ ਹਥਿਆਰ ਨਾਲ ਉਸ 'ਤੇ ਜਾਨਲੇਵਾ ਹਮਲਾ ਕਰ ਦਿੱਤਾ। ਖਿਚੋਤਾਨ ਵਿੱਚ ਇੱਕ ਲੁਟੇਰੇ ਦੇ ਮੂੰਹ ਤੋਂ ਕੱਪੜਾ ਹਟ ਗਿਆ, ਜੋ ਉਸ ਦੇ ਪਿੰਡ ਦਾ ਨੌਜਵਾਨ ਨਿਕਲਿਆ ਅਤੇ ਉਸ ਦੇ ਨਾਲ ਦਾ ਨੌਜਵਾਨ ਪਾਲੀਆ ਖੁਰਦ ਪਿੰਡ ਦਾ ਵਸਨੀਕ ਵਜੋਂ ਸਾਹਮਣੇ ਆਇਆ, ਜਦਕਿ ਤੀਜਾ ਵਿਅਕਤੀ ਅਣਪਛਾਤਾ ਹੈ।ਸਰਪੰਚ ਨੇ 0 ਦੱਸਿਆ ਕਿ ਉਕਤ ਨੌਜਵਾਨ ਨਸ਼ੇ ਦੇ ਆਦੀ ਹਨ, ਜਿਨ੍ਹਾਂ ਨੇ ਉਸ ਪਾਸੋਂ



40 ਤੋਂ 45 ਹਜ਼ਾਰ ਰੁਪਏ ਖੋਹ ਲਏ ਤੇ ਉਸ ਨੂੰ ਗੰਭੀਰ ਰੂਪ ਵਿੱਚ ਫੱਟੜ ਕਰਕੇ ਮੌਕੇ ਤੋਂ ਫਰਾਰ ਹੋ ਗਏ।ਉਸ ਨੇ ਦੱਸਿਆ ਕਿ ਮੇਰਾ ਮੋਬਾਈਲ ਮੇਰੀ ਜੇਬ ਦੀ ਬਜਾਏ ਮੋਟਰਸਾਈਕਲ ਦੀ ਜੇਬ ਵਿੱਚ ਹੋਣ ਕਾਰਨ ਬਚ ਗਿਆ, ਜਿਸ ਰਾਹੀਂ ਉਸ ਨੇ ਆਪਣੇ ਮਿੱਤਰ ਨੂੰ ਫੋਨ ਰਾਹੀਂ ਮੌਕੇ 'ਤੇ ਬੁਲਾਇਆ, ਜਿਸ ਨੇ ਉਸ ਨੂੰ ਨਾਭਾ ਸਿਵਲ ਹਸਪਤਾਲ ਦੇ ਐਮਰਜੈਂਸੀ ਵਾਰਡ ਵਿਖੇ ਦਾਖਲ ਕਰਾਇਆ। ਸਰਪੰਚ ਨੇ ਪ੍ਰਸ਼ਾਸ਼ਨ ਨੂੰ ਅਪੀਲ ਕੀਤੀ ਕਿ ਦਿਨ ਦਿਹਾੜੇ ਉਸ ਨਾਲ ਵਾਪਰੀ ਘਟਨਾ ਤੋਂ ਸਪੱਸ਼ਟ ਹੈ ਕਿ ਨਸ਼ੇੜੀਆਂ ਦੀਆਂ ਘਾਤਕ ਪੱਧਰ ਤੱਕ ਪੁੱਜੀਆਂ ਸਰਗਰਮੀਆਂ ਆਮ ਲੋਕਾਂ ਦੀ ਸੁਰੱਖਿਆ ਲਈ ਇਸ ਪੱਧਰ ਤੱਕ ਖਤਰਾ ਬਣ ਰਹੀਆ ਹਨ ਕਿ ਹਰ ਵਰਗ ਨਸ਼ੇੜੀਆਂ ਦੀ ਲੁੱਟ ਖੋਹ ਦਾ ਸ਼ਿਕਾਰ ਬਣਦਾ ਜਾ ਰਿਹਾ ਹੈ। ਕੋਤਵਾਲੀ ਥਾਣਾ ਨੌਜਵਾਨ ਇੰਚਾਰਜ ਇੰਸ ਸਰਬਜੀਤ ਸਿੰਘ ਚੀਮਾ ਨੇ ਆਮ ਲੋਕਾਂ ਨੂੰ ਨਿਡਰ ਹੋ ਕੇ ਰਹਿਣ ਦਾ ਭਰੋਸਾ ਦਿੰਦਿਆਂ ਦੱਸਿਆ ਕਿ ਮਾਮਲੇ ਨਾਲ ਜੁੜੀ ਤੇਜ਼ੀ ਨਾਲ ਪੁਲਸ ਤਫ਼ਤੀਸ਼ ਬਾਅਦ ਮਾਮਲੇ ਦੇ ਕਥਿਤ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ, ਜਿਨ੍ਹਾਂ ਨੂੰ ਅਦਾਲਤ ਵਿੱਚ ਪੇਸ਼ ਕਰਨ ਬਾਅਦ ਪੁਲਸ ਰਿਮਾਂਡ ਹਾਸਲ ਕਰਕੇ ਅਗਲੇਰੀ ਪੁੱਛਗਿੱਛ ਕੀਤੀ ਜਾਵੇਗੀ।

# ਐੱਸ ਐੱਚ ਓ ਜਤਿੰਦਰ ਸਿੰਘ ਨੇ ਸੰਭਾਲਿਆ ਅਹੁਦਾ

**ਬਾਘਾ ਪੁਰਾਣਾ (ਮਨੀ ਸਿੰਗਲਾ)** ਐਸ.ਐਚ.ਓ ਜਤਿੰਦਰ ਸਿੰਘ ਵੱਲੋਂ ਥਾਣਾ ਮੁਖੀ ਵਜੋਂ ਅਹੁਦਾ ਸੰਭਾਲਿਆ ਗਿਆ ਅਤੇ ਥਾਣੇ ਦੇ ਸਮੂਹ ਸਟਾਫ਼ ਵੱਲੋਂ ਉਨ੍ਹਾਂ ਦਾ ਸ਼ਾਨਦਾਰ ਸਵਾਗਤ ਕੀਤਾ ਗਿਆ। ਜ਼ਿਕਰਯੋਗ ਹੈ ਕਿ ਐਸ.ਐਚ.ਓ ਜਤਿੰਦਰ ਸਿੰਘ ਇਸ ਤੋਂ ਪਹਿਲਾਂ ਵੀ ਕਾਫ਼ੀ ਸਮਾਂ ਬਾਘਾ ਪੁਰਾਣਾ ਵਿਖੇ ਥਾਣਾ ਮੁਖੀ ਵਜੋਂ ਆਪਣੀਆਂ ਸੇਵਾਵਾਂ ਨਿਭਾ ਚੁੱਕੇ ਹਨ ਅਤੇ ਇਨ੍ਹਾਂ ਵੱਲੋਂ ਇੰਚਾਰਜ ਲੱਗਣ 'ਤੇ ਬਾਘਾ ਪੁਰਾਣਾ ਸ਼ਹਿਰ ਅੰਦਰ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ, ਕਿਉਂਕਿ ਐਸ.ਐਚ.ਓ ਜਤਿੰਦਰ ਸਿੰਘ ਬਹੁਤ ਹੀ ਇਮਾਨਦਾਰ ਤੇ ਮਿਹਨਤੀ ਅਫਸਰ



ਹਨ, ਜਿਨ੍ਹਾਂ ਵੱਲੋਂ ਬਾਘਾਪੁਰਾਣਾ ਅੰਦਰ ਥਾਣਾ ਮੁਖੀਆਂ ਰਹਿੰਦਿਆਂ ਇਨ੍ਹਾਂ ਵੱਲੋਂ ਜਿੱਥੇ ਨਸ਼ਾ ਤਸਕਰਾਂ ਅਤੇ ਸਮੱਗਲਰਾਂ 'ਤੇ ਸ਼ਿਕੰਜਾ ਕੱਸਿਆ ਗਿਆ ਸੀ, ਉਥੇ ਹੀ ਬਾਘਾ ਪੁਰਾਣਾ ਅੰਦਰ ਸਮਾਜ ਵਿਰੋਧੀ ਅਨਸਰਾਂ ਨੂੰ ਵੀ ਨੱਥ ਪਾ ਕੇ ਰੱਖੀ ਸੀ। ਐਸ.ਐਚ.ਓ ਜਤਿੰਦਰ ਸਿੰਘ ਵੱਲੋਂ ਅਹੁਦਾ ਸੰਭਾਲਦਿਆਂ ਸ਼ਹਿਰ ਤੇ ਪਿੰਡਾਂ ਅੰਦਰ ਗਸ਼ਤ ਤੇਜ਼ ਕਰਦਿਆਂ ਸਮਾਜ ਵਿਰੋਧੀ ਅਨਸਰਾਂ ਨਾਲ ਸਖਤੀ ਨਾਲ ਨਜਿੱਠਣ ਦਾ ਫੈਸਲਾ ਕੀਤਾ ਹੈ, ਜਿਸ ਲਈ ਐੱਸ.ਐੱਚ.ਓ. ਜਤਿੰਦਰ ਸਿੰਘ ਨੇ ਸਮੂਹ ਹਲਕਾਂ ਨਿਵਾਸੀਆਂ ਤੋਂ ਪੂਰਨ ਸਹਿਯੋਗ ਦੀ ਮੰਗ ਕੀਤੀ ਹੈ।

# ਡਾਕਟਰ ਡੇਅ ਮੌਕੇ ਰੋਟਰੀ ਕਲੱਬ ਰਾਇਲ ਵੱਲੋਂ ਸਨਮਾਨ ਸਮਾਰੋਹ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)** ਸਮਾਜ ਸੇਵੀ ਸੰਸਥਾ ਰੋਟਰੀ ਕਲੱਬ ਪਾਤੜਾਂ ਰੋਇਲ ਵੱਲੋਂ ਡਾਕਟਰ ਡੇਅ ਤੇ ਸੀਏ ਡੇਅ ਕਮਿਊਨਿਟੀ ਹੈਲਥ ਸੈਂਟਰ ਵਿੱਚ ਮਨਾਇਆ ਗਿਆ, ਜਿਸ ਦੌਰਾਨ ਇਲਾਕੇ ਵਿੱਚ ਸਿਹਤ ਸੇਵਾਵਾਂ ਪ੍ਰਦਾਨ ਕਰ ਰਹੇ ਸਰਕਾਰੀ ਤੇ ਗੈਰ ਸਰਕਾਰੀ ਡਾਕਟਰਾਂ ਨੂੰ ਸਨਮਾਨਤ ਕੀਤਾ ਗਿਆ। ਸੰਸਥਾ ਵੱਲੋਂ ਸਨਮਾਨਤ ਕੀਤੇ ਜਾਣ ਵਾਲੇ ਡਾਕਟਰਾਂ ਵਿੱਚ ਸੀਨੀਅਰ ਮੈਡੀਕਲ ਅਫ਼ਸਰ ਡਾ. ਸਤੀਸ਼ ਕੁਮਾਰ, ਮੈਡੀਕਲ ਅਫਸਰ ਨਰਿੰਦਰਪਾਲ ਸਿੰਘ, ਨਵਦੀਪ ਗੋਇਲ, ਦਵਿੰਦਰ ਸਿੰਘ ਦੇ ਨਾਲ-ਨਾਲ ਡਾਕਟਰ ਅਸ਼ੋਕ ਦੇਵ, ਡਾਕਟਰ ਮੋਹਨ ਲਾਲ ਸਿੰਗਲਾ, ਡਾਕਟਰ ਅਮਨ ਸ਼ਰਮਾ, ਡਾਕਟਰ ਸ਼ਾਨਮ ਸਿੰਗਲਾ, ਡਾਕਟਰ ਸੋਮੀਆਂ ਸਿੰਗਲਾ ਤੇ ਸ਼ਹਿਰ ਦੇ ਅਲੱਗ-ਅਲੱਗ ਹਸਪਤਾਲਾਂ 'ਚ ਸੇਵਾ ਕਰ ਰਹੇ ਡਾਕਟਰਾਂ ਨੂੰ ਵੀ ਸਨਮਾਨਤ ਕੀਤਾ ਗਿਆ।ਕਲੱਬ ਦੇ ਪ੍ਰਧਾਨ ਹਰਮੇਸ਼ ਸਿੰਗਲਾ ਨੇ ਦੱਸਿਆ ਕਿ ਡਾਕਟਰਾਂ ਨੂੰ ਸਨਮਾਨਤ ਕਰਕੇ ਮਾਣ ਮਹਿਸੂਸ ਹੋ ਰਿਹਾ ਹੈ।

# ਸ਼੍ਰੋਮਣੀ ਅਕਾਲੀ ਦਲ ਧੱਕੇਸ਼ਾਹੀਆਂ ਸਾਹਮਣੇ ਕਦੇ ਗੋਡੇ ਨਹੀਂ ਟੇਕੇਗਾ : ਅਸ਼ੋਕ ਬਾਂਸਲ

**ਨਾਭਾ (ਵਰਿੰਦਰ ਵਰਮਾ)** ਸ਼੍ਰੋਮਣੀ ਅਕਾਲੀ ਦਲ ਦੇ ਸੂਬਾ ਵਾਇਸ ਪ੍ਰਧਾਨ ਤੇ ਉੱਘੇ ਉਦਯੋਗਪਤੀ ਅਸ਼ੋਕ ਬਾਂਸਲ ਨੇ ਆਖਿਆ ਕਿ ਪੰਜਾਬ ਸਰਕਾਰ ਦੇ ਇਸ਼ਾਰੇ 'ਤੇ ਵਿਜੀਲੈਂਸ ਵਿਭਾਗ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਤੇ ਸਾਬਕਾ ਕੈਬਨਿਟ ਮੰਤਰੀ ਪੰਜਾਬ ਬਿਕਰਮ ਸਿੰਘ ਮਜੀਠੀਆ ਦੇ ਨਿਊ ਅੰਮ੍ਰਿਤਸਰ ਵਿਖੇ ਸਥਿਤ ਰਿਹਾਇਸ਼ 'ਤੇ ਰੇਡ ਕੀਤੀ ਗਈ ਅਤੇ ਉਨ੍ਹਾਂ ਨੂੰ ਪਰਵਾਰ ਸਮੇਤ ਪ੍ਰੇਸ਼ਾਨ ਕੀਤਾ ਗਿਆ ਹੈ। ਵਿਜੀਲੈਂਸ ਵਿਭਾਗ ਵੱਲੋਂ ਅਕਾਲੀ ਦਲ ਦੇ ਸਰਪ੍ਰਸਤ ਬਿਕਰਮ ਸਿੰਘ ਮਜੀਠੀਆ ਨੂੰ ਗ੍ਰਿਫ਼ਤਾਰ ਕਰਨ 'ਤੇ ਆਪਣੀ ਸਖਤ ਪ੍ਰਤੀਕਿਰਿਆ ਦਿੰਦਿਆਂ ਹੋਇਆ ਅਸ਼ੋਕ ਬਾਂਸਲ ਨੇ ਆਖਿਆ ਕਿ ਪੰਜਾਬ ਸਰਕਾਰ ਅਕਾਲੀ ਦਲ ਦੇ ਆਗੂਆਂ ਤੇ ਵਰਕਰਾਂ ਨਾਲ ਧੱਕੇਸ਼ਾਹੀਆਂ ਕਰ ਰਹੀ ਹੈ, ਪਰ ਅਕਾਲੀ ਦਲ ਸੂਬਾ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਦੀਆਂ ਧੱਕੇਸ਼ਾਹੀਆ ਸਾਹਮਣੇ ਕਦੇ ਵੀ ਗੋਡੇ ਨਹੀਂ ਟੇਕੇਗਾ।ਉਨ੍ਹਾਂ ਆਖਿਆ ਕਿ ਕਾਂਗਰਸ ਪਾਰਟੀ ਦੀ ਸਰਕਾਰ ਨੇ ਵੀ ਬਿਕਰਮ ਮਜੀਠੀਆ ਨੂੰ ਵੱਖ-ਵੱਖ ਗੰਭੀਰ ਦੋਸ਼ਾਂ ਤਹਿਤ ਫਸਾਉਣ ਦੀ ਕੋਸ਼ਿਸ਼ ਕੀਤੀ ਸੀ ਤੇ ਉਹ ਜਾਂਚ ਦੌਰਾਨ ਨਿਰਦੋਸ਼ ਸਾਬਤ ਹੋਏ ਸਨ ਤੇ ਹੁਣ ਆਮ ਆਦਮੀ ਪਾਰਟੀ ਦੀ ਸਰਕਾਰ ਵੀ ਵਾਰ-ਵਾਰ ਪੁਰਾਣੇ ਕੇਸਾਂ 'ਚ ਫਸਾਉਣ ਲਈ ਤਰ੍ਹਾਂ-ਤਰ੍ਹਾਂ ਦੇ ਹਥਕੰਡੇ ਅਪਣਾ ਕੇ ਬਿਕਰਮ ਸਿੰਘ ਮਜੀਠੀਆ ਨੂੰ ਤੰਗ ਪ੍ਰੇਸ਼ਾਨ ਕਰ ਰਹੀ ਹੈ। ਅਸ਼ੋਕ ਬਾਂਸਲ ਨੇ ਕਿਹਾ ਕਿ ਮਜੀਠੀਆ ਪੰਜਾਬ ਦੇ ਲੋਕਾਂ ਦੇ ਹਰਮਨਪਿਆਰੇ ਨੇਤਾ ਹਨ ਤੇ ਉਨ੍ਹਾਂ ਨੇ ਹਮੇਸ਼ਾ ਪੰਜਾਬ ਦੇ ਹੱਕਾਂ ਅਧਿਕਾਰਾਂ ਦੀ ਗੱਲ ਕੀਤੀ ਹੈ ਤੇ ਰਾਜ ਪੱਧਰੀ ਵੱਖ-ਵੱਖ ਪੰਜਾਬ ਦੇ ਮੁੱਦਿਆਂ ਨੂੰ ਗੰਭੀਰਤਾ ਨਾਲ ਉਛਾਲਿਆ ਹੈ।ਉਨ੍ਹਾਂ ਆਖਿਆ ਕਿ ਹੱਕ ਸੱਚ ਦੀ ਆਵਾਜ਼ ਬੁਲੰਦ ਕਰਨ ਵਾਲੇ ਬਿਕਰਮ ਸਿੰਘ ਮਜੀਠੀਆ ਨੂੰ ਤੰਗ-ਪ੍ਰੇਸ਼ਾਨ ਕਰਨ ਨਾਲ ਪੰਜਾਬੀਆਂ ਅਤੇ ਖਾਸ ਕਰਕੇ ਅਕਾਲੀ ਦਲ ਦੇ ਵਰਕਰਾਂ ਦੇ ਮਨਾਂ ਨੂੰ ਭਾਰੀ ਠੇਸ ਪਹੁੰਚੀ ਹੈ।

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134
Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਵਿਦੇਸ਼ ਤੋਂ ਪਰਤੇ ਨੌਜਵਾਨ ਦੀ ਸੜਕ ਹਾਦਸੇ 'ਚ ਮੌਤ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਗੁਰਦਾਸਪੁਰ ਤੋਂ ਸ਼੍ਰੀ ਹਰਗੋਬਿੰਦਪੁਰ ਮੁੱਖ ਮਾਰਗ ਉਪਰ ਪੈਂਦੇ ਅੱਡਾ ਸਿੱਧਵਾਂ ਦੇ ਕੋਲ ਵਾਪਰੇ



ਸੜਕ ਹਾਦਸੇ ਦੌਰਾਨ ਇਕ ਨੌਜਵਾਨ ਦੀ ਮੌਤ ਹੋ ਗਈ।ਪੁਲਸ ਥਾਣਾ ਤਿੱਬੜ ਦੇ ਅਧੀਨ ਪੈਂਦੇ ਪਿੰਡ ਮਾੜੇ ਦਾ ਨੌਜਵਾਨ ਅਮਨਿੰਦਰ ਸਿੰਘ (31) ਇੱਕ ਮਹੀਨਾ ਪਹਿਲਾਂ ਹੀ ਵਿਦੇਸ਼ ਤੋਂ ਆਪਣੇ ਪਿੰਡ ਪਰਤਿਆ ਸੀ।ਇੱਕ ਹਫਤੇ ਬਾਅਦ ਵਾਪਸ ਵਿਦੇਸ਼ ਪਰਤ ਜਾਣਾ ਸੀ।ਮ੍ਰਿਤਕ ਅਮਰਿੰਦਰ ਸਿੰਘ ਦੇ ਕਜ਼ਨ ਦਲਜਿੰਦਰ ਸਿੰਘ ਨੇ ਦੱਸਿਆ ਕਿ ਅਮਨਿੰਦਰ ਵਿਆਹਿਆ ਹੋਇਆ ਸੀ।ਉਸਦੇ ਘਰ ਹਾਲੇ ਕੋਈ ਔਲਾਦ ਨਹੀਂ ਸੀ।ਸੋਮਵਾਰ ਦੀ ਦੇਰ ਸ਼ਾਮ ਅਮਨਿੰਦਰ ਸਿੰਘ ਤਿੱਬੜ ਤੋਂ ਆਪਣੇ ਘਰ ਪਿੰਡ ਮਾੜੇ ਪਰਤ ਰਿਹਾ ਸੀ।ਜਦੋਂ ਉਹ ਅੱਡਾ ਸਿੱਧਵਾਂ ਦੇ ਕੋਲ ਸਤਿਸੰਗ ਘਰ ਦੇ ਕੋਲ ਪੁੱਜਾ ਤਾਂ ਸਾਹਮਣੇ ਤੋਂ ਆ ਰਹੀ ਬੱਸ ਜੋ ਡੇਰਾ ਬਿਆਸ ਤੋਂ ਜੰਮੂ ਕਸ਼ਮੀਰ ਜਾ ਰਹੀ ਸੀ, ਨੇ ਸਕੂਟਰੀ ਤੇ ਸਵਾਰ ਇਸ ਨੌਜਵਾਨ ਨੂੰ ਆਪਣੀ ਲਪੇਟ ਵਿੱਚ ਲੈ ਲਿਆ।ਨੌਜਵਾਨ ਦੀ ਮੌਕੇ 'ਤੇ ਹੀ ਮੌਤ ਹੋ ਗਈ।ਬੱਸ ਚਾਲਕ ਹਾਦਸੇ ਨੂੰ ਅੰਜਾਮ ਦੇਣ ਤੋਂ ਬਾਅਦ ਮੌਕੇ ਤੋਂ ਫਰਾਰ ਹੋ ਗਿਆ।ਪੁਲਸ ਵੱਲੋਂ ਦੋਨਾਂ ਵਾਹਨਾਂ ਨੂੰ ਆਪਣੇ ਕਬਜ਼ੇ ਵਿੱਚ ਲੈ ਕੇ ਅਗਲੀ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਸ਼ਹਿਰੀ ਤੇ ਪੇਂਡੂ ਖੇਤਰ 'ਚ ਵਿਕਾਸ ਕਾਰਜਾਂ ਦੀ ਰਫ਼ਤਾਰ ਹੋਰ ਤੇਜ਼ ਕੀਤੀ ਜਾਵੇਗੀ : ਸ਼ੈਰੀ ਕਲਸੀ

**ਬਟਾਲਾ, ਜੁਲਾਈ (ਡਾ. ਮਲਵਿੰਦਰ ਸਿੰਘ)**

ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਦੀ ਅਗਵਾਈ ਹੇਠ ਹਰ ਵਰਗ ਦੇ ਹਿੱਤ ਵਿੱਚ ਲੋਕ ਭਲਾਈ ਨੀਤੀਆਂ ਲਾਗੂ ਗਈਆਂ ਹਨ ਅਤੇ ਲੋਕਾਂ ਨਾਲ ਕੀਤੀਆਂ ਗਰੰਟੀਆਂ ਪੂਰੀਆਂ ਕੀਤੀਆਂ ਗਈਆਂ ਹਨ। ਇਹ ਪ੍ਰਗਟਾਵਾ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਬਟਾਲਾ ਦੇ ਨੌਜਵਾਨ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਲੋਕ ਮਿਲਣੀ ਦੌਰਾਨ ਲੋਕਾਂ ਦੀਆਂ ਮੁਸ਼ਕਿਲਾਂ ਸੁਣਨ ਉਪਰੰਤ ਕੀਤਾ। ਉਨਾਂ ਕਿਹਾ ਕਿ ਵਿਧਾਨ ਸਭਾ ਹਲਕਾ ਬਟਾਲਾ ਦਾ ਸਰਬਪੱਖੀ ਵਿਕਾਸ ਉਨ੍ਹਾਂ ਦੀ ਪਹਿਲੀ ਤਰਜੀਹ ਹੈ ਅਤੇ ਲਗਾਤਾਰ ਹਲਕੇ ਦੇ ਵਿਕਾਸ ਕੰਮਾਂ ਲਈ ਉਹ ਯਤਨਸ਼ੀਲ ਹਨ। ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਬਟਾਲਾ ਹਲਕੇ ਦੇ ਲੋਕਾਂ ਨੇ ਜੋ ਜ਼ਿੰਮੇਵਾਰੀ ਉਨ੍ਹਾਂ ਨੂੰ ਸੌਂਪੀ ਹੈ, ਉਹ ਦਿਨ-ਰਾਤ ਲੋਕਾਂ ਦੀ ਸੇਵਾ ਵਿੱਚ ਹਾਜ਼ਰ ਹਨ ਅਤੇ ਲੋਕਾਂ ਦੀਆਂ ਲੰਬੇ ਸਮੇਂ ਤੋਂ ਲਟਕਦੀਆਂ ਮੰਗਾਂ ਨੂੰ ਪੂਰਾ ਕੀਤਾ ਜਾ ਰਿਹਾ ਹੈ ਅਤੇ ਲੋਕਾਂ ਨੂੰ ਮਿਲ ਕੇ ਉਨ੍ਹਾਂ ਦੀਆਂ ਦੁੱਖ-ਤਕਲੀਫਾਂ ਦੂਰ ਕੀਤੀਆਂ ਜਾ ਰਹੀਆਂ ਹਨ। ਬਟਾਲਾ ਸ਼ਹਿਰ ਦੇ ਵਿਕਾਸ ਕਾਰਜਾਂ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਲੋਕਾਂ ਦੀ ਆਵਾਜਾਈ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਸ਼ਹਿਰ ਵਿਚਲੀਆਂ



ਸੜਕਾਂ ਅਤੇ ਚੌਕਾਂ ਨੂੰ ਚੌੜਾ ਕੀਤਾ ਗਿਆ ਹੈ। ਇੱਕ ਛੱਤ ਹੇਠਾਂ ਵੱਖ-ਵੱਖ ਸਹੂਲਤਾਂ ਦੇਣ ਦੇ ਮਕਸਦ ਨਾਲ ਨਵੇਂ ਤਹਿਸੀਲ ਕੰਪਲੈਕਸ ਦੀ ਉਸਾਰੀ ਕਰਵਾਈ ਗਈ ਹੈ, ਜਿਸ ਦਾ ਜਲਦ ਉਦਘਾਟਨ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਸ਼ਹਿਰ ਵਿੱਚ ਲਾਇਬ੍ਰੇਰੀ ਦੀ ਇਮਾਰਤ ਜਿਸਦੀ ਹਾਲਤ ਬਹੁਤ ਖਸਤਾ ਸੀ, ਉਸ ਦੀ ਨਵੀਂ ਇਮਾਰਤ ਉਸਾਰੀ ਗਈ ਹੈ। ਸੁੱਖਾ ਸਿੰਘ-ਮਹਿਤਾਬ ਸਿੰਘ ਚੌਕ ਵਿੱਖੇ ਸ਼ਾਨਦਾਰ ਕਲਾਕ ਟਾਵਰ ਲਗਾਉਣ ਲਈ ਉਸਾਰੀ ਦਾ ਕੰਮ ਚੱਲ ਰਿਹਾ ਹੈ। ਸ਼ਹਿਰ ਦੀਆਂ ਵੱਖ-ਵੱਖ ਵਾਰਡਾਂ ਵਿੱਚ ਗਲੀਆਂ ਦੇ ਨਿਰਮਾਣ ਕਾਰਜ ਚੱਲ ਰਹੇ ਹਨ ਅਤੇ ਜਿਨ੍ਹਾਂ ਵਾਰਡਾਂ ਵਿੱਚ ਗਲੀਆਂ ਬਣਾਉਣ ਦਾ ਕੰਮ ਰਹਿ ਗਿਆ ਹੈ, ਉਥੇ ਵੀ ਜਲਦ ਕੰਮ ਸ਼ੁਰੂ ਕਰਵਾਇਆ ਜਾਵੇਗਾ।

# ਡੀ ਸੀ ਨੇ ਡੀ ਐੱਮ ਐੱਫ ਵੱਲੋਂ ਕਰਵਾਏ ਜਾ ਰਹੇ ਵਿਕਾਸ ਪ੍ਰੋਜੈਕਟਾਂ ਦੀ ਪ੍ਰਗਤੀ ਦਾ ਲਿਆ ਜਾਇਜ਼ਾ

**ਗੁਰਦਾਸਪੁਰ, (ਜਨਕ ਮਹਾਜਨ)**

ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਵੱਲੋਂ ਆਪਣੇ ਦਫ਼ਤਰ ਸਥਾਨਕ ਵਿਖੇ ਜ਼ਿਲ੍ਹਾ ਮਿਨਰਲ ਫਾਊਂਡੇਸ਼ਨ (ਡੀਐੱਮਐੱਫ਼) ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਜ਼ਿਲ੍ਹੇ ਵਿੱਚ ਡੀਐੱਮਐੱਫ਼. ਵੱਲੋਂ ਕਰਵਾਏ ਜਾ ਰਹੇ ਵੱਖ-ਵੱਖ ਵਿਕਾਸ ਪ੍ਰੋਜੈਕਟਾਂ ਦੀ ਪ੍ਰਗਤੀ ਦਾ ਜਾਇਜ਼ਾ ਲਿਆ ਗਿਆ। ਮੀਟਿੰਗ ਦੌਰਾਨ ਜਸਪਿੰਦਰ ਸਿੰਘ ਭੁੱਲਰ, ਐੱਸਡੀਐੱਮ. ਗੁਰਦਾਸਪੁਰ ਮਨਜੀਤ ਸਿੰਘ ਰਾਜਲਾ, ਸਹਾਇਕ ਕਮਿਸ਼ਨਰ (ਜ) ਆਦਿੱਤਯ ਗੁਪਤਾ, ਐਕਸੀਅਨ ਮਾਈਨਿੰਗ ਦਿਲਪ੍ਰੀਤ ਸਿੰਘ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ। ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਮਾਈਨਿੰਗ ਵਿਭਾਗ ਵੱਲੋਂ ਜਿਨ੍ਹਾਂ ਵਿਭਾਗਾਂ ਨੂੰ ਵੱਖ-ਵੱਖ ਵਿਕਾਸ ਪ੍ਰਾਜੈਕਟਾਂ ਲਈ ਫ਼ੰਡ ਜਾਰੀ ਕੀਤੇ ਗਏ ਸਨ, ਉਨ੍ਹਾਂ ਵਿਚੋਂ ਜੋ ਪ੍ਰੋਜੈਕਟ ਮੁਕੰਮਲ ਹੋ ਗਏ ਹਨ ਉਨ੍ਹਾਂ ਦੇ ਵਰਤੋਂ ਸਰਟੀਫਿਕੇਟ ਤੁਰੰਤ ਜਮ੍ਹਾ ਕਰਵਾਏ ਜਾਣ। ਇਸ ਦੌਰਾਨ ਉਨ੍ਹਾਂ ਨੇ ਜ਼ਿਲ੍ਹੇ ਵਿੱਚ ਡੀਐੱਮਐੱਫ਼ ਸਕੀਮ ਤਹਿਤ



ਜ਼ਿਲ੍ਹਾ ਖੇਡ ਕੰਪਲੈਕਸ ਗੁਰਦਾਸਪੁਰ ਵਿਖੇ ਬਾਸਕਟਬਾਲ, ਟੈਨਿਸ, ਲਾਅਨ ਟੈਨਿਸ ਗਰਾਊਂਡਾਂ ਤਿਆਰ ਕਰਨ ਦੇ ਪ੍ਰੋਜੈਕਟਾਂ ਦਾ ਰੀਵਿਊ ਵੀ ਕੀਤਾ। ਇਸ ਮੌਕੇ ਉਨ੍ਹਾਂ ਕਿਹਾ ਕਿ ਜ਼ਿਲ੍ਹਾ ਲਾਇਬ੍ਰੇਰੀ ਗੁਰਦਾਸਪੁਰ ਦੇ ਰੈਨੋਵੇਸ਼ਨ ਪ੍ਰੋਜੈਕਟ ਨੂੰ ਜੁਲਾਈ ਮਹੀਨੇ ਦੇ ਅਖੀਰ ਤੱਕ ਮੁਕੰਮਲ ਕੀਤਾ ਜਾਵੇ ਤਾਂ ਜੋ ਆਧੁਨਿਕ ਲਾਇਬ੍ਰੇਰੀ ਦੀ ਸਹੂਲਤ ਜ਼ਿਲ੍ਹਾ ਵਾਸੀਆਂ ਨੂੰ ਦਿੱਤੀ ਜਾ ਸਕੇ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਡੀਐੱਮਐੱਫ਼ ਤਹਿਤ ਚੱਲ ਰਹੇ ਹੋਰ ਪ੍ਰੋਜੈਕਟਾਂ ਨੂੰ ਵੀ ਜਲਦ ਮੁਕੰਮਲ ਕੀਤਾ ਜਾਵੇ ਤਾਂ ਜੋ ਇਨ੍ਹਾਂ ਪ੍ਰੋਜੈਕਟਾਂ ਦਾ ਲਾਭ ਲੋਕਾਂ ਨੂੰ ਪਹੁੰਚ ਸਕੇ। ਮੀਟਿੰਗ ਦੌਰਾਨ ਜ਼ਿਲ੍ਹਾ ਮਿਨਰਲ ਫਾਊਂਡੇਸ਼ਨ (ਡੀਐੱਮਐੱਫ਼.) ਦੇ ਹੋਰ ਪ੍ਰੋਜੈਕਟਾਂ ਬਾਰੇ ਵੀ ਵਿਚਾਰ ਵਟਾਂਦਰਾ ਕੀਤਾ ਗਿਆ।

# ਅੰਨਪੂਰਨਾ ਦਿਵਸ ਮੌਕੇ ਲੋੜਵੰਦ ਮਹਿਲਾਵਾਂ ਨੂੰ ਖਾਣ-ਪੀਣ ਦੀ ਸਮੱਗਰੀ ਵੰਡੀ

**ਅੰਮ੍ਰਿਤਸਰ (ਅਰੋੜਾ)**

ਭਾਰਤ ਦੀ ਹਰੇਕ ਰੋਟਰੀ ਕਲੱਬ ਵੱਲੋਂ ਅੰਨਪੂਰਨਾ ਦਿਵਸ ਦੇ ਮੌਕੇ ਲੋੜਵੰਦ ਪਰਿਵਾਰਾਂ ਅਤੇ ਮਹਿਲਾਵਾਂ ਨੂੰ ਖਾਣ-ਪੀਣ ਦੀ ਸਮੱਗਰੀ ਜਿਸ ਵਿੱਚ ਘਰ ਦਾ ਰਾਸ਼ਨ, ਫਲ ਫਰੂਟ ਅਤੇ ਕੱਪੜੇ ਆਦਿ ਵੰਡਣ ਦੀ ਵੀ ਪ੍ਰਥਾ ਲੰਬੇ ਸਮੇਂ ਤੋਂ ਚਲਦੀ ਆ ਰਹੀ ਹੈ।ਇਸੇ ਪ੍ਰਥਾ ਦੇ ਚੱਲਦੇ ਰੋਟਰੀ



ਕਲੱਬ ਨਾਰਥ ਵੱਲੋਂ ਬੜੇ ਹੀ ਉਤਸ਼ਾਹ ਅਤੇ ਸੇਵਾ ਭਾਵਨਾ ਦੇ ਨਾਲ ਕਲੱਬ ਦੇ ਪ੍ਰਧਾਨ ਵਰੁਣ ਕੱਕੜ, ਸਕੱਤਰ ਇੰਜੀ. ਪਰਮੀਤ ਸਿੰਘ ਖੇੜਾ, ਕਲੱਬ ਦੇ ਪੈਟਰਨ ਡਾ. ਕੁਲਦੀਪ ਸਿੰਘ ਅਰੋੜਾ, ਜ਼ੋਨਲ ਚੇਅਰਮੈਨ ਵਿਜੇ ਭਸੀਨ, ਸਾਬਕਾ ਸਹਾਇਕ ਗਵਰਨਰ ਰਸਜੀਤ ਸਿੰਘ ਖੇੜਾ, ਆਰ. ਐੱਸ. ਚੱਠਾ, ਮੀਤ ਪ੍ਰਧਾਨ ਅਸ਼ੋਕ ਗ੍ਰੋਵਰ ਦੀ ਦੇਖ-ਰੇਖ ਵਿੱਚ ਅੰਨਪੂਰਨਾ ਦਿਵਸ ਮਨਾਇਆ ਗਿਆ।ਇਸ ਸੰਬੰਧ ਵਿੱਚ ਇੱਕ ਸਾਦਾ ਸਮਾਗਮ ਦਾ ਆਯੋਜਨ ਵੀ ਕੀਤਾ ਗਿਆ।ਅੰਨਪੂਰਨਾ ਦਿਵਸ ਦੇ ਚੱਲਦੇ ਗੁਰੂ ਕੀ ਨਗਰੀ ਦੀਆਂ 50 ਮਹਿਲਾਵਾਂ ਅਤੇ ਲੋੜਵੰਦ ਮਹਿਲਾਵਾਂ ਨੂੰ ਖਾਣ-ਪੀਣ ਦੀ ਸਮੱਗਰੀ ਵੰਡੀ ਗਈ। ਕਲੱਬ ਦੇ ਸਾਬਕਾ ਪ੍ਰਧਾਨ ਰਮੇਸ਼ ਕੱਕੜ, ਮੇਜਰ ਡੋਨਰ ਡਾ. ਜੀ. ਐੱਸ. ਮਦਾਨ ਅਤੇ ਸਾਬਕਾ ਸਹਾਇਕ ਗਵਰਨਰ ਡਾ. ਮਨਜੀਤਪਾਲ ਕੌਰ ਨੇ ਇਸ ਪ੍ਰਥਾ ਨੂੰ ਬਾਖੂਬੀ ਨਿਭਾਉਣ ਤੇ ਪ੍ਰਧਾਨ ਵਰੁਣ ਕੱਕੜ, ਸਕੱਤਰ ਪਰਮੀਤ ਸਿੰਘ ਦੀ ਭਰਪੂਰ ਸ਼ਲਾਘਾ ਕੀਤੀ।ਇਸ ਮੌਕੇ ਸਮਾਜ ਸੇਵਿਕਾ ਰੋਟੇਰੀਅਨ ਮਨਿੰਦਰਪਾਲ ਕੌਰ, ਸਹਾਇਕ ਗਵਰਨਰ ਅਮਨਦੀਪ ਸਿੰਘ, ਅਨੀਤਾ ਭਸੀਨ, ਸਾਬਕਾ ਪ੍ਰਧਾਨ ਯਸ਼ਪਾਲ ਅਰੋੜਾ, ਨੇਹਾ ਕੱਕੜ, ਸ਼ਸ਼ੀ ਕੱਕੜ ਸਹਿਤ ਰੋਟਰੀ ਦੇ ਸਮੂਹ ਮੈਂਬਰ ਮੌਜੂਦ ਸਨ।

# ਸਰਦਾਰ ਪੱਗੜੀ ਹਾਊਸ ਨੇ ਬੱਚਿਆਂ ਤੇ ਨੌਜਵਾਨਾਂ ਨੂੰ ਮੁਫਤ ਸਜਾਈਆਂ ਦਸਤਾਰਾਂ



**ਝਬਾਲ (ਹਰਜਿੰਦਰ ਸਿੰਘ ਸੋਨੀ)**-ਸਿੱਖੀ ਨੂੰ ਪ੍ਰਫੁੱਲਿਤ ਕਰਨ ਨਾਲ ਲੰਮੇਂ ਸਮੇਂ ਤੋਂ ਬੱਚਿਆਂ ਤੇ ਨੌਜਾਵਾਨਾਂ ਨੂੰ ਸਿੱਖੀ ਨਾਲ ਜੋੜਨ ਲਈ ਮਹਾਨ ਉਪਰਾਲਾ ਕਰ ਰਹੇ ਸਰਦਾਰ ਪਗੜੀ ਸੈਂਟਰ ਝਬਾਲ ਦੇ ਭਾਈ ਪ੍ਰਮਜੀਤ ਸਿੰਘ ਲਾਡੀ ਝਬਾਲ, ਭਾਈ ਗੁਰਜੀਤ ਸਿੰਘ ਲੱਕੀ ਝਬਾਲ ਦੋਵਾਂ ਭਰਾਵਾ ਵੱਲੋਂ ਧੰਨ-ਧੰਨ ਬਾਬਾ ਸਿਧਾਣਾ ਸਾਹਿਬ ਜੀ ਦੇ ਸਾਲਾਨਾ ਜੋੜ ਮੇਲੇ ਮੌਕੇ ਬੱਚਿਆਂ ਤੇ ਨੌਜਾਵਾਨਾ ਨੂੰ ਮੁਫ਼ਤ ਦੁਮਾਲੇ ਤੇ ਦਸਤਾਰਾਂ ਸਜਾਈਆਂ ਗਈਆਂ।ਇਸ ਮੌਕੇ ਭਾਈ ਪ੍ਰਮਜੀਤ ਸਿੰਘ ਨੇ ਦੱਸਿਆ ਕਿ ਮੇਲਾ ਕਮੇਟੀ ਦੇ ਪ੍ਰਧਾਨ ਭਾਈ ਬਲਜੀਤ ਸਿੰਘ ਬੱਲੂ, ਸਮੂਹ ਪ੍ਰਬੰਧਕ ਮੇਲਾ ਕਮੇਟੀ ਮੈਂਬਰ ਸਾਹਿਬਾਨ, ਭਾਈ ਰਣਧੀਰ ਸਿੰਘ ਝਬਾਲ ਅਤੇ ਭਾਈ ਹਰਜੀਤ ਸਿੰਘ ਝਬਾਲ ਦੇ ਵਿਸ਼ੇਸ਼ ਉਪਰਾਲੇ ਸਦਕਾ ਬੱਚਿਆਂ ਅਤੇ ਨੌਜਵਾਨਾਂ ਨੂੰ ਦਸਤਾਰਾਂ ਸਜਾ ਕੇ ਮੁਫ਼ਤ ਦਸਤਾਰਾਂ ਭੇਟ ਵੀ ਕੀਤੀਆਂ ਗਈਆਂ।ਇਸ ਮੌਕੇ ਭਾਈ ਬਲਜੀਤ ਸਿੰਘ ਬੱਲੂ ਪ੍ਰਧਾਨ, ਭਾਈ ਹਰਦੇਵ ਸਿੰਘ ਸਮੇਤ ਹੋਰ ਸਿੰਘ ਤੇ ਸੰਗਤਾਂ ਹਾਜ਼ਰ ਸਨ।

# ਖਾਲੀ ਪਲਾਟਾਂ 'ਚ ਗੰਦਗੀ ਇਕੱਠੀ ਹੋਣ 'ਤੇ ਮਾਲਕ ਨੂੰ ਹੋਵੇਗਾ ਜੁਰਮਾਨਾ : ਜ਼ਿਲ੍ਹਾ ਮੈਜਿਸਟਰੇਟ

**ਤਰਨ ਤਾਰਨ (ਪ੍ਰਿਤਪਾਲ ਸਿੰਘ)**-ਜ਼ਿਲ੍ਹਾ ਮੈਜਿਸਟਰੇਟ-ਕਮ-ਡਿਪਟੀ ਕਮਿਸ਼ਨਰ ਤਰਨ ਤਾਰਨ ਸ਼੍ਰੀ ਰਾਹੁਲ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ਦੀ ਧਾਰਾ 163 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹਾ ਤਰਨ ਤਾਰਨ ਦੀ ਹਦੂਦ ਅੰਦਰ ਨਿੱਜੀ ਕਬਜ਼ੇ/ਮਾਲਕੀ ਵਾਲੇ ਖਾਲੀ ਪਏ ਪਲਾਟਾਂ 'ਚ ਕੂੜੇ ਕਰਕਟ, ਗੰਦਗੀ ਅਤੇ ਗੰਦੇ ਪਾਣੀ ਦੇ ਇਕੱਠੇ ਹੋਣ ਕਾਰਨ ਹੋਣ ਵਾਲੀਆਂ ਬਿਮਾਰੀਆਂ ਦੇ ਬਚਾਅ ਲਈ ਅਗਾਊ ਢੁੱਕਵੇਂ ਪ੍ਰਬੰਧ



ਯਕੀਨੀ ਬਣਾਉਣ ਲਈ ਵਿਸ਼ੇਸ਼ ਹੁਕਮ ਜਾਰੀ ਕੀਤੇ ਹਨ।ਜਾਰੀ ਹੁਕਮਾਂ ਅਨੁਸਾਰ ਸ਼ਹਿਰ ਵਿੱਚ ਖਾਲੀ ਪਏ ਪਲਾਟਾਂ ਦੇ ਮਾਲਕ/ਕਾਬਜ਼ ਆਪਣੇ ਖਾਲੀ ਪਲਾਟਾਂ ਵਿਚ ਲੱਗੇ ਕੂੜੇ ਕਰਕਟ ਦੇ ਢੇਰ, ਗੰਦਗੀ ਅਤੇ ਮੀਂਹ ਦੇ ਰੁਕੇ ਹੋਏ ਗੰਦੇ ਪਾਣੀ ਦੀ ਤੁਰੰਤ ਸਾਫ਼-ਸਫ਼ਾਈ ਆਪਣੇ ਪੱਧਰ 'ਤੇ ਕਰਵਾਉਣੀ ਯਕੀਨੀ ਬਣਾਉਣਗੇ।ਹੁਕਮਾਂ ਵਿੱਚ ਉਨ੍ਹਾਂ ਕਿਹਾ ਕਿ ਆਪਣੀ ਮਾਲਕੀ/ਕਬਜ਼ੇ ਵਾਲੇ ਖਾਲੀ ਪਲਾਟ ਦੇ ਆਲੇ ਦੁਆਲੇ ਪੱਕੀ ਚਾਰਦੀਵਾਰੀ ਜਾਂ ਫੈਂਸਿੰਗ ਕਰਵਾਉਣੀ ਯਕੀਨੀ ਬਣਾਈ ਜਾਵੇ ਜਾਂ ਪਲਾਟ ਵਿਚ ਕੂੜਾ ਕਰਕਟ ਇਕੱਠਾ ਹੋਣ ਤੋਂ ਰੋਕਿਆ ਜਾਵੇ।

# ਪ੍ਰੈੱਸ ਕਲੱਬ ਨੇ ਗਰੀਨ ਐਜੂਕੇਸ਼ਨ ਦੇ ਸਹਿਯੋਗ ਨਾਲ ਫਿਸ਼ ਪਾਰਕ 'ਚ ਬੂਟੇ ਲਗਾਏ

**ਗੁਰਦਾਸਪੁਰ, (ਦਿਨੇਸ਼ ਕੁਮਾਰ)**

ਪ੍ਰੈੱਸ ਕਲੱਬ, ਗੁਰਦਾਸਪੁਰ (ਰਜਿ) ਵੱਲੋਂ ਸਥਾਨਕ ਫਿਸ਼ ਪਾਰਕ ਵਿੱਚ ਵਾਤਾਵਰਨ ਦੀ ਸੰਭਾਲ ਅਤੇ ਹਰਿਆਲੀ ਨੂੰ ਉਤਸ਼ਾਹਿਤ ਕਰਨ ਦੇ ਮਕਸਦ ਨਾਲ ਗਰੀਨ ਐਜੂਕੇਸ਼ਨ ਐੱਨਜੀਓ ਦੇ ਸਹਿਯੋਗ ਨਾਲ ਪੌਦੇ ਲਗਾਉਣ ਦੀ ਮੁਹਿੰਮ ਸ਼ੁਰੂ ਕੀਤੀ।ਪ੍ਰੈੱਸ ਕਲੱਬ ਦੇ ਬੁਲਾਰਿਆਂ ਨੇ ਕਿਹਾ ਕਿ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਸਾਫ਼-ਸੁਥਰਾ ਅਤੇ ਹਰਿਆ-ਭਰਿਆ ਵਾਤਾਵਰਣ ਬਣਾਉਣਾ ਜ਼ਰੂਰੀ ਹੈ।ਇਹ ਮੁਹਿੰਮ ਸਮਾਜ ਨੂੰ ਵਧਦੀ ਪ੍ਰਦੂਸ਼ਣ ਅਤੇ ਜੰਗਲਾਂ ਦੀ ਕਟਾਈ ਦੀ ਸਮੱਸਿਆ ਪ੍ਰਤੀ ਜਾਗਰੂਕ ਕਰਨ ਦਾ ਇੱਕ ਕਦਮ ਹੈ। ਗਰੀਨ ਐਜੂਕੇਸ਼ਨ ਦੇ ਪ੍ਰਧਾਨ ਜਨਕ ਰਾਜ ਸ਼ਰਮਾ ਨੇ ਕਿਹਾ ਕਿ ਪ੍ਰੈੱਸ ਕਲੱਬ ਦਾ ਉਪਰਾਲਾ ਸ਼ਲਾਘਾਯੋਗ ਹੈ ਅਤੇ ਉਨ੍ਹਾਂ ਦਾ ਸੰਗਠਨ ਵਾਤਾਵਰਨ ਬਚਾਉਣ ਦੇ ਹਰ ਯਤਨ ਵਿੱਚ ਵਧ-ਚੜ੍ਹ ਕੇ ਸਹਿਯੋਗ ਦੇਵੇਗਾ।ਇਸ ਮੌਕੇ ਪੌਦਿਆਂ ਦੀ ਦੇਖਭਾਲ ਅਤੇ ਸੰਭਾਲ ਲਈ ਸਥਾਨਕ ਲੋਕਾਂ ਨੂੰ ਜ਼ਿੰਮੇਵਾਰੀ ਸੌਂਪੀ ਗਈ ।ਇਸ ਮੌਕੇ ਪ੍ਰੈੱਸ ਕਲੱਬ ਦੇ ਪ੍ਰਧਾਨ ਕੇ. ਪੀ. ਸਿੰਘ, ਜਨਰਲ ਸਕੱਤਰ ਸੰਜੀਵ ਸਰਪਾਲ, ਅਸ਼ਵਨੀ ਸ਼ਰਮਾ,



ਰਣਬੀਰ ਆਕਾਸ਼, ਹਰਮਨਪ੍ਰੀਤ ਸਿੰਘ, ਸੁਨੀਲ ਥਾਣੇਵਾਲੀਆ, ਹਰਦੀਪ ਸਿੰਘ ਠਾਕੁਰ, ਗਗਨ ਬਾਵਾ, ਮੰਨਨ ਸੈਣੀ, ਅਸ਼ੋਕ ਥਾਪਾ, ਦਿਨੇਸ਼ ਕੁਮਾਰ ਤੋਂ ਇਲਾਵਾ ਗਰੀਨ ਐੱਨਜੀਓ ਦੇ ਪ੍ਰਧਾਨ ਜਨਕ ਰਾਜ ਸ਼ਰਮਾ, ਦਿਨੇਸ਼, ਰਮੇਸ਼ ਸ਼ਰਮਾ, ਵਿਜੇ ਮਹਾਜਨ ਵੀ ਮੌਜੂਦ ਸਨ।

# ਕਬੀਰ ਜੈਯੰਤੀ ਨੂੰ ਸਮਰਪਿਤ ਸਮਾਗਮ 'ਚ 'ਆਪ' ਆਗੂਆਂ ਦੀ ਸ਼ਮੂਲੀਅਤ



**ਫ਼ਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)**-ਵਾਰਡ ਨੰਬਰ 6 ਭਗਤ ਕਬੀਰ ਧਰਮਸ਼ਾਲਾ ਵਿਖੇ ਕਬੀਰ ਜੈਯੰਤੀ ਨੂੰ ਸਮਰਪਿਤ ਸਾਲਾਨਾ ਸਮਾਗਮ ਸ਼ਰਧਾ ਨਾਲ ਕਰਵਾਇਆ ਗਿਆ।ਇਸ ਮੌਕੇ ਭਾਈ ਇੰਦਰਜੀਤ ਸਿੰਘ ਦੇ ਰਾਗੀ ਜਥੇ ਵੱਲੋਂ ਗੁਰਬਾਣੀ ਦਾ ਕੀਰਤਨ ਕੀਤਾ ਗਿਆ।ਸਮਾਗਮ ਦੌਰਾਨ ਆਸ-ਪਾਸ ਦੀਆਂ ਸੰਗਤਾਂ ਤੋਂ ਇਲਾਵਾ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਨਵੀਸ਼ ਨੰਦਾ ਛੱਬੀ ਸਮੇਤ ਸਥਾਨਿਕ ਆਗੂਆਂ ਨੇ ਸ਼ਿਰਕਤ ਕੀਤੀ, ਜਿਨ੍ਹਾਂ ਨੂੰ ਅਹੁਦੇਦਾਰਾਂ ਵੱਲੋਂ ਸਿਰੋਪਾਓ ਪਾ ਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਸ਼ਹਿਰੀ ਪ੍ਰਧਾਨ ਤੇਜਵਿੰਦਰ ਸਿੰਘ, ਸਤਨਾਮ ਸਿੰਘ ਗਿੱਲ, ਕੇਵਲ ਮਸੀਹ ਆਦਿ ਨਵੀਸ਼ ਨੰਦਾ ਨਾਲ ਹਾਜ਼ਰ ਰਹੇ।

# ਨਸ਼ਿਆਂ ਦੇ ਬੁਰੇ ਅਸਰ, ਸਾਈਬਰ ਕਰਾਈਮ, ਆਨਲਾਈਨ ਫਰਾਡ ਤੇ ਵਾਤਾਵਰਣ ਸੰਬੰਧੀ ਜਾਗਰੂਕਤਾ ਸੈਮੀਨਾਰ

**ਬਟਾਲਾ, ਜੁਲਾਈ (ਡਾ. ਮਲਵਿੰਦਰ ਸਿੰਘ)**-ਸ਼੍ਰੀ ਸੁਹੇਲ ਕਾਸਿਮ ਮੀਰ ਐੱਸਐੱਸਪੀ ਬਟਾਲਾ ਦੇ ਦਿਸ਼ਾ-ਨਿਰਦੇਸ਼ਾਂ ਹੇਠ ਬਟਾਲਾ ਪੁਲਸ ਦੇ ਸਾਂਝ ਸਟਾਫ਼ ਵੱਲੋਂ ਸਰਕਾਰੀ ਹਸਪਤਾਲ ਡੇਰਾ ਬਾਬਾ ਨਾਨਕ ਵਿਖੇ ਜਾਗਰੂਕਤਾ ਸੈਮੀਨਾਰ ਕਰਵਾਇਆ ਗਿਆ। ਇਸ ਮੌਕੇ ਲੋਕਾਂ ਨੂੰ ਨਸ਼ਿਆਂ ਦੇ ਬੁਰੇ ਅਸਰ, ਸਾਈਬਰ ਕਰਾਈਮ, ਅਨਲਾਈਨ ਫਰਾਡ, ਵਾਤਾਵਰਣ ਦੀ ਸੰਭਾਲ ਕਰਨ ਬਾਰੇ ਅਤੇ ਹੈਲਪ ਲਾਈਨ ਨੰਬਰ 112 ਅਤੇ 1098 ਬਾਰੇ ਜਾਗਰੂਕ ਕੀਤਾ ਗਿਆ। ਇਸ ਮੌਕੇ ਜਸਵੰਤ ਕੌਰ ਐੱਸ. ਪੀ. (ਐੱਚ) ਬਟਾਲਾ ਨੇ ਦੱਸਿਆ ਕਿ ਬਟਾਲਾ ਪੁਲਸ ਦੇ ਸਾਂਝ ਸਟਾਫ਼ ਵੱਲੋਂ ਪੁਲਸ ਜ਼ਿਲ੍ਹਾ ਬਟਾਲਾ ਵਿਖੇ ਲੋਕਾਂ ਨੂੰ ਨਸ਼ਿਆਂ ਦੇ ਬੁਰੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ। ਉਨਾਂ ਦੱਸਿਆ ਕਿ ਬਟਾਲਾ ਪੁਲਸ ਵੱਲੋਂ ਜਿਥੇ ਨਸ਼ਾ ਤਸਕਰਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ, ਉਸਦੇ ਨਾਲ ਨਸ਼ਾ ਪੀੜਤਾਂ ਦਾ ਨਸ਼ਾ ਛੁਡਾਊ ਕੇਂਦਰਾਂ ਵਿੱਚ ਮੁਫ਼ਤ ਇਲਾਜ ਕਰਵਾਇਆ ਜਾ ਰਿਹਾ ਹੈ ਤਾਂ ਜੋ ਉਹ ਵੀ ਮੁੱਖ ਧਾਰਾ ਵਿੱਚ ਆ ਕੇ ਆਪਣਾ ਜੀਵਨ ਬਤੀਤ ਕਰ ਸਕਣ। ਇਸ ਤੋਂ ਇਲਾਵਾ ਬਟਾਲਾ ਪੁਲਸ ਵੱਲੋਂ ਲੋਕਾਂ ਨੂੰ ਵਾਤਾਵਰਣ



ਨੂੰ ਸਾਫ਼-ਸੁਥਰਾ ਰੱਖਣ ਲਈ ਵੱਧ ਤੋਂ ਵੱਧ ਪੌਦੇ ਲਗਾਉਣ ਅਤੇ ਪੌਦਿਆਂ ਦੀ ਸਾਂਭ-ਸੰਭਾਲ ਬਾਰੇ ਜਾਗਰੂਕ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਅੱਜ ਲੋੜ ਹੈ ਕਿ ਵੱਧ ਤੋਂ ਵੱਧ ਪੌਦੇ ਲਗਾਏ ਜਾਣ। ਇਸ ਮੌਕੇ ਹੈਲਪ ਲਾਈਨ ਨੰਬਰ 112 ਅਤੇ 1098 ਬਾਰੇ ਜਾਗਰੂਕ ਕੀਤਾ ਗਿਆ।

# ਮਾਹਿਰ ਆਰ ਐੱਮ ਪੀ ਡਾਕਟਰਾਂ ਨੇ ਲੋਕਾਂ ਨੂੰ ਵੱਖ-ਵੱਖ ਰੋਗਾਂ ਬਾਰੇ ਦਿੱਤੀ ਜਾਣਕਾਰੀ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਜ਼ਿਲ੍ਹਾ ਗੁਰਦਾਸਪੁਰ ਦੇ ਆਰਐੱਮਪੀ ਡਾਕਟਰਾਂ ਦੀ ਇੱਕ ਭਰਵੀਂ ਮੀਟਿੰਗ ਜ਼ਿਲ੍ਹਾ ਪ੍ਰਧਾਨ ਡਾ. ਚਮਨ ਲਾਲ ਬਟਾਲਾ ਅਤੇ ਜ਼ਿਲ੍ਹਾ ਜਨਰਲ ਸਕੱਤਰ ਡਾ. ਅਸ਼ੋਕ ਕੁਮਾਰ ਬਟਾਲਾ ਦੀ ਪ੍ਰਧਾਨਗੀ ਹੇਠ ਮਹਾਜਨ ਹਸਪਤਾਲ ਖਜ਼ਾਨਾ ਗੇਟ ਅੰਮ੍ਰਿਤਸਰ ਦੇ ਮੁੱਖ ਪ੍ਰਬੰਧਕਾਂ ਵੱਲੋਂ ਵੰਡਰ ਹੋਟਲ ਜਲੰਧਰ ਰੋਡ ਬਟਾਲਾ ਵਿਖੇ ਹੋਈ।ਮੀਟਿੰਗ ਉਪਰੰਤ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਪ੍ਰੈੱਸ ਸਕੱਤਰ ਡਾ. ਲਖਵਿੰਦਰ ਸਿੰਘ ਸੰਧੂ ਔਲਖ ਨੇ ਦੱਸਿਆ ਕਿ ਮੀਟਿੰਗ ਵਿੱਚ ਮਹਾਜਨ ਹਸਪਤਾਲ ਅੰਮ੍ਰਿਤਸਰ ਵੱਲੋਂ ਆਪਣੀ ਡਾਕਟਰਾਂ ਦੀ ਟੀਮ ਸਮੇਤ ਪਹੁੰਚੇ ਵੱਖ-ਵੱਖ ਰੋਗਾਂ ਦੇ ਮਾਹਿਰ ਡਾ. ਮਨੋਜ ਮਹਾਜਨ, ਮੈਨੇਜਿੰਗ ਡਾਇਰੈਕਟਰ ਡਾ. ਅਕਸ਼ੇ ਮਹਾਜਨ, ਹਾਰਟ ਸਪੈਸ਼ਲਿਸਟ ਡਾ. ਨਿਵੇਦਤਾ ਮਹਾਜਨ, ਡੈਂਟਲ ਸਪੈਸ਼ਲਿਸਟ ਡਾ. ਵਿਸ਼ਵਾਸ ਸਿੰਘ, ਡਾ. ਕੁਲਵੰਤ ਸਿੰਘ ਅਤੇ ਡਾ. ਰਮੇਸ਼ ਕੁਮਾਰ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ। ਮਾਹਿਰ ਡਾਕਟਰਾਂ ਨੇ ਵੱਖ-ਵੱਖ ਰੋਗਾਂ ਦੇ ਕਾਰਨ, ਲੱਛਣ, ਇਲਾਜ ਅਤੇ ਪਰਹੇਜ਼ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ।ਡਾਕਟਰਾਂ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਡਾ. ਸੁੱਖਵਿੰਦਰ ਸਿੰਘ ਦਰਦੀ, ਡਾ. ਹਰਜਿੰਦਰ ਸਿੰਘ ਜੱਜ, ਦਿਲਬਾਗ ਸਿੰਘ, ਸੁਨੀਲ ਤਲਵਾਰ, ਜੋਗਿੰਦਰ ਸਿੰਘ ਸੰਧੂ, ਹੀਰਾ ਸਿੰਘ, ਸਤਨਾਮ ਸਿੰਘ, ਮੁਹੰਮਦ ਹੁਸੈਨ, ਚਰਨ ਦਾਸ, ਬਾਊ ਰਾਮ, ਨਰਿੰਦਰ



ਸਿੰਘ, ਦਲੀਪ ਸਿੰਘ, ਜੋਧ ਸਿੰਘ, ਮਨਜੀਤ ਸਿੰਘ, ਗੁਰਨਾਮ ਸਿੰਘ, ਰਮਨ ਸ਼ਰਮਾ, ਰਸ਼ਪਾਲ ਸਿੰਘ, ਰਣਧੀਰ ਸਿੰਘ, ਸੁਖਵਿੰਦਰ ਸਿੰਘ, ਗੁਰਦੇਵ ਸਿੰਘ, ਲਖਵਿੰਦਰ ਸਿੰਘ, ਨਵਤੇਜ ਸਿੰਘ, ਸੁਰਜੀਤ ਸਿੰਘ, ਕੁਲਵੰਤ ਸਿੰਘ, ਪਰਮਜੀਤ ਸਿੰਘ, ਨਰਿੰਦਰ ਸਿੰਘ, ਗੁਲਜ਼ਾਰ ਸਿੰਘ, ਮਨਜੀਤ ਸਿੰਘ, ਗੁਰਨਾਮ ਸਿੰਘ ਆਦਿ ਡਾਕਟਰ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਜੀਐੱਨਡੀਯੂ ਦੀਆਂ ਕੰਟੀਨਾਂ ਦਾ ਹਾਈ ਐਕਸ਼ਨ ਕਮੇਟੀ ਵੱਲੋਂ ਅਚਨਚੇਤ ਨਿਰੀਖਣ



**ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**-ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀਆਂ ਕੰਟੀਨਾਂ ਵਿੱਚ ਸਾਫ-ਸਫ਼ਾਈ ਅਤੇ ਭੋਜਨ ਗੁਣਵੱਤਾ ਅਤੇ ਹਾਈਜੀਨ ਦੇ ਮਿਆਰਾਂ ਨੂੰ ਯਕੀਨੀ ਬਣਾਉਣ ਲਈ ਯੂਨੀਵਰਸਿਟੀ ਦੇ ਉਪ-ਕੁਲਪਤੀ ਡਾ. ਕਰਮਜੀਤ ਸਿੰਘ ਦੀਆਂ ਹਦਾਇਤਾਂ 'ਤੇ ਰਜਿਸਟਰਾਰ ਡਾ. ਕੇ. ਐੱਸ. ਚਾਹਲ ਦੀ ਅਗਵਾਈ ਹੇਠ 11 ਮੈਂਬਰੀ ਹਾਈ ਐਕਸ਼ਨ ਕਮੇਟੀ ਨੇ ਅੱਜ ਯੂਨੀਵਰਸਿਟੀ ਦੀਆਂ ਸਾਰੀਆਂ ਕੰਟੀਨਾਂ ਦਾ ਅਚਨਚੇਤੀ ਦੌਰਾ ਕੀਤਾ।ਨਵੇਂ ਅਕਾਦਮਿਕ ਸੈਸ਼ਨ ਦੀ ਸ਼ੁਰੂਆਤ ਤੋਂ ਪਹਿਲਾਂ ਕੰਟੀਨਾਂ ਵਿੱਚ ਸਿਹਤਮੰਦ ਅਤੇ ਸਾਫ਼-ਸੁਥਰਾ ਭੋਜਨ ਮੁਹੱਈਆ ਕਰਵਾਉਣ ਦੇ ਮਕਸਦ ਨਾਲ ਇਹ ਕਾਰਵਾਈ ਕੀਤੀ ਗਈ।ਕਮੇਟੀ ਨੇ ਇੱਕ-ਇੱਕ ਕੰਟੀਨ ਦਾ ਦੌਰਾ ਕਰਕੇ ਖਾਣੇ ਦੀ ਗੁਣਵੱਤਾ, ਸਫ਼ਾਈ, ਸਟੋਰੇਜ ਸਹੂਲਤਾਂ ਅਤੇ ਕਰਮਚਾਰੀਆਂ ਦੀ ਸਿਹਤ ਸਬੰਧੀ ਪ੍ਰਬੰਧਾਂ ਦਾ ਬਾਰੀਕੀ ਨਾਲ ਨਿਰੀਖਣ ਕੀਤਾ।ਕਮੇਟੀ ਨੇ ਕੰਟੀਨ ਸੰਚਾਲਕਾਂ ਨੂੰ ਸਖ਼ਤ ਹੁਕਮ ਦਿੱਤੇ ਕਿ ਵਿਦਿਆਰਥੀਆਂ ਅਤੇ ਸਟਾਫ਼ ਦੀ ਸਿਹਤ ਨਾਲ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

# ਲੁਹਾਰਕਾ ਫਲਾਈਓਵਰ ਆਉਣ ਵਾਲੀ ਪੀੜ੍ਹੀ ਲਈ ਤੋਹਫਾ ਸਾਬਤ ਹੋਵੇਗਾ : ਗੁਰਜੀਤ ਔਜਲਾ

**ਚੇਤਨਪੁਰਾ (ਸੁਖਵੰਤ ਚੇਤਨਪੁਰੀ)**

ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਲੁਹਾਰਕਾ ਫਲਾਈਓਵਰ ਪੁਲ ਦੇ ਨਿਰਮਾਣ ਕਾਰਜ ਦਾ ਨਿਰੀਖਣ ਕੀਤਾ।ਉਨ੍ਹਾਂ ਕਿਹਾ ਕਿ ਇਸ ਪੁਲ ਦੇ ਡਿਜ਼ਾਈਨ ਨੂੰ ਬਦਲਣ ਲਈ ਉਨ੍ਹਾਂ ਦੀ ਸਾਲਾਂ ਦੀ ਮਿਹਨਤ ਰੰਗ ਲਿਆ ਰਹੀ ਹੈ ਅਤੇ ਇਹ ਆਉਣ ਵਾਲੀ ਪੀੜ੍ਹੀ ਲਈ ਇੱਕ ਮਹਾਨ ਤੋਹਫ਼ਾ ਹੋਵੇਗਾ।ਉਨ੍ਹਾਂ ਕਿਹਾ ਕਿ ਜਦੋਂ ਵੀ ਉਨ੍ਹਾਂ ਨੂੰ ਇਸ ਮਾਮਲੇ ਵਿੱਚ ਕੋਈ ਪ੍ਰੋਜੈਕਟ ਦਿੱਤਾ ਜਾਵੇਗਾ, ਉਹ ਇਸਨੂੰ ਕੇਂਦਰ ਸਰਕਾਰ ਦੇ ਸਾਹਮਣੇ ਪੇਸ਼ ਕਰਨਗੇ ਅਤੇ ਬਜਟ ਲਿਆਉਣਗੇ।ਔਜਲਾ ਸਾਬਕਾ ਮੰਤਰੀ ਡਾ. ਰਾਜ ਕੁਮਾਰ ਨਾਲ ਲੁਹਾਰਕਾ ਫਲਾਈਓਵਰ ਦਾ ਨਿਰੀਖਣ ਕਰਨ ਪਹੁੰਚੇ ਸਨ।



ਇਸ ਪੁਲ ਦਾ ਕੰਮ ਲੰਬੇ ਸਮੇਂ ਤੋਂ ਬੰਦ ਸੀ ਅਤੇ ਜੂਨ ਦੇ ਅੰਤ ਵਿੱਚ ਦੁਬਾਰਾ ਸ਼ੁਰੂ ਹੋਇਆ। ਇਸ ਪੁਲ ਦੇ ਇੱਕ ਪਾਸੇ ਰਣਜੀਤ ਐਵੇਨਿਊ ਅਤੇ ਦੂਜੇ ਪਾਸੇ ਲੱਖਾਂ ਦੀ ਆਬਾਦੀ ਵਾਲਾ ਇਲਾਕਾ ਲੁਹਾਰਕਾ ਹੈ, ਜਿੱਥੇ ਲਗਭਗ 5 ਸਕੂਲ ਹਨ।ਅਜਿਹੀ ਸਥਿਤੀ ਵਿੱਚ ਪੁਲ ਨੂੰ ਥੰਮ੍ਹਾਂ ਤੇ ਹੋਣਾ ਚਾਹੀਦਾ ਸੀ, ਜਿਸ ਕਾਰਨ ਇਸਦਾ ਨਿਰਮਾਣ ਕਾਰਜ ਰੋਕ ਦਿੱਤਾ ਗਿਆ ਸੀ, ਪਰ ਉਹ ਟਰਾਂਸਪੋਰਟ ਮੰਤਰੀ ਨਿਤਿਨ ਗਡਕਰੀ ਦਾ ਧੰਨਵਾਦ ਕਰਦੇ ਹਨ ਜਿਨ੍ਹਾਂ ਨੇ ਇਸ ਪੁਲ ਦੇ ਥੰਮ੍ਹਾਂ ਦੇ ਨਿਰਮਾਣ ਨੂੰ ਮਨਜ਼ੂਰੀ ਦਿੱਤੀ ਅਤੇ ਹੁਣ ਕੰਮ ਦੁਬਾਰਾ ਸ਼ੁਰੂ ਹੋ ਗਿਆ ਹੈ ਅਤੇ ਲਗਭਗ ਇੱਕ ਸਾਲ ਦੇ ਅੰਦਰ ਇਹ ਪੁਲ ਲੋਕਾਂ ਨੂੰ ਸਮਰਪਿਤ ਹੋ ਜਾਵੇਗਾ।ਔਜਲਾ ਨੇ ਗੰਦੇ ਨਾਲੇ ਦੇ ਮੁੱਦੇ 'ਤੇ ਗੱਲ ਕਰਦੇ ਹੋਏ ਕਿਹਾ ਕਿ ਲੋਕਾਂ ਨੂੰ ਸਮਝਣਾ ਪਵੇਗਾ ਕਿ ਇਹ ਸੂਬਾ ਸਰਕਾਰ ਦਾ ਕੰਮ ਹੈ।ਉਨ੍ਹਾਂ ਦਾ ਕੰਮ ਕੇਂਦਰ ਤੋਂ ਬਜਟ ਪਾਸ ਕਰਵਾਉਣਾ ਹੈ, ਪਰ ਜਦੋਂ ਤੱਕ ਸੂਬਾ ਸਰਕਾਰ ਜਾਂ ਅੰਮ੍ਰਿਤਸਰ ਪ੍ਰਸ਼ਾਸਨ ਉਨ੍ਹਾਂ ਨੂੰ ਪ੍ਰੋਜੈਕਟ ਨਹੀਂ ਦਿੰਦੇ, ਉਹ ਇਸਨੂੰ ਕਿਵੇਂ ਪਾਸ ਕਰਵਾਉਣਗੇ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਇਸ ਨਾਲੇ ਲਈ ਇੱਕ ਸਲਾਹ-ਮਸ਼ਵਰਾ ਕਮੇਟੀ ਬਣਾਉਣੀ ਚਾਹੀਦੀ ਹੈ, ਜਿਸ ਵਿੱਚ ਸੰਸਦ ਮੈਂਬਰ, ਮੰਤਰੀ, ਵਿਧਾਇਕ ਅਤੇ ਪ੍ਰਸ਼ਾਸਨਿਕ ਅਧਿਕਾਰੀ ਸ਼ਾਮਲ ਹੋਣ ਜੋ ਹਰ ਮਹੀਨੇ ਇਸਦੀ ਸਮੀਖਿਆ ਕਰਨ ਅਤੇ ਫਿਰ ਇੱਕ ਸ਼ਾਨਦਾਰ ਪ੍ਰੋਜੈਕਟ ਤਿਆਰ ਕਰਕੇ ਕੇਂਦਰ ਦੇ ਸਾਹਮਣੇ ਪੇਸ਼ ਕਰਨ।ਉਨ੍ਹਾਂ ਕਿਹਾ ਕਿ ਹਰ ਵਾਰ ਹੋਣ ਵਾਲੀ ਦਿਸ਼ਾ ਕਮੇਟੀ ਦੀ ਮੀਟਿੰਗ ਵਿੱਚ ਗੰਦੇ ਨਾਲਿਆਂ, ਭਗਤਾਂ ਵਾਲੇ ਡੰਪ ਅਤੇ ਹੋਰ ਸਮੱਸਿਆਵਾਂ ਤੇ ਵਿਸਥਾਰ ਨਾਲ ਚਰਚਾ ਕੀਤੀ ਜਾਂਦੀ ਹੈ ਅਤੇ ਪ੍ਰਸ਼ਾਸਨ ਦੇ ਅਧਿਕਾਰੀਆਂ ਨੂੰ ਵੀ ਸਹੀ ਢੰਗ ਨਾਲ ਕੰਮ ਕਰਨ ਅਤੇ ਵਿਕਾਸ ਕਾਰਜ ਕਰਨ ਲਈ ਕਿਹਾ ਜਾਂਦਾ ਹੈ।ਉਨ੍ਹਾਂ ਕਿਹਾ ਕਿ ਉਹ ਅੰਮ੍ਰਿਤਸਰ ਦੇ ਹਰ ਨਿਵਾਸੀ ਲਈ ਵਚਨਬੱਧ ਹਨ ਅਤੇ ਗੁਰੂ ਨਗਰੀ ਦਾ ਵਿਕਾਸ ਉਨ੍ਹਾਂ ਦੀ ਤਰਜੀਹ ਹੈ।

# ਵਾਈਸ ਚਾਂਸਲਰ ਪ੍ਰੋ. ਕਰਮਜੀਤ ਸਿੰਘ ਵੱਲੋਂ ਸਿਫਤ ਕੌਰ ਸਮਰਾ ਦਾ ਸਨਮਾਨ

**ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**

ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਵਿਦਿਆਰਥਣ ਸਿਫਤ ਕੌਰ ਸਮਰਾ ਨੇ ਆਈ ਐੱਸ ਐੱਸ ਐੱਫ ਵਰਲਡ ਕੱਪ ਦੌਰਾਨ ਮਹਿਲਾ 50 ਮੀਟਰ ਰਾਈਫਲ ਥਰੀ ਪੋਜ਼ੀਸ਼ਨਜ਼ (3ਐੱਫ) ਮੁਕਾਬਲੇ ਵਿੱਚ ਕਾਂਸੀ ਦਾ ਤਮਗਾ ਜਿੱਤ ਕੇ ਦੇਸ਼ ਅਤੇ ਯੂਨੀਵਰਸਿਟੀ ਦਾ ਨਾਂ ਰੌਸ਼ਨ ਕੀਤਾ।ਇਹ ਮੁਕਾਬਲਾ ਹਾਲ ਹੀ ਵਿੱਚ ਮਿਊਨਿਖ, ਜਰਮਨੀ ਵਿੱਚ ਹੋਇਆ।ਸਿਫਤ ਨੇ ਫਾਈਨਲ 'ਚ 453.1 ਸਕੋਰ ਕੀਤਾ। ਇਸ ਮੁਕਾਬਲੇ ਵਿੱਚ ਨਾਰਵੇ ਦੀ ਜੀਨੇਟ ਹੱਗ ਡੂਇਸਟਾਡ ਨੇ ਸੋਨੇ ਦਾ ਤਮਗਾ (466.9) ਜਿੱਤਿਆ ਜਦਕਿ ਸਵਿਟਜ਼ਰਲੈਂਡ ਦੀ ਐਮੇਲੀ ਜੈਗੀ ਨੇ ਚਾਂਦੀ ਦਾ ਤਮਗਾ (464.8) ਹਾਸਲ ਕੀਤਾ।ਸਿਫਤ ਕੌਰ ਸਮਰਾ ਆਪਣੇ ਪਿਤਾ ਪਵਰੀਤ ਸਿੰਘ ਦੇ ਨਾਲ ਯੂਨੀਵਰਸਿਟੀ ਪਹੁੰਚੀ ਅਤੇ ਉਨ੍ਹਾਂ ਨੇ ਵਾਈਸ ਚਾਂਸਲਰ ਪ੍ਰੋ. (ਡਾ.) ਕਰਮਜੀਤ ਸਿੰਘ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ।ਉਨ੍ਹਾਂ ਕਿਹਾ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਉਪਲਬਧ ਕਰਵਾਈਆਂ ਗਈਆਂ ਖੇਡ ਸਹੂਲਤਾਂ ਅਤੇ ਵਾਈਸ ਚਾਂਸਲਰ ਦੀ ਦੂਰ ਅੰਦੇਸ਼ੀ ਸੋਚ ਤਹਿਤ ਇਸ ਸੈਸ਼ਨ ਦੌਰਾਨ ਲਾਗੂ ਕੀਤੀ ਗਈ ਨਵੀਂ ਖੇਡ ਨੀਤੀ ਨੇ ਉਨ੍ਹਾਂ ਦੀ ਕਾਮਯਾਬੀ ਵਿੱਚ ਮੁੱਖ ਭੂਮਿਕਾ ਅਦਾ ਕੀਤੀ। ਡੀਨ ਅਕਾਦਮਿਕ ਮਾਮਲੇ, ਪ੍ਰੋ. ਪਲਵਿੰਦਰ ਸਿੰਘ ਅਤੇ ਰਜਿਸਟਰਾਰ ਪ੍ਰੋ. ਕੇ.ਐੱਸ. ਕਾਹਲੋਂ ਨੇ ਸਿਫਤ ਕੌਰ ਨੂੰ ਇਸ ਉਪਲਬਧੀ ਤੇ ਦਿਲੋਂ ਵਿਧਾਈ ਦਿੰਦਿਆਂ ਭਵਿੱਖ



ਵਿਚ ਹੋਰ ਵੀ ਉਚਾਈ ਛੂਹਣ ਦੀ ਕਾਮਨਾ ਕੀਤੀ।ਵਾਈਸ ਚਾਂਸਲਰ ਪ੍ਰੋ. ਕਰਮਜੀਤ ਸਿੰਘ ਨੇ ਸਿਫਤ ਨੂੰ ਵਧਾਈ ਦਿੱਤੀਆਂ। ਸਿਫਤ ਦੀ ਸ਼ੂਟਿੰਗ ਕੋਚ ਰਾਜਵਿੰਦਰ ਕੌਰ ਅਤੇ ਯੂਨੀਵਰਸਿਟੀ ਦੇ ਡਾਇਰੈਕਟਰ ਆਫ਼ ਸਪੋਰਟਸ ਡਾ. ਕੰਵਰ ਮਨਦੀਪ ਸਿੰਘ ਨੇ ਵੀ ਉਨ੍ਹਾਂ ਦੀ ਲਗਨ ਅਤੇ ਯੂਨੀਵਰਸਿਟੀ ਦੇ ਯੋਗਦਾਨ ਦੀ ਪ੍ਰਸ਼ੰਸਾ ਕੀਤੀ।ਸਿਫਤ ਕੌਰ ਸਮਰਾ 2022 ਦੀਆਂ ਏਸ਼ੀਆਈ ਖੇਡਾਂ ਦੌਰਾਨ ਮਹਿਲਾ 50 ਮੀਟਰ ਰਾਈਫਲ 3 ਪੋਜ਼ੀਸ਼ਨਜ਼ ਵਿੱਚ ਵੀ ਵਿਸ਼ਵ ਰਿਕਾਰਡ ਬਣਾਉਣ ਵਾਲੀ ਸ਼ੂਟਰ ਹੈ।

# ਮਜੀਠੀਆ ਦੀ ਰਿਹਾਇਸ਼ 'ਤੇ ਵਿਜੀਲੈਂਸ ਵੱਲੋਂ ਜਾਂਚ, ਸਾਰਾ ਸ਼ਹਿਰ ਛਾਉਣੀ 'ਚ ਤਬਦੀਲ



**ਮਜੀਠਾ (ਸੋਇਮ ਆਨੰਦ)**

ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਕੈਬਨਟ ਮੰਤਰੀ ਬਿਕਰਮ ਸਿੰਘ ਮਜੀਠੀਆ ਦੀ ਮਜੀਠਾ ਸਥਿਤ ਰਿਹਾਇਸ਼ ਦੇ ਬਾਹਰ ਪੰਜਾਬ ਪੁਲਸ ਅਤੇ ਵਿਜੀਲੈਂਸ ਬਿਊਰੋ ਦੀ ਭਾਰੀ ਤੈਨਾਤੀ ਨੇ ਸਥਾਨਕ ਮਾਹੌਲ ਨੂੰ ਤਣਾਅਪੂਰਨ ਬਣਾ ਦਿੱਤਾ ।ਪੰਜਾਬ ਵਿਜੀਲੈਂਸ ਬਿਊਰੋ ਵੱਲੋਂ 540 ਕਰੋੜ ਰੁਪਏ ਦੇ ਕਥਿਤ ਮਾਮਲੇ ਵਿੱਚ ਮਜੀਠੀਆ ਨੂੰ ਸੱਤ ਦਿਨ ਦੀ ਰਿਮਾਂਡ 'ਤੇ ਲਿਆ ਗਿਆ ਹੈ।ਵਿਜੀਲੈਂਸ ਨੇ ਮੰਗਲਵਾਰ ਨੂੰ ਮਜੀਠੀਆ ਨੂੰ ਉਨ੍ਹਾਂ ਦੀ ਮਜੀਠਾ ਸਥਿਤ ਜਾਇਦਾਦ ਅਤੇ ਰਿਹਾਇਸ਼ੀ ਦਫਤਰ ਦੀ ਜਾਂਚ ਲਈ ਲਿਆਂਦਾ, ਜਿਸ ਦੌਰਾਨ ਸੁਰੱਖਿਆ ਦੇ ਸਖ਼ਤ ਪ੍ਰਬੰਧ ਕੀਤੇ ਗਏ ਸਨ।ਸੂਤਰਾਂ ਅਨੁਸਾਰ ਵਿਜੀਲੈਂਸ ਦੀ ਟੀਮ ਨੇ ਮਜੀਠੀਆ ਦੀ ਜਾਇਦਾਦ ਅਤੇ ਦਫਤਰ ਨਾਲ ਸਬੰਧਤ ਦਸਤਾਵੇਜ਼ਾਂ ਅਤੇ ਹੋਰ ਸਬੂਤਾਂ ਦੀ ਪੜਤਾਲ ਸ਼ੁਰੂ ਕੀਤੀ।ਬਿਕਰਮ ਮਜੀਠੀਆ ਦੀ ਪਤਨੀ ਅਤੇ ਹਲਕੇ ਦੀ ਵਿਧਾਇਕਾ ਬੀਬਾ ਗਨੀਵ ਕੌਰ ਵੀ ਆਪਣੇ ਦਫਤਰ ਪਹੁੰਚੀ ਪਰ ਪੁਲਸ ਨੇ ਬੈਰੀਕੇਡ ਲਗਾ ਕੇ ਉਨ੍ਹਾਂ ਨੂੰ ਅੰਦਰ ਜਾਣ ਤੋਂ ਰੋਕ ਦਿੱਤਾ।ਇਸ ਨੂੰ ਲੈ ਕੇ ਬੀਬਾ ਗਨੀਵ ਕੌਰ ਅਤੇ ਪੁਲਸ ਅਧਿਕਾਰੀਆਂ ਵਿਚਕਾਰ ਤਿੱਖੀ ਬਹਿਸਬਾਜ਼ੀ ਹੋਈ।ਬਹਿਸ ਦੌਰਾਨ ਪੁਲਸ ਨੇ ਮਜੀਠੀਆ ਦੇ ਰਿਹਾਇਸ਼ੀ ਦਫਤਰ ਨੂੰ ਤਾਲਾ ਲਗਾ ਦਿੱਤਾ, ਜਿਸ ਨੂੰ ਵਿਧਾਇਕਾ ਨੇ ਸਰਕਾਰੀ ਤਸ਼ੱਦਦ ਅਤੇ ਅਧਿਕਾਰਾਂ ਦੀ ਉਲੰਘਣਾ ਦੱਸਿਆ।ਇਸ ਘਟਨਾ ਦੇ ਵਿਰੋਧ ਵਜੋਂ ਬੀਬਾ ਗਨੀਵ ਕੌਰ ਮਜੀਠੀਆ ਨੇ ਆਪਣੇ ਸਮਰਥਕਾਂ ਸਮੇਤ ਪੁਲਸ ਪ੍ਰਸ਼ਾਸਨ ਦੇ ਖਿਲਾਫ ਮਜੀਠਾ ਵਿਖੇ ਧਰਨਾ ਸ਼ੁਰੂ ਕਰ ਦਿੱਤਾ।ਬੀਬਾ ਗਨੀਵ ਕੌਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਹ ਜਾਂਚ ਸਿਆਸੀ ਏਜੰਡੇ ਤਹਿਤ ਕੀਤੀ ਜਾ ਰਹੀ ਹੈ ਅਤੇ ਸਰਕਾਰ ਅਕਾਲੀ ਦਲ ਦੀ ਆਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਕਰ ਰਹੀ ਹੈ।ਦੂਜੇ ਪਾਸੇ ਵਿਜੀਲੈਂਸ ਅਧਿਕਾਰੀਆਂ ਨੇ ਜਾਂਚ ਨੂੰ ਕਾਨੂੰਨੀ ਪ੍ਰਕਿਰਿਆ ਦਾ ਹਿੱਸਾ ਦੱਸਦਿਆਂ ਕਿਹਾ ਕਿ ਉਹ ਸਾਰੀਆਂ ਗਤੀਵਿਧੀਆਂ ਨਿਯਮਾਂ ਅਨੁਸਾਰ ਕਰ ਰਹੇ ਹਨ। ਸ਼੍ਰੋਮਣੀ ਅਕਾਲੀ ਦਲ ਦੇ ਸਮਰਥਕਾਂ ਵੱਲੋਂ ਸੋਸ਼ਲ ਮੀਡੀਆ 'ਤੇ ਵੀ ਸਰਕਾਰ ਦੀ ਇਸ ਕਾਰਵਾਈ ਦੀ ਨਿਖੇਧੀ ਕੀਤੀ ਜਾ ਰਹੀ ਹੈ।

# ਸਕੂਲੋਂ ਗੁਆਚੇ ਬੱਚੇ ਨੂੰ ਪੁਲਸ ਨੇ ਇੱਕ ਘੰਟੇ ਦੇ ਅੰਦਰ ਕੀਤਾ ਪਰਿਵਾਰ ਹਵਾਲੇ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਆਂਗਣਵਾੜੀ ਟੀਚਰ ਦੀ ਲਾਪਰਵਾਹੀ ਨਾਲ ਸਕੂਲ ਤੋਂ ਇੱਕ ਬੱਚਾ ਗੁੰਮ ਹੋ ਗਿਆ। ਪਰਿਵਾਰ ਨੇ ਪੁਲਸ ਨਾਲ ਰਾਬਤਾ ਕਾਇਮ ਕੀਤਾ ਅਤੇ ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਥਾਣਾ ਕਾਦੀਆਂ ਦੇ ਐੱਸਐੱਚਓ ਗੁਰਮੀਤ ਸਿੰਘ ਨੇ ਦੱਸਿਆ ਕਿ ਅੱਜ ਸਵੇਰੇ ਆਂਗਣਵਾੜੀ ਸਕੂਲ ਤੋਂ ਇੱਕ ਬੱਚਾ ਪੀਟਰ ਪੁੱਤਰ ਸਾਹਿਲ ਮੁਹੱਲਾ ਪ੍ਰਤਾਪ ਨਗਰ ਕਾਦੀਆਂ ਦੀ ਭੂਆ ਉਸ ਨੂੰ ਆਂਗਣਵਾੜੀ ਸਕੂਲ ਕਾਦੀਆਂ ਛੱਡਣ ਗਈ। ਜਦੋਂ ਉਹ ਵਾਪਸ ਘਰ ਚਲੀ ਗਈ ਤਾਂ ਸਕੂਲੋਂ ਪਰਿਵਾਰ ਨੂੰ ਫੋਨ ਆਇਆ ਕਿ ਤੁਹਾਡਾ ਬੱਚਾ ਨਹੀਂ ਮਿਲ ਰਿਹਾ ਜਿਸ ਤੋਂ ਬਾਅਦ ਪਰਿਵਾਰ ਨੇ ਇਧਰ ਉਧਰ ਕਾਫੀ ਭਾਲ ਕੀਤੀ ਪਰ ਨਹੀਂ ਮਿਲਿਆ। ਪੁਲਸ ਟੀਮ ਨੇ ਸ਼ਹਿਰ 'ਚ ਇੱਕ ਘੰਟੇ ਦੀ ਮੁਸਤੈਦੀ ਤੋਂ ਬਾਅਦ ਸਥਾਨਕ ਨੂਰ ਹਸਪਤਾਲ ਸ਼ਹੀਦ ਭਗਤ ਸਿੰਘ ਚੌਕ ਕੋਲੋਂ ਬੱਚੇ ਨੂੰ ਬਰਾਮਦ ਕਰ ਲਿਆ।ਐੱਸਐੱਚਓ ਗੁਰਮੀਤ ਸਿੰਘ ਨੇ ਦੱਸਿਆ ਕਿ ਬੱਚੇ ਨੂੰ ਸਹੀ ਸਲਾਮਤ



ਪਰਿਵਾਰ ਦੇ ਹਵਾਲੇ ਕਰ ਦਿੱਤਾ ਹੈ।ਉਨ੍ਹਾਂ ਕਿਹਾ ਕਿ ਸ਼ਹਿਰ ਦੇ ਲੋਕਾਂ ਦੀ ਜਾਨ ਮਾਲ ਦੀ ਰਾਖੀ ਲਈ ਕਾਦੀਆਂ ਪੁਲਸ ਹਮੇਸ਼ਾ ਵਚਨਬੱਧ ਹੈ। ਪਰਿਵਾਰਕ ਮੈਂਬਰਾਂ ਨੇ ਸਮੁੱਚੀ ਪੁਲਸ ਟੀਮ ਅਤੇ ਐੱਸਐੱਚਓ ਇੰਸਪੈਕਟਰ ਗੁਰਮੀਤ ਸਿੰਘ ਦਾ ਤਹਿ ਦਿਲ ਤੋਂ ਧੰਨਵਾਦ ਕੀਤਾ।

# ਵਾਈਸ ਚਾਂਸਲਰ ਡਾ. ਕਰਮਜੀਤ ਸਿੰਘ ਵੱਲੋਂ ਸੀਨੀਅਰ ਅਧਿਆਪਕਾਂ ਦੀ ਸੇਵਾਮੁਕਤੀ 'ਤੇ ਸਨਮਾਨ

**ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**

ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਆਪਣੇ ਅੱਠ ਸੀਨੀਅਰ ਅਧਿਆਪਕਾਂ ਅਤੇ ਗੈਰ-ਅਧਿਆਪਨ ਮੁਲਾਜ਼ਮਾਂ ਦੀ ਸੇਵਾ ਮੁਕਤੀ ਦੇ ਮੌਕੇ ਇੱਕ ਵਿਸ਼ੇਸ਼ ਸਮਾਰੋਹ ਦਾ ਆਯੋਜਨ ਕੀਤਾ। ਉਪ-ਕੁਲਪਤੀ ਪ੍ਰੋ. (ਡਾ.) ਕਰਮਜੀਤ ਸਿੰਘ ਨੇ ਸੇਵਾਮੁਕਤ ਹੋਣ ਵਾਲੇ ਅਧਿਆਪਕਾਂ ਅਤੇ ਗੈਰ ਅਧਿਆਪਨ ਸਟਾਫ ਨੂੰ ਚਾਹ ਦਾ ਸੱਦਾ ਦਿੱਤਾ ਅਤੇ ਉਨ੍ਹਾਂ ਦੇ ਅਧਿਆਪਨ ਤੇ ਪ੍ਰਸ਼ਾਸਨਿਕ ਖੇਤਰ ਵਿੱਚ ਪਾਏ ਗਏ ਅਮੁੱਲੇ ਯੋਗਦਾਨ ਦੀ ਸ਼ਲਾਘਾ ਕੀਤੀ। ਯੂਨੀਵਰਸਿਟੀ ਦੇ ਇਤਿਹਾਸ ਵਿੱਚ ਪਹਿਲੀ ਵਾਰ ਸੇਵਾਮੁਕਤੀ ਵਾਲੇ ਦਿਨ ਹੀ ਸਾਰੇ ਰਿਟਾਇਰਮੈਂਟ ਲਾਭ ਚੈੱਕ ਦੇ ਰੂਪ ਵਿੱਚ ਸੌਂਪੇ ਗਏ, ਜੋ ਡਾ. ਕਰਮਜੀਤ ਸਿੰਘ ਤੇ ਦਿਸ਼ਾ ਨਿਰਦੇਸ਼ 'ਤੇ ਅਮਲ ਕਰਦਿਆਂ ਲੇਖਾ ਸ਼ਾਖਾ ਦੀ ਸੁਚਾਰੂ ਕਾਰਵਾਈ ਸਦਕਾ ਸੰਭਵ ਹੋਇਆ। ਇਸ ਮੌਕੇ ਰਜਿਸਟਰਾਰ ਪ੍ਰੋ. ਕੇ. ਐੱਸ. ਚਾਹਲ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।ਸੇਵਾ ਮੁਕਤ ਅਧਿਆਪਕਾਂ ਵਿੱਚ ਆਰਕੀਟੈਕਚਰ ਵਿਭਾਗ ਤੋਂ ਪ੍ਰੋ. ਸਰਬਜੋਤ ਸਿੰਘ ਬਹਿਲ, ਗਣਿਤ ਵਿਭਾਗ ਤੋਂ ਡਾ. ਪਰਮਿੰਦਰ ਸਿੰਘ, ਸਕੂਲ ਆਫ ਸੋਸ਼ਲ ਸਾਇੰਸਿਜ਼ ਤੋਂ ਡਾ. ਅੰਜਲੀ ਮਹਿਰਾ, ਸੈਂਟਰ ਆਨ ਸਟੱਡੀਜ਼ ਇਨ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਡਾ. ਅਮਰਜੀਤ ਸਿੰਘ, ਮਾਈਕਰੋਬਾਇਓਲੋਜੀ ਵਿਭਾਗ ਤੋਂ ਡਾ. ਅਮਰਜੀਤ ਕੌਰ ਅਤੇ ਹੈਲਥ ਸੈਂਟਰ ਤੋਂ ਕੀਮਤੀ ਲਾਲ ਸ਼ਾਮਲ ਸਨ। ਅਧਿਆਪਕਾਂ ਨੇ ਯੂਨੀਵਰਸਿਟੀ ਪ੍ਰਸ਼ਾਸਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਸਫ਼ਲਤਾ ਅਤੇ ਪਰਿਵਾਰ ਦੀ ਖੁਸ਼ਹਾਲੀ ਦਾ ਸਿਹਰਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੂੰ ਜਾਂਦਾ ਹੈ। ਉਨ੍ਹਾਂ ਨੇ ਵਚਨ ਦਿੱਤਾ ਕਿ ਭਵਿੱਖ ਵਿੱਚ ਵੀ ਯੂਨੀਵਰਸਿਟੀ ਨੂੰ ਲੋੜ ਅਨੁਸਾਰ ਸੇਵਾਵਾਂ ਦੇਣ ਲਈ ਤਿਆਰ ਰਹਿਣਗੇ।ਡਾ. ਕਰਮਜੀਤ ਸਿੰਘ ਨੇ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਂਅ 'ਤੇ ਸਥਾਪਿਤ ਇਸ



ਯੂਨੀਵਰਸਿਟੀ ਨੂੰ ਵਿਸ਼ਵ ਦੀਆਂ ਪ੍ਰਮੁੱਖ ਯੂਨੀਵਰਸਿਟੀਆਂ ਦੀ ਸੂਚੀ ਵਿੱਚ ਸ਼ਾਮਲ ਕਰਨ ਦਾ ਵਿਜ਼ਨ ਹੈ।ਉਨ੍ਹਾਂ ਨੇ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਅਤੇ ਉਚ ਪੱਧਰੀ ਸਿੱਖਿਆ ਲਈ ਨਵੇਂ ਕੋਰਸ ਸ਼ੁਰੂ ਕਰਨ ਦੀ ਗੱਲ ਕੀਤੀ, ਜੋ ਵਿਦਿਆਰਥੀਆਂ ਨੂੰ ਜੀਵਨ ਵਿੱਚ ਅੱਗੇ ਵਧਣ ਅਤੇ ਸਮਾਜ ਦੀ ਬਿਹਤਰੀ ਲਈ ਯੋਗਦਾਨ ਪਾਉਣ ਵਿੱਚ ਸਹਾਇਕ ਹੋਣਗੇ।ਸਮਾਰੋਹ ਵਿੱਚ ਸਾਰਿਆਂ ਨੇ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਨੂੰ ਅਪਣਾਉਂਦਿਆਂ ਸਮਾਜਿਕ ਅਤੇ ਵਿੱਦਿਅਕ ਖੇਤਰ ਵਿੱਚ ਯੋਗਦਾਨ ਦੇਣ ਦੀ ਵਚਨਬੱਧਤਾ ਜਤਾਈ।

3-July-PAGE-4.qxd 7/2/2025 10:42 PM Page 1

ਨਵਾਂ ਜ਼ਮਾਨਾ

ਵੀਰਵਾਰ, 3 ਜੁਲਾਈ 2025

# ਪਛੜਦਾ ਅਮਰੀਕਾ

ਕਈ ਵਰ੍ਹਿਆਂ ਤੱਕ ਆਰਟੀਫੀਸ਼ੀਅਲ ਇੰਟੈਲੀਜੈਂਸ (ਏ ਆਈ) ਉੱਤੇ ਅਮਰੀਕੀ ਇਜਾਰੇਦਾਰੀ ਨੂੰ ਇੰਜ ਸਮਝਿਆ ਗਿਆ ਕਿ ਭਵਿੱਖ ਦੀ ਦਿਸ਼ਾ ਉਹੀ ਤੈਅ ਕਰੇਗਾ, ਪਰ ਹੁਣ ਦੁਨੀਆ ਦੀਆਂ ਨਜ਼ਰਾਂ ਤੇਜ਼ੀ ਨਾਲ ਚੀਨ ਵੱਲ ਘੁੰਮ ਰਹੀਆਂ ਹਨ। ਇੰਜ ਲੱਗ ਰਿਹਾ ਹੈ ਕਿ ਤਕਨੀਕ ਦੇ ਇਸ ਨਵੇਂ ਸੀਤ ਯੁੱਧ ਦੀ ਜ਼ਮੀਨ ਤਿਆਰ ਹੋ ਚੁੱਕੀ ਹੈ, ਜਿੱਥੇ ਦੋ ਮਹਾਂਸ਼ਕਤੀਆਂ ਨਾ ਸਿਰਫ ਇੱਕ-ਦੂਜੇ ਨੂੰ ਚੁਣੌਤੀ ਦੇ ਰਹੀਆਂ ਹਨ, ਸਗੋਂ ਵਿਸ਼ਵ ਵਿਵਸਥਾ ਦੀ ਧੁਰੀ ਨੂੰ ਮੁੜ ਪ੍ਰੀਭਾਸ਼ਤ ਵੀ ਕਰ ਰਹੀਆਂ ਹਨ। ਡੀਪਸੀਕ, ਜ਼ਿੰਪੂ ਤੇ ਕਵੇਨ—ਇਹ ਹੁਣ ਸਿਰਫ ਨਾਂਅ ਨਹੀਂ ਰਹੇ, ਸਗੋਂ ਅਜਿਹੇ ਔਜ਼ਾਰ ਬਣ ਗਏ ਹਨ, ਜਿਨ੍ਹਾਂ ਤੋਂ ਐੱਸ ਐੱਸ ਪੀ ਸੀ, ਸਟੈਂਡਰਡ ਚਾਰਟਰਡ, ਸਾਊਦੀ ਅਰਾਮਕੋ ਵਰਗੀਆਂ ਵਿਸ਼ਵ ਪੱਧਰੀ ਕੰਪਨੀਆਂ ਕੰਮ ਲੈ ਰਹੀਆਂ ਹਨ। ਭਾਰਤ, ਅਫਰੀਕਾ, ਮੱਧ-ਪੂਰਬ ਤੇ ਦੱਖਣ-ਪੂਰਬੀ ਏਸ਼ੀਆ ਵਰਗੇ ਇਲਾਕੇ, ਜਿੱਥੇ ਅਮਰੀਕੀ ਮਾਡਲ ਪਹਿਲਾਂ ਬਿਨਾਂ ਮੁਕਾਬਲੇਬਾਜ਼ੀ ਦੇ ਸਨ, ਹੁਣ ਚੀਨੀ ਤਕਨੀਕਾਂ ਦੀ ਪ੍ਰਯੋਗਸ਼ਾਲਾ ਬਣਦੇ ਜਾ ਰਹੇ ਹਨ ਅਤੇ ਇਹ ਸਿਰਫ ਤਕਨੀਕੀ ਸਮਰੱਥਾ ਦੇ ਕਾਰਨ ਨਹੀਂ ਹੋ ਰਿਹਾ, ਸਗੋਂ ਸਸਤੀ ਕੀਮਤ, ਖੁੱਲ੍ਹੇ ਸਰੋਤ ਤੇ ਸਥਾਨਕ ਲੋੜਾਂ 'ਚ ਫਿਟ ਬੈਠਣ ਕਾਰਨ ਹੋ ਰਿਹਾ ਹੈ।

ਜੇ ਅਮੇਜ਼ਨ, ਮਾਈਕਰੋਸਾਫਟ ਤੇ ਗੂਗਲ ਵਰਗੀਆਂ ਅਮਰੀਕੀ ਕੰਪਨੀਆਂ ਵੀ ਡੀਪਸੀਕ ਨੂੰ ਆਪਣੀਆਂ ਸੇਵਾਵਾਂ ਵਿੱਚ ਸ਼ਾਮਲ ਕਰ ਲੈਣ ਤਾਂ ਇਹ ਸੰਕੇਤ ਸਿਰਫ ਵਪਾਰਕ ਵਿਹਾਰਕਤਾ ਦਾ ਨਹੀਂ, ਸਗੋਂ ਸ਼ਕਤੀ ਸੰਤੁਲਨ ਦੀ ਪੁਨਰ-ਸੰਰਚਨਾ ਦਾ ਬਣ ਜਾਂਦਾ ਹੈ। ਜਦ ਵ੍ਹਾਈਟ ਹਾਊਸ ਡੇਟਾ ਸੁਰੱਖਿਆ ਦੀ ਚਿੰਤਾ ਵਿੱਚ ਚੀਨੀ ਐਪਸ 'ਤੇ ਰੋਕ ਲਾਉਂਦਾ ਹੈ ਅਤੇ ਅਮਰੀਕੀ ਕੰਪਨੀਆਂ ਉਨ੍ਹਾਂ ਨੂੰ ਆਪਣੇ ਗਾਹਕ ਅਨੁਭਵ ਦਾ ਹਿੱਸਾ ਬਣਾ ਰਹੀਆਂ ਹਨ ਤਾਂ ਇਹ ਵਿਰੋਧਾਭਾਸ ਕੁਝ ਤਾਂ ਕਹਿੰਦਾ ਹੈ। ਚੀਨ ਦੀ ਤਾਕਤ ਸਿਰਫ ਮਸ਼ੀਨਾਂ ਤੱਕ ਸੀਮਤ ਨਹੀਂ ਹੈ। ਹਾਰਵਰਡ ਯੂਨੀਵਰਸਿਟੀ ਦੀ ਇੱਕ ਰਿਪੋਰਟ ਮੁਤਾਬਕ ਦੋ ਸਭ ਤੋਂ ਅਹਿਮ ਖੇਤਰਾਂ ਡੇਟਾ ਤੇ ਮਨੁੱਖੀ ਵਸੀਲੇ ਵਿੱਚ ਚੀਨ ਨੂੰ ਬੜ੍ਹਤ ਹਾਸਲ ਹੈ।

ਓਪਨ ਏ ਆਈ ਦੇ ਸੈਮ ਆਲਟਮੈਨ ਕਹਿ ਰਹੇ ਹਨ ਕਿ ਜਮਹੂਰੀ ਏ ਆਈ (ਅਮਰੀਕਾ) ਨੂੰ ਤਾਨਾਸ਼ਾਹੀ ਏ ਆਈ (ਚੀਨ) ਉੱਤੇ ਜਿੱਤ ਦਿਵਾਉਣੀ ਹੈ, ਪਰ ਜ਼ਮੀਨੀ ਹਕੀਕਤ ਇਹ ਹੈ ਕਿ ਪੱਛਮੀ ਮੀਡੀਆ ਵਿੱਚ ਜਿਸ ਨੂੰ ਤਾਨਾਸ਼ਾਹੀ ਦੱਸਿਆ ਜਾ ਰਿਹਾ ਹੈ, ਉਹੀ ਤਾਨਾਸ਼ਾਹੀ ਏ ਆਈ ਬਹੁਤ ਹੀ ਜਮਹੂਰੀ ਤਰੀਕੇ ਨਾਲ ਦੁਨੀਆ ਭਰ ਵਿੱਚ ਫੈਲ ਰਹੀ ਹੈ ਖੁੱਲ੍ਹੀ, ਸਸਤੀ ਤੇ ਵਿਹਾਰਕ ਬਣ ਕੇ। ਪਿਛਲੇ ਦਿਨੀਂ ਜਦ ਅਮਰੀਕਾ ਨੇ ਐੱਨਵੀਡੀਆ ਦੀ ਐੱਚ-20 ਚਿੱਪ ਦੀ ਵਿਕਰੀ ਚੀਨ ਵਿੱਚ ਬੰਦ ਕੀਤੀ ਤਾਂ ਐੱਨਵੀਡੀਆ ਨੂੰ ਹੀ 10 ਅਰਬ ਡਾਲਰ ਦਾ ਨੁਕਸਾਨ ਹੋਇਆ। ਇਹ ਤਾਂ ਮਹਿਜ਼ ਸ਼ੁਰੂਆਤ ਹੈ। ਮੈਟਾ, ਗੂਗਲ ਤੇ ਐਂਥਰੋਪਿਕ ਵਰਗੀਆਂ ਅਮਰੀਕੀ ਕੰਪਨੀਆਂ ਦਬਾਅ ਵਿੱਚ ਹਨ। ਉਨ੍ਹਾਂ ਨੂੰ ਇਹ ਸਾਬਤ ਕਰਨਾ ਪਵੇਗਾ ਕਿ ਉਨ੍ਹਾਂ ਦਾ ਮਹਿੰਗਾ ਤੇ ਬੰਦ ਮਾਡਲ ਕਿਉਂ ਡੀਪਸੀਕ ਵਰਗੇ ਸਸਤੇ ਤੇ ਖੁੱਲ੍ਹੇ ਮਾਡਲ ਨਾਲੋਂ ਬਿਹਤਰ ਹੈ।

ਇਹ ਦਵੰਦ ਸਿਰਫ ਆਰਥਕ ਜਾਂ ਤਕਨੀਕੀ ਨਹੀਂ, ਇਹ ਵਿਚਾਰਧਾਰਾ ਦਾ ਵੀ ਸੰਘਰਸ਼ ਹੈ, ਦੁਨੀਆ ਦੀ ਅਖੌਤੀ ਸਭ ਤੋਂ ਵੱਡੀ ਜਮਹੂਰੀਅਤ ਤੇ ਅਖੌਤੀ ਤਾਨਾਸ਼ਾਹੀ ਵਿਚਾਲੇ। ਜਿਵੇਂ-ਜਿਵੇਂ ਚੀਨ ਮਾਡਲ ਵਿਸ਼ਵ ਪੱਧਰੀ ਬਣਦੇ ਜਾਣਗੇ, ਅਮਰੀਕਾ ਕੋਲ ਵਿਸ਼ਵ ਤਕਨੀਕੀ ਦਿਸ਼ਾ ਤੈਅ ਕਰਨ ਦੀ ਸ਼ਕਤੀ ਘਟਦੀ ਜਾਵੇਗੀ। ਇਹ ਦੌੜ ਕਿਸ ਦੇ ਨਾਂਅ ਹੋਵੇਗੀ, ਇਹ ਸ਼ਾਇਦ ਪੱਕਾ ਨਹੀਂ ਕਹਿ ਸਕਦੇ, ਪਰ ਏਨਾ ਤੈਅ ਹੈ ਕਿ ਇਹ ਦੌੜ ਸਿਰਫ ਅਮਰੀਕੀ ਕੰਪਨੀਆਂ ਵਿਚਾਲੇ ਨਹੀਂ ਰਹੀ, ਇਹ ਦੌੜ ਹੁਣ ਉਸ ਦੁਨੀਆ ਦੀ ਕਲਪਨਾ 'ਤੇ ਵੀ ਹੈ, ਜਿਸ ਵਿੱਚ ਅਸੀਂ ਆਉਣ ਵਾਲੇ ਸਾਲਾਂ ਵਿੱਚ ਜਿਉਣ ਵਾਲੇ ਹਾਂ, ਅਜਿਹੀ ਦੁਨੀਆ, ਜਿਥੇ ਡੇਟਾ ਹੀ ਹਥਿਆਰ ਹੈ ਅਤੇ ਐਲਗੋਰਿਦਮ ਹੀ ਸੱਤਾ।

## ਤੂਤੀ ਬੋਲਦੀ ਸਦਾ

ਤੇਰੇ ਸਿਰ 'ਤੇ ਲੋਹੇ ਦੇ ਬਾਜ਼ ਫਿਰਦੇ,  
ਐਵੇਂ ਸਮਝ ਨਾ ਖੇਡ ਪਰਿੰਦਿਆਂ ਦੀ।  
ਤੇਰਾ ਸਭ ਕੁਝ ਉਹਦੇ ਵਿੱਚ ਕੈਦ ਹੋਣਾ,  
ਜਿਹੜੀ ਕੋਠੜੀ ਆਰਥਿਕ ਜਿੰਦਿਆਂ ਦੀ।  
ਤੇਰੇ ਕੱਟੇ ਤੇ ਵੱਛੇ ਵੀ ਖੋਲ੍ਹ ਲੈਣੇ,  
ਬੋਲੀ ਲਾਉਣਗੇ ਪੁੱਤਰਾਂ ਛਿੰਦਿਆਂ ਦੀ।  
ਕਾਲੇ ਸ਼ੀਸ਼ਿਆਂ ਪਿੱਛੇ ਉਹ ਨੋਟ ਗਿਣਦੇ,  
ਬਾਕੀ ਖੇਡ ਹੈ ਸਾਰੀ ਕਰਿੰਦਿਆਂ ਦੀ।  
ਸਭ ਲੋਕਾਂ ਤੋਂ ਲੈਣਾ ਹੀ ਜਾਣਦੇ ਨੇ,  
ਜਾਨ ਨਿਕਲਦੀ ਕੋਲ ਤੋਂ ਦਿੰਦਿਆਂ ਦੀ।  
ਤੇਰੇ ਨਾਮ 'ਤੇ ਭਾਵੇਂ ਸਰਕਾਰ ਬਣਦੀ,  
ਤੂਤੀ ਬੋਲਦੀ ਚੁਣਿੰਦਿਆਂ ਦੀ।

-ਹਰਜਿੰਦਰ ਸਿੰਘ ਗੁਲਪੁਰ

# ਕੀ ਸਮਾਜਵਾਦੀ ਤੇ ਧਰਮ-ਨਿਰਪੱਖ ਸ਼ਬਦ ਸੰਵਿਧਾਨ 'ਚੋਂ ਗ਼ਾਇਬ ਹੋ ਜਾਣਗੇ



ਗੁਰਮੀਤ ਸਿੰਘ ਪਲਾਹੀ

ਇਹਨਾਂ ਦਿਨਾਂ 'ਚ ਦੇਸ਼ ਵੱਡੀਆਂ ਚਰਚਾਵਾਂ ਕਾਰਨ ਹੈਰਾਨ-ਪਰੇਸ਼ਾਨ ਹੈ। ਵੱਡੀ ਚਰਚਾ ਤਿੰਨ ਦਹਾਕੇ ਪਹਿਲਾਂ ਇੰਦਰਾ ਗਾਂਧੀ ਵੱਲੋਂ ਐਲਾਨੀ ਗਈ ਐਮਰਜੈਂਸੀ ਦੀ ਹੋ ਰਹੀ ਹੈ। ਨਾਲ ਹੀ ਚਰਚਾ ਹੋ ਰਹੀ ਹੈ ਆਰ ਐੱਸ ਐੱਸ ਦੇ ਇੱਕ ਵੱਡੇ ਅਧਿਕਾਰੀ ਦੀ ਸਮਾਜਵਾਦੀ ਅਤੇ ਧਰਮ ਨਿਰਪੱਖਤਾ ਸੰਬੰਧੀ ਟਿੱਪਣੀ ਦੀ।

ਕੋਈ ਵੀ ਅਖ਼ਬਾਰ, ਕੋਈ ਵੀ ਟੀ ਵੀ ਚੈਨਲ ਇਹੋ ਜਿਹਾ ਨਹੀਂ ਦਿਖਦਾ, ਜਿਹੜਾ ਐਮਰਜੈਂਸੀ ਦੌਰਾਨ ਹੋਈਆਂ ਜ਼ਿਆਦਤੀਆਂ, ਸੈਂਸਰਸ਼ਿਪ ਦੀ ਗੱਲ ਨਾ ਕਰਦਾ ਹੋਵੇ ।ਗੋਦੀ ਮੀਡੀਆ ਵੱਲੋਂ 30 ਸਾਲ ਪਹਿਲਾਂ ਵਾਪਰੇ ਘਟਨਾਕ੍ਰਮ ਤੇ ਵੋਟ-ਬਟੋਰੂ ਰਾਜਨੀਤੀ ਕਰਦਿਆਂ ਲੋਕਾਂ ਦਾ ਧਿਆਨ ਅਸਲ ਮੁੱਦਿਆਂ ਤੋਂ ਪਾਸੇ ਕਰਨ ਲਈ ਇਹ ਮੁੱਦਾ ਵਿਸ਼ਾਲ ਪੱਧਰ 'ਤੇ ਪ੍ਰਚਾਰਿਆ ਜਾ ਰਿਹਾ ਹੈ।

ਪਰ ਹੈਰਾਨੀ ਦੀ ਗੱਲ ਹੈ ਕਿ ਇੱਕ ਸਦੀ ਤੋਂ ਵੀ ਵੱਧ ਪੁਰਾਣੀ ਕਾਂਗਰਸ ਇਸ ਪ੍ਰਚਾਰ ਪ੍ਰਤੀ ਚੁੱਪੀ ਧਾਰ ਕੇ ਬੈਠੀ ਹੈ, ਕਿਉਂ ਨਹੀਂ ਕਾਂਗਰਸ ਲੀਡਰਸ਼ਿਪ ਐਮਰਜੈਂਸੀ ਦੌਰਾਨ ਲੋਕਾਂ ਨਾਲ ਹੋਈਆਂ ਜ਼ਿਆਦਤੀਆਂ ਦੀ ਦੇਸ਼ ਦੇ ਲੋਕਾਂ ਤੋਂ ਮਾਫ਼ੀ ਮੰਗਦੀ ਅਤੇ ਭਾਜਪਾ ਦੇ ਇਸ ਤਿੱਖੇ ਹਥਿਆਰ ਨੂੰ ਖੁੰਢਾ ਕਰਨ ਦਾ ਯਤਨ ਕਰਦੀ, ਜਿਸ ਵੱਲੋਂ ਅਣਐਲਾਨੀ ਐਮਰਜੈਂਸੀ ਦੇਸ਼ ਵਿੱਚ ਲਗਾਈ ਹੋਈ ਹੈ।

ਮੁੱਖ ਮੰਤਵ 1975 ਐਮਰਜੈਂਸੀ ਮੁੱਦੇ ਨੂੰ ਭਖਾ ਕੇ ਦੇਸ਼ ਦੇ ਸੰਵਿਧਾਨ ਵਿੱਚੋਂ ਸਮਾਜਵਾਦ ਅਤੇ ਧਰਮ ਨਿਰਪੱਖਤਾ ਦੇ ਸ਼ਬਦ ਕੱਟ ਦੇਣ ਦੀ ਮੁਹਿੰਮ ਵਿੱਢਣਾ ਹੈ ਅਤੇ ਆਰ ਐੱਸ ਐੱਸ ਦੇ ਇਸ਼ਾਰੇ ਤੇ ਹੁਣ ਲੁਕਵੇਂ ਤੌਰ 'ਤੇ ਹੀ ਨਹੀਂ, ਸਗੋਂ ਬਿਲਕੁਲ ਸਾਹਮਣੇ ਮੈਦਾਨ 'ਚ ਆ ਕੇ ਇਹ ਲੋਕਤੰਤਰ, ਸੰਵਿਧਾਨ, ਸਮਾਜਵਾਦ, ਧਰਮ ਨਿਰਪੱਖਤਾ ਦੇ ਖ਼ਾਤਮੇ ਲਈ ਹਾਕਮਾਂ ਨੇ ਦੇਸ਼ ਵਿਰੋਧੀ ਮੁਹਿੰਮ ਚਲਾਈ ਹੋਈ ਹੈ।

ਬਿਨਾਂ ਸ਼ੱਕ 25 ਜੂਨ ਨੂੰ ਭਾਰਤੀ ਇਤਿਹਾਸ ਵਿੱਚ ਕਾਲੇ ਦਿਨ ਦੇ ਰੂਪ ਵਿਚ ਯਾਦ ਕੀਤਾ ਜਾਂਦਾ ਹੈ।25 ਜੂਨ 1658 ਨੂੰ ਔਰੰਗਜ਼ੇਬ ਨੇ ਖ਼ੁਦ ਨੂੰ ਮੁਗਲ ਸਾਮਰਾਜ ਦਾ ਬਾਦਸ਼ਾਹ ਐਲਾਨਿਆ ਸੀ ਅਤੇ 25 ਜੂਨ 1975 ਨੂੰ ਭਾਰਤ ਦੀ ਤਤਕਾਲੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨੇ ਆਪਣੇ ਪ੍ਰਧਾਨ ਮੰਤਰੀ ਦੇ ਅਹੁਦੇ ਨੂੰ ਬਰਕਰਾਰ ਰੱਖਣ ਲਈ ਸੰਵਿਧਾਨ ਦੀ ਆਤਮਾ ਦਾ ਗਲਾ ਘੁੱਟ ਦਿੱਤਾ ਸੀ ।

ਉਹਨਾ ਸੰਵਿਧਾਨ ਦੀ ਧਾਰਾ 352 ਦੇ ਤਹਿਤ ਤਤਕਾਲੀ ਰਾਸ਼ਟਰਪਤੀ ਫ਼ਖ਼ਰੂਦੀਨ ਅਲੀ ਅਹਿਮਦ ਕੋਲੋਂ ਦੇਸ਼ ਵਿੱਚ ਅੰਦਰੂਨੀ ਗੜਬੜ ਦਾ ਹਵਾਲਾ ਦੇ ਕੇ ਐਮਰਜੈਂਸੀ ਦਾ ਐਲਾਨ ਕਰਵਾਇਆ ਸੀ। ਲੋਕਤੰਤਰ ਦੀ ਹੱਤਿਆ ਕਰ ਦਿੱਤੀ ਗਈ। ਸਰਕਾਰੀ ਮਸ਼ੀਨਰੀ ਦੀ ਦੁਰਵਰਤੋਂ ਕੀਤੀ ਗਈ। ਸੱਤਾ 'ਤੇ ਕਾਬਜ਼ ਰਹਿਣ ਲਈ ਵਿਰੋਧੀ ਧਿਰ ਦੇ ਨਿਰਦੋਸ਼ ਅਤੇ ਬੇਕਸੂਰ ਨੇਤਾਵਾਂ ਨੂੰ ਜੇਲ੍ਹਾਂ ਵਿੱਚ ਡੱਕ ਦਿੱਤਾ ਗਿਆ।

ਲੋਕਤੰਤਰ ਦਾ ਚੌਥਾ ਮਹੱਤਵਪੂਰਨ ਥੰਮ੍ਹ ਮੰਨੇ ਜਾਣ ਵਾਲੇ ਮੀਡੀਆ ਦੀ ਅਵਾਜ਼ ਨੂੰ ਬੰਦ ਕਰਕੇ ਇਸ ਨੂੰ ਗੂੰਗਾ ਬਣਾ ਦਿੱਤਾ ਗਿਆ। ਲੋਕਤੰਤਰ ਦੀ ਜਾਨ ਅਤੇ ਲੋਕਤੰਤਰ ਦਾ ਪੰਜਵਾਂ ਮਹੱਤਵਪੂਰਨ ਥੰਮ੍ਹ ਦੇਸ਼ ਦੇ ਨਾਗਰਿਕਾਂ ਨੂੰ ਐਮਰਜੈਂਸੀ ਲਗਾ ਕੇ ਉਹਨਾਂ ਦੇ ਮੁੱਢਲੇ ਹੱਕ-ਹਕੂਕਾਂ ਤੋਂ ਵਾਂਝੇ ਕਰ ਦਿੱਤਾ ਗਿਆ। ਮੀਡੀਆ ਸਮੇਤ ਆਮ- ਖ਼ਾਸ ਸਭ ਲੋਕਾਂ ਦੇ ਵਿਚਾਰ ਪ੍ਰਗਟਾਉਣ, ਸ਼ਾਂਤਮਈ ਢੰਗ ਨਾਲ ਵਿਰੋਧ ਕਰਨ, ਮੁਜ਼ਾਹਰਾ ਕਰਨ ਅਤੇ ਹੋਰ ਬੁਨਿਆਦੀ ਹੱਕ ਇੱਕ ਝਟਕੇ ਨਾਲ ਖੋਹ ਲਏ।

ਖ਼ਬਰਾਂ ਇੱਥੋਂ ਤੱਕ ਕਿ ਫ਼ਿਲਮਾਂ 'ਤੇ ਵੀ ਸਖ਼ਤੀ ਨਾਲ਼ ਸੈਂਸਰ ਲਾ ਦਿੱਤਾ। ਬਿਨਾਂ ਸ਼ੱਕ ਦੇਸ਼ ਵਿੱਚ 25 ਮਾਰਚ 1977 ਤੱਕ 21 ਮਹੀਨੇ ਐਮਰਜੈਂਸੀ ਦਾ ਦੌਰ ਤਾਨਾਸ਼ਾਹ ਹੁਕਮਰਾਨ ਦੀਆਂ ਮਨਮਾਨੀਆਂ ਦਾ ਦੌਰ ਸੀ ।

ਐਮਰਜੈਂਸੀ ਦੇ ਇਸ ਕਾਲੇ ਦੌਰ ਦੀ ਯਾਦ ਨੂੰ ਕੇਂਦਰੀ ਗ੍ਰਹਿ ਅਤੇ ਸਹਿਕਾਰਤਾ ਮੰਤਰੀ ਅਮਿਤ ਸ਼ਾਹ ਨੇ ਲੋਕਤੰਤਰ ਦੀ ਆਤਮਾ 'ਤੇ ਇੱਕ ਜ਼ਾਲਮ ਹਮਲਾ ਦੱਸਦਿਆਂ ਪ੍ਰਸਤਾਵ ਰੱਖਿਆ ਸੰਵਿਧਾਨ ਦੀ ਉਲੰਘਣਾ ਅਤੇ ਤਾਨਾਸ਼ਾਹੀ ਦੇ ਵਿਰੁੱਧ ਖੜ੍ਹੇ ਲੱਖਾਂ ਭਾਰਤੀਆਂ ਦੀ ਹਿੰਮਤ ਨੂੰ ਯਾਦ ਕਰਨ ਦੇ ਦਿਨ ਵਜੋਂ 25 ਜੂਨ ਨੂੰ ਹਰ ਸਾਲ ਸੰਵਿਧਾਨ ਕਤਲ ਦਿਵਸ ਵਜੋਂ ਮਨਾਇਆ ਜਾਣਾ ਚਾਹੀਦਾ ਹੈ।

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਕੀ ਐਮਰਜੈਂਸੀ ਦੇ ਖ਼ਾਤਮੇ ਤੋਂ ਬਾਅਦ ਭਾਰਤ ਵਿੱਚ ਸਹੀ ਅਰਥਾਂ ਵਿੱਚ ਲੋਕਤੰਤਰ ਸਥਾਪਤ ਹੋ ਸਕਿਆ ? ਕੀ ਸੰਵਿਧਾਨ ਸਹੀ ਢੰਗ ਨਾਲ਼ ਅਤੇ ਸਹੀ ਅਰਥਾਂ ਵਿੱਚ ਲਾਗੂ ਹੋ ਸਕਿਆ ? ਕੀ ਅਣਮਨੁੱਖੀ ਤਸ਼ੱਦਦ ਬੰਦ ਹੋ ਗਿਆ ? ਕੀ ਲੋਕਾਂ ਨੂੰ ਪੂਰਨ ਅਜ਼ਾਦੀ ਹਾਸਲ ਹੋ ਗਈ ? ਕੀ ਅੱਜ ਲੋਕ ਆਪਣੇ ਵਿਚਾਰਾਂ ਨੂੰ ਪ੍ਰਗਟਾਉਣ ਲਈ ਆਜ਼ਾਦ ਹਨ ? ਕੀ ਮੌਜੂਦਾ ਸਰਕਾਰ ਲੋਕਤੰਤਰ ਦੀ ਪਰਵਾਹ ਕਰਦੀ ਹੈ ? ਕੀ ਮੌਜੂਦਾ ਸਰਕਾਰ ਆਮ ਨਾਗਰਿਕਾਂ ਦੇ ਮੁੱਢਲੇ ਅਧਿਕਾਰਾਂ ਦੀ ਰਾਖੀ ਕਰਨ ਵਿੱਚ ਸਫ਼ਲ ਹੋ ਸਕੀ ਹੈ ? ਕੀ ਅੱਜ ਦੇਸ਼ ਵਿੱਚ ਸਹੀ ਅਰਥਾਂ ਵਿੱਚ ਲੋਕਤੰਤਰ ਪ੍ਰਚੱਲਤ ਹੈ ਜਾਂ ਦੇਸ਼ ਅਜੇ ਵੀ ਅਣਐਲਾਨੀ ਐਮਰਜੈਂਸੀ ਦੇ ਦੌਰ ਵਿੱਚੋਂ ਗੁਜ਼ਰ ਰਿਹਾ ਹੈ ? ਕੀ ਹੁਣ ਸਰਕਾਰੀ ਮਸ਼ੀਨਰੀ ਦੀ ਦੁਰਵਰਤੋਂ ਬੰਦ ਹੋ ਗਈ ਹੈ ?

ਬੇਸ਼ੱਕ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਐਮਰਜੈਂਸੀ ਦਾ ਐਲਾਨ ਕਰਨਾ ਕਿਸੇ ਤਰ੍ਹਾਂ ਵੀ ਜਾਇਜ਼, ਤਰਕਸੰਗਤ ਅਤੇ ਨਿਆਂਸੰਗਤ ਨਹੀਂ ਠਹਿਰਾਇਆ ਜਾ ਸਕਦਾ, ਪਰ ਉਹਨਾ ਮੌਜੂਦਾ ਸਰਕਾਰ ਵਾਂਗ ਕਿਸੇ ਇੱਕ ਵਰਗ ਦੇ ਲੋਕਾਂ ਨੂੰ ਦੂਜੇ ਵਰਗ ਦੇ ਲੋਕਾਂ ਵਿਰੁੱਧ ਭੜਕਾ ਕੇ ਆਪਣੇ ਸਵਾਰਥਾਂ ਦੀ ਪੂਰਤੀ ਨਹੀਂ ਕੀਤੀ ਸੀ।

ਮੌਜੂਦਾ ਸਰਕਾਰ ਆਰ ਐੱਸ ਐੱਸ, ਬਜਰੰਗ ਦਲ, ਸ਼ਿਵ ਸੈਨਾ, ਗਊ ਰੱਖਿਆ ਜਿਹੇ ਅਨੇਕਾਂ ਫਿਰਕਾਪ੍ਰਸਤ ਸੰਗਠਨਾਂ ਨੂੰ ਵਰਤ ਕੇ ਦੇਸ਼ ਦੀ ਏਕਤਾ, ਅਖੰਡਤਾ, ਧਰਮ ਨਿਰਪੱਖਤਾ ਅਤੇ ਭਾਈਚਾਰੇ ਨੂੰ ਘੁਣ ਵਾਂਗ ਖਾ ਰਹੀ ਹੈ। ਮੁਸਲਮਾਨਾਂ ਦੀ ਅਬਾਦੀ ਵੱਧ ਤੇਜ਼ੀ ਨਾਲ਼ ਵਧਣ, 'ਲਵ ਜਿਹਾਦ', 'ਘਰ-ਵਾਪਸੀ', ਰਾਮ ਮੰਦਰ, ਬਾਬਰੀ ਮਸਜਿਦ ਜਿਹੇ ਮੁੱਦਿਆਂ 'ਤੇ ਦੰਗੇ ਫਸਾਦ ਕਰਵਾ ਕੇ ਸੱਤਾ ਵਿੱਚ ਰਹਿਣ ਲਈ ਵੋਟਾਂ ਬਟੋਰਨਾ, ਘੱਟ ਗਿਣਤੀਆਂ ਵਿਰੁੱਧ ਹਿੰਸਕ ਘਟਨਾਵਾਂ ਜਿਹੀਆਂ ਕਾਰਵਾਈਆਂ, ਕਿਸਾਨਾਂ ਦਾ ਕਾਲੇ ਕਾਨੂੰਨਾਂ ਦੇ ਵਿਰੋਧ ਵਿੱਚ ਸਾਲਾਂਬੱਧੀ ਸੜਕਾਂ 'ਤੇ ਰੁਲਣਾ ਅਤੇ ਹਾਕਮ ਦਾ ਅੰਨ੍ਹੇ, ਗੂੰਗੇ, ਬੋਲੇ ਹੋਣ ਦਾ ਦਿਖਾਵਾ ਕਰਨਾ, ਕੀ ਇਹ ਐਮਰਜੈਂਸੀ ਨਾਲੋਂ ਕਿਸੇ ਤਰ੍ਹਾਂ ਘੱਟ ਜ਼ਾਲਮਾਨਾ ਵਰਤਾਰਾ ਹੈ ?

ਰਾਸ਼ਟਰਵਾਦ ਦੇ ਨਾਂਅ 'ਤੇ ਹਿੰਦੂ ਰਾਸ਼ਟਰ ਦਾ ਕੂੜ ਪ੍ਰਚਾਰਿਆ ਜਾ ਰਿਹਾ ਹੈ। ਭਾਰਤ ਦੀ ਅਨੇਕਤਾ ਵਿੱਚ ਏਕਤਾ ਨੂੰ ਖ਼ਤਮ ਕਰਨ ਲਈ ਅੱਡੀ-ਚੋਟੀ ਦਾ ਜ਼ੋਰ ਲਗਾਇਆ ਜਾ ਰਿਹਾ ਹੈ।

ਸੱਚ ਤਾਂ ਇਹ ਹੈ ਕਿ 25 ਜੂਨ 1975 ਦੀ ਐਮਰਜੈਂਸੀ ਦੇ ਦਿਨ ਨੂੰ ਸੰਵਿਧਾਨ ਹੱਤਿਆ ਦਿਵਸ ਵਜੋਂ ਮਨਾਉਣ ਦੀ ਸਿਫ਼ਾਰਸ਼ ਕਰਨ ਵਾਲੀ ਮੌਜੂਦਾ ਸਰਕਾਰ ਨੇ ਸਦਾ ਹੀ ਸੰਵਿਧਾਨ ਦੀ ਆਤਮਾ ਨੂੰ ਅੱਖੋਂ-ਪਰੋਖੇ ਕੀਤਾ ਹੈ ਅਤੇ ਲੋਕਤੰਤਰ ਨੂੰ ਛਿੱਕੇ ਟੰਗਿਆ ਹੈ। ਲੋਕ ਇਸ ਅਣਐਲਾਨੀ ਐਮਰਜੈਂਸੀ ਤੋਂ ਦੁਖੀ ਹਨ ਅਤੇ ਹੁਕਮਰਾਨ ਦਾ ਇਹ ਵਰਤਾਰਾ ਸਮੁੱਚੇ ਦੇਸ਼ ਲਈ ਘਾਤਕ ਹੈ।

ਜਿਵੇਂ ਦੇਸ਼ ਵਿੱਚ ਹਿੰਦੂਤਵ ਦਾ ਵਿਸਥਾਰ ਕੀਤਾ ਜਾ ਰਿਹਾ ਹੈ, ਘੱਟ ਗਿਣਤੀਆਂ ਦੇ ਹੱਕਾਂ ਨੂੰ ਅੱਖੋਂ-ਪਰੋਖੇ ਕੀਤਾ ਜਾ ਰਿਹਾ ਹੈ, ਮੁਸਲਮਾਨਾਂ ਖਿਲਾਫ਼ ਹਿੰਸਾ ਵਧਦੀ ਦਿਸਦੀ ਹੈ, ਸੰਘੀ ਢਾਂਚੇ ਨੂੰ ਖਿਲਾਰਿਆ ਜਾ ਰਿਹਾ ਹੈ, ਸ਼ਕਤੀਆਂ ਦਾ ਕੇਂਦਰੀਕਰਨ ਹੋ ਰਿਹਾ ਹੈ, ਨਿਆਂਪਾਲਿਕਾ ਉੱਤੇ ਕਾਬਜ਼ ਹੋਣ ਦਾ ਯਤਨ ਕੀਤਾ ਜਾ ਰਿਹਾ ਹੈ, ਇਸ ਸਭ ਨਾਲ ਦੇਸ਼ 'ਚ ਦਹਿਸ਼ਤ ਦਾ ਮਾਹੌਲ ਪੈਦਾ ਹੋ ਰਿਹਾ ਹੈ।

ਲੇਖਕਾਂ, ਪੱਤਰਕਾਰਾਂ, ਬੁੱਧੀਜੀਵੀਆਂ 'ਤੇ ਪਿਛਲੇ 11 ਸਾਲਾਂ 'ਚ ਸੈਂਕੜੇ ਮੁਕੱਦਮੇ ਚੱਲੇ। ਅਜ਼ਾਦ ਵਿਚਾਰਾਂ ਵਾਲਿਆਂ ਨੂੰ ਜੇਲ੍ਹੀਂ ਡੱਕ ਦਿੱਤਾ ਗਿਆ। ਕਲਾ ਪਾਰਖੂਆਂ, ਕਲਾਕਾਰਾਂ 'ਤੇ ਸ਼ਬਦੀ ਹਮਲੇ ਜਿਵੇਂ ਹੁਣ ਵਧ ਰਹੇ ਹਨ ਅਤੇ ਜਿਸ ਤਰ੍ਹਾਂ ਕੁਝ ਕੁ ਲੋਕ ਆਪਣੇ ਆਪ ਨੂੰ ਰਾਸ਼ਟਰਵਾਦੀ ਅਤੇ ਬਾਕੀਆਂ ਨੂੰ ਦੇਸ਼-ਧ੍ਰੋਹੀ ਗ਼ਰਦਾਨ ਰਹੇ ਹਨ, ਉਹ ਸੱਚਮੁੱਚ ਚਿੰਤਾ ਦਾ ਵਿਸ਼ਾ ਹੈ।ਪੰਜਾਬੀ ਕਲਾਕਾਰ ਦਲਜੀਤ ਦੁਸਾਂਝ ਦੀ ਫ਼ਿਲਮ 'ਸਰਦਾਰ 3' ਸੰਬੰਧੀ ਜਿਵੇਂ ਕੂੜ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਇਸ ਵਿੱਚ ਪਾਕਿਸਤਾਨੀ ਐਕਟ੍ਰੈੱਸ ਕੰਮ ਕਰ ਰਹੀ ਹੈ, ਕੀ ਇਹ ਨਿੰਦਣਯੋਗ ਨਹੀਂ ? ਆਪਣੀ ਕਲਾ ਦਾ ਪ੍ਰਦਰਸ਼ਨ, ਬੋਲੀ ਤੇ ਸੱਭਿਆਚਾਰ ਦਾ ਪਸਾਰ ਕੀ ਕਲਾਕਾਰਾਂ ਦਾ ਹੱਕ ਨਹੀਂ ? ਇੱਕ ਪਾਸੇ ਤਾਂ ਦੇਸ਼ ਦਾ ਪ੍ਰਧਾਨ ਮੰਤਰੀ ਦਲਜੀਤ ਦੁਸਾਂਝ ਨੂੰ ਦੇਸ਼ ਦਾ ਮਾਣ ਕਹਿੰਦਾ ਹੈ, ਦੂਜੇ ਪਾਸੇ ਵੱਡੇ ਰਾਸ਼ਟਰਵਾਦੀ ਉਸ ਦੀ ਨਾਗਰਿਕਤਾ ਖੋਹਣ ਦੀ ਗੱਲ ਕਰਦੇ ਹਨ।

ਇਹ ਵੱਡੇ ਰਾਸ਼ਟਰਵਾਦੀ ਅਸਲ ਵਿੱਚ ਕੌਣ ਹਨ ? ਕੀ ਇਹ ਉਹ ਲੋਕ ਹਨ, ਜੋ ਦੇਸ਼ ਦੇ ਸੰਵਿਧਾਨ ਨੂੰ ਬਦਲਣਾ ਚਾਹੁੰਦੇ ਹਨ ਅਤੇ ਇੱਕ ਬੋਲੀ, ਇੱਕ ਰਾਸ਼ਟਰ ਦੀ ਗੱਲ ਕਰਦੇ ਹਨ ?

ਨਵੀਂ ਸਿੱਖਿਆ ਨੀਤੀ ਲਾਗੂ ਕਰਦਿਆਂ ਹਿੰਦੀ ਨੂੰ ਪ੍ਰਮੁੱਖਤਾ ਦੇਣ ਦੀ ਮੁਹਿੰਮ ਜ਼ੋਰਾਂ 'ਤੇ ਹੈ , ਜਿਸ ਦਾ ਵਿਰੋਧ ਕੁਝ ਹਲਕਿਆਂ ਵਿੱਚ ਲਗਾਤਾਰ ਹੋ ਰਿਹਾ ਹੈ। ਪਿਛਲੇ ਦਿਨੀ ਆਰ ਐੱਸ ਐੱਸ ਦੇ ਇੱਕ ਵੱਡੇ ਅਧਿਕਾਰੀ ਦੱਤਾਤ੍ਰੇਯਾ ਹੋਸਬੋਲੇ ਵੱਲੋਂ ਧਰਮ ਨਿਰਪੱਖ ਅਤੇ ਸਮਾਜਵਾਦੀ ਸ਼ਬਦਾਂ ਉੱਤੇ ਬਹਿਸ ਅਤੇ ਪੁਨਰ-ਵਿਚਾਰ ਦੇ ਸੁਝਾਅ ਨੇ ਸਿਆਸੀ ਭੁਚਾਲ਼ ਲੈ ਆਂਦਾ ਹੈ। ਦੇਸ਼ ਦੀਆਂ ਸਿਆਸੀ ਪਾਰਟੀਆਂ ਸਮੇਤ ਕਾਂਗਰਸ ਨੇ ਇਸ ਨੂੰ ਸੰਵਿਧਾਨ ਬਦਲਣਾ ਕਰਾਰ ਦਿੱਤਾ ਹੈ।

ਅੱਜ '75 ਦੀ ਐਮਰਜੈਂਸੀ ਦੇ ਦਿਨਾਂ ਵਾਂਗ ਹੀ ਸਥਿਤੀ ਹੈ। ਜਿਵੇਂ ਸੱਤਾ ਦਾ ਕੇਂਦਰੀਕਰਨ ਐਮਰਜੈਂਸੀ ਦੌਰਾਨ ਸੀ,ਅੱਜ ਵੀ ਉਵੇਂ ਹੀ ਹੈ। ਵਿਅਕਤੀ ਪੂਜਾ ਜਿਵੇਂ ਇੰਦਰਾ ਗਾਂਧੀ ਕਰਵਾਉਂਦੀ ਸੀ, ਅੱਜ ਮੌਜੂਦਾ ਪ੍ਰਧਾਨ ਮੰਤਰੀ ਕਰਵਾਉਂਦੇ ਹਨ । ਪ੍ਰਸਿੱਧ ਕਵੀ ਭਵਾਨੀ ਪ੍ਰਸ਼ਾਦ ਮਿਸ਼ਰ ਦੀਆਂ ਪੰਕਤੀਆਂ ਅੱਜ ਦੇ ਮਾਹੌਲ 'ਤੇ ਉਵੇਂ ਹੀ ਢੁਕਦੀਆਂ ਹਨ, ਜਿਵੇਂ ਇੰਦਰਾ ਕਾਲ 'ਤੇ ਢੁਕਦੀਆਂ ਸਨ।

*ਬਹੁਤ ਨਹੀਂ ਸਿਰ਼ਫ ਚਾਰ ਕਊਏ ਥੇ ਕਾਲੇ,*  
*ਉਨਹੋਂ ਨੇ ਤੈਅ ਕੀਆ ਕਿ ਸਾਰੇ ਉੜਨੇ ਵਾਲੇ।*  
*ਉਨਕੇ ਢੰਗ ਸੇ ਉੜੇਂ, ਰੁਕੇਂ, ਖਾਏਂ ਔਰ ਗਾਏਂ,*  
*ਵੇ ਜਿਸ ਕੋ ਤਿਉਹਾਰ ਕਹੇਂ ਸਭ ਉਸੇ ਮਨਾਏ।*

ਸੰਵਿਧਾਨ ਨੂੰ ਬਦਲਣ ਵਾਲੇ ਅਤੇ ਇਸ ਵਿੱਚੋਂ ਧਰਮ ਨਿਰਪੱਖਤਾ ਅਤੇ ਸਮਾਜਵਾਦ ਸ਼ਬਦ ਕੱਢਣ ਦੀ ਮੁਹਿੰਮ ਚਲਾਉਣ ਵਾਲੇ ਪਤਾ ਨਹੀਂ ਕਿਉਂ ਡਾਕਟਰ ਭੀਮ ਰਾਓ ਅੰਬੇਡਕਰ ਦੇ ਇਹ ਸ਼ਬਦ ਭੁੱਲ ਬੈਠੇ ਹਨ, ਭਾਰਤ ਦੇ ਲੋਕਾਂ ਦੇ ਸੋਚਣ, ਸਮਝਣ ਅਤੇ ਭਾਰਤ ਨੂੰ ਪਰਿਭਾਸ਼ਿਤ ਕਰਨ ਦਾ ਅਧਿਕਾਰ ਕਿਸੇ ਕਾਲ-ਖੰਡ ਦੀ ਪੀੜ੍ਹੀ ਦੀ ਸੋਚ-ਸਮਝ ਅਤੇ ਪਰਿਭਾਸ਼ਾ ਨਾਲ ਬੰਨ੍ਹਿਆ ਨਹੀਂ ਜਾ ਸਕਦਾ।

# ਸੰਪਰਕ : 98158-02070

# ਗੁਰਮਤਿ, ਕਿਰਤ ਅਤੇ ਕਰਾਮਾਤ !



ਅਮਰਜੀਤ ਸਿੰਘ ਫੌਜੀ

ਗੁਰਬਾਣੀ ਸਿੱਖ ਗੁਰੂਆਂ ਦੀਆਂ ਰਚਨਾਵਾਂ ਨੂੰ ਕਿਹਾ ਜਾਂਦਾ ਹੈ। ਗੁਰਬਾਣੀ ਸਬਦ ਦੋ ਸਬਦਾਂ ਦੀ ਬਣਤਰ ਤੋਂ ਬਣਿਆ ਹੈ, ਗੁਰ ਅਤੇ ਬਾਣੀ, ਗੁਰ ਤੋਂ ਭਾਵ ਗੁਰੂ ਹੈ ਅਤੇ ਬਾਣੀ ਤੋਂ ਭਾਵ ਹੈ ਸ਼ਬਦ। ਸਿੱਖ ਧਰਮ ਦੇ ਦਸ ਗੁਰੂਆਂ ਦੀਆਂ ਰਚਨਾਵਾਂ ਅਤੇ ਗੁਰੂ ਗ੍ਰੰਥ ਸਾਹਿਬ 'ਚ ਸ਼ਾਮਲ ਭਗਤਾਂ, ਭੱਟਾਂ ਅਤੇ ਗੁਰਸਿੱਖਾਂ ਦੀ ਬਾਣੀ ਨੂੰ ਗੁਰਬਾਣੀ ਦੇ ਰੂਪ ਵਿੱਚ ਸਵੀਕਾਰਿਆ ਗਿਆ ਹੈ। ਸਿੱਖ ਧਰਮ ਵਿੱਚ ਗੁਰਬਾਣੀ ਨੂੰ ਸਹੀ ਤਰੀਕੇ ਨਾਲ ਪੜ੍ਹਨਾ ਅਤੇ ਸ਼ਰਧਾ ਨਾਲ ਉਚਾਰਨ ਕਰਨਾ ਬਹੁਤ ਮਹੱਤਵਪੂਰਨ ਹੈ, ਕਿਉਂਕਿ ਇਸ ਦੀ ਸਹੀ ਉਚਾਰਨ ਨਾਲ ਗੁਰਬਾਣੀ ਦੇ ਅਰਥ ਅਤੇ ਇਸ ਦੀ ਰੂਹਾਨੀ ਤਾਕਤ ਦਾ ਪ੍ਰਕਾਸ਼ ਹੁੰਦਾ ਹੈ। ਗੁਰਬਾਣੀ ਦੇ ਸਿਧਾਂਤ ਨੂੰ ਸਮਝ ਕੇ ਤੇ ਜੀਵਨ ਵਿੱਚ ਲਾਗੂ ਕਰਕੇ ਮਨੁੱਖੀ ਜੀਵਨ ਨੂੰ ਸਮਾਜਿਕ ਅਤੇ ਪਰਮਾਰਥਿਕ ਤੌਰ 'ਤੇ ਸਫਲ ਬਣਾਇਆ ਜਾ ਸਕਦਾ ਹੈ। ਗੁਰਬਾਣੀ ਨੂੰ ਆਪ ਖੁਦ ਹੌਲੀ-ਹੌਲੀ ਸਮਝ ਕੇ ਪੜ੍ਹਨਾ ਚਾਹੀਦਾ ਹੈ। ਜੇਕਰ ਕੋਈ ਕਿਸੇ ਕਾਰਨ ਖੁਦ ਗੁਰਬਾਣੀ ਨਹੀਂ ਪੜ੍ਹ ਸਕਦਾ ਤਾਂ ਕਿਸੇ ਗੁਰਬਾਣੀ ਦੀ ਸੂਝ-ਬੂਝ ਰੱਖਣ ਵਾਲੇ ਵਿਦਵਾਨ ਵਿਅਕਤੀ ਤੋਂ ਸੁਣ ਲੈਂਣੀ ਚਾਹੀਦੀ ਹੈ। ਵਾਰ-ਵਾਰ ਸੁਣ ਕੇ ਸਮਝ ਕੇ ਉਸ ਦੇ ਵਡਮੁੱਲੇ ਸਿਧਾਂਤ ਨੂੰ ਜ਼ਿੰਦਗੀ ਵਿੱਚ ਲਾਗੂ ਕੀਤਾ ਜਾ ਸਕਦਾ ਹੈ, ਪਰ ਅੱਜਕੱਲ੍ਹ ਬਹੁਤੇ ਲੋਕ ਦੁਨਿਆਵੀ ਮੰਗਾਂ ਨੂੰ ਲੈ ਕੇ ਗੁਰਬਾਣੀ ਦਾ ਪਾਠ ਕਰਾਉਣ ਵੱਲ ਤੁਰ ਪਏ ਹਨ, ਜੋ ਆਪ ਗੁਰਬਾਣੀ ਪੜ੍ਹਨ ਜਾਂ ਸੁਣਨ ਦੀ ਥਾਂ ਪਾਠੀ ਸਿੰਘਾਂ ਤੋਂ ਪਾਠ ਕਰਵਾ ਲੈਂਦੇ ਹਨ ਅਤੇ ਕਿਸੇ ਚਮਤਕਾਰ ਵਾਂਗ ਸੋਚ ਲੈਂਦੇ ਹਨ ਕਿ ਜੇਕਰ ਅਸੀਂ ਪਾਠ ਕਰਵਾ ਦੇਵਾਂਗੇ ਤਾਂ ਸਾਡੇ ਵਾਰੇ-ਨਿਆਰੇ ਹੋ ਜਾਣਗੇ, ਜਦੋਂ ਕਿ ਸਾਡੇ ਗੁਰੂਆਂ ਨੇ ਕਿਰਤ ਨੂੰ ਪਹਿਲ ਦਿੱਤੀ ਹੈ ਤੇ ਸੱਚੀ-ਸੁੱਚੀ ਹੱਥੀਂ ਕਿਰਤ ਕਰਨਾ ਅਤੇ ਗੁਰੂ ਆਸ਼ੇ ਮੁਤਾਬਕ ਜੀਵਨ ਜਿਉਣ ਨੂੰ ਹੀ ਪ੍ਰਚਾਰਿਆ ਹੈ।

ਮੇਰੇ ਫੌਜੀ ਜੀਵਨ ਵਿੱਚ ਵੀ ਅਜਿਹੀਆਂ ਕਈ ਘਟਨਾਵਾਂ ਵਾਪਰੀਆਂ ਹਨ, ਜਿਨ੍ਹਾਂ ਦਾ ਜ਼ਿਕਰ ਕਰਨਾ ਮੈਂ ਮੁਨਾਸਿਬ ਸਮਝਦਾ ਹਾਂ। ਇਹ ਘਟਨਾ ਜੋ ਜੰਮੂ ਕਸਮੀਰ ਦੇ ਲੋਅਰ ਕ੍ਰਿਸ਼ਨਾ ਘਾਟੀ ਵਿਖੇ ਵਾਪਰੀ, ਗੱਲ ਤਕਰੀਬਨ 1983-84 ਦੀ ਹੋਵੇਗੀ ਕਿ ਸਾਡੀ ਯੂਨਿਟ (ਛੇ ਸਿੱਖ ਐਲ ਆਈ) ਜੋ ਨਵੀਂ ਨਵੀਂ ਉਸ ਲੁਕੇਸ਼ਨ 'ਤੇ ਗਈ ਸੀ, ਦੀ ਐੱਮ ਟੀ (ਮਿਲਟਰੀ ਟਰਾਂਸਪੋਰਟ) ਦੇ ਦੋ ਤਿੰਨ ਛੋਟੇ ਛੋਟੇ ਐਕਸੀਡੈਂਟ ਹੋ ਗਏ, ਜਿਸ ਤੋਂ ਚਿੰਤਿਤ ਹੋ ਕੇ ਐਮ ਟੀ ਜੇ ਸੀ ਓ ਨੇ ਆਪਸ ਵਿੱਚ ਸਾਰਿਆਂ ਨਾਲ ਵਿਚਾਰ-ਵਟਾਂਦਰਾ ਕਰਕੇ ਪਲਟਣ ਤੇ ਐੱਮ ਟੀ ਪਲਟੂਨ ਦੀ ਸੁੱਖ-ਸ਼ਾਂਤੀ ਲਈ ਸ੍ਰੀ ਅਖੰਡ ਪਾਠ ਸਾਹਿਬ ਕਰਵਾਉਣ ਦੀ ਵਿਉਂਤਬੰਦੀ ਕੀਤੀ। ਉਸ ਸਮੇਂ ਮੇਰੀ ਡਿਊਟੀ ਗੁਰਦੁਆਰਾ ਸਾਹਿਬ ਲੱਗੀ ਹੋਈ ਸੀ ਤੇ ਆਰ ਟੀ ਜੇ ਸੀ ਓ ਸੁਰਜੀਤ ਸਿੰਘ ਛੁੱਟੀ 'ਤੇ ਸੀ। ਸੂਬੇਦਾਰ ਮੇਜਰ ਜੁਆਲਾ ਸਿੰਘ ਸਾਹਿਬ ਨੇ ਮੈਨੂੰ ਅਖੰਡ ਪਾਠ ਆਰੰਭ ਕਰਨ ਦੀ ਤਰੀਕ ਦੱਸ ਕੇ ਸਾਰਾ ਪ੍ਰਬੰਧ ਕਰਨ ਦਾ ਆਦੇਸ਼ ਦਿੱਤਾ ਤੇ ਮੇਰੇ ਨਾਲ ਸਲਾਹ-ਮਸ਼ਵਰਾ ਕਰਕੇ ਪਾਠੀ ਸਿੰਘਾਂ ਨੂੰ ਵੱਖ-ਵੱਖ ਕੰਪਨੀਆਂ ਵਿਚੋਂ ਬੁਲਾ ਲਿਆ ਗਿਆ। ਪਾਠੀ ਸਿੰਘ ਪਹੁੰਚ ਗਏ। ਮੇਰਾ ਬਿਸਤਰਾ ਇੱਕ ਟੈਂਟ ਵਿੱਚ ਸੀ, ਜੋ ਗੁਰਦੁਆਰਾ ਸਾਹਿਬ ਦੇ ਬਿਲਕੁਲ ਨਾਲ ਹੀ ਸੀ ਤੇ ਪਾਠੀਆਂ ਦੇ ਰਹਿਣ-ਸੌਣ ਦਾ ਪ੍ਰਬੰਧ ਗੁਰਦੁਆਰਾ ਸਾਹਿਬ ਦੇ ਸਟੋਰ ਵਿੱਚ ਕਰ ਦਿੱਤਾ ਗਿਆ, ਜੋ ਥੋੜ੍ਹਾ ਦੂਰ ਤਕਰੀਬਨ ਦੋ ਤਿੰਨ ਸੌ ਗਜ਼ ਦੂਰੀ 'ਤੇ ਸੀ । ਅਖੰਡ ਪਾਠ ਸ਼ੁਰੂ ਹੋ ਗਿਆ, ਸਾਰਿਆਂ ਨੇ ਸੇਵਾ ਕੀਤੀ ਤੇ ਤੀਜੇ ਦਿਨ ਭੋਗ ਪੈ ਗਿਆ। ਭੋਗ ਪੈਣ ਤੋਂ ਬਾਅਦ ਲੰਗਰ ਪਾਣੀ ਛਕ ਕੇ ਐੱਮ ਟੀ ਦੀ ਇੱਕ ਗੱਡੀ ਸਬਜ਼ੀ ਲੈਣ ਗਈ ਤਾਂ ਉਸ ਦਾ ਫੇਰ ਐਕਸੀਡੈਂਟ ਹੋ ਗਿਆ, ਜਿਸ 'ਤੇ ਰੌਲਾ ਪੈਣਾ ਸੁਭਾਵਿਕ ਹੀ ਸੀ ਕਿ ਅੱਜ ਹੀ ਅਖੰਡ ਪਾਠ ਦਾ ਭੋਗ ਪਾਇਆ ਹੈ ਤੇ ਅੱਜ ਹੀ ਫੇਰ ਐਕਸੀਡੈਂਟ ਹੋ ਗਿਆ, ਗੱਲ ਕੀ ਹੈ ! ਨੁਕਸ ਕਿੱਥੇ ਹੈ !

ਗੱਲ ਅੱਗੇ ਵਧੀ ਤਾਂ ਵਿਚੋਂ ਕਿਸੇ ਨੇ ਐਵੇਂ ਈ ਕਹਿ ਦਿੱਤਾ ਕਿ ਪਾਠੀਆਂ ਨੇ ਚਲਦੇ ਅਖੰਡ ਪਾਠ ਵਿੱਚ ਸਟੋਰ ਵਿੱਚ ਹੀ ਬਾਲਟੀ ਵਿੱਚ ਮੀਟ ਬਣਾ ਕੇ ਖਾਧਾ ਸੀ ਤਾਂ ਐਕਸੀਡੈਂਟ ਹੋਇਆ ਹੈ। ਜਦੋਂ ਇਹ ਗੱਲ ਸਾਰੇ ਪਾਸੇ ਖਿੱਲਰ ਗਈ ਤਾਂ ਸੂਬੇਦਾਰ ਮੇਜਰ ਜੁਆਲਾ ਸਿੰਘ ਸਾਹਿਬ ਮੇਰੇ ਕੋਲ ਗੁਰਦੁਆਰਾ ਸਾਹਿਬ ਆਏ ਤੇ ਇਸ ਸੰਬੰਧੀ ਪੁੱਛ-ਪੜਤਾਲ ਕੀਤੀ, ਤਾਂ ਮੈਂ ਕਿਹਾ-ਸਰ ਜੀ, ਮੈਨੂੰ ਇਸ ਘਟਨਾ ਬਾਰੇ ਕੋਈ ਪਤਾ ਨਹੀਂ, ਮੇਰੇ ਸਾਹਮਣੇ ਇਹੋ ਜਿਹੀ ਮੀਟ ਖਾਣ ਵਾਲੀ ਕੋਈ ਘਟਨਾ ਨਹੀਂ ਹੋਈ। ਫਿਰ ਥੋੜ੍ਹੀ ਦੇਰ ਸੋਚਣ ਤੋਂ ਬਾਅਦ ਉਹ ਬੋਲੇ ਅਮਰਜੀਤ ਸਿੰਘ ਅਖੰਡ ਪਾਠ ਦੁਬਾਰਾ ਕਰਵਾਇਆ ਜਾਵੇਗਾ ਤੇ ਅਖੰਡ ਪਾਠ ਅਰੰਭ ਕਰਨ ਤੋਂ ਪਹਿਲਾਂ ਪਾਠੀ ਸਿੰਘ ਤੇ ਸੇਵਾਦਾਰਾਂ ਨੂੰ ਮੈਨੂੰ ਮਿਲਾਉਣਾ ਹੈ। ਇਸੇ ਤਰ੍ਹਾਂ ਹੀ ਕੀਤਾ ਗਿਆ। ਪਾਠੀ ਸਿੰਘ ਦੁਬਾਰਾ ਬੁਲਾਏ ਗਏ ਤੇ ਅਖੰਡ ਪਾਠ ਆਰੰਭ ਕਰਨ ਤੋਂ ਪਹਿਲਾਂ ਮੇਰੇ ਤੋਂ ਇਲਾਵਾ ਪੰਜ ਪਾਠੀ ਸਿੰਘ ਤੇ ਪੰਜਾਂ ਸੇਵਾਦਾਰਾਂ ਨੂੰ ਸੂਬੇਦਾਰ ਮੇਜਰ ਜੁਆਲਾ ਸਿੰਘ ਨੇ ਸੰਬੋਧਨ ਹੁੰਦੇ ਹੋਏ ਮੀਟ ਖਾਣ ਵਾਲੀ ਗੱਲ ਪੁੱਛੀ ਤਾਂ ਸਭ ਨੇ ਕਿਹਾ-ਸਰ ਇਹ ਗੱਲ ਬਿਲਕੁਲ ਝੂਠ ਹੈ, ਅਸੀਂ ਚਲਦੇ ਅਖੰਡ ਪਾਠ ਵਿੱਚ ਕਿਸੇ ਨੇ ਵੀ ਮੀਟ ਨਹੀਂ ਖਾਧਾ। ਉਨ੍ਹਾਂ ਦੀ ਗੱਲ 'ਤੇ ਯਕੀਨ ਕਰਦੇ ਹੋਏ ਜੁਆਲਾ ਸਿੰਘ ਬੜੇ ਰੋਹਬ ਨਾਲ ਬੋਲੇ-ਜੋ ਪਿੱਛੇ ਹੋ ਗਿਆ, ਉਸ ਨੂੰ ਛੱਡੋ ਹੁਣ ਤੁਸੀਂ ਸੁੱਚਮਤਾ ਨਾਲ ਪਾਠ ਕਰੋ, ਕਿਸੇ ਨੇ ਕੋਈ ਗਲਤੀ ਨਹੀਂ ਕਰਨੀ, ਜਦੋਂ ਭੋਗ ਪੈ ਗਿਆ ਮੈਂ ਥੋਡੇ 'ਕੱਲਿਆਂ ਲਈ ਇਕ ਬੱਕਰਾ ਵੱਢਦੂੰ, ਏਨੀ ਗੱਲ ਸੁਣ ਕੇ ਚਾਰਲੀ ਕੰਪਨੀ ਵਾਲਾ ਪਾਠੀ ਅਮੀਰ ਸਿੰਘ ਹੱਸ ਪਿਆ ਤੇ ਨਾਲ ਹੀ ਬਰੇਵੋ ਵਾਲਾ ਤਰਲੋਚਨ ਵੀ ਮੁਸਕੜੀਏ ਹੱਸਣ ਲੱਗਾ। ਤੇ ਜੁਆਲਾ ਸਿੰਘ ਫਿਰ ਬੋਲੇ-ਹੱਸਦੇ ਕੀ ਐਂ, ਜੋ ਮੈਂ ਕਹਿਤਾ। ਸੋ ਕਹਿਤਾ ਥੋਨੂੰ 'ਕੱਲਿਆਂ ਨੂੰ ਬੱਕਰਾ ਵੱਢਦੂੰ, ਪਰ ਅਖੰਡ ਪਾਠ ਦੇ ਵਿੱਚ ਨਹੀਂ ਖਾਣਾ।

ਅਖੰਡ ਪਾਠ ਆਰੰਭ ਹੋਇਆ, ਭੋਗ ਪੈ ਗਿਆ ਤਾਂ ਸੀ ਓ ਸ਼ਾਇਦ ਡੀ ਸੀ ਬੜਗੋਨਾ ਸਨ, ਉਨ੍ਹਾ ਨੇ ਸੰਬੋਧਨ ਹੁੰਦੇ ਹੋਏ ਕਿਹਾ ਕਿ ਸਾਰੇ ਡਰਾਈਵਰਾਂ ਨੂੰ ਵਧੀਆ ਟ੍ਰੇਨਿੰਗ ਦਿਓ, ਉਹ ਡਰਾਈਵਰੀ ਦੇ ਸਾਰੇ ਰੂਲ ਲਾਗੂ ਕਰਨ, ਪਹਾੜੀ ਇਲਾਕਾ ਹੋਣ ਕਰਕੇ ਗੱਡੀ ਹੌਲੀ ਚਲਾਉਣ ਤੇ ਸ਼ਰਾਬ ਪੀ ਕੇ ਜਾਂ ਕੋਈ ਵੀ ਨਸ਼ਾ ਕਰਕੇ ਗੱਡੀ ਨਾ ਚਲਾਉਣ,ਵਾਹਿਗੁਰੂ ਕ੍ਰਿਪਾ ਕਰਨਗੇ। ਸਾਰਿਆਂ ਨੇ ਇਨ੍ਹਾਂ ਗੱਲਾਂ ਵੱਲ ਖਾਸ ਧਿਆਨ ਦਿੱਤਾ ਤੇ ਮੁੜ ਕਦੇ ਐਕਸੀਡੈਂਟ ਨਹੀਂ ਹੋਇਆ । ਸੋ ਦੁਨਿਆਵੀ ਤੌਰ 'ਤੇ ਆਪਣੇ ਕਿੱਤੇ ਵਿੱਚ ਨਿਪੁੰਨ ਹੋਣ ਲਈ ਸਖਤ ਮਿਹਨਤ, ਉਸਤਾਦਾਂ ਦੀਆਂ ਹਦਾਇਤਾਂ ਦੀ ਪਾਲਣਾ ਕਰਕੇ ਹੀ ਮਨੁੱਖੀ ਜੀਵਨ ਨੂੰ ਸਫਲ ਬਣਾਇਆ ਜਾ ਸਕਦਾ ਹੈ। ਕੋਈ ਵੀ ਡੇਰੇਦਾਰ,ਪਖੰਡਵਾਦੀ, ਚਮਤਕਾਰ ਕਰਨ ਵਾਲਾ, ਟੂਣੇ ਟਾਮਣ ਕਰਨ ਵਾਲਾ ਲੋਕਾਂ ਦੀ ਆਰਥਿਕ, ਸਰੀਰਕ ਤੇ ਮਾਨਸਿਕ ਲੁੱਟ ਤਾਂ ਕਰ ਸਕਦਾ ਹੈ, ਭਲਾ ਨਹੀਂ ਕਰ ਸਕਦਾ।

# ਸੰਪਰਕ : 94174-04804

# ਸਮੂਹ ਸਕੀਮ ਅਤੇ ਠੇਕਾ ਮੁਲਾਜ਼ਮ ਪੱਕੇ ਕੀਤੇ ਜਾਣ

ਚਰਨ ਸਿੰਘ ਸਰਾਭਾ

ਭਾਰਤ ਵਿੱਚ ਬੇਰੁਜ਼ਗਾਰੀ ਵਿੱਚ ਹੋ ਰਿਹਾ ਲਗਾਤਾਰ ਵਾਧਾ ਇੱਕ ਵੱਡੀ ਚੁਣੌਤੀ ਬਣਦਾ ਜਾ ਰਿਹਾ ਹੈ। ਦੂਜੇ ਪਾਸੇ ਦੇਸ਼ ਭਰ ਦੇ ਕੇਂਦਰੀ ਅਤੇ ਸੂਬਾਈ ਸਰਕਾਰੀ ਵਿਭਾਗਾਂ ਅਤੇ ਜਨਤਕ ਅਦਾਰਿਆਂ 'ਚ ਵੱਖ-ਵੱਖ ਮੁਲਾਜ਼ਮ ਵਰਗਾਂ ਦੀਆਂ ਹਜ਼ਾਰਾਂ ਆਸਾਮੀਆਂ ਖਾਲੀ ਪਈਆਂ ਹੋਣ ਦੀਆਂ ਖ਼ਬਰਾਂ ਵੀ ਕਈ ਸਾਲਾਂ ਤੋਂ ਲਗਾਤਾਰ ਛਪ ਰਹੀਆਂ ਹਨ। ਇਸ ਤੋਂ ਬਿਨਾਂ ਇਹ ਖ਼ਬਰਾਂ ਵੀ ਹਨ ਕਿ ਕੇਂਦਰੀ ਅਤੇ ਸੂਬਾਈ ਸਰਕਾਰਾਂ ਦੇ ਕਈ ਵਿਭਾਗਾਂ ਵਿੱਚ ਰੈਗੂਲਰ ਮੁਲਾਜ਼ਮਾਂ ਦੇ ਨਾਲ-ਨਾਲ ਵੱਡੀ ਗਿਣਤੀ ਵਿੱਚ ਮੁਲਾਜ਼ਮ ਠੇਕਾ ਅਧਾਰਤ ਨਿਯੁਕਤੀਆਂ ਵਾਲੇ ਵੀ ਹਨ। ਕਈ ਵਿਭਾਗਾਂ ਜਾਂ ਜਨਤਕ ਅਦਾਰਿਆਂ ਵਿੱਚ ਤਾਂ ਹੁਣ ਠੇਕਾ ਮੁਲਾਜ਼ਮ ਵਧੇਰੇ ਹੋਣ ਦੀਆਂ ਖ਼ਬਰਾਂ ਵੀ ਹਨ। 1990-91 ਤੋਂ ਲੈ ਕੇ ਲਾਗੂ ਕੀਤੀਆਂ ਗਈਆਂ ਨਵ-ਉਦਾਰਵਾਦੀ ਆਰਥਕ ਨੀਤੀਆਂ ਅਤੇ ਸੰਸਾਰ ਬੈਂਕ ਦੇ ਕਰਜ਼ਿਆਂ ਦੀ ਸ਼ਰਤਾਂ ਅਧੀਨ ਸਰਕਾਰੀ ਖਰਚਿਆਂ ਵਿੱਚ 'ਸੰਜਮ' ਦੇ ਪਰਦੇ ਪਿਛੇ ਸਰਕਾਰੀ ਵਿਭਾਗਾਂ ਵਿੱਚ ਮੁਲਾਜ਼ਮਾਂ ਦੀਆਂ ਨੀਵੀਆਂ ਉਜਰਤਾਂ ਜਾਂ ਕੇਵਲ ਨਿਸਚਤ ਉਜਰਤਾਂ ਵਾਲੀਆਂ ਠੇਕਾ ਅਧਾਰਤ ਨਿਯੁਕਤੀਆਂ ਵੱਖ-ਵੱਖ ਅਤੇ ਨਵੇਂ-ਨਵੇਂ ਨਾਵਾਂ ਅਧੀਨ ਕੀਤੀਆਂ ਜਾਣ ਲੱਗੀਆਂ। ਇਸੇ ਤਰ੍ਹਾਂ ਹੋਰ ਵੱਖ-ਵੱਖ ਖੇਤਰਾਂ ਅਤੇ ਵਿਭਾਗਾਂ ਵਿੱਚ ਵੀ ਠੇਕਾ ਨਿਯੁਕਤੀਆਂ ਹੋਈਆਂ ਹਨ। ਜਿਨ੍ਹਾਂ ਵਿੱਚ ਵੱਖ ਅਭਿਆਨਾਂ ਜਾਂ ਮਿਸ਼ਨਾ ਅਧੀਨ ਨਿਯੁਕਤ ਕੀਤਾ ਹੋਇਆ ਹੈ। ਜਿਵੇਂ ਆਂਗਣਵਾੜੀ ਵਰਕਰਜ਼ ਹੈਲਪਰਜ਼/ਸਿਹਤ ਵਿਭਾਗ ਨਾਲ ਸੰਬੰਧਤ ਨੈਸ਼ਨਲ ਹੈਲਥ ਮਿਸ਼ਨ ਅਧੀਨ ਆਸ਼ਾ ਵਰਕਰਜ਼ ਅਤੇ ਪ੍ਰਾਇਮਰੀ-ਐਲੀਮੈਂਟਰੀ ਸਿੱਖਿਆ ਖੇਤਰਾਂ ਵਿੱਚ ਮਿਡ ਡੇ ਮੀਲ ਵਰਕਰਜ਼ ਹਨ। ਇਨ੍ਹਾਂ ਸਾਰਿਆਂ ਨੂੰ ਸਕੀਮ ਵਰਕਰਜ਼ ਕਿਹਾ ਜਾਂਦਾ ਹੈ। ਆਸ਼ਾ ਵਰਕਰਜ਼ ਬੀਬੀਆਂ ਨੂੰ ਤਾਂ ਵਲੰਟੀਅਰਜ਼ ਦਾ ਦਰਜਾ ਹੀ ਦਿੱਤਾ ਹੋਇਆ ਹੈ। ਇਹ ਤਿੰਨ ਹੀ ਖੇਤਰਾਂ ਦੇ ਸਕੀਮ ਵਰਕਰਜ਼ ਜਾਂ ਵਲੰਟੀਅਰਜ਼ ਨੂੰ ਇਕ ਅਣਸਿੱਖਿਅਤ ਮਜ਼ਦੂਰ ਕਾਮੇ ਵਾਲੀ ਘੱਟੋ-ਘੱਟ ਉਜਰਤ ਵੀ ਨਹੀਂ ਦਿੱਤੀ ਜਾਂਦੀ। ਕਈਆਂ ਨੂੰ ਤਾਂ 2500 ਰੁਪਏ ਪ੍ਰਤੀ ਮਹੀਨਾ ਤੱਕ ਦਾ ਮਾਣ ਭੱਤਾ ਦਿੱਤਾ ਜਾਂਦਾ ਹੈ, ਜਿਸ ਨੂੰ ਅਸੀਂ ਕੋਝਾ ਮਜ਼ਾਕ ਜਾਂ ਘੋਰ ਗੈਰ-ਸੰਜੀਦਾ ਵਾਲੀ ਪਹੁੰਚ ਹੀ ਆਖ ਸਕਦੇ ਹਾਂ। ਅਜਿਹਾ ਕਿਉਂ ? ਉੱਤਰ ਬੜਾ ਸਪੱਸ਼ਟ ਹੈ ਕਿ ਜੇਕਰ ਇਨ੍ਹਾਂ ਨੂੰ ਵਿਭਾਗੀ ਸਰਕਾਰੀ ਮੁਲਾਜ਼ਮ ਦਾ ਦਰਜਾ ਦਿੱਤਾ ਜਾਂਦਾ ਹੈ ਤਾਂ ਇਹਨਾਂ ਨੂੰ ਸੰਬੰਧਤ ਵਿਭਾਗ ਦੇ ਅਜਿਹੇ ਹੀ ਜਾਂ ਬਰਾਬਰ ਰੁਤਬੇ ਵਾਲੇ ਮੁਲਾਜ਼ਮਾਂ ਵਾਲੇ ਬਣਦੇ ਤਨਖਾਹਾਂ ਸਕੇਲ ਅਤੇ ਹੋਰ ਸੇਵਾ ਲਾਭ ਦੇਣੇ ਪੈ ਸਕਦੇ ਹਨ ਅਤੇ ਇਹ ਸੰਬੰਧਤ ਮੁਲਾਜ਼ਮ ਸਰਕਾਰੀ ਸੇਵਾ ਨਿਯਮਾਂ ਅਤੇ ਸੰਵਿਧਾਨਕ ਵਿਵਸਥਾਵਾਂ ਅਨੁਸਾਰ ਆਪਣੇ ਬਣਦੇ ਹੋਰ ਕਾਨੂੰਨੀ ਹੱਕਾਂ ਦੀ ਗੱਲ ਵੀ ਕਰ ਸਕਣਗੇ। ਜੇਕਰ ਇਨ੍ਹਾਂ ਨੂੰ ਮੁਢਲੇ ਤੌਰ 'ਤੇ ਅਣਸਿੱਖਿਆ ਕਾਮਾ ਵੀ ਮੰਨ ਲਿਆ ਜਾਵੇ ਤਾਂ ਵੀ ਅੱਜ ਦੀਆਂ ਕੀਮਤਾਂ ਅਨੁਸਾਰ 26000 ਰੁਪਏ ਘੱਟੋ-ਘੱਟ ਉਜਰਤ ਦੇਣੀ ਪੈ ਸਕਦੀ ਹੈ। ਸਪੱਸ਼ਟ ਹੈ ਕਿ ਇਨ੍ਹਾਂ ਮੁਲਾਜ਼ਮਾਂ ਨਾਲ ਘੋਰ ਬੇਇਨਸਾਫ਼ੀ ਮਨੁੱਖੀ ਅਤੇ ਸਮਾਜਕ ਵਿਤਕਰਾ ਹੋ ਰਿਹਾ ਹੈ।

ਜੇਕਰ ਆਂਗਣਵਾੜੀ ਵਰਕਰਜ਼, ਹੈਲਪਰਜ਼, ਆਸ਼ਾ ਵਰਕਰਜ਼ ਅਤੇ ਮਿਡ-ਡੇ-ਮੀਲ ਵਰਕਰਜ਼ ਦੇ ਕੰਮ ਅਤੇ ਜ਼ਿੰਮੇਵਾਰੀਆਂ ਦਾ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਸਮਝ ਆਉਂਦੀ ਹੈ ਕਿ ਇਨ੍ਹਾਂ ਤਿੰਨਾਂ ਹੀ ਖੇਤਰਾਂ ਦੀਆਂ ਕਾਮੇ ਬੀਬੀਆਂ ਦੇਸ਼ ਦੇ ਮਨੁੱਖੀ ਅਤੇ ਸਮਾਜਕ ਵਿਕਾਸ ਵਿੱਚ ਵੱਡਮੁੱਲਾ ਯੋਗਦਾਨ ਪਾਉਂਦੀਆਂ ਹਨ, ਪਰ ਇਨ੍ਹਾਂ ਨੂੰ ਆਪਣੇ ਬੱਚੇ ਠੀਕ ਢੰਗ ਲਾਲ ਪਾਲ ਸਕਣ ਲਈ ਲੋੜੀਂਦੀਆਂ ਘੱਟੋ-ਘੱਟ ਉਜਰਤਾਂ ਵੀ ਨਹੀਂ ਦਿੱਤੀਆਂ ਜਾਂਦੀਆਂ। 58 ਸਾਲ ਦੀ ਉਮਰ ਨੂੰ ਹੋਣ ਜਾਂ ਕਿਸੇ ਹੋਰ ਕਾਰਨ ਸੇਵਾ-ਮੁਕਤੀ ਸਮੇਂ ਮੂਲੋਂ ਹੀ ਬੇਸਹਾਰਾ ਹੋ ਜਾਂਦੇ ਹਨ ਕਿਉਂਕਿ ਇਨ੍ਹਾਂ ਨੂੰ ਨਾ ਕੋਈ ਘੱਟੋ ਘੱਟ ਪੈਨਸ਼ਨ ਜਾਂ ਕੀਤੀ ਸੇਵਾ ਦੇ ਕੋਈ ਵਿੱਤੀ ਲਾਭ ਵੀ ਨਹੀਂ ਦਿੱਤੇ ਜਾਂਦੇ। ਕਮਾਲ ਦੀ ਪਹੁੰਚ ਹੈ ਸਾਡੀਆਂ ਕੇਂਦਰੀ ਅਤੇ ਸੂਬਾਈ ਸਰਕਾਰਾਂ ਦੀ ਕਿ ਇਨ੍ਹਾਂ ਮੁਲਾਜ਼ਮਾਂ ਦੀਆਂ ਸੇਵਾਵਾਂ ਜ਼ਰੂਰੀ ਹਨ, ਪਰ ਜ਼ਰੂਰੀ ਸੇਵਾ ਵਾਲੀਆਂ ਮੁਢਲੀਆਂ ਸਹੂਲਤਾਂ ਅਤੇ ਵਿਵਸਥਾਵਾਂ ਦੀ ਮੰਗ ਕਰਨ 'ਤੇ ਇਨ੍ਹਾਂ ਨੂੰ ਨਾ ਕੋਈ ਘੱਟੋ-ਘੱਟ ਪੈਨਸ਼ਨ ਜਾਂ ਕੀਤੀ ਸੇਵਾ ਦੇ ਕੋਈ ਵਿੱਤੀ ਲਾਭ ਵੀ ਨਹੀਂ ਦਿੱਤੇ ਜਾਂਦੇ। ਹਾਂ, ਇਨ੍ਹਾਂ ਦੀਆਂ ਕੀਤੀਆਂ ਜਾਣ ਵਾਲੀਆਂ ਸੇਵਾਵਾਂ ਨੂੰ ਜ਼ਰੂਰੀ ਸੇਵਾਵਾਂ ਮੰਨਿਆ ਜਾਂਦਾ ਹੈ, ਪਰ ਉਦੋਂ ਜਦੋਂ ਇਹ ਆਪਣੀਆਂ ਬਣਦੀਆਂ ਮੰਗਾਂ ਦੀ ਪੂਰਤੀ ਲਈ ਜਥੇਬੰਦਕ ਸੰਘਰਸ਼ ਦਾ ਆਰੰਭ ਕਰਨ। ਜਾਣਕਾਰੀ ਅਨੁਸਾਰ ਆਸ਼ਾ ਵਰਕਰਜ਼ ਬੀਬੀਆਂ ਦੀ ਨਿਯੁਕਤੀ ਸਮੇਂ ਹੀ ਸ਼ਰਤ ਲਾ ਦਿੱਤੀ ਜਾਂਦੀ ਹੈ ਕਿ ਉਹ ਪੱਕੇ ਜਾਂ ਰੈਗੂਲਰ ਹੋਣ ਦੀ ਮੰਗ ਹੀ ਨਹੀਂ ਕਰ ਸਕਦੀਆਂ। ਇਸੇ ਤਰ੍ਹਾਂ ਦੀ ਬੇਇਨਸਾਫ਼ੀ ਦਾ ਸ਼ਿਕਾਰ ਹਨ ਦੇਸ਼ ਭਰ ਦੇ ਪ੍ਰਾਇਮਰੀ, ਐਲੀਮੈਂਟਰੀ ਸਰਕਾਰੀ ਸਕੂਲਾਂ ਵਿੱਚ ਸੇਵਾ ਨਿਭਾਉਂਦੀਆਂ ਮਿਡ ਡੇ ਮੀਲ ਵਰਕਰਜ਼ ਬੀਬੀਆਂ। ਇਸ ਸੰਕੇਤਕ ਸੰਖੇਪ ਵਰਨਣ ਉਪਰੰਤ ਇੱਕ ਪ੍ਰਸ਼ਨ ਸਾਂਝਾ ਕੀਤਾ ਜਾਂਦਾ ਹੈ ਕਿ ਸਾਡੀਆਂ ਕੇਂਦਰੀ ਜਾਂ ਸੂਬਾਈ ਸਰਕਾਰਾਂ ਨੇ ਵੱਲੋਂ ਇਨ੍ਹਾਂ ਸਕੀਮ ਅਧਾਰਤ ਮੁਲਾਜ਼ਮ ਬੀਬੀਆ ਨੂੰ ਸੰਬੰਧਤ ਵਿਭਾਗਾਂ ਵਿੱਚ ਰੈਗੂਲਰ ਮੁਲਾਜ਼ਮਾਂ ਵਜੋਂ ਨਿਯੁਕਤ ਕਿਉਂ ਨਹੀਂ ਕੀਤਾ ਜਾਂਦਾ। ਇਸ ਨਾਲ ਹੀ ਇੱਕ ਪ੍ਰਸ਼ਨ ਇਹ ਵੀ ਹੈ ਕਿ ਸਿਹਤ ਸੰਭਾਲ ਖੇਤਰ ਵਿੱਚ ਸਿਹਤ ਵਿਭਾਗ ਦੇ ਸਮਾਨਅੰਤਰ ਨੈਸ਼ਨਲ ਹੈੱਲਥ ਮਿਸ਼ਨ ਕਿਉਂ ਆਰੰਭ ਕੀਤਾ ਗਿਆ, ਜਦੋਂ ਕਿ ਇਸ ਮਿਸ਼ਨ ਦੇ ਕੰਮ ਅਤੇ ਇਸ ਵਿੱਚ ਨਿਯੁਕਤ ਕੀਤੇ ਗਏ ਮੁਲਾਜ਼ਮ ਦਾ ਕੰਮ ਸਿਹਤ ਵਿਭਾਗ ਦੇ ਕੰਮ ਵਾਲਾ ਹੀ ਹੈ। ਨੈਸ਼ਨਲ ਹੈੱਲਥ ਮਿਸ਼ਨ ਸਦੀਵੀ ਸਿਹਤ ਸੰਭਾਲ ਵਿਭਾਗ ਨਹੀਂ ਹੈ, ਇਹ ਇੱਕ ਸਕੀਮ ਜਾਂ ਪ੍ਰੋਜੈਕਟ ਵਾਂਗ ਹੈ, ਜੋ ਕਿਸੇ ਸਮੇਂ ਵੀ ਖ਼ਤਮ ਕੀਤਾ ਜਾ ਸਕਦਾ ਹੈ। ਇਸੇ ਕਾਰਨ ਹੀ ਇਸ ਅਧੀਨ ਕੰਮ ਕਰਦੇ ਵੱਡੀ ਗਿਣਤੀ ਮੁਲਾਜ਼ਮ ਆਪਣੀਆਂ ਸੇਵਾਵਾਂ ਨੂੰ ਸੁਰੱਖਿਅਤ ਨਹੀਂ ਸਮਝਦੇ। ਅਜਿਹੀ ਪ੍ਰੇਸ਼ਾਨੀ ਵਾਲੀ ਸਥਿਤੀ ਵਿੱਚ ਉਹ ਪੂਰੇ ਸਵੈ-ਵਿਸ਼ਵਾਸ ਅਤੇ ਸਮਰਪਣ ਨਾਲ ਆਪਣੀਆਂ ਡਿਊਟੀਆਂ ਕਿਵੇਂ ਨਿਭਾ ਸਕਣਗੇ। ਇਨ੍ਹਾ ਆਸ਼ਾ ਵਰਕਰਾਂ ਨੂੰ ਹੀ ਕੋਰੋਨਾ ਸੰਕਟ ਸਮੇਂ ਕੋਰੋਨਾ ਵਾਰੀਅਰਜ਼ ਆਖ ਕੇ ਸਾਡੇ ਪ੍ਰਧਾਨ ਮੰਤਰੀ ਵੱਲੋਂ ਦੇਸ਼ ਭਰ ਵਿੱਚ ਇਨ੍ਹਾਂ ਦੇ ਸਨਮਾਨ ਵਜੋਂ ਤਾੜੀਆਂ ਮਾਰ ਕੇ ਇਨ੍ਹਾਂ ਦੀ ਪ੍ਰਸੰਸਾ ਕਰਨ ਲਈ ਕਿਹਾ ਜਾਂਦਾ ਰਿਹਾ ਹੈ। ਹੁਣ ਫਿਰ ਜਦੋਂ ਇਨ੍ਹਾਂ ਦੀਆਂ ਜਾਇਜ਼ ਮੰਗਾਂ ਦੀ ਗੱਲ ਆਉਂਦੀ ਹੈ ਤਾਂ ਫਿਰ ਟਾਲਾ-ਮਟੋਲ ਅਤੇ ਪੂਰੀ ਤਰ੍ਹਾਂ ਅਣਗੌਲਿਆ ਕੀਤਾ ਜਾ ਰਿਹਾ ਹੈ।

ਦੇਸ਼ ਭਰ ਦੀਆਂ ਟਰੇਡ : ਯੂਨੀਅਨ ਜਥੇਬੰਦੀਆਂ, ਜਿਵੇਂ ਆਲ ਇੰਡੀਆ ਟਰੇਡ ਯੂਨੀਅਨ ਕਾਂਗਰਸ ਆਦਿ ਵੱਲੋਂ ਇਨ੍ਹਾਂ ਸਕੀਮਾ ਵਰਕਰਜ਼ ਦੇ ਉੱਪਰ ਦੱਸੇ ਮੁੱਦਿਆਂ ਨੂੰ ਇੰਡੀਅਨ ਲੇਬਰ ਕਾਨਫਰੰਸ ਦੀਆਂ ਤਿੰਨ ਧਿਰੀ ਮੀਟਿੰਗਾਂ ਵਿੱਚ ਵੀ ਉਠਾਇਆ ਜਾਂਦਾ ਰਿਹਾ ਹੈ। ਇਸ ਸੰਬੰਧੀ ਅਸੀਂ ਇਕ ਅੰਗਰੇਜ਼ੀ ਅਖ਼ਬਾਰ ਦੇ ਇੱਕ ਲੇਖ ਵਿੱਚ ਇਹ ਵੀ ਪੜ੍ਹਿਆ ਕਿ ਇੰਡੀਅਨ ਲੇਬਰ ਕਾਨਫ਼ਰੰਸ ਦੀ 45ਵੀਂ ਕਾਂਗਰਸ ਕਮੇਟੀ ਨੇ ਕੇਂਦਰ ਸਰਕਾਰ ਨੂੰ ਸਰਬਸੰਮਤੀ ਨਾਲ ਸਿਫ਼ਾਰਸ਼ ਕੀਤੀ ਸੀ ਕਿ ਇਨ੍ਹਾਂ ਸਕੀਮ ਵਰਕਰਜ਼ ਨੂੰ ਅਤੇ ਵਲੰਟੀਅਰਜ਼ ਨੂੰ 'ਵਰਕਰਜ਼ ਹੋਣ' ਦਾ ਰੁਤਬਾ ਦੇ ਕੇ ਇਨ੍ਹਾਂ ਨੂੰ ਬਣਦੀਆਂ ਘੱਟੋ-ਘੱਟ ਉਜਰਤਾਂ ਪੈਨਸ਼ਨ ਦੇ ਹੱਕ ਆਦਿ ਦਿੱਤੇ ਜਾਣ। ਇਸੇ ਤਰ੍ਹਾਂ ਪੰਜਾਬ ਦੇ ਸਰਕਾਰੀ ਮੁਲਾਜ਼ਮਾਂ ਦੀ ਇਤਿਹਾਸਕ ਜਥੇਬੰਦੀ ਪੰਜਾਬ ਸੁਬਾਰਟੀਨੇਟ ਸਰਵਿਸਿਜ਼ ਫੈਡਰੇਸ਼ਨ 1680-22 ਬੀ ਚੰਡੀਗੜ੍ਹ ਲਗਾਤਾਰ ਮੰਗ ਕਰ ਰਹੀ ਹੈ ਕਿ ਇਨ੍ਹਾਂ ਸਾਰੇ ਮੁਲਾਜ਼ਮਾਂ ਨੂੰ ਵਿਭਾਗੀ ਮੁਲਾਜ਼ਮਾਂ ਮੰਨ ਕੇ ਸੰਬੰਧਤ ਵਿਭਾਗਾਂ ਵਿੱਚ ਰੈਗੂਲਰ ਕੀਤਾ ਜਾਵੇ ਅਤੇ ਵਿਭਾਗੀ ਰੈਗੂਲਰ ਮੁਲਾਜ਼ਮਾਂ ਵਾਲੇ ਸੇਵਾ ਨਿਯਮਾਂ ਅਨੁਸਾਰ ਬਣਦੇ ਸਾਰੇ ਸੇਵਾ ਲਾਭ ਦਿੱਤੇ ਜਾਣ, ਪਰ ਦੁੱਖ ਦੀ ਗੱਲ ਹੈ ਕਿ ਸਾਡੀਆਂ ਵਿਕਾਸ-ਵਿਕਾਸ ਦੀਆਂ ਟਾਹਰਾਂ ਮਾਰਨ ਵਾਲੀਆਂ ਸਰਕਾਰਾਂ ਇਨ੍ਹਾਂ ਮੁਲਾਜ਼ਮਾਂ ਦੀ ਮੰਗ ਸੰਬੰਧੀ ਲੇਬਰ ਕਾਨਫ਼ਰੰਸ ਦੀਆਂ ਉਪਰੋਕਤ ਦੱਸੀਆਂ ਸਿਫ਼ਾਰਸ਼ਾਂ ਹਾਈ ਕੋਰਟ ਅਤੇ ਸੁਪਰੀਮ ਕੋਰਟ ਤੱਕ ਦੇ ਬਰਾਬਰ ਕੰਮ ਬਦਲੇ ਬਰਾਬਰ ਤਨਖਾਹ ਵਰਗੇ ਫੈਸਲੇ ਅਤੇ ਆਦੇਸ਼ ਵੀ ਲਾਗੂ ਨਹੀਂ ਕਰ ਰਹੀਆਂ। ਸਿਆਸੀ ਆਗੂ ਚੋਣਾਂ ਸਮੇਂ ਜਾਂ ਇਸ ਤੋਂ ਪਿਛੋਂ ਵੀ ਭਾਰਤੀ ਸੰਵਿਧਾਨ ਬਚਾਉਣ ਦੀਆਂ ਵੱਡੀਆਂ -ਵੱਡੀਆਂ ਗੱਲਾਂ ਕਰਦੇ ਹਨ, ਪਰ ਫਿਰ ਅਜਿਹੇ ਸਕੀਮ ਅਧਾਰਤ ਮੁਲਾਜ਼ਮਾਂ ਸੰਬੰਧੀ ਭਾਰਤੀ ਸੰਵਿਧਾਨ ਦੇ ਉਦੇਸ਼ ਅਤੇ ਵਿਵਸਥਾਵਾਂ ਲਾਗੂ ਕਰਵਾਉਣ ਦੀ ਗੱਲ ਕਿਉਂ ਨਹੀਂ ਕਰਦੇ ? ਜਨ-ਸਮੂਹਾਂ ਅਤੇ ਇਨ੍ਹਾਂ ਮੁਲਾਜ਼ਮਾਂ ਸੰਬੰਧੀ ਭਾਰਤੀ ਸੰਵਿਧਾਨ ਦੇ ਉਦੇਸ਼ ਅਤੇ ਵਿਵਸਥਾਵਾਂ ਲਾਗੂ ਕਰਵਾਉਣ ਦੀ ਗੱਲ ਕਿਉਂ ਨਹੀਂ ਕਰਦੇ ? ਜਨ-ਸਮੂਹਾਂ ਅਤੇ ਇਨ੍ਹਾਂ ਮੁਲਾਜ਼ਮਾਂ ਨੂੰ ਵੀ ਚੇਤੰਨ ਹੋਣਾ ਅਤੇ ਸਮਝਣਾ ਹੋਵੇਗਾ ਕਿ ਇਹੀ ਜਮਾਤੀ ਖਾਸਾ ਹੈ ਇਨ੍ਹਾਂ ਕਾਰਪੋਰੇਟ ਪੱਖੀ ਸਰਕਾਰਾਂ ਅਤੇ ਸਿਆਸੀ ਆਗੂਆਂ ਦਾ, ਕਹਿਣਾ ਕੁਝ ਹੋਰ ਅਤੇ ਕਰਨਾ ਕੁਝ ਹੋਰ।

ਕੇਂਦਰੀ ਅਤੇ ਪੰਜਾਬ ਸਮੇਤ ਸੂਬਾਈ ਸਰਕਾਰਾਂ ਨੂੰ ਵੀ ਸਾਂਝੀ ਅਪੀਲ ਕੀਤੀ ਜਾਂਦੀ ਹੈ ਕਿ ਇਨ੍ਹਾਂ ਸਕੀਮ ਅਧਾਰਤ ਆਂਗਨਵਾੜੀ ਵਰਕਰਜ਼, ਹੈਲਪਰਜ਼, ਆਸ਼ਾ ਵਰਕਰਜ਼, ਮਿਡ ਡੇ ਮੀਲ ਵਰਕਰਜ਼ ਅਤੇ ਹੋਰ ਖੇਤਰਾਂ ਵਿੱਚ ਠੇਕੇ 'ਤੇ ਕੰਮ ਕਰਦੇ ਸਾਰੇ ਮੁਲਾਜ਼ਮਾਂ ਨੂੰ ਸੰਬੰਧਤ ਖੇਤਰ ਦੇ ਵਿਭਾਗੀ ਮੁਲਾਜ਼ਮ ਮੰਨ ਕੇ ਰੈਗੂਲਰ ਕੀਤਾ ਜਾਵੇ। ਨਿਸਚੇ ਹੀ ਅਜਿਹਾ ਸਰਕਾਰੀ ਫੈਸਲਾ ਇਨ੍ਹਾਂ ਮੁਲਾਜ਼ਮਾਂ ਨੂੰ ਹੋਰ ਉਤਸ਼ਾਹਤ ਕਰੇਗਾ ਅਤੇ ਇਹ ਭਾਰਤ ਦੇ ਮਨੁੱਖੀ ਵਿਕਾਸ ਵਿੱਚ ਹੋਰ ਬਣਦੀ ਅਤੇ ਵਡੇਰੀ ਭੂਮਿਕਾ ਨਿਭਾਉਣਗੇ।

# ਸੰਪਰਕ : 94177-51888

# ਜੂਨ ਮਹੀਨੇ 'ਚ 164 ਮੁਕੱਦਮੇ ਦਰਜ, 221 ਮੁਲਜ਼ਮ ਗ੍ਰਿਫਤਾਰ

**ਸੰਗਰੂਰ (ਪ੍ਰਵੀਨ ਸਿੰਘ)** ਸ: ਸਰਤਾਜ ਸਿੰਘ ਚਾਹਲ, ਐਸ.ਐਸ.ਪੀ ਨੇ ਦੱਸਿਆ ਕਿ ਜ਼ਿਲ੍ਹਾ ਪੁਲਿਸ ਸੰਗਰੂਰ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਚਲਾਈ ਮੁਹਿੰਮ ਤਹਿਤ ਕਾਰਵਾਈ ਕਰਦੇ ਹੋਏ 01.06.2025 ਤੋਂ 30.06.2025 ਤੱਕ ਨਸ਼ਿਆਂ ਦੇ 122 ਮੁਕੱਦਮੇ ਦਰਜ ਕਰਕੇ 178 ਮੁਲਜ਼ਮ ਕਾਬੂ ਕਰ ਕੇ 869 ਗ੍ਰਾਮ ਹੈਰੋਇਨ, 157 ਗ੍ਰਾਮ ਅਫੀਮ, 105 ਕਿੱਲੋ ਭੁੱਕੀ ਚੂਰਾ ਪੋਸਤ, 2 ਕਿੱਲੋ 200 ਗ੍ਰਾਮ ਸੁਲਫਾ, 4830 ਨਸ਼ੀਲੀਆਂ ਗੋਲੀਆਂ, 11 ਨਸ਼ੀਲੀਆਂ ਸ਼ੀਸ਼ੀਆਂ ਅਤੇ 2500/- ਰੁਪਏ ਡਰੱਗ ਮਨੀ ਬ੍ਰਾਮਦ ਕਰਾਈ ਗਈ। ਸ਼ਰਾਬ ਦਾ ਧੰਦਾ ਕਰਨ ਵਾਲਿਆਂ ਖਿਲਾਫ਼ 42 ਮੁਕੱਦਮੇ ਦਰਜ ਕਰਕੇ 43 ਮੁਲਜ਼ਮਾਂ ਨੂੰ ਕਾਬੂ ਕਰ ਕੇ 128.250 ਲੀਟਰ ਸ਼ਰਾਬ ਠੇਕਾ ਦੇਸੀ, 681.750 ਲੀਟਰ ਸ਼ਰਾਬ ਨਾਜਾਇਜ਼ ਤੇ 1220 ਲੀਟਰ ਲਾਹਣ ਬਰਾਮਦ ਕਰਾਈ ਗਈ।ਇਸ ਤੋਂ ਇਲਾਵਾ ਅਸਲਾ ਐਕਟ ਦੇ 03 ਮੁਕੱਦਮੇ ਦਰਜ ਕਰ ਕੇ 02 ਦੋਸ਼ੀ ਗ੍ਰਿਫ਼ਤਾਰ ਕੀਤੇ ਗਏ, 02 ਪਿਸਟਲ/ਰਿਵਾਲਵਰ ਤੇ 22 ਕਾਰਤੂਸ ਬ੍ਰਾਮਦ ਕਰਾਏ ਗਏ।ਜੂਆ ਐਕਟ ਤਹਿਤ 02 ਮੁਕੱਦਮੇ ਦਰਜ ਕਰਕੇ 13 ਮੁਲਜ਼ਮ ਗ੍ਰਿਫ਼ਤਾਰ ਕੀਤੇ ਤੇ ਉਨ੍ਹਾਂ ਪਾਸੋਂ 65,350/- ਰੁਪਏ ਬਰਾਮਦ ਕਰਾਏ ਗਏ। 08 ਜੂਨ ਨੂੰ ਥਾਣਾ ਦਿੜ੍ਹਬਾ ਅਤੇ ਸ਼ੇਰਪੁਰ ਦੇ ਏਰੀਏ ਵਿੱਚ ਹੋਈ ਕਣਕ ਦੇ ਗੱਟਿਆਂ ਦੀ ਚੋਰੀ ਕਰਨ ਵਾਲੇ ਗਰੋਹ ਦੇ 09 ਮੁਲਜ਼ਮਾਂ ਨੂੰ ਗ੍ਰਿਫਤਾਰ ਕਰ ਕੇ 421 ਗੱਟੇ ਕਣਕ (ਵਜ਼ਨ 210 ਕੁਇੰਟਲ 50 ਕਿੱਲੋ) ਸਮੇਤ ਟਰੱਕ ਬਰਾਮਦ ਕਰਾਇਆ ਗਿਆ।09.06.2025 ਨੂੰ ਸੰਗਰੂਰ ਪ੍ਰਸ਼ਾਸਨ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਚੱਲਦਿਆਂ 02 ਨਸ਼ਾ ਤਸਕਰਾਂ ਵੱਲੋਂ ਨਸ਼ਿਆਂ ਦੀ ਤਸਕਰੀ ਕਰ ਕੇ ਕਮੇਟੀ ਸੰਗਰੂਰ ਦੀ ਜ਼ਮੀਨ 'ਤੇ ਬਣਾਈ ਗ਼ੈਰਕਾਨੂੰਨੀ ਪ੍ਰਾਪਰਟੀ ਬੁਲਡੋਜ਼ਰ ਚਲਾ ਕੇ ਢਾਹ ਦਿੱਤੀ ਗਈ। 16.06.2025 ਨੂੰ ਥਾਣਾ ਸਦਰ ਧੂਰੀ ਦੇ ਏਰੀਆ ਵਿੱਚ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਜਾਅਲੀ ਦਸਤਾਵੇਜ਼ ਤਿਆਰ ਕਰਕੇ ਨਸ਼ਾ ਤਸਕਰਾਂ ਦੀਆਂ ਜ਼ਮਾਨਤਾਂ ਕਰਾਉਣ ਵਾਲੇ ਗਿਰੋਹ ਦਾ ਪਰਦਾਫਾਸ਼ ਕਰਕੇ 05 ਮੁਲਜ਼ਮ ਕਾਬੂ ਕੀਤੇ ਤੇ ਉਨ੍ਹਾਂ ਪਾਸੋਂ ਜਾਅਲੀ ਦਸਤਾਵੇਜ਼ ਬਰਾਮਦ ਕਰਾਏ। ਥਾਣਾ ਸਾਇਬਰ ਕ੍ਰਾਈਮ ਸੰਗਰੂਰ ਵੱਲੋਂ ਫੇਕ ਟ੍ਰੇਡਿੰਗ ਪਲੇਟਫਾਰਮ ਰਾਹੀਂ ਕਰੀਬ 17,93,000/- ਰੁਪਏ ਦੀ ਠੱਗੀ ਮਾਰਨ ਵਾਲੇ ਗਰੋਹ ਦਾ ਪਰਦਾਫਾਸ਼ ਕਰ ਕੇ 10 ਮੁਲਜ਼ਮ ਗ੍ਰਿਫ਼ਤਾਰ ਕੀਤੇ ਅਤੇ ਉਨ੍ਹਾਂ ਪਾਸੋਂ 17 ਮੋਬਾਈਲ ਫੋਨ, 06 ਵੱਖ-ਵੱਖ ਖਾਤਿਆਂ ਦੀਆਂ ਚੈੱਕ ਬੁੱਕਾਂ, 05 ਏ.ਟੀ.ਐਮ. ਕਾਰਡ, 01 ਪਾਸਪੋਰਟ ਬਰਾਮਦ ਕਰਾਏ ਗਏ। 30.06.2025 ਨੂੰ ਥਾਣਾ ਸਿਟੀ-1 ਸੰਗਰੂਰ ਦੇ ਏਰੀਆ ਵਿੱਚ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਜਾਅਲੀ ਦਸਤਾਵੇਜ਼ ਤਿਆਰ ਕਰਕੇ ਨਸ਼ਾ ਤਸਕਰਾਂ ਦੀਆਂ ਜ਼ਮਾਨਤਾਂ ਕਰਵਾਉਣ ਵਾਲੇ ਅੰਤਰ-ਜ਼ਿਲ੍ਹਾ ਗਰੋਹ ਦਾ ਪਰਦਾਫਾਸ਼ ਕਰਕੇ 08 ਮੁਲਜ਼ਮਾਂ ਨੂੰ ਜਾਅਲੀ ਦਸਤਾਵੇਜ਼ਾਂ, ਕੰਪਿਊਟਰ, ਕਲਰ ਪ੍ਰਿੰਟਰ, ਲੈਮੀਨੇਟ ਮਸ਼ੀਨ ਤੇ ਮੋਬਾਈਲ ਫੋਨ ਸਮੇਤ ਕਾਬੂ ਕੀਤਾ ਗਿਆ।ਥਾਣਾ ਸਿਟੀ ਸੰਗਰੂਰ ਦੇ ਏਰੀਆ ਵਿੱਚ ਮੋਟਰਸਾਇਕਲ ਚੋਰ ਗਿਰੋਹ ਦੇ 04 ਮੁਲਜ਼ਮਾਂ ਨੂੰ ਕਾਬੂ ਕਰ ਕੇ 02 ਮੋਟਰਸਾਇਕਲ ਬਰਾਮਦ ਕਰਵਾਏ ਗਏ। ਲੋਕਾਂ ਨੂੰ ਵੀ ਨਸ਼ਾ ਵਿਰੋਧੀ ਮੁਹਿੰਮ ਵਿੱਚ ਸਹਿਯੋਗ ਦੇਣ ਲਈ ਅਪੀਲ ਕੀਤੀ ਗਈ। ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਪੰਚਾਇਤਾਂ/ਸਪੋਰਟਸ ਕਲੱਬਾਂ/ਮੋਹਬਵਰ ਲੋਕਾਂ ਨਾਲ ਮੀਟਿੰਗਾਂ ਕਰ ਕੇ ਆਮ ਪਬਲਿਕ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ।ਇਸ ਅਰਸੇ ਦੌਰਾਨ ਵੱਖ-ਵੱਖ ਗਜ਼ਟਿਡ ਅਫਸਰਾਂ ਵੱਲੋਂ 85 ਪਿੰਡਾਂ/ਸ਼ਹਿਰਾਂ ਵਿੱਚ ਆਮ ਪਬਲਿਕ ਨਾਲ ਮੀਟਿੰਗਾਂ ਕਰਕੇ ਨੌਜਵਾਨਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਗਿਆ ਤੇ ਆਮ ਪਬਲਿਕ ਨੂੰ ਨਸ਼ੇ ਦਾ ਧੰਦਾ ਕਰਨ ਵਾਲੇ ਸਮੱਗਲਰਾਂ ਸਬੰਧੀ ਪੁਲਸ ਨੂੰ ਇਤਲਾਹਾਂ ਦੇਣ ਲਈ ਪ੍ਰੇਰਤ ਕੀਤਾ ਗਿਆ ਤਾਂ ਜੁ ਨਸ਼ੇ ਦੇ ਕੋਹੜ ਨੂੰ ਜੜ੍ਹ ਤੋਂ ਖਤਮ ਕੀਤਾ ਜਾ ਸਕੇ।

# ਸ਼੍ਰੋਮਣੀ ਅਕਾਲੀ ਦਲ ਯੂਨਾਈਟਡ ਤੇ ਪੰਜਾਬ ਦੀਆਂ ਪੰਥਕ ਜਥੇਬੰਦੀਆਂ ਨਾਲ ਕੀਤੀ ਜਾਵੇਗੀ ਏਕਤਾ : ਜਥੇਦਾਰ ਰਣਸੀਂਹ

**ਮੋਗਾ (ਇਕਬਾਲ ਸਿੰਘ ਖਹਿਰਾ)**- ਸ਼੍ਰੋਮਣੀ ਅਕਾਲੀ ਦਲ ਯੂਨਾਈਟਡ ਜ਼ਿਲ੍ਹਾ ਮੋਗਾ ਦੇ ਅਹੁਦੇਦਾਰਾਂ ਅਤੇ ਮੈਂਬਰਾਂ ਦੀ ਮੀਟਿੰਗ ਗੁਰਦੁਆਰਾ ਸਾਹਿਬ ਬੀਬੀ ਕਾਹਨ ਕੌਰ ਜੀ ਵਿਖੇ ਪਾਰਟੀ ਦੇ ਕਨਵੀਨਰ ਜਥੇਦਾਰ ਬੂਟਾ ਸਿੰਘ ਰਣਸੀਂਹ ਦੀ ਪ੍ਰਧਾਨਗੀ ਹੇਠ ਹੋਈ। ਇਸ ਮੌਕੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਜਥੇਦਾਰ ਬੂਟਾ ਸਿੰਘ ਨੇ ਕਿਹਾ ਕਿ ਸਾਡੀ ਪਾਰਟੀ ਆਉਣ ਵਾਲੇ ਦਿਨਾਂ ਵਿੱਚ ਪੰਜਾਬ ਦੀਆਂ ਸਾਰੀਆਂ ਪੰਥਕ ਜਥੇਬੰਦੀਆਂ ਅਤੇ ਪੰਜਾਬ ਲਈ ਵੱਧ ਅਧਿਕਾਰਾਂ ਦੀ ਮੰਗ ਕਰਨ ਲਈ ਸੰਘਰਸ਼ ਕਰ ਰਹੀਆਂ ਹਨ, ਨਾਲ ਪੰਥਕ ਏਕਤਾ ਕਰਕੇ 2027 ਵਿੱਚ ਪੰਜਾਬ ਅੰਦਰ ਚੰਗੀ ਸਰਕਾਰ ਬਣਾ ਕੇ ਪੰਜਾਬੀਆਂ ਨੂੰ ਵੱਡੀ ਰਾਹਤ ਦਿੱਤੀ ਜਾਵੇਗੀ ਕਿਉਂਕਿ ਪੰਜਾਬ ਨਾਲ ਆਜ਼ਾਦੀ ਤੋਂ ਪਹਿਲਾਂ ਕੀਤੇ ਵਾਅਦੇ ਪੂਰੇ ਨਹੀਂ ਕੀਤੇ ਗਏ ਜਿਸ ਨਾਲ ਪੰਜਾਬ ਪੰਥ ਤੇ ਪੰਜਾਬੀਆਂ ਨਾਲ ਵੱਡਾ ਧੋਖਾ ਹੋਇਆ, ਜਿਸ ਕਾਰਨ ਅੱਜ ਪੰਜਾਬ ਦੇ ਪੜ੍ਹੇ ਲਿਖੇ ਬੱਚੇ ਵਿਦੇਸ਼ਾਂ ਨੂੰ ਤੁਰ ਗਏ ਹਨ ਅਤੇ ਵਿੱਦਿਆ ਪ੍ਰਾਈਵੇਟ ਕਰਕੇ ਮਹਿੰਗੀ ਹੋਣ ਕਾਰਨ ਸਧਾਰਨ ਘਰਾਂ ਦੇ ਬੱਚੇ ਪੜ੍ਹ ਨਹੀਂ ਸਕਦੇ। ਸਰਕਾਰ ਨੇ ਕਿਸਾਨਾਂ ਦੀਆਂ ਜਿਨਸਾਂ ਦੇ ਭਾਅ ਬਹੁਤ ਘੱਟ ਕਰਕੇ ਕਿਸਾਨੀ ਕਰਜ਼ਾਈ ਹੋ ਗਈ ਬੇਰੁਜ਼ਗਾਰ ਬੱਚਿਆਂ ਨੂੰ ਨੌਕਰੀਆਂ ਨਾ ਮਿਲਣ ਕਾਰਨ ਨਸ਼ੇ 'ਤੇ ਲੱਗ ਗਏ ਹਨ। ਉਹਨਾਂ ਕਿਹਾ ਅੱਜ ਕਿਸਾਨੀ ਜਵਾਨੀ ਰੁਲ ਗਈ ਹੈ ਅਸੀਂ ਪੰਜਾਬ ਪੰਥ ਅਕਾਲੀ ਦਲ ਸ਼੍ਰੋਮਣੀ ਕਮੇਟੀ ਬਣਾਉਣ ਲਈ ਹਰ ਸੰਭਵ ਯਤਨ ਕਰਾਂਗੇ। ਉਹਨਾਂ ਕਿਹਾ ਇਸ ਮੌਕੇ ਇਸ ਮੀਟਿੰਗ ਵਿੱਚ ਭਾਈ ਹਰਪ੍ਰੀਤ ਸਿੰਘ ਧੱਲੇ ਕੇ, ਜਥੇਦਾਰ ਸਵਰਨ ਸਿੰਘ, ਜਥੇਦਾਰ ਜੀਤ ਸਿੰਘ ਸਰਪੰਚ ਕੋਰੇਵਾਲਾ, ਭੁਪਿੰਦਰ ਸਿੰਘ ਵੜੈਚ, ਭਾਈ ਬਲਜੀਤ ਸਿੰਘ ਅਕਾਲੀਆਂ ਵਾਲਾ, ਬਲਵੰਤ ਸਿੰਘ ਰਣੀਆ, ਓਂਕਾਰ ਸਿੰਘ ਮੋਗਾ, ਦਲੀਪ ਸਿੰਘ ਬਦਨੀ, ਸੂਬੇਦਾਰ ਸੁਰਜੀਤ ਸਿੰਘ, ਪਿਰਤਪਾਲ ਸਿੰਘ ਗਲੋਟੀ, ਸੁਰਜੀਤ ਰਾਮ ਜਾਨੀਆ, ਕੁਲਵੰਤ ਸਿੰਘ ਕੋਰੇਵਾਲਾ, ਬਲਕਾਰ ਸਿੰਘ ਮੋਗਾ, ਕੇਵਲ ਰੋਡੇ, ਬਲਵੰਤ ਸਿੰਘ ਬਾਘਾ ਪੁਰਾਣਾ, ਜਗਸੀਰ ਸਿੰਘ ਡਾਲਾ, ਵਕੀਲ ਸਿੰਘ ਬਘੇਲੇ ਵਾਲਾ, ਸ਼ਮਸ਼ੇਰ ਬੋਡੇ, ਕੇਵਲ ਸਿੰਘ ਮਾਛੀਕੇ, ਜਿੰਦਰ ਸਿੰਘ ਡਾਲਾ, ਦਰਸ਼ਨ ਸਿੰਘ ਦਉਦਰ, ਗੁਰਦੇਵ ਸਿੰਘ ਘਾਰੂ ਮੋਗਾ, ਗਿਆਨੀ ਭੁਪਿੰਦਰ ਸਿੰਘ ਮੋਗਾ, ਜਥੇਦਾਰ ਮਹਿਲ ਸਿੰਘ ਸੈਂਦ ਮੁਹੰਮਦ, ਤੇਜ ਸਿੰਘ ਖੁਖਰਾਣਾ, ਲਖਵੀਰ ਸਿੰਘ ਬੁੱਧ ਸਿੰਘ ਵਾਲਾ, ਜਥੇਦਾਰ ਮਹਿੰਦਰ ਸਿੰਘ ਕਪੂਰੇ, ਮਲਕੀਤ ਸਿੰਘ ਮੋਗਾ, ਰਾਜੂ ਰੌਲੀ ਮੋਗਾ, ਹਰਵਿੰਦਰ ਸਿੰਘ ਲੰਗੇਆਣਾ ਨਵਾਂ, ਮੇਵਾ ਸਿੰਘ ਪੁਰਾਣੇ ਵਾਲਾ, ਸੁਖਮੰਦਰ ਸਿੰਘ ਡਾਲਾ, ਜਬਰ ਸਿੰਘ ਡਾਲਾ ਆਦਿ ਹਾਜ਼ਰ ਸਨ।



# ਖੇਤ ਵਾਲੀ ਮੋਟਰ ਦਾ ਕਰੰਟ ਲੱਗਣ ਕਾਰਨ ਕਿਸਾਨ ਦੀ ਮੌਤ

**ਦੋਦਾ (ਵਕੀਲ ਬਰਾੜ)** ਦੋਦਾ ਨੇੜੇ ਪੈਂਦੇ ਪਿੰਡ ਗੁਰੂਸਿੰਘਰ ਦੇ ਇੱਕ ਕਿਸਾਨ ਸੁਖਦੀਪ ਸਿੰਘ ਪੁੱਤਰ ਜਸਕਰਨ ਸਿੰਘ 36 ਸਾਲ, ਵਾਸੀ ਗੁਰੂਸਿੰਘਰ ਨਾਲ ਉਸ ਵੇਲੇ ਇਹ ਘਟਨਾ ਵਾਪਰ ਗਈ, ਜਦੋਂਉਹ ਠੇਕੇ 'ਤੇ ਲਈ ਜ਼ਮੀਨ ਵਿੱਚ ਬੀਜੇ ਪਸ਼ੂਆਂ ਦੇ ਚਾਰੇ ਨੂੰ ਪਾਣੀ ਲਾਉਣ ਗਿਆ ਹੋਇਆ ਸੀ। ਮੋਟਰ ਦਾ ਸਟਾਰਟ ਬਟਨ ਔਨ ਕਰਦੇ ਅਚਾਨਕ ਬਿਜਲੀ ਦਾ ਕਰੰਟ ਲੱਗ ਗਿਆ ਅਤੇ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਇਲਾਕੇ ਵਿੱਚ ਪਤਾ ਲੱਗਣ 'ਤੇ ਸੋਗ ਦੀ ਲਹਿਰ ਦੌੜ ਗਈ। ਪਿੰਡ ਵਾਸੀਆਂ ਅਤੇ ਉਸ ਦੇ ਭਰਾ ਬਲਤੇਜ ਸਿੰਘ ਤੇ ਚਚੇਰੇ ਭਰਾ ਗੁਰਤੇਜ ਸਿੰਘ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ ਸੁਖਦੀਪ ਸਿੰਘ ਹੁਰੀਂ ਦੋ ਭਰਾ ਸਨ ਤੇ ਆਪਣੀ ਜ਼ਮੀਨ ਨਾ ਹੋਣ ਕਰਕੇ ਦੁੱਧਾਰੂ ਪਸ਼ੂ ਰੱਖੇ ਹੋਏ ਸਨ। ਡੇਅਰੀ 'ਤੇ ਦੁੱਧ ਪਾ ਕੇ ਆਪਣੇ ਪਰਿਵਾਰ ਦਾ ਗੁਜ਼ਾਰਾ ਕਰਦੇ ਸਨ। ਜ਼ਮੀਨ ਠੇਕੇ 'ਤੇ ਲੈ ਕੇ ਪਸ਼ੂਆਂ ਲਈ ਚਾਰਾ ਬੀਜਿਆ ਕਰਦੇ ਸਨ। ਨਾਲ ਇੱਕ ਛੋਟੀ ਜਿਹੀ ਦੁਕਾਨ ਚਲਾ ਕੇ ਪਰਿਵਾਰ ਦਾ ਗੁਜ਼ਾਰਾ ਕਰਦੇ ਸਨ। ਪਿੰਡ ਵਾਸੀਆਂ ਵੱਲੋਂ ਸਰਕਾਰ ਅੱਗੇ ਪਰਿਵਾਰ ਦੀ ਆਰਥਿਕ ਮੱਦਦ ਦੀ ਗੁਹਾਰ ਲਾਈ ਹੈ। ਸੁਖਦੀਪ ਸਿੰਘ ਗੁਰੂਸਿੰਘਰ ਆਪਣੇ ਪਿੱਛੇ ਪਤਨੀ ਤੇ ਇੱਕ ਗਿਆਰਾਂ ਮਹੀਨਿਆਂ ਦਾ ਇੱਕ ਬੱਚਾ ਛੱਡ ਗਿਆ।



# ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵਿਖੇ ਪਲੇਸਮੈਂਟ ਕੈਂਪ ਭਲਕੇ

**ਬਠਿੰਡਾ (ਪਰਵਿੰਦਰ ਜੀਤ ਸਿੰਘ)**- ਮੁੱਖ ਮੰਤਰੀ ਭਗਵੰਤ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਪੜ੍ਹੇ-ਲਿਖੇ ਨੌਜਵਾਨਾਂ ਨੂੰ ਰੋਜ਼ਗਾਰ ਦੇਣ ਅਤੇ ਸਵੈ-ਰੋਜ਼ਗਾਰ ਦੇ ਕਾਬਲ ਬਣਾਉਣ ਲਈ ਹਰ ਸੰਭਵ ਉਪਰਾਲੇ ਕੀਤੇ ਜਾ ਰਹੇ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਡਿਪਟੀ ਕਮਿਸ਼ਨਰ-ਕਮ-ਚੇਅਰਮੈਨ ਡੀ.ਬੀ.ਈ.ਈ. ਸ਼ੌਕਤ ਅਹਿਮਦ ਪਰੇ ਨੇ ਦੱਸਿਆ ਕਿ 4 ਜੁਲਾਈ ਨੂੰ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਬਠਿੰਡਾ ਵਿਖੇ ਪਲੇਸਮੈਂਟ ਕੈਂਪ ਦਾ ਆਯੋਜਨ ਕੀਤਾ ਜਾ ਰਿਹਾ ਹੈ।ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਦਫ਼ਤਰ ਦੇ ਨੁਮਾਇੰਦੇ ਨਵਦੀਪ ਸਿੰਘ ਨੇ ਦੱਸਿਆ ਕਿ ਇਸ ਪਲੇਸਮੈਂਟ ਕੈਂਪ ਵਿੱਚ ਜੀਰਾ ਐਨਰਜੀ ਸੋਲਯੂਸ਼ਨ ਪ੍ਰਾਈਵੇਟ ਲਿਮਟਿਡ, ਬਠਿੰਡਾ ਵੱਲੋਂ ਮਕੈਨੀਕਲ ਇੰਜੀਨੀਅਰ, ਪ੍ਰੋਡਕਸ਼ਨ ਇੰਜੀਨੀਅਰ, ਕੈਮੀਕਲ ਇੰਜੀਨੀਅਰ, ਆਈ.ਟੀ. ਇੰਜੀਨੀਅਰ, ਐਚ.ਆਰ. ਮੈਨੇਜਰ, ਬੁਆਇਲਰ ਓਪਰੇਟਰ ਦੀਆਂ ਅਸਾਮੀਆਂ ਲਈ ਸਿਲੈਕਸ਼ਨ ਕੀਤੀ ਜਾਵੇਗੀ। ਇਨ੍ਹਾਂ ਅਸਾਮੀਆਂ ਲਈ ਯੋਗਤਾ ਬੀ.ਟੈਕ ਜਾਂ ਡਿਪਲੋਮਾ ਮਕੈਨੀਕਲ ਇੰਜੀਨੀਅਰਿੰਗ, ਪ੍ਰੋਡਕਸ਼ਨ ਇੰਜੀਨੀਅਰਿੰਗ, ਕੈਮੀਕਲ ਇੰਜੀਨੀਅਰਿੰਗ, ਕੰਪਿਊਟਰ ਇੰਜੀਨੀਅਰਿੰਗ, ਐਮ.ਬੀ.ਏ. ਐਚ.ਆਰ. ਵਿੱਚ ਹੋਣੀ ਜ਼ਰੂਰੀ ਹੈ। ਇਸ ਤੋਂ ਇਲਾਵਾ ਬੁਆਇਲਰ ਓਪਰੇਟਰ ਲਈ ਯੋਗਤਾ ਬੁਆਇਲਰ ਓਪਰੇਟਰ ਦਾ ਕੋਰਸ ਜਾਂ ਮਕੈਨੀਕਲ ਜਾਂ ਫਿਟਰ ਬਰਾਂਚ ਵਿੱਚ ਆਈ.ਟੀ.ਆਈ. ਕੀਤੀ ਹੋਣੀ ਚਾਹੀਦੀ ਹੈ। ਇਨ੍ਹਾਂ ਸਾਰੀਆਂ ਅਸਾਮੀਆਂ ਲਈ ਉਮਰ ਹੱਦ 21 ਤੋਂ 40 ਸਾਲ ਅਤੇ ਤਨਖਾਹ 15000 ਤੋਂ 40000 ਪ੍ਰਤੀ ਮਹੀਨਾ ਹੋਵੇਗੀ।ਇਹ ਜਾਣਕਾਰੀ ਸਾਂਝੀ ਕਰਦੇ ਹੋਏ ਪ੍ਰਬੰਧਕੀ ਸ਼ਾਖਾ 'ਤੇ ਬਲਤੇਜ ਸਿੰਘ ਨੇ ਦੱਸਿਆ ਕਿ ਚੌਹਾਨ ਇੰਟਰਪ੍ਰਾਈਜ਼ਜ਼, ਬਠਿੰਡਾ ਵੱਲੋਂ ਕੰਟਰੋਲ ਪੈਨਲ ਲਈ ਇੰਜੀਨੀਅਰ ਅਤੇ ਇਲੈਕਟ੍ਰੀਸ਼ੀਅਨ ਦੀ ਵੀ ਜ਼ਰੂਰਤ ਹੈ। ਇਸ ਅਸਾਮੀ ਲਈ ਯੋਗਤਾ ਡਿਪਲੋਮਾ ਇਲੈਕਟ੍ਰੀਕਲ ਜਾਂ ਆਈ.ਟੀ.ਆਈ. ਇਲੈਕਟ੍ਰੀਸ਼ੀਅਨ ਬਰਾਂਚ ਵਿੱਚ ਕੀਤੀ ਹੋਣੀ ਚਾਹੀਦੀ ਹੈ। ਉਮਰ ਹੱਦ 21 ਤੋਂ 35 ਸਾਲ ਅਤੇ ਤਨਖਾਹ 12000 ਤੋਂ 15000 ਪ੍ਰਤੀ ਮਹੀਨਾ ਹੋਵੇਗੀ। ਇਹਨਾਂ ਅਸਾਮੀਆਂ ਲਈ ਚਾਹਵਾਨ ਪ੍ਰਾਰਥੀ ਆਪਣੇ ਨਾਲ ਰਜ਼ਿਉਮ, ਅਧਾਰ ਕਾਰਡ, ਵਿੱਦਿਅਕ ਯੋਗਤਾ ਦੇ ਸਰਟੀਫਿਕੇਟ ਆਦਿ ਲੈ ਕੇ 04 ਜੁਲਾਈ (ਦਿਨ ਸ਼ੁੱਕਰਵਾਰ) ਸਮਾਂ ਸਵੇਰੇ 9.30 ਵਜੇ ਤੋਂ 12.30 ਵਜੇ ਤੱਕ ਇੰਟਰਵਿਊ ਲਈ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਸਿਵਲ ਲਾਈਨ, ਬਠਿੰਡਾ ਵਿਖੇ ਪਹੁੰਚ ਸਕਦੇ ਹਨ।ਹੋਰ ਜਾਣਕਾਰੀ ਲਈ ਪ੍ਰਾਰਥੀ ਦਫਤਰ ਦੇ ਟੈਲੀਗ੍ਰਾਮ ਚੈਨਲ ਡੀ.ਬੀ.ਈ.ਈ. ਬਠਿੰਡਾ ਨੂੰ ਜੁਆਇਨ ਕਰ ਸਕਦੇ ਹਨ।

# ਲਾਇਨਜ਼ ਕਲੱਬ ਸੁਨਾਮ ਸਿਟੀ ਦੀ ਟੀਮ ਨੇ ਗਊ ਸੇਵਾ ਨਾਲ ਕੀਤੀ ਕਾਰਜਕਾਲ ਦੀ ਸ਼ੁਰੂਆਤ

**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)**- ਗਾਇਡਿੰਗ ਲਾਇਨ ਐਮ ਜੇ ਐਫ ਲਾਇਨ ਕਰਨ ਗੋਇਲ ਦੀ ਅਗਵਾਈ ਵਿੱਚ ਪ੍ਰਧਾਨ ਪਰਮਜੀਤ ਧਾਲੀਵਾਲ ਅਤੇ ਉਨ੍ਹਾਂ ਦੀ ਟੀਮ ਵੱਲੋਂ ਗਊ ਸੇਵਾ ਨਾਲ ਨਵੇਂ ਲਾਇਨ ਸਟਿਕ ਸਾਲ ਦੀ ਸ਼ੁਰੂਆਤ ਕੀਤੀ। ਖਾਲਸ ਪ੍ਰੇਮ ਮਾਰਗ ਗਊਸ਼ਾਲਾ ਵਿਖੇ ਹਰੇ ਚਾਰੇ, ਸਵਾ ਮਨੀ ਅਤੇ ਗੁੜ ਆਦਿ ਸੇਵਾ ਕਰਕੇ ਗਊ ਮਾਤਾ ਦਾ ਆਸ਼ੀਰਵਾਦ ਲਿਆ। ਮੁੱਖ ਮਹਿਮਾਨ ਦੇ ਤੌਰ ਤੇ ਚੇਅਰਮੈਨ ਮਹਿੰਦਰ ਸਿੰਘ ਸਿੱਧੂ ਅਤੇ ਐਮ ਜੇ ਐਫ ਲਾਇਨ ਕਰਨ ਗੋਇਲ ਨੇ ਸ਼ਿਰਕਤ ਕੀਤੀ।ਇਸ ਮੌਕੇ ਸਕੱਤਰ ਰਾਜੀਵ ਕੌਸ਼ਿਕ ਅਤੇ ਖਜ਼ਾਨਚੀ ਗੁਰਚਰਨ ਸਿੰਘ ਹਾਂਡਾ ਅਤੇ ਪੀ ਆਰ ਓ ਅਮਰੀਕ ਕੰਡਾ ਵੱਲੋਂ ਸਾਰੇ ਮੈਂਬਰਾਂ ਦਾ ਸਵਾਗਤ ਕੀਤਾ। ਪ੍ਰਧਾਨ ਪਰਮਜੀਤ ਧਾਲੀਵਾਲ ਨੇ ਦੱਸਿਆ ਕਿ ਲਾਇਨਜ਼ ਕਲੱਬ ਸੁਨਾਮ ਸਿਟੀ ਹਮੇਸ਼ਾ ਹੀ ਸਮਾਜ ਸੇਵਾ ਦੇ ਕੰਮਾਂ ਅੱਗੇ ਵਧ ਕੇ ਕੰਮ ਕਰਨ ਵਾਲੀ ਸੰਸਥਾ ਹੈ ਜੋ ਸ਼ਹਿਰ ਦੀ ਜ਼ਰੂਰਤ ਦੇ ਹਿਸਾਬ ਨਾਲ ਹਮੇਸ਼ਾ ਕੰਮ ਕਰਦੀ ਹੈ। ਪ੍ਰੋਜੈਕਟ ਚੇਅਰਮੈਨ ਸਰਜੀਤ ਸਿੰਘ ਚੱਠਾ ਅਤੇ ਹਰਬੰਸ ਸਿੰਘ ਝਾੜਲੀ ਨੇ ਸਾਰਾ ਪ੍ਰਬੰਧ ਕੀਤਾ। ਇਸ ਮੌਕੇ ਕਲੱਬ ਮੈਂਬਰ ਜੋਗਿੰਦਰ ਸਿੰਘ, ਚੰਦਰ ਮਨੀ ਗੋਇਲ, ਅੰਗਰੇਜ਼ ਸਿੰਘ, ਅਸ਼ੋਕ ਕੁਮਾਰ, ਬਲਦੇਵ ਕ੍ਰਿਸ਼ਨ, ਮਲਕੀਤ ਸਿੰਘ, ਸੁਰੇਸ਼ ਕੁਮਾਰ, ਰਾਹੁਲ ਕੌਸ਼ਿਕ, ਮਨਦੀਪ ਸਿੰਘ, ਰਘਬੀਰ ਸਿੰਘ, ਹਰੀਸ਼ ਕੁਮਾਰ, ਬਹਾਦੁਰ ਹਾਂਡਾ, ਅਕਾਸ਼ਦੀਪ ਸਿੰਘ, ਕਰਨ ਵੀਰ , ਦਮਨਪ੍ਰੀਤ, ਹਰਿੰਦਰ ਸਿੰਘ, ਰਮਨਦੀਪ ਸਿੰਘ ਮੈਂਬਰ ਹਾਜ਼ਰ ਸਨ।



# ਧੂਰੀ ਦੇ ਵਿਕਾਸ ਲਈ ਫੰਡਾਂ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ : ਸੁੱਖੀ

**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**- ਮੁੱਖ ਮੰਤਰੀ ਭਗਵੰਤ ਮਾਨ ਦੇ ਓ.ਐੱਸ.ਡੀ. ਸੁਖਵੀਰ ਸਿੰਘ ਸੁੱਖੀ ਨੇ ਸਥਾਨਕ ਮੁੱਖ ਮੰਤਰੀ ਕੈਂਪ ਦਫ਼ਤਰ ਵਿਖੇ ਹਲਕਾ ਵਾਸੀਆਂ, ਪੰਚਾਇਤਾਂ ਅਤੇ ਪ੍ਰਮੁੱਖ ਵਿਅਕਤੀਆਂ ਨਾਲ ਮੀਟਿੰਗ ਕਰਦਿਆਂ ਹਲਕੇ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਬਾਰੇ ਵਿਚਾਰ-ਵਟਾਂਦਰਾ ਕੀਤਾ। ਉਨ੍ਹਾਂ ਲੋਕਾਂ ਦੀਆਂ ਮੰਗਾਂ, ਸਮੱਸਿਆਵਾਂ ਅਤੇ ਸੁਝਾਵਾਂ ਨੂੰ ਧਿਆਨ ਨਾਲ ਸੁਣਦਿਆਂ ਵਿਸ਼ਵਾਸ ਦਿਵਾਇਆ ਕਿ ਧੂਰੀ ਹਲਕੇ ਦੇ ਚੌਤਰਫ਼ੀ ਵਿਕਾਸ ਲਈ ਮੁੱਖ ਮੰਤਰੀ ਭਗਵੰਤ ਮਾਨ ਦੀ ਸਰਕਾਰ ਵਚਨਬੱਧ ਹੈ। ਸੁੱਖੀ ਨੇ ਕਿਹਾ ਕਿ ਸਰਕਾਰ ਦੀ ਪਹਿਲ ਲੋਕਾਂ ਦੀ ਭਲਾਈ ਹੈ ਅਤੇ ਪਿੰਡਾਂ ਦੀ ਤਰੱਕੀ, ਸਿੱਖਿਆ, ਸਿਹਤ, ਪਾਣੀ ਦੀ ਸਹੂਲਤ, ਸੜਕਾਂ ਦੀ ਮਰੰਮਤ, ਨੌਜਵਾਨਾਂ ਲਈ ਰੋਜ਼ਗਾਰ ਅਤੇ ਹੋਰ ਜ਼ਰੂਰੀ ਸੁਵਿਧਾਵਾਂ ਉੱਤੇ ਜ਼ੋਰ ਦਿੱਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜੋ ਵੀ ਵਿਕਾਸ ਕਾਰਜ ਚੱਲ ਰਹੇ ਹਨ, ਉਹਨਾਂ ਦੀ ਨਿਗਰਾਨੀ ਖੁਦ ਮੁੱਖ ਮੰਤਰੀ ਦਫ਼ਤਰ ਵੱਲੋਂ ਕੀਤੀ ਜਾ ਰਹੀ ਹੈ ਅਤੇ ਕਿਸੇ ਵੀ ਪ੍ਰੋਜੈਕਟ ਵਿੱਚ ਰੁਕਾਵਟ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਸਰਕਾਰ ਵੱਲੋਂ ਧੂਰੀ ਹਲਕੇ ਲਈ ਫੰਡਾਂ ਦੀ ਕੋਈ ਘਾਟ ਨਹੀਂ ਆਉਣ ਦਿੱਤੀ ਜਾਵੇਗੀ। ਜਿਹੜੀ ਵੀ ਲੋਕਾਂ ਦੀ ਮੰਗ ਜਾਂ ਪੈਂਡਿੰਗ ਕੰਮ ਹੋਣਗੇ, ਉਨ੍ਹਾਂ ਨੂੰ ਤੁਰੰਤ ਮੁਕੰਮਲ ਕੀਤਾ ਜਾਵੇਗਾ। ਮੀਟਿੰਗ ਦੌਰਾਨ ਕਈ ਪਿੰਡਾਂ ਦੇ ਸਰਪੰਚਾਂ ਅਤੇ ਨਿਵਾਸੀਆਂ ਨੇ ਆਪਣੀਆਂ ਮੁਸ਼ਕਲਾਂ ਦੱਸੀਆਂ ਅਤੇ ਵੱਖ ਵੱਖ ਵਿਚਾਰ ਸਾਂਝੇ ਕੀਤੇ। ਸੁਖਵੀਰ ਸਿੰਘ ਨੇ ਸਾਰੇ ਮੁੱਦੇ ਲਿਖਤੀ ਰੂਪ ਵਿੱਚ ਲੈ ਕੇ ਵਿਭਾਗਾਂ ਨੂੰ ਹਦਾਇਤ ਦਿੱਤੀਆਂ ਕਿ ਤੁਰੰਤ ਕਾਰਵਾਈ ਕੀਤੀ ਜਾਵੇ ਅਤੇ ਵਿਸ਼ਵਾਸ ਦਿਵਾਇਆ ਕਿ ਮੰਗਾਂ ਪਹਿਲ ਦੇ ਅਧਾਰ 'ਤੇ ਹੱਲ ਕੀਤੇ ਜਾਣਗੇ।ਇਸ ਮੌਕੇ ਮੁੱਖ ਮੰਤਰੀ ਕੈਂਪਸ ਦਫ਼ਤਰ ਦੇ ਇੰਚਾਰਜ ਅਤੇ ਸੰਗਠਨ ਇੰਚਾਰਜ ਦਲਵੀਰ ਸਿੰਘ ਢਿੱਲੋਂ, ਇੰਚਾਰਜ ਅਤੇ ਚੇਅਰਮੈਨ ਰਾਜਵੰਤ ਸਿੰਘ ਘੁੱਲੀ, ਪੰਜਾਬ ਗਊ ਸੇਵਾ ਕਮਿਸ਼ਨ ਦੇ ਚੇਅਰਮੈਨ ਅਸ਼ੋਕ ਕੁਮਾਰ ਲੱਖਾ, ਪੰਜਾਬ ਵਕਫ਼ ਬੋਰਡ ਦੇ ਮੈਂਬਰ ਡਾ. ਅਨਵਰ ਭਸੌੜ, ਦਫ਼ਤਰ ਇੰਚਾਰਜ ਰਮਨਦੀਪ ਸਿੰਘ, ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਸੰਦੀਪ ਤਾਇਲ, ਕੌਂਸਲਰ ਪੁਸ਼ਪਿੰਦਰ ਸ਼ਰਮਾ, ਭੁਪਿੰਦਰ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਪੰਚ ਸਰਪੰਚ ਅਤੇ ਹੋਰ ਮੋਹਤਬਰ ਹਾਜ਼ਰ ਸਨ।



# ਸਟੀਫਨ ਇੰਟਰਨੈਸ਼ਨਲ 'ਚ ਕਿੰਡਰਗਾਰਟਨ ਦੇ ਵਿਦਿਆਰਥੀਆਂ ਲਈ ਮਜ਼ੇਦਾਰ ਮਾਸਕ ਪਾਰਟੀ

**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)**- ਕਿੰਡਰਗਾਰਟਨ ਵਿੰਗ ਨੇ ਕੋਆਰਡੀਨੇਟਰ ਸ੍ਰੀਮਤੀ ਯੋਗਿਤਾ ਦੀ ਅਗਵਾਈ ਹੇਠ ਇੱਕ ਨਿੱਘੀ ਅਤੇ ਦਿਲਚਸਪ ਮਾਸਕ ਪਾਰਟੀ ਨਾਲ ਵਿਦਿਆਰਥੀਆਂ ਦਾ ਸਵਾਗਤ ਕੀਤਾ। ਇਹ ਸਮਾਗਮ ਉਸ ਵਿੰਗ ਦੀ ਉਤਸ਼ਾਹੀ ਟੀਮ ਦੇ ਮੈਂਬਰਾਂ ਦੀ ਮਦਦ ਨਾਲ ਆਯੋਜਿਤ ਕੀਤਾ ਗਿਆ ਸੀ ਤਾਂ ਜੋ ਨੌਜਵਾਨ ਵਿਦਿਆਰਥੀਆਂ ਨੂੰ ਗਰਮੀਆਂ ਦੀਆਂ ਛੁੱਟੀਆਂ ਤੋਂ ਬਾਅਦ ਸੈਸ਼ਨ ਨੂੰ ਦੁਬਾਰਾ ਖੋਲ੍ਹਣ ਲਈ ਆਰਾਮਦਾਇਕ ਮਹਿਸੂਸ ਕਰਨ ਵਿੱਚ ਸਹਾਇਤਾ ਕੀਤੀ ਜਾ ਸਕੇ। ਸਕੂਲ ਕਿੰਡਰਗਾਰਟਨ ਵਿੰਗ ਨੂੰ ਇੱਕ ਰੰਗੀਨ ਅਤੇ ਜੀਵੰਤ ਪਾਰਟੀ ਜ਼ੋਨ, ਸਟ੍ਰੀਮਰ ਅਤੇ ਇੱਕ ਫੋਟੋ ਬੂਥ ਵਿੱਚ ਬਦਲ ਦਿੱਤਾ ਗਿਆ ਸੀ। ਸਵੇਰ ਦੀ ਸਭਾ ਵਿੱਚ ਵਿਦਿਆਰਥੀਆਂ ਦਾ ਨਿੱਘਾ ਸਵਾਗਤ ਕੀਤਾ ਗਿਆ ਅਤੇ ਅਧਿਆਪਕਾਂ ਦੇ ਨਾਲ ਉਨ੍ਹਾਂ ਲਈ ਇੱਕ ਵਿਸ਼ੇਸ਼ ਮਾਸਕ ਡਾਂਸ ਪਾਰਟੀ ਅਤੇ ਭੋਜਨ ਸਾਂਝਾ ਕਰਨ ਦਾ ਬ੍ਰੇਕ ਰੱਖਿਆ ਗਿਆ।ਵਿਦਿਆਰਥੀਆਂ ਨੇ ਸ਼ੇਰ ਵਰਗੇ ਆਪਣੇ ਮਨਪਸੰਦ ਮਾਸਕ ਪਹਿਨੇ ਹੋਏ ਸਨ। ਵਿਦਿਆਰਥੀਆਂ ਨੇ ਬਹੁਤ ਸਾਰੀਆਂ ਮਜ਼ੇਦਾਰ ਖੇਡਾਂ ਅਤੇ ਗਤੀਵਿਧੀਆਂ ਦਾ ਅਨੰਦ ਲਿਆ, ਜਿਸ ਵਿੱਚ ਖਜ਼ਾਨਾ ਲੱਭਣਾ, ਸੰਗੀਤਕ ਕੁਰਸੀਆਂ ਅਤੇ ਇੱਕ ਬੱਬਲ ਸ਼ੋਅ ਸ਼ਾਮਲ ਹੈ।ਡਾਇਰੈਕਟਰ ਪ੍ਰਿੰਸੀਪਲ ਮੋਨਿਕਾ ਸ਼ਰਮਾ ਨੇ ਕਿਹਾ, ਅਸੀਂ ਆਪਣੇ ਨਵੇਂ ਕਿੰਡਰਗਾਰਟਨ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਪਰਵਾਰਾਂ ਦਾ ਸਟੀਫਨ ਇੰਟਰਨੈਸ਼ਨਲ ਸਕੂਲ ਭਾਈਚਾਰੇ ਵਿੱਚ ਸਵਾਗਤ ਕਰਨ ਲਈ ਬਹੁਤ ਖੁਸ਼ ਹਾਂ। ਸਾਡੀ ਮਾਸਕ ਪਾਰਟੀ ਸਾਡੇ ਨੌਜਵਾਨ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਨਵੀਂ ਸਿੱਖਣ ਦੀ ਯਾਤਰਾ ਬਾਰੇ ਸਵਾਗਤ ਅਤੇ ਉਤਸ਼ਾਹਿਤ ਮਹਿਸੂਸ ਕਰਨ ਵਿੱਚ ਮਦਦ ਕਰਨ ਦਾ ਇੱਕ ਵਿਸ਼ੇਸ਼ ਤਰੀਕਾ ਹੈ।ਸਟੀਫਨ ਇੰਟਰਨੈਸ਼ਨਲ ਸਕੂਲ ਇੱਕ ਪ੍ਰਮੁੱਖ ਵਿਦਿਅਕ ਸੰਸਥਾ ਹੈ ਜੋ ਆਪਣੇ ਵਿਦਿਆਰਥੀਆਂ ਲਈ ਪਾਲਣ ਪੋਸ਼ਣ ਅਤੇ ਸਹਾਇਕ ਵਾਤਾਵਰਣ ਪ੍ਰਦਾਨ ਕਰਨ ਲਈ ਵਚਨਬੱਧ ਹੈ। ਸਕੂਲ ਦਾ ਕਿੰਡਰਗਾਰਟਨ ਪ੍ਰੋਗਰਾਮ ਇੱਕ ਨੂੰ ਉਤਸ਼ਾਹਤ ਕਰਨ ਲਈ ਤਿਆਰ ਕੀਤਾ ਗਿਆ।



# ਸਿੱਧੂ ਵੱਲੋਂ ਕਰਨੈਲ ਸਿੰਘ ਨਗਰ 'ਚ ਗਲੀਆਂ ਦੇ ਨਿਰਮਾਣ ਕਾਰਜਾਂ ਦਾ ਉਦਘਾਟਨ

**ਲੁਧਿਆਣਾ (ਰਾਜ ਸਿੰਗਲਾ)**- ਹਲਕਾ ਆਤਮ ਨਗਰ ਦੇ ਵਿਕਾਸ ਕਾਰਜਾਂ ਨੂੰ ਨਿਰੰਤਰ ਜਾਰੀ ਰੱਖਦਿਆਂ ਵਿਧਾਇਕ ਕੁਲਵੰਤ ਸਿੰਘ ਸਿੱਧੂ ਵਲੋਂ ਵਾਰਡ ਨੰਬਰ 48 ਅਧੀਨ ਕਰਨੈਲ ਸਿੰਘ ਨਗਰ ਵਿਖੇ ਗਲੀਆਂ ਦੇ ਨਿਰਮਾਣ ਕਾਰਜਾਂ ਦਾ ਉਦਘਾਟਨ ਕੀਤਾ ਗਿਆ।ਵਿਧਾਇਕ ਸਿੱਧੂ ਨੇ ਦੱਸਿਆ ਕਿ ਇਸ ਪ੍ਰੋਜੈਕਟ ਤਹਿਤ ਕਰਨੈਲ ਸਿੰਘ ਨਗਰ ਦੀ ਗਲੀ ਨੰਬਰ 13, 15 ਅਤੇ 16 ਦਾ ਨਿਰਮਾਣ ਕੀਤਾ ਜਾਵੇਗਾ ਜਿਸ 'ਤੇ ਕਰੀਬ 21 ਲੱਖ ਰੁਪਏ ਦੀ ਲਾਗਤ ਆਵੇਗੀ। ਵਿਧਾਇਕ ਸਿੱਧੂ ਨੇ ਕਿਹਾ ਕਿ ਮੈਂ ਧੰਨਵਾਦੀ ਹਾਂ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦਾ ਜਿਨ੍ਹਾਂ ਵਿਕਾਸ ਦੇ ਕੰਮਾਂ ਲਈ ਕਿਸੇ ਤਰ੍ਹਾਂ ਦੇ ਫੰਡ ਦੀ ਕੋਈ ਕਮੀ ਨਹੀਂ ਆਉਣ ਦਿੱਤੀ।ਉਨ੍ਹਾਂ ਇਲਾਕਾ ਨਿਵਾਸੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਹ ਗਲੀਆਂ ਤੁਹਾਡੇ ਦਿੱਤੇ ਹੋਏ ਟੈਕਸ ਦੇ ਰੁਪਏ ਵਿੱਚੋਂ ਹੀ ਬਣਦੀਆਂ ਹਨ, ਇਸ ਲਈ ਉਹ ਆਪਣੀ ਨਿਗਰਾਨੀ ਹੇਠ ਹੀ ਇਹਨਾਂ ਸੜਕਾਂ ਦਾ ਨਿਰਮਾਣ ਕਰਵਾਉਣ ਅਤੇ ਬਾਅਦ ਵਿੱਚ ਇਹਨਾਂ ਸੜਕਾਂ ਦੀ ਸਾਂਭ ਸੰਭਾਲ ਰੱਖਣ ਦੀ ਜ਼ਿੰਮੇਵਾਰੀ ਵੀ ਨਿਭਾਉਣ।ਇਸ ਮੌਕੇ ਕੁਲਵਿੰਦਰ ਸਿੰਘ (ਸਰਪੰਚ) ਵੱਲੋਂ ਵਿਧਾਇਕ ਕੁਲਵੰਤ ਸਿੰਘ ਸਿੱਧੂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਚਿਰੋਕਣੀ ਮੰਗ ਨੂੰ ਬੂਰ ਪਿਆ ਹੈ ਕਿਉਂਕਿ ਪਿਛਲੇ 20 ਸਾਲਾਂ ਤੋਂ ਇਨ੍ਹਾਂ ਗਲੀਆਂ ਦੇ ਕਿਸੇ ਨੇ ਸਾਰ ਨਹੀਂ ਲਈ।ਉਦਘਾਟਨ ਮੌਕੇ ਆਪ ਆਗੂ ਪ੍ਰਦੀਪ ਕੁਮਾਰ ਅੱਪੂ ਤੋਂ ਇਲਾਵਾ ਰਾਜਪਾਲ ਸਿੰਘ, ਠੇਕੇਦਾਰ ਮਨਜੀਤ ਸਿੰਘ, ਚਮਕੌਰ ਸਿੰਘ, ਡਾ. ਹਰਦੀਪ ਸਿੰਘ, ਰਾਮਪਾਲ ਸਿੰਘ, ਗੁਰਪ੍ਰੀਤ ਸਿੰਘ, ਮੰਨੂ ਢੰਡ, ਬਲਵਿੰਦਰ ਸਿੰਘ, ਗੁਰਮੀਤ ਸਿੰਘ, ਦੀਪਕ ਤੇ ਹੋਰ ਹਾਜ਼ਰ ਸਨ।

# ਟੈਕਨੀਕਲ ਸਰਵਿਸਿਜ਼ ਯੂਨੀਅਨ ਭੰਗਲ ਤੇ ਪਾਵਰਕਾਮ ਐਂਡ ਟਰਾਂਸਕੋ ਕੰਟੈਰਕਟ ਵਰਕਰ ਯੂਨੀਅਨ ਦੀ ਮੀਟਿੰਗ ਹੋਈ

**ਬੁਢਲਾਡਾ, ਭੀਖੀ (ਅਸ਼ੋਕ ਲਾਕੜਾ, ਗੁਰਿੰਦਰ ਸਿੰਘ ਔਲਖ)** ਟੈਕਨੀਕਲ ਸਰਵਿਸਜ਼ ਯੂਨੀਅਨ ਭੰਗਲ ਤੇ ਪਾਵਰਕਾਮ ਐਂਡ ਟਰਾਂਸਕੋ ਕੰਟੈਰਕਟ ਵਰਕਰ ਯੂਨੀਅਨ ਡਵੀਜ਼ਨ ਬੁਢਲਾਡਾ ਦੀ ਮੀਟਿੰਗ ਡਵੀਜ਼ਨ ਪ੍ਰਧਾਨ ਰਮਨ ਕੁਮਾਰ ਬੁਢਲਾਡਾ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ 'ਚ ਸ਼ਾਮਲ ਆਗੂਆਂ ਵੱਲੋਂ ਪਾਵਰਕਾਮ ਐਂਡ ਟਰਾਂਸਕੋ ਦੀ ਮੈਨੇਜਮੈਂਟ ਵੱਲੋਂ ਮਹਿਕਮੇ 'ਚ ਲਾਗੂ ਕੀਤੀਆਂ ਜਾ ਰਹੀਆਂ ਮੁਲਾਜ਼ਮ ਤੇ ਲੋਕ ਵਿਰੋਧੀ ਨੀਤੀਆਂ ਕਾਰਨ ਰੈਗੂਲਰ, ਆਊਟਸੋਰਡਸ ਕਾਮਿਆਂ, ਰਿਟਾਇਰ ਮੁਲਾਜ਼ਮਾਂ ਤੇ ਲੋਕਾਂ ਨੂੰ ਆ ਰਹੀਆਂ ਦਿੱਕਤਾਂ ਤੇ ਕਾਮਿਆਂ ਦੀਆਂ ਵਰਕ ਲੋਡ ਤੇ ਤਣਾਅ ਕਾਰਨ ਹੋ ਰਹੇ ਐਕਸੀਡੈਂਟਾਂ 'ਚ ਜਾ ਰਹੀਆਂ ਜਾਨਾਂ ਦੀ ਰਾਖੀ ਲਈ ਟੈਕਨੀਕਲ ਸਰਵਿਸਜ਼ ਯੂਨੀਅਨ ਭੰਗਲ ਤੇ ਕੁਆਰਡੀਨੇਸ਼ਨ ਕਮੇਟੀ ਆਫ਼ ਪਾਵਰਕਾਮ ਐਂਡ ਟਰਾਂਸਕੋ ਆਊਟਸੋਰਡਸ ਮੁਲਾਜ਼ਮ ਪੰਜਾਬ ਦੇ ਸੱਦੇ 'ਤੇ ਪਰਵਾਰਾਂ ਸਮੇਤ ਸਰਕਲ ਪੱਧਰੀ ਧਰਨਿਆਂ ਬਾਅਦ 3 ਜੁਲਾਈ ਨੂੰ ਪਟਿਆਲਾ ਵਿਖੇ ਦਿੱਤੇ ਜਾਣ ਵਾਲੇ ਪਰਵਾਰਾਂ ਸਮੇਤ ਸੂਬਾਈ ਧਰਨੇ ਮੁਜ਼ਾਹਰੇ 'ਚ ਸ਼ਾਮਲ ਹੋਣ ਦੀ ਵਿਉਂਤਬੰਦੀ ਕੀਤੀ ਗਈ। ਡਵੀਜ਼ਨ ਪ੍ਰਧਾਨ ਰਮਨ ਕੁਮਾਰ ਨੇ ਦੱਸਿਆ ਕਿ ਬੁਢਲਾਡਾ ਡਵੀਜ਼ਨ ਅਧੀਨ ਸਬ ਡਵੀਜ਼ਨ ਬੋਹਾ 'ਚ ਡਵੀਜ਼ਨ ਸਕੱਤਰ ਬਿਕਰਮਜੀਤ ਸਿੰਘ ਦੀ ਪ੍ਰਧਾਨਗੀ ਹੇਠ ਮੀਟਿੰਗ ਕਰਕੇ ਬੁਢਲਾਡਾ, ਬਰੇਟਾ ਤੇ ਭੀਖੀ ਵਿਖੇ ਤਿਆਰੀ ਦਾ ਜਾਇਜ਼ਾ ਲੈਣ ਕਾਫ਼ਲਾ ਪ੍ਰਧਾਨ ਦਰਸ਼ਨ ਸਿੰਘ ਬੁਢਲਾਡਾ ਤੇ ਸਤਪਾਲ ਭੀਖੀ ਦੀ ਅਗਵਾਈ ਹੇਠ, ਬੋਹਾ ਤੇ ਬਰੇਟਾ ਸਬ ਡਵੀਜ਼ਨਾਂ ਦੇ ਕਾਫਲੇ ਨੂੰ ਬਿਕਰਮਜੀਤ ਸਿੰਘ ਬੋਹਾ ਤੇ ਬਲਵੀਰ ਸਿੰਘ ਬਰੇਟਾ ਦੀ ਅਗਵਾਈ ਹੇਠ ਤੋਰਨ ਦਾ ਫੈਸਲਾ ਕੀਤਾ ਗਿਆ। ਮੀਟਿੰਗ 'ਚ ਸ਼ਾਮਲ ਸਾਬਕਾ ਡਵੀਜ਼ਨ ਪ੍ਰਧਾਨ ਜਸਪਾਲ ਸਿੰਘ ਭੀਖੀ ਤੇ ਸਰਕਲ ਸਕੱਤਰ ਸਤਵਿੰਦਰ ਸਿੰਘ ਨੇ ਦੱਸਿਆ ਕਿ ਬਿਜਲੀ ਬਿੱਲ 2003 ਤੇ 2022 ਨੂੰ ਲਾਗੂ ਕਰਨ ਦੀ ਸੇਧ 'ਚ ਮੈਨੇਜਮੈਂਟ ਵੱਲੋਂ ਚੁੱਕੇ ਜਾ ਰਹੇ ਕਦਮ ਬਿਜਲੀ ਕਾਮਿਆਂ ਦੇ ਰੁਜ਼ਗਾਰ ਦੇ ਉਜਾੜੇ ਤੇ ਉਨ੍ਹਾਂ ਦੀਆਂ ਜ਼ਿੰਦਗੀਆਂ ਦੀ ਤਬਾਹੀ ਦਾ ਕਾਰਨ ਬਣ ਰਹੇ ਹਨ।ਕੇਂਦਰ ਤੇ ਪੰਜਾਬ ਸਰਕਾਰ ਦੇ ਇਸ਼ਾਰੇ ਤੇ ਮੈਨੇਜਮੈਂਟ ਵਰਕ ਲੋਡ ਪਹਿਲਾਂ ਹੀ ਵੱਧ ਹੋਣ ਦੇ ਬਾਵਜੂਦ 8 ਘੰਟੇ ਦੀ ਕੰਮ ਦਿਹਾੜੀ ਦੀ ਥਾਂ 12 ਘੰਟੇ ਕੰਮ ਦਿਹਾੜੀ ਦਾ ਤੁਗਲਕੀ ਫੁਰਮਾਨ ਲਾਗੂ ਕਰਨ, ਪੈਸਕੋ ਕੰਪਨੀ ਅਧੀਨ ਕੰਮ ਕਰਦੇ ਕਾਮਿਆਂ ਨੂੰ 30.6.2025 ਤੋਂ ਬਾਅਦ ਉਨ੍ਹਾਂ ਦਾ ਵਰਕ ਆਰਡਰ ਨਾ ਵਧਾ ਕੇ ਘਰਾਂ ਨੂੰ ਭੇਜਣ ਲਈ ਬਜ਼ਿਦ ਹੈ। ਪਾਵਰਕਾਮ ਐਂਡ ਟਰਾਸਕੋ ਕੰਟੈਰਕਟ ਵਰਕਰ ਯੂਨੀਅਨ ਵੱਲੋਂ ਆਪਣੇ ਮੁਲਾਜ਼ਮਾਂ ਦੀਆਂ ਮਹਿਕਮੇ ਅੰਦਰ ਮੈਨੇਜਮੈਂਟ ਦੀਆਂ ਗਲਤ ਨੀਤੀਆਂ ਕਾਰਨ ਹੋ ਰਹੀਆਂ ਮੌਤਾਂ ਕਾਰਨ, ਸਮੇਂ ਤੇ ਤਨਖਾਹਾਂ ਨਾ ਪਾਉਣ ਕਾਰਨ, ਜਥੇਬੰਦੀ ਨਾਲ ਮੀਟਿੰਗਾਂ ਕਰਕੇ ਕੀਤੀਆਂ ਸਹਿਮਤੀਆਂ ਲਾਗੂ ਨਾ ਕਰਨ ਕਰਕੇ ਸੰਘਰਸ਼ ਕੀਤਾ ਜਾ ਰਿਹਾ ਹੈ।ਮੈਨੇਜਮੈਂਟ ਸੰਘਰਸ਼ ਕਰਦੀਆਂ ਜੱਥੇਬੰਦੀਆਂ ਦੇ ਮਸਲੇ ਹੱਲ ਕਰਨ ਦੀ ਥਾਂ ਗੈਂਗ ਬਣਾ ਕੇ, ਪੰਜ ਜ਼ੋਨਾਂ ਦੀਆਂ 10 ਡਵੀਜ਼ਨਾਂ ਪ੍ਰਾਈਵੇਟ ਕੰਪਨੀਆਂ ਨੂੰ ਸਾਂਭ ਕੇ ਹੱਕੀ ਤੇ ਜਾਇਜ਼ ਮੰਗਾਂ ਨੂੰ ਹਾਸਲ ਕਰਨ ਲਈ ਵਿੱਢੇ ਸੰਘਰਸ਼ ਨੂੰ ਸਾਬੋਤਾਜ ਕਰਨ ਦਾ ਰਸਤਾ ਅਖ਼ਤਿਆਰ ਕਰ ਚੁੱਕੀ ਹੈ।



# ਸ.ਫ਼ਾਈ ਮਜ਼ਦੂਰ ਯੂਨੀਅਨ ਵੱਲੋਂ 16 ਤੋਂ ਕੰਮ ਛੋੜ ਹੜਤਾਲ ਦੀ ਚੇਤਾਵਨੀ



**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**- ਸਫ਼ਾਈ ਮਜ਼ਦੂਰ ਯੂਨੀਅਨ ਨੇ ਨਗਰ ਕੌਂਸਲ ਧੂਰੀ ਦਫ਼ਤਰ ਵਿਖੇ ਇਕ ਅਹਿਮ ਮੀਟਿੰਗ ਕਰਕੇ 16 ਜੁਲਾਈ ਤੋਂ ਕੰਮ ਛੋੜ ਹੜਤਾਲ ਕਰਨ ਦਾ ਐਲਾਨ ਕੀਤਾ। ਮੀਟਿੰਗ ਵਿੱਚ ਸੂਬਾ ਪ੍ਰਧਾਨ ਅਸ਼ੋਕ ਕੁਮਾਰ, ਪੰਜਾਬ ਕਨਵੀਨਰ ਕੁਲਦੀਪ ਸ਼ਰਮਾ, ਜ਼ਿਲ੍ਹਾ ਪ੍ਰਧਾਨ ਹੰਸ ਰਾਜ ਬਨਵਾੜੀ ਅਤੇ ਭਾਰਤ ਬੇਦੀ ਨੇ ਸ਼ਿਰਕਤ ਕੀਤੀ।ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਲੋਕਲ ਯੂਨੀਅਨ ਪ੍ਰਧਾਨ ਮਨੋਜ ਰਾਣੀ ਅਤੇ ਜਨਰਲ ਸਕੱਤਰ ਸੰਜੇ ਕੁਮਾਰ ਨੇ ਦੱਸਿਆ ਕਿ ਕਈ ਵਾਰ ਸਰਕਾਰ ਤੇ ਪ੍ਰਸ਼ਾਸਨ ਨਾਲ ਮੀਟਿੰਗਾਂ ਹੋ ਚੁੱਕੀਆਂ ਹਨ, ਪਰ ਨਾ ਹੀ ਕੱਚੇ ਵਰਕਰਾਂ ਨੂੰ ਕੰਟਰੈਕਟ 'ਤੇ ਲਿਆ ਗਿਆ ਅਤੇ ਨਾ ਹੀ ਕੰਟਰੈਕਟ ਵਰਕਰਾਂ ਨੂੰ ਰੈਗੂਲਰ ਕੀਤਾ ਗਿਆ। ਉਨ੍ਹਾਂ ਕਿਹਾ ਕਿ ਵਰਕਰਾਂ ਦੇ ਹੱਕਾਂ ਨੂੰ ਲੰਬੇ ਸਮੇਂ ਤੋਂ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ, ਜਿਸ ਕਾਰਨ ਹੁਣ ਸਬਰ ਦਾ ਪਿਆਲਾ ਭਰ ਗਿਆ ਹੈ। ਉਨ੍ਹਾਂ ਸਰਕਾਰ ਨੂੰ ਚੇਤਾਵਨੀ ਦਿੱਤੀ ਕਿ ਜੇ 15 ਜੁਲਾਈ ਤੱਕ ਮੰਗਾਂ ਨਹੀਂ ਮਨਜ਼ੂਰ ਕੀਤੀਆਂ ਗਈਆਂ ਤਾਂ 16 ਜੁਲਾਈ ਤੋਂ ਕੰਮ ਛੋੜ ਹੜਤਾਲ ਸ਼ੁਰੂ ਕਰ ਦਿੱਤੀ ਜਾਵੇਗੀ। ਉਨ੍ਹਾਂ ਸਾਫ਼ ਕੀਤਾ ਕਿ ਜ਼ਿੰਮੇਵਾਰੀ ਸਰਕਾਰ ਅਤੇ ਪ੍ਰਸ਼ਾਸਨ ਦੀ ਹੋਵੇਗੀ। ਇਸ ਮੌਕੇ ਰਮੇਸ਼ ਕੁਮਾਰ ਮੇਟ ਅਤੇ ਅਸ਼ੋਕ ਕੁਮਾਰ ਖਜ਼ਾਨਚੀ ਵੀ ਮੌਜੂਦ ਸਨ।

# ਪੈਨਸ਼ਨਰ ਤੇ ਮੁਲਾਜ਼ਮ ਖਜ਼ਾਨਾ ਦਫਤਰਾਂ ਸਾਹਮਣੇ ਵਿੱਤ ਮੰਤਰੀ ਦੇ ਅੱਜ ਫੂਕਣਗੇ ਪੁਤਲੇ

**ਮੋਗਾ (ਇਕਬਾਲ ਸਿੰਘ ਖਹਿਰਾ)**- ਇੱਕ ਪਾਸੇ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਕੀਤੀਆਂ ਜਾ ਰਹੀਆਂ ਪ੍ਰੈਸ ਕਾਨਫਰੰਸਾਂ ਦੌਰਾਨ ਪੰਜਾਬ ਵਿੱਚ ਜੀ ਐਸ ਟੀ ਦੀ ਆਮਦਨ ਵਿੱਚ ਵਾਧਾ ਹੋਣ ਦੇ ਦਾਅਵੇ ਕੀਤੇ ਜਾ ਰਹੇ ਹਨ ਅਤੇ ਦੂਸਰੇ ਪਾਸੇ ਪੰਜਾਬ ਸਰਕਾਰ ਸਿਰ ਦਿਨੋ ਦਿਨ ਕਰਜ਼ੇ ਦੀ ਪੰਡ ਭਾਰੀ ਹੋ ਰਹੀ ਹੈ ਜਿਸ ਦੀ ਮਿਸਾਲ ਪੰਜਾਬ ਸਰਕਾਰ ਵੱਲੋਂ ਆਰ ਬੀ ਆਈ ਤੋਂ ਪਿਛਲੇ ਦਿਨੀਂ 8500 ਕਰੋੜ ਦਾ ਹੋਰ ਕਰਜ਼ਾ ਪ੍ਰਵਾਨ ਕਰਵਾਉਣ ਦੀਆਂ ਖ਼ਬਰਾਂ ਮਿਲ ਰਹੀਆਂ ਹਨ। ਇਸ ਦੇ ਬਾਵਜੂਦ ਪੰਜਾਬ ਦੇ ਖਜ਼ਾਨਾ ਦਫਤਰਾਂ ਵਿੱਚ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਵੱਖ ਵੱਖ ਤਰ੍ਹਾਂ ਦੇ ਏਰੀਅਰ ਬਿੱਲ ਪੰਜਾਬ ਸਰਕਾਰ ਵੱਲੋਂ ਅਦਾਇਗੀਆਂ ਤੇ ਅਣਐਲਾਨੀਆਂ ਪਾਬੰਦੀਆਂ ਲਗਾਈਆਂ ਹੋਣ ਕਾਰਨ ਲਮਕ ਅਵਸਥਾ ਵਿੱਚ ਪਏ ਹਨ। ਇਹ ਅਦਾਇਗੀਆਂ ਤੁਰੰਤ ਚਾਲੂ ਕਰਵਾਉਣ ਲਈ ਪੰਜਾਬ ਪੈਨਸ਼ਨਰਜ਼ ਯੂਨੀਅਨ ( ਸੰਬੰਧਤ ਏਟਕ ਅਤੇ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ 1680 ਸੈਕਟਰ 22ਬੀ, ਚੰਡੀਗੜ੍ਹ ਦੀ ਸੂਬਾ ਕਮੇਟੀ ਵੱਲੋਂ ਉਲੀਕੇ ਗਏ ਐਕਸ਼ਨ ਪ੍ਰੋਗਰਾਮ ਅਨੁਸਾਰ 3 ਜੁਲਾਈ ਨੂੰ ਪੰਜਾਬ ਦੇ ਸਮੂਹ ਖਜ਼ਾਨਾ ਦਫਤਰਾਂ ਦੇ ਸਾਹਮਣੇ ਰੋਸ ਪ੍ਰਦਰਸ਼ਨ ਕਰਨ ਤੋਂ ਬਾਅਦ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੇ ਪੁਤਲੇ ਫੂਕਣ ਦਾ ਐਕਸ਼ਨ ਪ੍ਰੋਗਰਾਮ ਉਲੀਕਿਆ ਗਿਆ ਹੈ। ਇਸ ਐਕਸ਼ਨ ਪ੍ਰੋਗਰਾਮ ਨੂੰ ਲਾਗੂ ਕਰਨ ਸਬੰਧੀ ਜਥੇਬੰਦੀ ਦੇ ਸੂਬਾ ਜਨਰਲ ਸਕੱਤਰ ਪ੍ਰੇਮ ਚਾਵਲਾ, ਜ਼ਿਲ੍ਹਾ ਮੋਗਾ ਦੇ ਪ੍ਰਧਾਨ ਬਚਿੱਤਰ ਸਿੰਘ ਧੋਥੜ, ਪੋਹਲਾ ਸਿੰਘ ਬਰਾੜ, ਜਨਰਲ ਸਕੱਤਰ ਸੱਤਪਾਲ ਸਿੰਘ ਸਹਿਗਲ, ਅਜਮੇਰ ਸਿੰਘ ਦੱਦਾਹੂਰ ਕੈਸ਼ੀਅਰ, ਭੁਪਿੰਦਰ ਸਿੰਘ ਭਿੰਡਾ, ਸੀਨੀਅਰ ਮੀਤ ਪ੍ਰਧਾਨ ਨਿਰੰਜਣ ਸਿੰਘ ਮਾਛੀਕੇ, ਸੀਨੀਅਰ ਮੀਤ ਪ੍ਰਧਾਨ ਚਮਕੌਰ ਸਿੰਘ ਲੰਗੇਆਣਾ ਆਦਿ ਨੇ ਦੱਸਿਆ ਹੈ ਕਿ 3 ਜੁਲਾਈ ਨੂੰ ਸਵੇਰੇ 10 ਵਜੇ ਖਜ਼ਾਨਾ ਦਫਤਰ ਮੋਗਾ ਦੇ ਸਾਹਮਣੇ ਰੋਸ ਪ੍ਰਦਰਸ਼ਨ ਕਰਨ ਤੋਂ ਬਾਅਦ ਵਿੱਤ ਮੰਤਰੀ ਪੰਜਾਬ ਦਾ ਪੁਤਲਾ ਫੂਕਿਆ ਜਾਵੇਗਾ। ਉਹਨਾਂ ਅੱਗੇ ਦੱਸਿਆ ਕਿ ਵਿੱਤ ਵਿਭਾਗ ਪੰਜਾਬ ਸਰਕਾਰ ਨੇ 18 ਫਰਵਰੀ 2025 ਨੂੰ ਇੱਕ ਨੋਟੀਫਿਕੇਸ਼ਨ ਜਾਰੀ ਕਰਕੇ 1 ਜਨਵਰੀ 2016 ਤੋਂ 30 ਜੂਨ 2021 ਦਰਮਿਆਨ ਵੱਖ-ਵੱਖ ਵਿਭਾਗਾਂ ਵਿੱਚੋਂ ਸੇਵਾ ਮੁਕਤ ਹੋਣ ਵਾਲੇ ਪੈਨਸ਼ਨਰਾਂ ਨੂੰ ਸੋਧੀ ਹੋਈ ਲੀਵ ਇਨਕੈਸ਼ਮੈਂਟ ਦੇ ਬਣਦੇ ਚੌਥੇ ਹਿੱਸੇ ਦੀ ਮਹੀਨਾ ਅਪ੍ਰੈਲ 2025 ਵਿੱਚ ਅਦਾਇਗੀ ਕਰਨ ਦੇ ਆਦੇਸ਼ ਜਾਰੀ ਕੀਤੇ ਗਏ ਸਨ। ਉਹਨਾਂ ਕਿਹਾ ਕਿ ਪਿਛਲੇ ਤਿੰਨ ਮਹੀਨਿਆਂ ਤੋਂ ਪੰਜਾਬ ਸਰਕਾਰ ਵੱਲੋਂ ਇਹਨਾਂ ਬਿੱਲਾਂ ਦੀਆਂ ਅਦਾਇਗੀਆਂ ਕਰਨ 'ਤੇ ਅਣਐਲਾਨੀਆਂ ਰੋਕਾਂ ਲਗਾਏ ਜਾਣ ਕਾਰਨ ਇਹ ਬਿੱਲ ਖਜ਼ਾਨਾ ਦਫਤਰਾਂ ਵਿੱਚ ਲਮਕ ਅਵਸਥਾ ਵਿੱਚ ਪਏ ਹਨ ਅਤੇ ਅਜੇ ਤੱਕ ਕਿਸੇ ਇੱਕ ਵੀ ਪੈਨਸ਼ਨਰ ਨੂੰ ਸੋਧੀ ਹੋਈ ਲੀਵ ਇਨਕੈਸ਼ਮੈਂਟ ਦੀ ਅਦਾਇਗੀ ਨਹੀਂ ਹੋਈ ਜਿਸ ਕਾਰਨ ਪੈਨਸ਼ਨਰਾਂ ਵਿੱਚ ਪੰਜਾਬ ਸਰਕਾਰ ਦੇ ਪ੍ਰਤੀ ਭਾਰੀ ਰੋਸ ਅਤੇ ਗੁੱਸਾ ਪਾਇਆ ਜਾ ਰਿਹਾ ਹੈ।ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਪੰਜਾਬ ਦੇ ਛੇਵੇਂ ਤਨਖਾਹ ਕਮਿਸ਼ਨ ਦੇ ਬਣਦੇ ਸਾਰੇ ਬਕਾਏ ਰੋਲ ਕੇ ਰੱਖ ਦਿੱਤੇ ਹਨ, ਪੰਜਾਬ ਸਰਕਾਰ ਵੱਲ 13 ਫੀਸਦੀ ਦੀ ਦਰ ਨਾਲ ਚਾਰ ਕਿਸ਼ਤਾਂ ਬਕਾਇਆ ਪਈਆਂ ਹਨ, ਤਨਖਾਹ ਕਮਿਸ਼ਨ ਵੱਲੋਂ ਸਿਫਾਰਿਸ਼ ਕੀਤਾ ਗਿਆ 2.59 ਦਾ ਗੁਣਾਂਕ ਲਾਗੂ ਨਹੀਂ ਕੀਤਾ ਜਾ ਰਿਹਾ। ਇਸ ਕਰਕੇ ਜਥੇਬੰਦੀ ਨੂੰ ਪੰਜਾਬ ਦੇ ਖਜ਼ਾਨਾ ਦਫਤਰਾਂ ਸਾਹਮਣੇ ਵਿੱਤ ਮੰਤਰੀ ਪੰਜਾਬ ਹਰਪਾਲ ਸਿੰਘ ਚੀਮਾ ਦੇ ਪੁਤਲੇ ਫੂਕਣ ਦਾ ਫੈਸਲਾ ਲੈਣਾ ਪਿਆ ਹੈ। ਇਸ ਤੋਂ ਇਲਾਵਾ ਵੱਖ ਵੱਖ ਵਿਭਾਗਾਂ ਵਿੱਚੋਂ ਸੇਵਾ ਮੁਕਤ ਹੋਏ ਪੈਨਸ਼ਨਰਾਂ ਦੇ ਜੀ ਪੀ ਫੰਡ ਦੀ ਅੰਤਿਮ ਅਦਾਇਗੀ ਅਤੇ ਐਡਵਾਂਸ ਦੇ ਬਿੱਲ ਵੀ ਪਾਸ ਨਹੀਂ ਕੀਤੇ ਜਾ ਰਹੇ । ਇਸ ਮੌਕੇ ਏਟਕ ਵਿੱਚ ਸ਼ਾਮਲ ਵੱਖ ਵੱਖ ਜਥੇਬੰਦੀਆਂ, ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਜ਼ਿਲ੍ਹਾ ਮੋਗਾ ਦੇ ਪ੍ਰਧਾਨ ਸੁਖਦੇਵ ਸਿੰਘ, ਜਨਰਲ ਸਕੱਤਰ ਸਰਬਜੀਤ ਦੌਧਰ , ਵਿੱਤ ਸਕੱਤਰ ਪ੍ਰੇਮ ਕੁਮਾਰ ਅਤੇ ਪ੍ਰੈਸ ਸਕੱਤਰ ਗਿਆਨ ਸਿੰਘ ਅਤੇ ਕਲਾਸ ਫ਼ੋਰ ਗੌਰਮਿੰਟ ਇੰਪਲਾਈਜ਼ ਯੂਨੀਅਨ ਵੱਲੋਂ ਵੀ ਇਸ ਐਕਸ਼ਨ ਦੀ ਹਮਾਇਤ ਕਰਦੇ ਹੋਏ ਸ਼ਮੂਲੀਅਤ ਕਰਨ ਦਾ ਫੈਸਲਾ ਕੀਤਾ ਹੈ।



# ਜ਼ਿਲ੍ਹਾ ਸਿੱਖਿਆ ਤੇ ਸਿਖਲਾਈ ਸੰਸਥਾ ਦਾ ਨਤੀਜਾ 100 ਫੀਸਦੀ



**ਨਾਭਾ (ਵਰਿੰਦਰ ਵਰਮਾ)**- ਐਸ.ਸੀ.ਈ.ਆਰ.ਟੀ ਮੋਹਾਲੀ ਵੱਲੋਂ ਡਿਪਲੋਮਾ ਇਨ ਐਲੀਮੈਂਟਰੀ ਐਜੂਕੇਸ਼ਨ ਭਾਗ ਦਾ ਪਹਿਲਾ ਨਤੀਜਾ ਘੋਸ਼ਿਤ ਕੀਤਾ ਗਿਆ। ਜਿਸ ਵਿੱਚ ਜ਼ਿਲ੍ਹਾ ਸਿੱਖਿਆ ਤੇ ਸਿਖਲਾਈ ਸੰਸਥਾ ਨਾਭਾ ਦਾ ਨਤੀਜਾ 100 ਫੀਸਦੀ ਰਿਹਾ। ਜਿਸ ਵਿੱਚ ਸੰਸਥਾ ਦੇ 66 ਵਿਦਿਆਰਥੀਆ ਵਿੱਚੋਂ 62 ਵਿਦਿਆਰਥੀਆਂ ਨੇ 80% ਤੋਂ ਵੱਧ ਅੰਕ ਹਾਸਲ ਕੀਤੇ। ਜਿਨ੍ਹਾਂ ਵਿੱਚ ਨਵਰੀਤ ਕੌਰ 1026/1150 ਅੰਕ ਲੈ ਕੇ ਪਹਿਲੇ ਸਥਾਨ 'ਤੇ ਰਹੀ, ਬੇਅੰਤ ਕੌਰ ਨੇ 1018/1150 ਦੂਜੇ ਸਥਾਨ 'ਤੇ ਅਤੇ ਮਨਪ੍ਰੀਤ ਕੌਰ 1017/1150 ਅੰਕ ਲੈ ਕੇ ਤੀਸਰੇ ਸਥਾਨ 'ਤੇ ਰਹੀ। ਇਸ ਮੌਕੇ ਵਿਦਿਆਰਥੀਆਂ ਦੀ ਇਸ ਕਾਰਗੁਜ਼ਾਰੀ 'ਤੇ ਸੰਸਥਾ ਦੇ ਮੁਖੀ ਪ੍ਰਿੰਸੀਪਲ ਸੰਦੀਪ ਨਾਗਰ ਨੇ ਵਿਦਿਆਰਥੀਆਂ ਅਤੇ ਸਮੂਹ ਸਟਾਫ ਨੂੰ ਵਧਾਈ ਦਿੱਤੀ।ਇਸ ਮੌਕੇ ਵਿਦਿਆਰਥੀ ਨਵਰੀਤ ਕੌਰ, ਬੇਅੰਤ ਕੌਰ ਅਤੇ ਮਨਪ੍ਰੀਤ ਕੌਰ ਨੇ ਕਿਹਾ ਕਿ ਇਹ ਪੁਜੀਸ਼ਨ ਅਸੀਂ ਜ਼ਿਲ੍ਹਾ ਸਿੱਖਿਆ ਤੇ ਸਿਖਲਾਈ ਸੰਸਥਾ ਨਾਭਾ ਦੇ ਮੁਖੀ ਸੰਦੀਪ ਨਾਗਰ ਅਤੇ ਸਮੂਹ ਸਟਾਫ ਦੇ ਯਤਨ ਸਦਕਾ ਹਾਸਲ ਕੀਤੀ ਹੈ।

# ਡਿਪਟੀ ਕਮਿਸ਼ਨਰ ਵੱਲੋਂ ਘਨੌਰ ਬੀ ਡੀ ਪੀ ਓ ਦਫ਼ਤਰ ਦਾ ਅਚਨਚੇਤ ਨਿਰੀਖਣ

**ਪਟਿਆਲਾ**- ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਬੀ ਡੀ ਪੀ ਓ ਦਫ਼ਤਰ ਘਨੌਰ ਦਾ ਅਚਨਚੇਤ ਦੌਰਾ ਕਰਕੇ ਨਿਰੀਖਣ ਕੀਤਾ। ਇਸ ਮੌਕੇ ਉਨ੍ਹਾਂ ਇਸ ਦਫ਼ਤਰ ਦੀ ਸਾਫ਼ ਸਫ਼ਾਈ ਤੇ ਰਜਿਸਟਰਾਂ ਵਿੱਚ ਰਿਕਾਰਡ ਦੀ ਸੰਭਾਲ ਚੰਗੀ ਤਰ੍ਹਾਂ ਨਾ ਕੀਤੇ ਜਾਣ ਦਾ ਗੰਭੀਰ ਨੋਟਿਸ ਲਿਆ। ਉਨ੍ਹਾਂ ਬੀ ਡੀ ਪੀ ਓ, ਸੁਪਰਡੈਂਟ, ਲੇਖਾਕਾਰ, ਪੰਚਾਇਤ ਸਕੱਤਰਾਂ, ਏ.ਪੀ.ਓ, ਮਗਨਰੇਗਾ ਕਰਮਚਾਰੀਆਂ ਅਤੇ ਹੋਰ ਅਮਲੇ ਨੂੰ ਹਦਾਇਤ ਕੀਤੀ ਕਿ ਪਿੰਡਾਂ ਦੇ ਵਿਕਾਸ ਕਾਰਜਾਂ ਸਮੇਤ ਲੋਕਾਂ ਦੇ ਕੰਮਾਂ ਦੇ ਨਿਪਟਾਰੇ ਵਿੱਚ ਕੋਈ ਕੁਤਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਇਸ ਮੌਕੇ ਏ ਡੀ ਸੀ ਦਿਹਾਤੀ ਵਿਕਾਸ ਅਮਰਿੰਦਰ ਸਿੰਘ ਟਿਵਾਣਾ ਅਤੇ ਐਸ ਡੀ ਐਮ ਰਾਜਪੁਰਾ ਅਵਿਕੇਸ਼ ਗੁਪਤਾ ਵੀ ਮੌਜੂਦ ਸਨ।ਡਾ. ਪ੍ਰੀਤੀ ਯਾਦਵ ਨੇ ਬੀ ਡੀ ਪੀ ਓ ਦਫ਼ਤਰ ਦਾ ਜਾਇਜ਼ਾ ਲੈਂਦਿਆਂ ਹਾਜ਼ਰੀ ਰਜਿਸਟਰ, ਪੰਦਰ੍ਹਵੇਂ ਵਿੱਤ ਕਮਿਸ਼ਨ ਦਾ 'ਕੇ' ਰਜਿਸਟਰ, ਲੇਖਾ ਰਿਕਾਰਡ, ਵਰਤੋਂ ਸਰਟੀਫਿਕੇਟਾਂ ਦਾ ਵੇਰਵਾ, ਪੰਜਾਬ ਨਿਰਮਾਣ ਕਾਰਜਾਂ ਦੇ ਵਰਤੋਂ ਸਰਟੀਫਿਕੇਟਸ, ਰਸੀਟ ਤੇ ਡਿਸਪੈਚ ਰਜਿਸਟਰ ਦਾ ਨਿਰੀਖਣ ਕੀਤਾ। ਉਨ੍ਹਾਂ ਨੇ ਚਿੱਠੀ ਪੱਤਰਾਂ ਦੇ ਨਿਪਟਾਰੇ ਲਈ ਗੋਸ਼ਵਾਰਾ ਨਾ ਹੋਣ ਦਾ ਵੀ ਨੋਟਿਸ ਲਿਆ ਅਤੇ ਸਬੰਧਤ ਅਧਿਕਾਰੀਆਂ ਨੂੰ ਤਾੜਨਾ ਕੀਤੀ ਕਿ ਰਿਕਾਰਡ ਵਿੱਚ ਊਣਤਾਈ ਹੋਣ 'ਤੇ ਵਿਭਾਗੀ ਕਾਰਵਾਈ ਕੀਤੀ ਜਾਵੇਗੀ।ਡਾ. ਪ੍ਰੀਤੀ ਯਾਦਵ ਨੇ ਨੇ ਲੰਬਿਤ ਮਾਮਲਿਆਂ ਦਾ ਤੁਰੰਤ ਨਿਪਟਾਰਾ ਕਰਨ 'ਤੇ ਵੀ ਜ਼ੋਰ ਦਿੱਤਾ।ਇਸ ਮੌਕੇ ਡਿਪਟੀ ਕਮਿਸ਼ਨਰ ਨੇ ਪਿੰਡਾਂ ਦੇ ਓ ਡ ਐਿਫ ਸਟੇਟਸ, ਛੱਪੜਾਂ ਦੀ ਸਫ਼ਾਈ, ਮਗਨਰੇਗਾ ਕੰਮਾਂ ਬਾਬਤ ਬਿੱਲਾਂ ਸਮੇਤ ਮਗਨਰੇਗਾ ਕਾਮਿਆਂ ਦੀ ਦਿਹਾੜੀ ਦਾ ਭੁਗਤਾਨ, ਮੈਟੀਰੀਅਲ ਦੀ ਖਰੀਦ ਤੇ ਅਦਾਇਗੀ, ਕੈਸ਼ਬੁੱਕ, ਪੰਚਾਇਤੀ ਜ਼ਮੀਨਾਂ ਤੋਂ ਨਾਜਾਇਜ਼ ਕਬਜ਼ੇ ਛੁਡਾਉਣ ਅਤੇ ਹੋਰ ਸੰਬੰਧਤ ਮੁੱਦਿਆਂ ਦੀ ਵੀ ਸਮੀਖਿਆ ਕੀਤੀ। ਉਨ੍ਹਾਂ ਨੇ ਮਗਨਰੇਗਾ ਏ ਪੀ ਓ ਅਤੇ ਪੰਚਾਇਤ ਸਕੱਤਰਾਂ ਤੋਂ ਉਨ੍ਹਾਂ ਦੇ ਕੰਮਾਂ ਤੇ ਕਾਰਵਾਈ ਰਜਿਸਟਰਾਂ ਬਾਬਤ ਪੁੱਛ ਪੜਤਾਲ ਕੀਤੀ।ਇਸ ਮੌਕੇ ਬੀ ਡੀ ਪੀ ਓ ਘਨੌਰ ਜਤਿੰਦਰ ਸਿੰਘ ਢਿੱਲੋਂ ਨੇ ਆਪਣੇ ਦਫ਼ਤਰ ਦੀ ਕਾਰਗੁਜ਼ਾਰੀ ਬਾਰੇ ਜਾਣਕਾਰੀ ਦਿੰਦਿਆਂ ਭਰੋਸਾ ਦਿੱਤਾ ਕਿ ਬਲਾਕ ਵਿੱਚ ਪੰਚਾਇਤਾਂ ਤੇ ਪਿੰਡਾਂ ਦੇ ਵਿਕਾਸ ਸਮੇਤ ਲੋਕਾਂ ਦੇ ਕੰਮਾਂ ਨੂੰ ਸਮਾਂਬੱਧ ਢੰਗ ਨਾਲ ਨਿਪਟਾਉਣ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।



# ਸਰਕਾਰ 8500 ਕਰੋੜ ਕਰਜ਼ੇ ਨਾਲ ਪੰਜਾਬ ਨੂੰ ਵਿੱਤੀ ਸੰਕਟ ਵੱਲ ਧੱਕ ਰਹੀ : ਬੁੱਟਰ/ਭਾਰਤੀ

**ਸਮਰਾਲਾ (ਸੁਰਜੀਤ ਸਿੰਘ)** ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਕੇਂਦਰ ਤੋਂ ਹੋਰ 8500 ਕਰੋੜ ਰੁਪਏ ਦੇ ਕਰਜ਼ੇ ਦੀ ਮੰਗ ਕਰਨ ਨਾਲ ਪੰਜਾਬ ਦੀਆਂ ਸਿਆਸੀ ਸਫ਼ਾਂ ਵਿਚ ਸਰਕਾਰ ਆਲੋਚਨਾ ਦਾ ਕੇਂਦਰ ਬਣ ਗਈ ਹੈ।ਕਾਂਗਰਸ ਦੇ ਬੁਲਾਰੇ ਅਰਸ਼ਦੀਪ ਸਿੰਘ ਬੁੱਟਰ ਅਤੇ ਲੋਕ ਸਭਾ ਹਲਕਾ ਫ਼ਤਿਹਗੜ੍ਹ ਸਾਹਿਬ ਦੇ ਕੋਆਰਡੀਨੇਟਰ ਵਿਸ਼ਾਲ ਭਾਰਤੀ ਨੇ ਪੰਜਾਬ ਨੂੰ ਹੋਰ ਕਰਜ਼ੇ ਵਿੱਚ ਫਸਾਉਣ ਦੀ ਸਖ਼ਤ ਨਿਖੇਧੀ ਕਰਦਿਆਂ ਕਿਹਾ ਹੈ ਕਿ ਅਜੇ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਪੰਜਾਬ ਵਿੱਚ ਸਰਕਾਰ ਚਲਾਉਂਦਿਆਂ ਤਿੰਨ ਸਾਲ ਹੀ ਹੋਏ ਹਨ।ਪੰਜਾਬ ਦੇ ਸਿਰ ਪਹਿਲਾਂ ਹੀ ਭਾਰੀ ਕਰਜ਼ਾ ਖੜ੍ਹਾ ਹੈ।ਹੁਣ ਸਰਕਾਰ ਨੇ ਹੋਰ 8500 ਕਰੋੜ ਦੇ ਕਰਜ਼ੇ ਦੀ ਮੰਗ ਕੇਂਦਰ ਅੱਗੇ ਰੱਖ ਦਿੱਤੀ ਹੈ।ਉਨ੍ਹਾਂ ਕਿਹਾ ਕਿ ਸਰਕਾਰ ਪੰਜਾਬ ਨੂੰ ਵਿੱਤੀ ਸੰਕਟ ਵੱਲ ਧੱਕ ਰਹੀ ਹੈ।ਉਨ੍ਹਾਂ ਕਿਹਾ ਕਿ ਤਾਜ਼ਾ ਰਿਪੋਰਟਾਂ ਅਨੁਸਾਰ 'ਆਪ' ਸਰਕਾਰ ਜੁਲਾਈ ਤੋਂ ਸਤੰਬਰ 2025 ਦਰਮਿਆਨ ਵਾਧੂ 8,500 ਕਰੋੜ ਰੁਪਏ ਦਾ ਕਰਜ਼ਾ ਲੈਣ ਦੀ ਯੋਜਨਾ ਬਣਾ ਰਹੀ ਹੈ, ਜਦਕਿ ਪਹਿਲਾਂ ਹੀ 3.82 ਲੱਖ ਕਰੋੜ ਰੁਪਏ ਦੇ ਕਰਜ਼ੇ ਵਿੱਚ ਹੋਰ ਵਾਧਾ ਕਰੇਗੀ। ਉਨ੍ਹਾਂ ਕਿਹਾ ਕਿ ਸਿਰਫ਼ ਤਿੰਨ ਸਾਲਾਂ ਵਿੱਚ 'ਆਪ' ਸਰਕਾਰ ਨੇ ਪੰਜਾਬ ਦੇ ਕਰਜ਼ੇ ਵਿੱਚ 1 ਲੱਖ ਕਰੋੜ ਰੁਪਏ ਦਾ ਵਾਧਾ ਕੀਤਾ ਹੈ, ਜਿਸਦੇ ਮਾਰਚ 2026 ਤੱਕ 4 ਲੱਖ ਕਰੋੜ ਰੁਪਏ ਤੱਕ ਪਹੁੰਚਣ ਦੀ ਸੰਭਾਵਨਾ ਹੈ।ਉਨ੍ਹਾਂ ਕਿਹਾ ਕਿ ਚੋਣ ਪ੍ਰਚਾਰ ਦੌਰਾਨ 'ਆਪ' ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਭ੍ਰਿਸ਼ਟਾਚਾਰ ਅਤੇ ਗੈਰ-ਕਾਨੂੰਨੀ ਰੇਤ ਮਾਈਨਿੰਗ 'ਤੇ ਰੋਕ ਲਾ ਕੇ ਬਜਟ ਦੇ ਨੁਕਸਾਨ ਨੂੰ ਖਤਮ ਕਰਨ ਅਤੇ 64,000 ਕਰੋੜ ਰੁਪਏ ਦੀ ਵਾਧੂ ਆਮਦਨ ਦਾ ਲੌਲੀਪੌਪ ਦਿੱਤਾ ਸੀ।ਉਨ੍ਹਾਂ ਕਿਹਾ ਕਿ ਕੇਜਰੀਵਾਲ ਦੇ ਦਾਅਵੇ ਝੂਠੇ ਹੀ ਨਹੀਂ, ਬਲਕਿ ਗੁੰਮਰਾਹਕੁੰਨ ਸਾਬਤ ਹੋ ਰਹੇ ਹਨ। ਮਾਨ ਸਰਕਾਰ ਨੂੰ ਆਪਣੀਆਂ ਗ਼ਲਤ ਨੀਤੀਆਂ ਨੂੰ ਤੁਰੰਤ ਬਦਲਣਾ ਚਾਹੀਦਾ ਹੈ ਤੇ ਸਥਾਈ ਮਾਲੀਆ ਪੈਦਾ ਕਰਨ ਨੂੰ ਤਰਜ਼ੀਹ ਦੇਣੀ ਚਾਹੀਦੀ ਹੈ।



# ਤੰਦਰੁਸਤ ਸਿਹਤ ਲਈ ਸਵੱਛਤਾ ਬਣਾਈ ਰੱਖਣਾ ਜ਼ਰੂਰੀ : ਡਾ. ਸੰਜੇ ਕਾਮਰਾ

**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)**- ਸਿਹਤ ਅਤੇ ਪਰਵਾਰ ਭਲਾਈ ਮੰਤਰੀ ਡਾ. ਬਲਵੀਰ ਸਿੰਘ, ਡਾਇਰੈਕਟਰ ਸਿਹਤ ਤੇ ਪਰਵਾਰ ਭਲਾਈ ਵਿਭਾਗ ਡਾ. ਹਤਿੰਦਰ ਕੌਰ ਕਲੇਰ ਅਤੇ ਡਿਪਟੀ ਕਮਿਸ਼ਨਰ ਸ਼ੰਦੀਪ ਰਿਸ਼ੀ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸਿਵਲ ਸਰਜਨ ਡਾ. ਸੰਜੇ ਕਾਮਰਾ ਦੀ ਅਗਵਾਈ ਵਿੱਚ ਜ਼ਿਲ੍ਹਾ ਸੰਗਰੂਰ ਅਧੀਨ ਆਉਂਦੇ ਸਾਰੇ ਸਿਹਤ ਸੰਸਥਾਵਾਂ ਵਿੱਚ ਦਸਤ ਰੋਕੂ ਮੁਹਿੰਮ 1 ਤੋਂ 31 ਜੁਲਾਈ ਤੱਕ ਚਲਾਈ ਜਾ ਰਹੀ ਹੈ। ਜ਼ਿਲ੍ਹਾ ਹਸਪਤਾਲ ਵਿਖੇ ਦਸਤ ਰੋਕੂ ਮੁਹਿੰਮ ਦੀ ਸ਼ੁਰੂਆਤ ਮੌਕੇ ਡਾ. ਸੰਜੇ ਕਾਮਰਾ ਨੇ ਦੱਸਿਆ ਕਿ ਇਸ ਮੁਹਿੰਮ ਵਿੱਚ 5 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਓ.ਆਰ.ਐੱਸ. ਦੇ ਪੈਕੇਟ ਅਤੇ ਜ਼ਿੰਕ ਦੀਆਂ ਗੋਲੀਆਂ ਦਿੱਤੀਆਂ ਜਾਣਗੀਆਂ ਅਤੇ ਜ਼ਿਲ੍ਹੇ ਅੰਦਰ ਸਾਰੀਆਂ ਸਿਹਤ ਸੰਸਥਾਵਾਂ ਵਿੱਚ ਓ.ਆਰ.ਐਸ ਅਤੇ ਜ਼ਿੰਕ ਕਾਰਨਰ ਸਥਾਪਤ ਕੀਤੇ ਗਏ ਹਨ ਅਤੇ ਸਿਹਤ ਕਰਮਚਾਰੀ ਓ.ਆਰ.ਐਸ ਤਿਆਰ ਕਰਨ ਦੇ ਤਰੀਕੇ ਬਾਰੇ ਵੀ ਆਮ ਲੋਕਾਂ ਨੂੰ ਜਾਗਰੂਕ ਕਰਨਗੇ। ਦਸਤ ਨੂੰ ਰੋਕਣ ਲਈ ਸਵੱਛਤਾ ਬਣਾਈ ਰੱਖਣ ਦੀ ਜ਼ਰੂਰਤ ਹੈ। ਇਸ ਮੌਕੇ ਜ਼ਿਲ੍ਹਾ ਟੀਕਾਕਰਨ ਅਫ਼ਸਰ ਡਾ. ਅੰਜੂ ਸਿੰਗਲਾ ਨੇ ਦੱਸਿਆ ਕਿ ਦਸਤ ਦੌਰਾਨ ਅਤੇ ਦਸਤ ਤੋਂ ਬਾਅਦ ਮਾਂ ਦਾ ਦੁੱਧ, ਤਰਲ ਪਦਾਰਥ ਅਤੇ ਓਪਰੀ ਖੁਰਾਕ ਦੇਣਾ ਜਾਰੀ ਰੱਖੀ ਜਾਵੇ, ਜਨਮ ਤੋਂ 6 ਮਹੀਨੇ ਤੱਕ ਦੇ ਬੱਚੇ ਨੂੰ ਸਿਰਫ ਮਾਂ ਦਾ ਦੁੱਧ ਦਿੱਤਾ ਜਾਵੇ, ਖਾਣਾ ਬਣਾਉਣ ਤੇ ਖਾਣਾ ਖਵਾਉਣ ਤੋਂ ਪਹਿਲਾਂ ਅਤੇ ਪਖਾਨਾ ਸਾਫ ਕਰਨ ਤੋਂ ਬਾਅਦ ਹੱਥਾਂ ਨੂੰ ਸਾਬਣ ਨਾਲ ਚੰਗੀ ਤਰ੍ਹਾਂ ਸਾਫ ਕੀਤਾ ਜਾਵੇ। ਓ.ਆਰ.ਐੱਸ. ਦੇ ਪੈਕੇਟ ਅਤੇ ਜ਼ਿੰਕ ਦੀਆਂ ਗੋਲੀਆਂ ਨਜ਼ਦੀਕੀ ਸਰਕਾਰੀ ਸਿਹਤ ਸੰਸਥਾਵਾਂ ਵਿੱਚ ਮੁਫ਼ਤ ਉਪਲਬੱਧ ਹਨ। ਇਸ ਮੌਕੇ ਜ਼ਿਲ੍ਹਾ ਟੀਕਾਕਰਨ ਅਫਸਰ ਡਾ. ਅੰਜੂ ਸਿੰਗਲਾ, ਸੀਨੀਅਰ ਮੈਡੀਕਲ ਅਫ਼ਸਰ ਡਾ. ਵਿਨੋਦ ਕੁਮਾਰ, ਡਾ. ਤਰੁਨ ਅਹੂਜਾ, ਜ਼ਿਲ੍ਹਾ ਸਮੂਹ ਸਿੱਖਿਆ ਤੇ ਸੂਚਨਾ ਅਫ਼ਸਰ ਕਰਨੈਲ ਸਿੰਘ, ਐਲ ਐਚ ਵੀ ਰੇਨੂੰ, ਮ ਪ ਹ ਵ (ਫੀ) ਅਤੇ ਆਸ਼ਾ ਆਦਿ ਹਾਜ਼ਰ ਸਨ।



# ਅਕਾਲੀ ਆਗੂਆਂ ਦਾ ਪੰਜਾਬ ਸਰਕਾਰ ਵਿਰੁੱਧ ਰੋਸ ਪ੍ਰਦਰਸ਼ਨ

**● ਮਜੀਠੀਆ ਦੀ ਗ੍ਰਿਫ਼ਤਾਰੀ ਨੂੰ ਲੈ ਕੇ ਸੜਕਾਂ 'ਤੇ ਧਰਨਾ**



**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)** ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਕੈਬਨਟ ਮੰਤਰੀ ਬਿਕਰਮਜੀਤ ਸਿੰਘ ਮਜੀਠੀਆ ਦੀ ਗ੍ਰਿਫਤਾਰੀ ਦੇ ਵਿਰੋਧ ਵਿੱਚ ਅਕਾਲੀ ਦਲ ਦੇ ਵਰਕਰਾਂ ਤੇ ਆਗੂਆਂ ਨੇ ਜ਼ੋਰਦਾਰ ਰੋਸ ਪ੍ਰਦਰਸ਼ਨ ਕੀਤਾ। ਸਾਬਕਾ ਵਿਧਾਇਕ ਜੋਗਿੰਦਰ ਸਿੰਘ ਜਿੰਦੂ ਦੀ ਅਗਵਾਈ 'ਚ ਅਕਾਲੀ ਵਰਕਰਾਂ ਦਾ ਇੱਕ ਵੱਡਾ ਜੱਥਾ ਚੰਡੀਗੜ੍ਹ ਵੱਲ ਮਾਰਚ ਕਰਨ ਲਈ ਨਿਕਲਿਆ ਸੀ, ਪਰ ਜ਼ਿਲ੍ਹਾ ਪੁਲਸ ਨੇ ਤਲਵੰਡੀ ਭਾਈ ਦੇ ਮੇਨ ਚੌਂਕ 'ਤੇ ਇਸ ਜੱਥੇ ਨੂੰ ਰੋਕ ਲਿਆ। ਪੁਲਸ ਦੀ ਇਸ ਕਾਰਵਾਈ ਨੇ ਅਕਾਲੀ ਆਗੂਆਂ ਦੇ ਗੁੱਸੇ ਨੂੰ ਹੋਰ ਭੜਕਾਇਆ, ਜਿਸ ਕਾਰਨ ਉਨ੍ਹਾਂ ਨੇ ਸੜਕ 'ਤੇ ਹੀ ਧਰਨਾ ਲਾ ਦਿੱਤਾ ਅਤੇ ਪੰਜਾਬ ਸਰਕਾਰ ਤੇ ਮੁੱਖ ਮੰਤਰੀ ਭਗਵੰਤ ਮਾਨ ਦੇ ਵਿਰੁੱਧ ਨਾਅਰੇਬਾਜ਼ੀ ਕੀਤੀ। ਡੀਐਸਪੀ ਕਰਨ ਸ਼ਰਮਾ ਨੇ ਦੱਸਿਆ ਕਿ ਉੱਚ ਅਧਿਕਾਰੀਆਂ ਦੀਆਂ ਹਦਾਇਤਾਂ 'ਤੇ ਅਕਾਲੀ ਵਰਕਰਾਂ ਨੂੰ ਰੋਕਣ ਦੀ ਕਾਰਵਾਈ ਕੀਤੀ ਗਈ ਹੈ, ਤਾਂ ਜੁ ਕਾਨੂੰਨ ਤੇ ਸ਼ਾਂਤੀ ਵਿਵਸਥਾ ਬਣੀ ਰਹੇ ਅਤੇ ਕੋਈ ਅਣਸੁਖਾਵੀਂ ਘਟਨਾ ਨਾ ਵਾਪਰੇ। ਉਨ੍ਹਾਂ ਮੁਤਾਬਕ ਅਕਾਲੀ ਵਰਕਰਾਂ ਨੂੰ ਮੇਨ ਚੌਂਕ 'ਤੇ ਹੀ ਰੋਕਿਆ ਗਿਆ ਤੇ ਅੱਗੇ ਵਧਣ ਦੀ ਇਜਾਜ਼ਤ ਨਹੀਂ ਦਿੱਤੀ ਗਈ। ਧਰਨੇ ਦੌਰਾਨ ਸਾਬਕਾ ਵਿਧਾਇਕ ਜੋਗਿੰਦਰ ਸਿੰਘ ਜਿੰਦੂ ਨੇ ਪੰਜਾਬ ਸਰਕਾਰ 'ਤੇ ਤਿੱਖੇ ਹਮਲੇ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਨਸ਼ਿਆਂ ਨੂੰ ਖ਼ਤਮ ਕਰਨ ਦੇ ਨਾਮ 'ਤੇ ਝੂਠਾ ਢੌਂਗ ਰਚ ਰਹੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਵੱਲੋਂ ਨਾ ਸਿਰਫ਼ ਬੇਗੁਨਾਹ ਲੋਕਾਂ 'ਤੇ ਝੂਠੇ ਮੁਕੱਦਮੇ ਦਰਜ ਕੀਤੇ ਜਾ ਰਹੇ ਹਨ, ਸਗੋਂ ਸਿਆਸੀ ਵਿਰੋਧੀਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਜਿੰਦੂ ਨੇ ਕਿਹਾ ਕਿ ਬਿਕਰਮਜੀਤ ਸਿੰਘ ਮਜੀਠੀਆ 'ਤੇ ਆਮਦਨ ਤੋਂ ਵੱਧ ਜਾਇਦਾਦ ਦਾ ਜੋ ਮੁਕੱਦਮਾ ਦਰਜ ਕੀਤਾ ਗਿਆ ਹੈ, ਉਹ ਪੂਰੀ ਤਰ੍ਹਾਂ ਬੇਬੁਨਿਆਦ ਅਤੇ ਸਿਆਸੀ ਬਦਲਾਖੋਰੀ ਦਾ ਨਤੀਜਾ ਹੈ। ਉਨ੍ਹਾਂ ਚਿਤਾਵਨੀ ਦਿੱਤੀ ਕਿ ਸ਼੍ਰੋਮਣੀ ਅਕਾਲੀ ਦਲ ਅਜਿਹੀਆਂ ਸਰਕਾਰੀ ਜ਼ਿਆਦਤੀਆਂ ਅਤੇ ਝੂਠੇ ਪਰਚਿਆਂ ਤੋਂ ਕਦੇ ਵੀ ਨਹੀਂ ਡਰੇਗਾ। ਜਿੰਦੂ ਨੇ ਅੱਗੇ ਕਿਹਾ ਕਿ ਪੰਜਾਬ ਦੀ ਜਨਤਾ ਸਰਕਾਰ ਦੀਆਂ ਇਨ੍ਹਾਂ ਹਰਕਤਾਂ ਤੋਂ ਪੂਰੀ ਤਰ੍ਹਾਂ ਜਾਣੂ ਹੈ ਅਤੇ ਜਲਦੀ ਹੀ ਇਸ ਦਾ ਮੂੰਹ ਤੋੜ ਜਵਾਬ ਦੇਵੇਗੀ। ਉਨ੍ਹਾਂ ਨੇ ਮੰਗ ਕੀਤੀ ਕਿ ਬਿਕਰਮਜੀਤ ਸਿੰਘ ਮਜੀਠੀਆ 'ਤੇ ਦਰਜ ਮੁਕੱਦਮਾ ਰੱਦ ਕੀਤਾ ਜਾਵੇ ਤੇ ਸਰਕਾਰ ਆਪਣੀਆਂ ਜ਼ਿਆਦਤੀਆਂ ਬੰਦ ਕਰੇ।

# ਝਾੜ ਸਾਹਿਬ ਕਾਲਜ ਦਾ ਬੀ ਐਸ ਐਫ ਡੀ ਸਮੈਸਟਰ ਛੇਵੇਂ ਦਾ ਨਤੀਜਾ ਸ਼ਾਨਦਾਰ ਰਿਹਾ



**ਸਮਰਾਲਾ (ਸੁਰਜੀਤ ਸਿੰਘ)** ਲੜਕੀਆਂ ਦੀ ਉੱਚ ਸਿੱਖਿਆ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਸਰਪ੍ਰਸਤੀ ਹੇਠ ਚੱਲ ਰਹੀ ਇੱਕੋ ਇੱਕ ਮਾਣਮੱਤੀ ਸੰਸਥਾ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫਾਰ ਵਿਮੈਨ, ਝਾੜ ਸਾਹਿਬ (ਲੁਧਿ.) ਦਾ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵੱਲੋਂ ਐਲਾਨਿਆ ਬੀ.ਐਸ.ਐਫ.ਡੀ. ਸਮੈਸਟਰ ਛੇਵਾਂ ਦਾ ਨਤੀਜਾ ਸ਼ਾਨਦਾਰ ਰਿਹਾ। ਕਾਲਜ ਪ੍ਰਿੰਸੀਪਲ ਡਾ. ਰਾਜਿੰਦਰ ਕੌਰ ਨੇ ਦੱਸਿਆ ਕਿ ਬੀ.ਐਸ.ਐਫ.ਡੀ. ਸਮੈਸਟਰ ਛੇਵੇਂ ਦੀ ਵਿਦਿਆਰਥਣ ਜਸ਼ਨਪ੍ਰੀਤ ਕੌਰ ਨੇ 92.3 ਫ਼ੀਸਦੀ ਅੰਕ ਪ੍ਰਾਪਤ ਕਰਕੇ ਕਾਲਜ ਵਿੱਚ ਪਹਿਲਾ ਸਥਾਨ ਹਾਸਲ ਕੀਤਾ। ਰਮਨਪ੍ਰੀਤ ਕੌਰ ਨੇ 91.61 ਫ਼ੀਸਦੀ ਅੰਕ ਹਾਸਲ ਕਰਕੇ ਦੂਜਾ ਸਥਾਨ ਹਾਸਲ ਕੀਤਾ ਤੇ ਸਿਮਰਨਜੀਤ ਕੌਰ ਨੇ 87.09 ਅੰਕ ਹਾਸਲ ਕਰਕੇ ਤੀਜਾ ਸਥਾਨ ਹਾਸਲ ਕੀਤਾ। ਕਾਲਜ ਪ੍ਰਿੰਸੀਪਲ ਡਾ. ਰਜਿੰਦਰ ਕੌਰ ਨੇ ਵਿਦਿਆਰਥਣਾਂ ਅਤੇ ਸਟਾਫ਼ ਮੈਂਬਰ,ਮਾਪਿਆਂ ਨੂੰ ਵਧਾਈ ਦਿੱਤੀ ਅਤੇ ਸ਼ੁਭ ਕਾਮਨਾਵਾਂ ਦਿੰਦੇ ਹੋਏ ਕਿਹਾ ਕਿ ਇਹ ਸੰਸਥਾ ਵਿਦਿਆਰਥਣਾਂ ਦੇ ਸਰਵਪੱਖੀ ਵਿਕਾਸ ਦੀ ਪੂਰਤੀ ਲਈ ਸਦਾ ਯਤਨਸ਼ੀਲ ਰਹਿੰਦੀ ਹੈ। ਉਨ੍ਹਾਂ ਕਿਹਾ ਕਿ ਉਮੀਦ ਹੈ ਕਿ ਭਵਿੱਖ ਵਿੱਚ ਵੀ ਇਸ ਕਾਲਜ ਦੀਆਂ ਵਿਦਿਆਰਥਣਾਂ ਦ੍ਰਿੜ ਇਰਾਦੇ, ਸਖ਼ਤ ਮਿਹਨਤ ਅਤੇ ਲਗਨ ਸਦਕਾ ਵਧੀਆ ਨਤੀਜੇ ਪ੍ਰਾਪਤ ਕਰਕੇ ਅਧਿਆਪਕਾਂ ਤੇ ਮਾਪਿਆਂ ਦਾ ਨਾਂਅ ਰੌਸ਼ਨ ਕਰਨਗੀਆਂ।

# ਪਾਕਿਸਤਾਨੀ ਡਰੋਨ ਹਮਲੇ 'ਚ ਪਤਨੀ ਤੋਂ ਬਾਅਦ ਪਤੀ ਦੀ ਵੀ ਮੌਤ





**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)** ਭਾਰਤ-ਪਾਕਿਸਤਾਨ ਸਰਹੱਦ 'ਤੇ ਵਧਦੇ ਤਣਾਅ ਦੇ ਵਿਚਕਾਰ ਫਿਰੋਜ਼ਪੁਰ ਦੇ ਸਰਹੱਦੀ ਪਿੰਡ ਖਾਈ ਫੇਮੇ ਵਿੱਚ ਇੱਕ ਪਰਵਾਰ ਦੀ ਜ਼ਿੰਦਗੀ ਪਾਕਿਸਤਾਨੀ ਡਰੋਨ ਹਮਲੇ ਦੀ ਭੇਟ ਚੜ੍ਹ ਗਈ। 9-10 ਮਈ ਦੀ ਰਾਤ ਨੂੰ ਹੋਏ ਇਸ ਦੁਖਦਾਈ ਹਮਲੇ ਵਿੱਚ ਪਰਿਵਾਰ ਦੇ ਘਰ 'ਤੇ ਡਰੋਨ ਡਿੱਗਣ ਕਾਰਨ ਅੱਗ ਲੱਗ ਗਈ, ਜਿਸ ਨੇ ਪੂਰੇ ਪਰਵਾਰ ਨੂੰ ਤਬਾਹ ਕਰ ਦਿੱਤਾ। ਹਮਲੇ ਵਿੱਚ ਪਤਨੀ ਸੁਖਵਿੰਦਰ ਕੌਰ ਦੀ ਪਹਿਲਾਂ ਹੀ ਮੌਤ ਹੋ ਚੁੱਕੀ ਸੀ ਤੇ ਹੁਣ ਉਸ ਦੇ ਪਤੀ ਲਖਵਿੰਦਰ ਸਿੰਘ ਨੇ ਵੀ ਬੀਤੀ ਰਾਤ ਦਮ ਤੋੜ ਦਿੱਤਾ। 9-10 ਮਈ ਦੀ ਰਾਤ ਨੂੰ ਇੱਕ ਡਰੋਨ ਅਚਾਨਕ ਲਖਵਿੰਦਰ ਸਿੰਘ ਦੇ ਘਰ ਵਿੱਚ ਡਿੱਗਿਆ। ਡਰੋਨ ਦੇ ਡਿੱਗਣ ਨਾਲ ਘਰ ਵਿੱਚ ਅੱਗ ਲੱਗ ਗਈ, ਜਿਸ ਨੇ ਪੂਰੇ ਪਰਵਾਰ ਨੂੰ ਆਪਣੀ ਲਪੇਟ ਵਿੱਚ ਲੈ ਲਿਆ। ਇਸ ਅਗਨੀਕਾਂਡ ਵਿੱਚ ਪਰਿਵਾਰ ਦੇ ਤਿੰਨ ਜੀਆਂ ਨੂੰ ਗੰਭੀਰ ਸੱਟਾਂ ਲੱਗੀਆਂ। ਸੁਖਵਿੰਦਰ ਕੌਰ ਤੇ ਲਖਵਿੰਦਰ ਸਿੰਘ ਨੂੰ ਤੁਰੰਤ ਲੁਧਿਆਣਾ ਦੇ ਡੀਐਮਸੀ ਹਸਪਤਾਲ ਵਿੱਚ ਰੈਫਰ ਕੀਤਾ ਗਿਆ, ਜਿੱਥੇ ਸੁਖਵਿੰਦਰ ਕੌਰ ਨੇ 13 ਮਈ ਨੂੰ ਇਲਾਜ ਦੌਰਾਨ ਦਮ ਤੋੜ ਦਿੱਤਾ। ਲਖਵਿੰਦਰ ਸਿੰਘ ਜੋ ਇਸ ਹਮਲੇ ਵਿੱਚ 70 ਫ਼ੀਸਦੀ ਸੜ ਚੁੱਕੇ ਸਨ, ਪਿਛਲੇ 7-8 ਦਿਨਾਂ ਤੋਂ ਜ਼ਿੰਦਗੀ ਅਤੇ ਮੌਤ ਨਾਲ ਜੂਝ ਰਹੇ ਸਨ। ਹਸਪਤਾਲ ਵਿੱਚ ਲਖਵਿੰਦਰ ਸਿੰਘ ਦੀ ਹਾਲਤ ਨਾਜ਼ੁਕ ਬਣੀ ਹੋਈ ਸੀ। ਉਸ ਦੇ ਸਰੀਰ ਵਿੱਚ ਇਨਫੈਕਸ਼ਨ ਫੈਲਣ ਕਾਰਨ ਉਸ ਨੂੰ ਵੈਂਟੀਲੇਟਰ 'ਤੇ ਰੱਖਿਆ ਗਿਆ। ਡਾਕਟਰਾਂ ਨੇ ਉਸ ਦੇ ਡਾਇਲਿਸਿਸ ਸਮੇਤ ਹਰ ਸੰਭਵ ਇਲਾਜ ਕੀਤਾ, ਪਰ ਉਹ ਇਸ ਜ਼ਖ਼ਮੀ ਸਰੀਰ ਦੀ ਲੜਾਈ ਨੂੰ ਜਿੱਤ ਨਾ ਸਕੇ। ਬੀਤੀ ਰਾਤ ਉਸ ਨੇ ਵੀ ਆਖਰੀ ਸਾਹ ਲਿਆ। ਸੁਖਵਿੰਦਰ ਕੌਰ ਤੇ ਲਖਵਿੰਦਰ ਸਿੰਘ ਦੀ ਮੌਤ ਨੇ ਖਾਈ ਫੇਮੇਕੀ 'ਚ ਸੋਗਮਈ ਕਰ ਦਿੱਤਾ ਹੈ।

# ਨੈਸ਼ਨਲ ਕਰਾਟੇ ਚੈਂਪੀਅਨਸ਼ਿਪ 'ਚੋਂ ਜਿੱਤਿਆ ਗੋਲਡ ਮੈਡਲ



**ਬਰੇਟਾ (ਗੋਬਿੰਦ ਸ਼ਰਮਾ)** ਹਿਮਾਚਲ ਪ੍ਰਦੇਸ਼ ਦੇ ਊਨਾ ਵਿਖੇ ਹੋਈ ਆਲ ਇੰਡੀਆ ਗੋਜੂ ਰਿਊ ਨੈਸ਼ਨਲ ਕਰਾਟੇ ਚੈਂਪੀਅਨਸ਼ਿਪ ਵਿੱਚ ਗਿਆਨ ਸਾਗਰ ਕਾਨਵੈਂਟ ਸਕੂਲ ਦੇ ਦਸਵੀਂ ਜਮਾਤ ਦੇ ਵਿਦਿਆਰਥੀ ਪਰਗਟ ਸਿੰਘ ਨੇ ਭਾਗ ਲਿਆ। ਸਕੂਲ ਦੇ ਪ੍ਰਿੰਸੀਪਲ ਭਾਰਤ ਦੀਪ ਗਰਗ ਨੇ ਦੱਸਿਆ ਕਿ ਪਰਗਟ ਸਿੰਘ ਨੇ ਆਪਣੀ ਖੇਡ ਦਾ ਵਧੀਆ ਪ੍ਰਦਰਸਨ ਕਰਦੇ ਹੋਏ ਦੂਜੀਆਂ ਸਟੇਟਾਂ ਦੇ ਵਿਦਿਆਰਥੀਆਂ ਨੂੰ ਪਛਾੜਦੇ ਹੋਏ ਸ਼ਾਨਦਾਰ ਜਿੱਤ ਪ੍ਰਾਪਤ ਕਰਕੇ ਪਹਿਲੀ ਪੁਜ਼ੀਸ਼ਨ ਤੇ ਗੋਲਡ ਮੈਡਲ ਜਿੱਤਿਆ। ਪਰਗਟ ਸਿੰਘ ਨੇ ਨੈਸ਼ਨਲ ਲੈਵਲ 'ਤੇ ਪਹਿਲੀ ਪੁਜ਼ੀਸ਼ਨ ਭਾਰ ਵਰਗ-52 ਵਿਚ ਪ੍ਰਾਪਤ ਕੀਤੀ। ਪਰਗਟ ਸਿੰਘ ਦੀ ਚੋਣ ਅੱਗੇ ਇੰਟਰਨੈਸ਼ਨਲ ਖੇਡਾਂ ਲਈ ਹੋਈ ਹੈ, ਜੋ ਪੂਰੇ ਇਲਾਕੇ ਲਈ ਮਾਣ ਵਾਲੀ ਗੱਲ ਹੈ। ਪ੍ਰਗਟ ਸਿੰਘ ਦੇ ਮਾਪਿਆਂ, ਰਿਸ਼ਤੇਦਾਰਾਂ, ਕੁਲਰੀਆਂ ਦੇ ਸਰਪੰਚ ਪ੍ਰਕਾਸ਼ ਸਿੰਘ, ਕਾਹਨਗੜ੍ਹ ਦੇ ਸਰਪੰਚ ਜਗਸੀਰ ਸਿੰਘ ਦਾ ਸਕੂਲ ਪਹੁੰਚਣ 'ਤੇ ਕੋਚ ਅਮਨਦੀਪ ਸਿੰਘ, ਡੀ.ਪੀ.ਬੱਬੂ ਸਿੰਘ, ਗੁਰਵਿੰਦਰ ਸਿੰਘ ਤੇ ਸਮੂਹ ਸਟਾਫ ਤੇ ਬੱਚਿਆਂ ਦੁਆਰਾ ਗਰਮਜੋਸ਼ੀ ਨਾਲ ਸਵਾਗਤ ਕੀਤਾ ਗਿਆ। ਸਕੂਲ ਦੇ ਚੇਅਰਮੈਨ ਰਾਮਪਾਲ ਸਿੰਘ ਸੇਖੋਂ ਤੇ ਦੋਨੋਂ ਸਰਪੰਚਾਂ ਵੱਲੋਂ ਪ੍ਰਗਟ ਸਿੰਘ ਨੂੰ ਟਰਾਫੀ ਅਤੇ ਸਰਟੀਫਿਕੇਟ ਨਾਲ ਸਨਮਾਨਤ ਕੀਤਾ ਗਿਆ।

# ਭਗਵਾਨ ਜਗਨਨਾਥ ਰੱਥ ਯਾਤਰਾ ਦਾ ਆਯੋਜਨ



**ਮੋਗਾ (ਇਕਬਾਲ ਸਿੰਘ ਖਹਿਰਾ)**- ਇਸਕੋਨ ਪ੍ਰਚਾਰ ਸਮਿਤੀ ਮੋਗਾ ਅਤੇ ਅੰਤਰਰਾਸ਼ਟਰੀ ਸ੍ਰੀ ਕ੍ਰਿਸ਼ਨ ਚੇਤਨਾ ਸੋਸਾਇਟੀ (ਇਸਕੋਨ) ਵੱਲੋਂ ਭਗਵਾਨ ਜਗਨਨਾਥ ਰਥ ਯਾਤਰਾ ਮੋਗਾ ਸ਼ਹਿਰ ਵਿਚ ਪੰਜਵੀਂ ਵਾਰ ਆਯੋਜਿਤ ਕੀਤੀ ਗਈ। ਇਸ ਭਗਵਾਨ ਜਗਨਨਾਥ ਰਥ ਯਾਤਰਾ ਵਿਚ ਦੁਨੀਆ ਦੇ ਹਰ ਕੋਨੇ ਤੋਂ ਜਗਨਨਾਥ ਭਗਤ ਮੋਗਾ ਪਹੁੰਚੇ। ਇਸ ਰਥ ਯਾਤਰਾ ਦੀ ਅਗਵਾਈ ਸਾਕਸ਼ੀ ਗੋਪਾਲ ਦਾਸ ਪ੍ਰਧਾਨ ਇਸਕੋਨ ਕੁਰੂਕਸ਼ੇਤਰ, ਪ੍ਰਤੀਕਸ਼ਿਤ ਪ੍ਰਤਣ ਦਾਸ, ਮੁਰਾਰੀ ਉੱਜਵਲ ਦਾਸ ਸਤਪਤੀ ਪ੍ਰਭੂ, ਗੌੜ ਹਰੀ ਦਾਸ, ਦੀਪ ਨਰਾਇਣ ਦਾਸ, ਰਾਮ ਕਨ੍ਹਈਆ ਦਾਸ, ਚੰਦਨ ਦਾਸ ਗੋਇਲ, ਕੇਸ਼ਵ ਦਾਸ ਅਮ੍ਰਥ, ਯਾਲਾਮੁਨ ਕੁਰਕਸ਼ੇਤਰ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ। ਭਗਵਾਨ ਜਗਨਨਾਥ ਦੀ ਰਥ ਯਾਤਰਾ ਦਾ ਉਦਘਾਟਨ ਗਰਗ ਹਸਪਤਾਲ ਜ਼ੀਰਾ ਰੋਡ ਦੇ ਐਮ.ਡੀ ਡਾ. ਸੰਦੀਪ ਗਰਗ ਨੇ ਪਰਵਾਰ ਸਮੇਤ ਕੀਤਾ। ਇਸ ਦੌਰਾਨ ਨਾਰੀਅਲ ਦੀ ਸੇਵਾ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਡਾ. ਸੀਮਾਂਤ ਗਰਗ, ਸਾਬਕਾ ਵਿਧਾਇਕ ਡਾ. ਹਰਜੋਤ ਕਮਲ, ਹਿਤੇਸ਼ ਗੁਪਤਾ, ਸ਼ਰਮਾ ਸਵੀਟਸ ਲੁਧਿਆਣਾ ਵੱਲੋਂ ਛੱਪਣ ਭੋਗ ਦੀ ਸੇਵਾ, ਸ਼ਰਮਾ ਸਵੀਟਸ ਮੋਗਾ ਵੱਲੋਂ ਰਥ ਯਾਤਰਾ ਅਤੇ ਫੁੱਲਾਂ ਦੀ ਸੇਵਾ ਦੀਪਕ ਸੂਰੀ ਜਲੰਧਰ, ਯੁਵਰਾਜ ਮਹਾਜਨ ਜਲੰਧਰ, ਭੰਡਾਰਾ ਯਜਮਾਨ ਕੇ.ਕੇ. ਗਰਗ ਸ਼ਰਮਾ ਯਾਤਰਾ, ਭਗਵਾਨ ਜਗਨਨਾਥ ਆਗਮਨ ਪੁਰਬ ਦੀ ਸੇਵਾ ਰਾਈਟਵੇਅ ਏਅਰਲਿੰਕਸ ਦੀ ਡਾਇਰੈਕਟਰ ਦੇਵਪ੍ਰਿਆ ਤਿਆਗੀ, ਪ੍ਰਧਾਨ ਨਵਦੀਪ ਗੁਪਤਾ, ਖਾਦੀ ਬੋਰਡ ਦੇ ਡਾਇਰੈਕਟਰ ਅਜੇ ਸ਼ਰਮਾ, ਆਪ ਮਹਿਲਾ ਵਿੰਗ ਆਗੂ ਰਿੰਪੀ ਗਰੇਵਾਲ, ਧਰਮ ਜਾਗਰਣ ਮੰਚ ਪੰਜਾਬ ਦੇ ਰਾਮ ਗੋਪਾਲ, ਸਾਬਕਾ ਜ਼ਿਲ੍ਹਾ ਪ੍ਰਧਾਨ ਵਿਜੇ ਸ਼ਰਮਾ, ਰਾਕੇਸ਼ ਸ਼ਰਮਾ, ਸਾਬਕਾ ਸੀਨੀਅਰ ਡਿਪਟੀ ਮੇਅਰ ਅਨਿਲ ਵਿੱਕੀ ਭਾਂਡੇ ਬੰਸਲ, ਸਾਬਕਾ ਸੀਨੀਅਰ ਡਿਪਟੀ ਮੇਅਰ ਅਨਿਲ ਨੇਕੀ ਭਾਂਡੇ, ਅਨਮੋਲ ਸ਼ਰਮਾ, ਰਾਜਸ਼੍ਰੀ ਸ਼ਰਮਾ, ਵਿਜੇ ਮਿਸ਼ਰਾ, ਸ਼ਸ਼ੀਕਾਂਤ ਪਾਂਡੇ, ਵਿਜੇ ਸ਼ਰਮਾ, ਰਾਕੇਸ਼ ਸ਼ਰਮਾ, ਬੰਟੂ ਜੈਸਵਾਲ, ਰਜਨੀਸ਼ ਕੁਮਾਰ, ਉਮਾਕਾਂਤ, ਗੌਰਵ ਗਰਗ, ਹਰਸ਼ ਬਾਂਸਲ, ਸੁਸ਼ੀਲ ਮਿੱਡਾ, ਸੌਰਭ ਗੋਇਲ, ਪਰਮਪਾਲ ਸਿੰਘ ਤਖ਼ਤੂਪੁਰਾ, ਸਵਾਮੀ ਦੀ ਨੀਰਜਾ ਮਹਿਲਾ ਭਾਜਪਾ ਦੀ ਜਗਜੀਤਤਾ ਸੰਦੇਂਡ, ਮਹੇਸ਼ ਸ਼ਰਮਾ, ਸੌਰਭ ਗੋਇਲ, ਸੰਜੀਵ ਸਿੰਗਲਾ, ਗਗਨ ਗਾਬਾ, ਮੁਕੇਸ਼, ਆਨੰਦ ਜੈਨ, ਸੰਜੀਵ ਨਰੂਲਾ ਤੋਂ ਇਲਾਵਾ ਸ਼ਹਿਰ ਦੀਆਂ ਧਾਰਮਿਕ, ਸਿਆਸੀ, ਸਮਾਜਿਕ ਸ਼ਖ਼ਸੀਅਤਾਂ ਅਤੇ ਸ਼ਹਿਰ ਵਾਸੀਆਂ ਨੇ ਸਾਂਝੇ ਤੌਰ 'ਤੇ ਕੀਤਾ। ਇਹ ਰੱਥ ਯਾਤਰਾ ਪੁਰਾਣੀ ਕਚਹਿਰੀ ਰੋਡ ਤੋਂ ਸ਼ੁਰੂ ਹੋਈ। ਰਥ ਯਾਤਰਾ ਦੌਰਾਨ ਬਾਜ਼ਾਰਾਂ ਵਿਚ ਵੱਖ-ਵੱਖ ਥਾਵਾਂ 'ਤੇ ਪ੍ਰਸਿੱਧ ਗਾਇਕ ਭਜਨ ਗਾ ਰਹੇ ਸਨ ਅਤੇ ਵੱਖ-ਵੱਖ ਥਾਵਾਂ 'ਤੇ ਫੁੱਲਾਂ ਦੀ ਵਰਖਾ ਕਰ ਕੇ ਭਗਵਾਨ ਜਗਨਨਾਥ ਜੀ ਦਾ ਸਵਾਗਤ ਕੀਤਾ ਜਾ ਰਿਹਾ ਸੀ ਅਤੇ ਸ਼ਹਿਰ ਦੇ ਸਮਾਜਿਕ, ਧਾਰਮਿਕ ਅਤੇ ਆਮ ਲੋਕਾਂ ਨੇ ਛਬੀਲਾਂ ਲਗਾ ਕੇ ਭਗਵਾਨ ਜਗਨਨਾਥ ਦੀ ਰਥ ਯਾਤਰਾ ਵਿਚ ਹਿੱਸਾ ਲੈਣ ਵਾਲੇ ਸੈਂਕੜੇ ਲੋਕਾਂ ਨੂੰ ਫਲ, ਬਿਸਕੁਟ, ਜਲਜੀਰਾ, ਠੰਢਾ ਮਿੱਠਾ ਪਾਣੀ ਵੰਡਿਆ। ਪੂਰੇ ਸ਼ਹਿਰ ਦੇ ਲੋਕ ਦੇਰ ਰਾਤ ਤੱਕ ਸੜਕਾਂ 'ਤੇ ਖੜ੍ਹੇ ਹੋ ਕੇ ਭਗਵਾਨ ਜਗਨਨਾਥ ਦੀ ਰੱਥ ਯਾਤਰਾ ਦਾ ਇੰਤਜ਼ਾਰ ਕਰਦੇ ਰਹੇ ਅਤੇ ਭਗਵਾਨ ਜਗਨਨਾਥ ਨੂੰ ਮੱਥਾ ਟੇਕ ਕੇ ਉਨ੍ਹਾਂ ਦਾ ਆਸ਼ੀਰਵਾਦ ਲਿਆ।

# ਬੂਟੇ ਲਾਉਣ ਲਈ ਮਤਾ ਪਾਸ ਕੀਤਾ



**ਜਗਰਾਓਂ (ਅਮਿਤ ਖੰਨਾ)** ਬਿਲਡਿੰਗ ਠੇਕੇਦਾਰ ਐਸੋਸੀਏਸ਼ਨ ਰਜਿ 133 ਦੀ ਮਹੀਨਾਵਾਰੀ ਮੀਟਿੰਗ ਪ੍ਰਧਾਨ ਜਿੰਦਰ ਪਾਲ ਧੀਮਾਨ ਦੀ ਪ੍ਰਧਾਨਗੀ ਹੇਠ ਗੁਰਦੁਆਰਾ ਰਾਮਗੜ੍ਹੀਆ ਘਰ ਵਿੱਚ ਹੋਈ। ਪ੍ਰਧਾਨ ਜਿੰਦਰ ਪਾਲ ਧੀਮਾਨ ਨੇ ਕਿਹਾ ਕਿ ਮਹੀਨਾਵਾਰ ਮੀਟਿੰਗ ਕਰਨ ਦਾ ਮੁੱਖ ਮਕਸਦ ਠੇਕੇਦਾਰਾਂ ਨੂੰ ਆ ਰਹੀ ਮੁਸ਼ਕਲਾਂ ਦਾ ਹੱਲ ਕਰਨਾ ਹੁੰਦਾ ਹੈ। ਮੀਟਿੰਗ ਵਿਚ ਸੰਸਥਾ ਵੱਲੋਂ ਸ਼ਹਿਰ ਵਿੱਚ ਕੀਤੇ ਜਾਣ ਵਾਲੇ ਸਮਾਜ ਸੇਵੀ ਪ੍ਰੋਜੈਕਟਾਂ ਬਾਰੇ ਵੀ ਵਿਚਾਰ ਕੀਤਾ ਗਿਆ। ਐਸੋਸੀਏਸ਼ਨ ਵੱਲੋਂ ਬੂਟੇ ਲਾਉਣ ਲਈ ਵੀ ਮਤਾ ਪਾਸ ਕੀਤਾ ਗਿਆ ਤੇ ਜਗਰਾਓਂ ਨਿਵਾਸੀਆਂ ਨੂੰ ਵਾਤਾਵਰਣ ਸ਼ੁੱਧ ਰੱਖਣ ਲਈ ਵੱਧ ਤੋਂ ਵੱਧ ਰੁੱਖ ਲਾਉਣ ਦੀ ਅਪੀਲ ਕੀਤੀ ਗਈ। ਨਗਰ ਕੌਂਸਲ ਦੇ ਬਾਹਰ ਜਗਰਾਓਂ ਵਿੱਚ ਥਾਂ-ਥਾਂ ਲੱਗੇ ਕੂੜੇ ਦੇ ਢੇਰਾਂ ਦੇ ਨਿਪਟਾਰੇ ਲਈ ਕੌਂਸਲਰਾਂ ਵੱਲੋਂ ਨਗਰ ਕੌਂਸਲ ਗੇਟ ਦੇ ਬਾਹਰ ਧਰਨਾ ਦਿੱਤਾ ਗਿਆ, ਜਿਸ ਵਿੱਚ ਬਿਲਡਿੰਗ ਠੇਕੇਦਾਰ ਐਸੋਸੀਏਸ਼ਨ ਦੇ ਮੈਂਬਰ ਵੀ ਸ਼ਾਮਲ ਹੋਏ। ਪ੍ਰਧਾਨ ਜਿੰਦਰਪਾਲ ਧੀਮਾਨ ਨੇ ਕਿਹਾ ਕਿ ਸਾਰੇ ਹੀ ਕੌਂਸਲਰਾਂ ਨੂੰ ਆਪਣੇ ਆਪਸੀ ਮਨ-ਮਿਟਾਵ ਦੂਰ ਕਰ ਕੇ ਸ਼ਹਿਰ ਦੀ ਭਲਾਈ ਲਈ ਇਕਜੁਟ ਹੋਣ ਦੀ ਅਪੀਲ ਕਰਦਿਆਂ ਕਿਹਾ ਕਿ ਇਹ ਸਮਾਂ ਆਪਸ ਵਿਚ ਉਲਝਣ ਦਾ ਨਹੀਂ ਬਲਕਿ ਸ਼ਹਿਰ ਦੇ ਭਲੇ ਲਈ ਸੋਚਣ ਦਾ ਹੈ। ਇਸ ਮੌਕੇ ਠੇਕੇਦਾਰ ਕਸ਼ਮੀਰੀ ਲਾਲ, ਠੇਕੇਦਾਰ ਗੁਰਮੇਲ ਸਿੰਘ ਢੁੱਡੀਕੇ, ਪ੍ਰਿਤਪਾਲ ਸਿੰਘ ਮਣਕੂ, ਪ੍ਰਧਾਨ ਜਿੰਦਰਪਾਲ ਸਿੰਘ ਧੀਮਾਨ, ਸੀਨੀਅਰ ਮੀਤ ਪ੍ਰਧਾਨ ਠੇਕੇਦਾਰ ਅਮਰਜੀਤ ਸਿੰਘ ਘਟੌੜੇ, ਸੀਨੀਅਰ ਮੀਤ ਪ੍ਰਧਾਨ ਠੇਕੇਦਾਰ ਮੰਗਲ ਸਿੰਘ ਸਿੱਧੂ, ਖ਼ਜ਼ਾਨਚੀ ਪ੍ਰੀਤਮ ਸਿੰਘ ਗੈਦੂ, ਜਰਨਲ ਸਕੱਤਰ ਜਸਪਾਲ ਸਿੰਘ ਕਲਿਆਣ, ਮੁੱਖ ਸਲਾਹਕਾਰ ਸੁੱਖਪਾਲ ਸਿੰਘ ਖਹਿਰਾ ਹਾਜ਼ਰ ਸਨ।

# ਗੁਰਦੁਆਰਾ ਭਾਈ ਹਾਕਮ ਸਿੰਘ ਵਿਖੇ ਐਤਵਾਰ ਸਮਾਗਮ ਲਈ ਸਾਰੇ ਪ੍ਰਬੰਧ ਪੈ ਜਾਂਦੇ ਫਿੱਕੇ

**● ਛੇਤੀ ਹੀ ਸੰਗਤਾਂ ਲਈ ਵੱਡਾ ਨਵਾਂ ਦਰਬਾਰ ਖੋਲ੍ਹਿਆ ਜਾਵੇਗਾ : ਪ੍ਰਬੰਧਕ ਕਮੇਟੀ**



**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)** ਮਖੂ ਗੇਟ ਸਥਿਤ ਗੁਰਦੁਆਰਾ ਭਾਈ ਹਾਕਮ ਸਿੰਘ, ਜੋ ਅਨੋਖੇ ਅਮਰ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਨਾਂਅ ਨਾਲ ਜਾਣਿਆ ਜਾਂਦਾ ਹੈ, ਜਿਥੇ ਹੋਰ ਵੀ ਸਮਾਗਮ ਵੱਡੀ ਵੱਧਰ 'ਤੇ ਮਨਾਏ ਜਾਂਦੇ ਹਨ, ਉਥੇ ਹਰ ਐਤਵਾਰ ਵਾਲੇ ਦਿਨ ਬਾਬਾ ਦੀਪ ਸਿੰਘ ਜੀ ਦੇ ਨਾਂਅ 'ਤੇ ਗੁਰਬਾਣੀ ਦੇ ਚੁਪਹਿਰਾ ਸਾਹਿਬ ਦੇ ਜੋ ਜਾਪ ਹੁੰਦੇ ਹਨ, ਉਸ ਵਿਚ ਸੰਗਤਾਂ ਦਾ ਬੇਮਿਸਾਲ ਇਕੱਠ ਹੋਣ ਕਰਕੇ ਪ੍ਰਬੰਧਕਾਂ ਵੱਲੋਂ ਕੀਤੇ ਸਾਰੇ ਪ੍ਰਬੰਧ ਫਿੱਕੇ ਪੈ ਜਾਂਦੇ ਹਨ ਤੇ ਸੰਗਤਾਂ ਨੂੰ ਮਜ਼ਬੂਰੀ ਵੱਸ ਗੁਰਦੁਆਰਾ ਸਾਹਿਬ ਦੇ ਹਾਲ (ਦਰਬਾਰ) ਛੋਟਾ ਹੋਣ ਕਰਕੇ ਗਲਖੀ ਵਿਚ ਵੀ ਧੁੱਪੇ ਬੈਠਣਾ ਪੈਂਦਾ ਹੈ, ਪਰ ਸੰਗਤਾਂ ਧੁੱਪ ਦੀ ਵੀ ਪ੍ਰਵਾਹ ਨਾ ਕਰਦੀਆਂ ਹੋਈਆਂ ਇਸ ਚੁਪਹਿਰਾ ਸਾਹਿਬ ਦੇ ਜਾਪ ਵਿਚ ਵੱਡੀ ਪੱਧਰ 'ਤੇ ਸ਼ਾਮਲ ਹੁੰਦੀਆਂ ਹਨ। ਸੰਗਤਾਂ ਲਈ ਅਥਾਹ ਸ਼ਰਧਾ ਦੇ ਕੇਂਦਰ ਬਣ ਚੁੱਕੇ ਇਸ ਗੁਰਦੁਆਰਾ ਸਾਹਿਬ ਵਿੱਚ ਹਾਜ਼ਰ ਹੋਣ ਵਾਲੀਆਂ ਸੰਗਤਾਂ ਦੀਆਂ ਮਨੋਕਾਮਨਾਵਾਂ ਪੂਰੀਆਂ ਕਾਰਨ ਸੰਗਤਾਂ ਦੀ ਹਾਜ਼ਰੀ ਦਿਨੋ ਦਿਨ ਵਧ ਰਹੀ ਹੈ ਤੇ ਸੰਗਤਾਂ ਦੀ ਮੁਸ਼ਕਲ ਨੂੰ ਸਮਝਦਿਆਂ ਪ੍ਰਬੰਧਕ ਕਮੇਟੀ ਗੁਰਦੁਆਰਾ ਭਾਈ ਹਾਕਮ ਸਿੰਘ ਵੱਲੋਂ ਨਾਲ ਹੋਰ ਥਾਂ ਲੈ ਕੇ ਇੱਕ ਵੱਡਾ ਖੁੱਲ੍ਹਾ ਦਰਬਾਰ ਬਣਾਇਆ ਜਾ ਰਿਹਾ ਹੈ, ਜਿਸ ਦਾ ਕੰਮ ਜੰਗੀ ਪੱਧਰ 'ਤੇ ਜਾਰੀ ਹੈ। ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਾਬਾ ਮੁਖਤਿਆਰ ਸਿੰਘ ਤੇ ਸਰਪ੍ਰਸਤ ਭਾਈ ਜਸਪਾਲ ਸਿੰਘ ਨੇ ਦੱਸਿਆ ਕਿ ਨਵੇਂ ਦਰਬਾਰ ਦਾ ਕੰਮ ਆਖਰੀ ਪੜਾਅ 'ਤੇ ਹੈ ਤੇ ਤਕਰੀਬਨ ਦੋ ਮਹੀਨੇ ਤੱਕ ਇਹ ਨਵਾਂ ਖੁੱਲ੍ਹਾ ਦਰਬਾਰ ਸੰਗਤਾਂ ਲਈ ਖੋਲ ਦਿੱਤਾ ਜਾਵੇਗਾ, ਜਿਸ ਉਪਰੰਤ ਸੰਗਤਾਂ ਨੂੰ ਕੋਈ ਮੁਸ਼ਕਲ ਪੇਸ਼ ਨਹੀਂ ਆਵੇਗੀ। ਆਗੂਆਂ ਨੇ ਇਹ ਵੀ ਦੱਸਿਆ ਕਿ ਨਵੇਂ ਬਣ ਰਹੇ ਦਰਬਾਰ ਲਈ ਸੰਗਤਾਂ ਵੱਲੋਂ ਭਾਰੀ ਯੋਗਦਾਨ ਪਾਇਆ ਜਾ ਰਿਹਾ ਹੈ।

# ਸ੍ਰੀ ਤਾਰਾ ਚੰਦ ਵਿੱਦਿਆ ਮੰਦਰ 'ਚ ਲਾਇਆ ਅਧਿਆਪਕ ਸਿਖਲਾਈ ਕੈਂਪ



**ਭੀਖੀ (ਗੁਰਿੰਦਰ ਸਿੰਘ ਔਲਖ, ਧਰਮਵੀਰ ਸ਼ਰਮਾ)** ਸ਼੍ਰੀ ਤਾਰਾ ਚੰਦ ਵਿੱਦਿਆ ਮੰਦਰ ਸੀਨੀਅਰ ਸੈਕੰਡਰੀ ਸਕੂਲ ਵਿਖੇ ਮਾਨਸਾ/ਬਠਿੰਡਾ ਸਕੂਲ ਦੇ ਅਧਿਆਪਕਾਂ ਲਈ ਸਕੂਲ ਪੱਧਰੀ ਪੰਚਪਦੀ ਸਿੱਖਿਆ ਤੇ ਰਾਸ਼ਟਰੀ ਸਿੱਖਿਆ ਨੀਤੀ 2020 'ਤੇ ਆਧਾਰਿਤ ਤਿੰਨ ਦਿਨਾ ਸਿਖਲਾਈ ਕੈਂਪ ਆਯੋਜਤ ਕੀਤਾ ਗਿਆ, ਜਿਸ ਵਿੱਚ ਵੱਖ-ਵੱਖ ਸਕੂਲਾਂ ਤੋਂ ਲਗਭਗ 100 ਅਧਿਆਪਕਾਂ ਨੇ ਉਤਸ਼ਾਹ ਨਾਲ ਭਾਗ ਲਿਆ। ਇਸ ਤਿੰਨ ਦਿਨਾ ਵਰਗ ਵਿੱਚ ਪੰਚਕੋਸ਼ੀ ਵਿਕਾਸ ਦੀ ਕਲਪਨਾ, ਪੰਚਪਦੀ ਅਧਿਆਪਨ ਪਦਤੀ ਤੇ ਪਾਠ ਯੋਜਨਾ ਦਾ ਢਾਂਚਾ ਨੂੰ ਸਮਝ ਕੇ ਕਲਾਸ ਰੂਮ ਵਿੱਚ ਲਾਗੂ ਕਰਨਾ ਤੇ ਘਰੇਲੂ ਕੰਮ ਦੇਣਾ, ਆਧਾਰਭੂਤ ਵਿਸ਼ਿਆਂ ਦਾ ਕ੍ਰਿਆਨਵੈਨ, ਅਧਿਆਪਕਾਂ ਵੱਲੋਂ ਪਾਠ ਯੋਜਨਾ ਬਣਾਉਣ ਆਦਿ ਵਿਸ਼ਿਆਂ 'ਤੇ ਵਿਚਾਰ-ਵਟਾਂਦਰਾ ਕੀਤੀ ਗਈ। ਵਰਕਸ਼ਾਪ ਵਿੱਚ ਭਾਗ ਲੈ ਰਹੇ ਅਧਿਆਪਕਾਂ ਨੂੰ ਗਰੁੱਪ ਚਰਚਾ, ਅਭਿਆਸ ਕਾਰਜ ਤੇ ਪ੍ਰਸਤੁਤੀਕਰਨ ਵਰਗੀਆਂ ਗਤਿਵਿਧੀਆਂ ਰਾਹੀਂ ਸਿੱਖਣ ਦੇ ਮੌਕੇ ਮਿਲੇ। ਭਾਗੀਦਾਰ ਅਧਿਆਪਕਾਂ ਨੇ ਇਸਨੂੰ ਬਹੁਤ ਹੀ ਲਾਭਕਾਰੀ ਤੇ ਪ੍ਰੇਰਣਾਦਾਇਕ ਦੱਸਿਆ। ਸਕੂਲ ਦੇ ਪ੍ਰਿੰਸੀਪਲ ਸੰਜੀਵ ਕੁਮਾਰ ਨੇ ਪ੍ਰਤੀਭਾਗੀ ਅਧਿਆਪਕਾਂ ਨੂੰ ਕਿਹਾ ਕਿ ਉਹ ਇਸ ਗਿਆਨ ਦਾ ਉਪਯੋਗ ਆਪਣੇ-ਆਪਣੇ ਸਕੂਲਾਂ ਵਿੱਚ ਅਧਿਆਪਨ ਦੀ ਗੁਣਵੱਤਾ ਨੂੰ ਉੱਚਾ ਚੁੱਕਣ ਲਈ ਕਰਨ।

# 1 ਕਿਲੋ 552 ਗ੍ਰਾਮ ਹੈਰੋਇਨ, 2 ਮੋਬਾਇਲਾ ਸਮੇਤ ਤਸਕਰ ਗ੍ਰਿਫ਼ਤਾਰ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)** ਸੀਆਈਏ ਸਟਾਫ਼ ਨੂੰ ਉਸ ਸਮੇਂ ਵੱਡੀ ਸਫਲਤਾ ਮਿਲੀ, ਜਦ ਗਸ਼ਤ ਦੌਰਾਨ ਦੋ ਤਸਕਰਾਂ ਨੂੰ 1 ਕਿਲੋ 552 ਗ੍ਰਾਮ ਹੈਰੋਇਨ, 2 ਮੋਬਾਇਨ ਫੋਨ ਓਪੋ ਤੇ 1 ਮੋਟਰਸਾਈਕਲ ਸਪਲੈਂਡਰ ਪਲੱਸ ਨੰਬਰ ਪੀਬੀ 05 ਏਆਰ 2579 ਸਮੇਤ ਗ੍ਰਿਫ਼ਤਾਰ ਕਰਕੇ ਉਨ੍ਹਾਂ ਖਿਲਾਫ਼ ਥਾਣਾ ਸਦਰ ਵਿਖੇ ਐੱਨਡੀਪੀਐੱਸ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਸੀਆਈਏ ਸਟਾਫ਼ ਫ਼ਿਰੋਜ਼ਪੁਰ ਦੇ ਐੱਸਆਈ ਸੁਖਬੀਰ ਸਿੰਘ ਨੇ ਦੱਸਿਆ ਕਿ ਉਹ ਸਮੇਤ ਸਾਥੀ ਕ੍ਰਮਚਾਰੀਆਂ ਦੇ ਦੌਰਾਨੇ ਗਸ਼ਤ ਸੀ ਤਾਂ ਇਸ ਦੌਰਾਨ ਮੁਖਬਰੀ ਮਿਲਣ 'ਤੇ ਦੋਸ਼ੀਅਨ ਕਰਨ ਉਰਫ ਕਰਨ ਪਹਿਲਵਾਨ ਪੁੱਤਰ ਸੁਰਜੀਤ ਸਿੰਘ ਵਾਸੀ ਬਸਤੀ ਸ਼ੇਖਾਂ ਵਾਲੀ ਫ਼ਿਰੋਜ਼ਪੁਰ ਸ਼ਹਿਰ ਅਤੇ ਗੁਰਜੰਟ ਸਿੰਘ ਪੁੱਤਰ ਸਤਨਾਮ ਸਿੰਘ ਵਾਸੀ ਪਿੰਡ ਪੱਲਾ ਮੇਘਾ ਨੂੰ 1 ਕਿਲੋ 552 ਗ੍ਰਾਮ ਹੈਰੋਇਨ, ਦੋ ਮੋਬਾਇਲ ਫੋਨ ਓਪੋ ਤੇ ਇਕ ਮੋਟਰਸਾਈਕਲ ਸਪਲੈਂਡਰ ਪਲੱਸ ਸਮੇਤ ਕਾਬੂ ਕਰਕੇ ਗ੍ਰਿਫਤਾਰ ਕੀਤਾ ਗਿਆ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀਅਨ ਖਿਲਾਫ਼ ਮਾਮਲਾ ਦਰਜ ਕਰਕੇ ਉਨ੍ਹਾਂ ਕੋਲੋਂ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ ਕਿ ਇਹ ਹੈਰੋਇਨ ਕਿਥੋਂ ਆਈ ਤੇ ਅੱਗੇ ਕਿਸ ਨੂੰ ਸਪਲਾਈ ਕਰਨੀ ਸੀ। ਪੁਲਸ ਨੇ ਦੱਸਿਆ ਕਿ ਹੈਰੋਇਨ ਵੇਚਣ ਵਾਲਿਆਂ ਨੂੰ ਨਸ਼ਿਆਂ ਦੀ ਜੜ੍ਹ ਤੋਂ ਖਤਮ ਕੀਤਾ ਜਾਵੇ।

# ਮੱਲੇਵਾਲ ਪਹੁੰਚਣ 'ਤੇ ਚੇਅਰਮੈਨ ਚੰਦਰੇਸ਼ਵਰ ਸਿੰਘ ਮੋਹੀ ਸਨਮਾਨਤ



**ਨਾਭਾ (ਵਰਿੰਦਰ ਵਰਮਾ)** ਨਵੀਂ ਪੀੜ੍ਹੀ ਸੀਨੀਅਰ ਆਗੂਆਂ ਦੇ ਮਾਰਗ ਦਰਸ਼ਨ, ਅਨੁਭਵ ਤੇ ਆਸ਼ੀਰਵਾਦ ਨਾਲ ਸਹੀ ਰਸਤੇ 'ਤੇ ਅੱਗੇ ਵਧ ਸਕਦੀ ਹੈ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸਾਬਕਾ ਐਸ.ਸੀ. ਕਮਿਸ਼ਨ ਚੇਅਰਮੈਨ ਚੰਦਰੇਸ਼ਵਰ ਸਿੰਘ ਮੋਹੀ ਨੇ ਪਿੰਡ ਮੱਲੇਵਾਲ ਵਿੱਚ ਸਰਪੰਚ ਗੁਰਬਚਨ ਸਿੰਘ ਬਿੱਲੂ ਮੱਲੇਵਾਲ ਅਤੇ ਸਮੁੱਚੀ ਪੰਚਾਇਤ ਵੱਲੋਂ ਪਿੰਡ ਪਹੁੰਚਣ 'ਤੇ ਉਨ੍ਹਾਂ ਦਾ ਸਵਾਗਤ ਕਰਨ ਤੋਂ ਬਾਅਦ ਕੀਤਾ। ਮੋਹੀ ਨੇ ਕਿਹਾ ਕਿ ਉਹ ਗੁਰਬਚਨ ਸਿੰਘ ਬਿੱਲੂ ਮੱਲੇਵਾਲ ਦੇ ਪਰਵਾਰ ਨੂੰ ਮਿਲ ਕੇ ਬਹੁਤ ਖੁਸ਼ੀ ਹੋਈ ਹੈ।ਉਨ੍ਹਾਂ ਦਾ ਮੱਲੇਵਾਲ ਤੇ ਉਨ੍ਹਾਂ ਦੇ ਪਰਵਾਰ ਨਾਲ ਬਹੁਤ ਪੁਰਾਣਾ ਅਤੇ ਪਿਆਰ ਭਰਿਆ ਰਿਸ਼ਤਾ ਰਿਹਾ ਹੈ, ਖਾਸ ਕਰਕੇ ਮੇਰੇ ਪਿਤਾ ਡਾ. ਸਤਵੰਤ ਸਿੰਘ ਮੋਹੀ, ਜੋ ਸਾਬਕਾ ਵਿਧਾਇਕ ਸਨ। ਮੋਹੀ ਨੇ ਕਿਹਾ ਕਿ ਇਸ ਮੌਕੇ ਜਿੱਥੇ ਪਰਵਾਰ ਨਾਲ ਪਰਵਾਰਕ ਗੱਲਬਾਤ ਹੋਈ, ਉੱਥੇ ਨਾਭਾ ਦੀ ਰਾਜਨੀਤੀ ਨਾਲ ਸਬੰਧਤ ਵੱਖ-ਵੱਖ ਮੁੱਦਿਆਂ 'ਤੇ ਚਰਚਾ ਕਰਨ ਤੋਂ ਬਾਅਦ ਉਨ੍ਹਾਂ ਨੂੰ ਬਹੁਤ ਖੁਸ਼ੀ ਮਿਲੀ ਹੈ।ਇਸ ਮੌਕੇ ਚੇਅਰਮੈਨ ਚੰਦਰੇਸ਼ਵਰ ਸਿੰਘ ਮੋਹੀ ਨੂੰ ਮੱਲੇਵਾਲ ਪਰਵਾਰ ਤੇ ਉੱਥੇ ਮੌਜੂਦ ਪੂਰੀ ਪੰਚਾਇਤ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਸਰਪੰਚ ਗੁਰਬਚਨ ਸਿੰਘ ਬਿੱਲੂ ਨੇ ਕਿਹਾ ਕਿ ਚੇਅਰਮੈਨ ਚੰਦਰੇਸ਼ਵਰ ਸਿੰਘ ਮੋਹੀ ਦੇ ਪਰਵਾਰ ਨਾਲ ਸਾਡੇ ਪੁਰਾਣੇ ਸਬੰਧ ਹਨ ਅਤੇ ਅੱਜ ਸਾਨੂੰ ਬਹੁਤ ਖੁਸ਼ੀ ਹੈ ਕਿ ਪੜ੍ਹੇ-ਲਿਖੇ ਨੌਜਵਾਨ ਰਾਜਨੀਤੀ ਵਿੱਚ ਬਹੁਤ ਉਤਸ਼ਾਹ ਨਾਲ ਅੱਗੇ ਆ ਰਹੇ ਹਨ, ਜਿਸ ਨਾਲ ਪੰਜਾਬ ਅਤੇ ਦੇਸ਼ ਦੀ ਹੋਰ ਤਰੱਕੀ ਹੋਵੇਗੀ।

# ਬੀ ਡੀ ਪੀ ਓ ਵੱਲੋਂ ਸ਼ੁਰੂ ਕੀਤੀ ਮੁਹਿੰਮ ਦੀ ਪ੍ਰਸ਼ੰਸਾ



**ਨਾਭਾ (ਵਰਿੰਦਰ ਵਰਮਾ)** ਬੀਬੀ ਬਲਜੀਤ ਕੌਰ ਖਾਲਸਾ ਬਰਨਾਲਾ ਬੀ.ਡੀ.ਪੀ.ਓ ਵੱਲੋਂ 'ਯੁੱਧ ਲੰਬਿਤ ਵਰਤੋਂ ਸਰਟੀਫਿਕੇਟਾਂ ਵਿਰੁੱਧ' ਸ਼ੁਰੂ ਕੀਤੀ ਮੁਹਿੰਮ ਦੀ ਖੂਬ ਪ੍ਰਸ਼ੰਸਾ ਹੋ ਰਹੀ ਹੈ। ਬੀਡੀਪੀਓ ਨੇ ਦੱਸਿਆ ਕਿ ਸਰਕਾਰ ਵੱਲੋਂ ਜੋ ਵੱਖ-ਵੱਖ ਵਿਕਾਸ ਕਾਰਜਾਂ ਵਾਸਤੇ ਗ੍ਰਾਂਟਾਂ ਦਿੱਤੀਆਂ ਜਾਂਦੀਆਂ ਹਨ, ਉਨ੍ਹਾਂ ਨੂੰ ਸਮੇਂ ਸਿਰ ਖਰਚ ਕਰਕੇ ਵਰਤੋਂ ਸਰਟੀਫਿਕੇਟ ਭੇਜਣੇ ਲਾਜ਼ਮੀ ਹੁੰਦੇ ਹਨ, ਪ੍ਰੰਤੂ ਵਾਰ-ਵਾਰ ਕਹਿਣ ਦੇ ਬਾਵਜੂਦ ਮੁਲਾਜ਼ਮਾਂ ਵੱਲੋਂ ਵਰਤੋਂ ਸਰਟੀਫਿਕੇਟ ਨਹੀਂ ਦਿੱਤੇ ਜਾ ਰਹੇ ਸਨ। ਇਸ ਕਰਕੇ 'ਯੁੱਧ ਲੰਬਿਤ ਵਰਤੋਂ ਸਰਟੀਫਿਕੇਟਾਂ ਵਿਰੁੱਧ' ਮੁਹਿੰਮ ਸੁਰੂ ਕੀਤੀ ਗਈ ਹੈ।

# ਅਕਾਲੀ ਦਲ ਵਾਰਿਸ ਪੰਜਾਬ ਦੇ ਨੇ ਰਾਜਗੜ੍ਹ 'ਚ ਕਮੇਟੀ ਬਣਾਈ

**ਦੋਰਾਹਾ (ਹਰਮਿੰਦਰ ਸੇਠ)** ਪੰਜਾਬ ਦੇ ਲੋਕ ਰਵਾਇਤੀ ਪਾਰਟੀਆਂ ਤੋਂ ਤੰਗ ਆ ਚੁੱਕੇ ਹਨ ਅਤੇ ਕਿਸੇ ਯੋਗ ਲੀਡਰ ਦੀ ਅਗਵਾਈ ਕਬੂਲਣ ਲਈ ਆਗੂ ਦੀ ਭਾਲ ਵਿੱਚ ਹਨ। ਲੋਕਾਂ ਦੀ ਦਿਲੀ ਇੱਛਾ ਅੰਮ੍ਰਿਤਪਾਲ ਸਿੰਘ ਦੇ ਆਉਣ ਨਾਲ ਪੂਰੀ ਹੋ ਚੁੱਕੀ ਹੈ। ਪੰਜਾਬ ਦੇ ਲੋਕ ਅਕਾਲੀ ਦਲ ਵਾਰਸ ਪੰਜਾਬ ਦੇ ਵਿੱਚ ਸ਼ਾਮਲ ਹੋ ਕੇ ਪੰਜਾਬ ਦੇ ਸੁਨਹਿਰੀ ਭਵਿੱਖ ਨੂੰ ਤਲਾਸ਼ ਰਹੇ ਹਨ। ਸਾਨੂੰ ਪੂਰਾ ਯਕੀਨ ਹੈ ਕਿ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਪੰਜਾਬ ਦੇ ਲੋਕਾਂ ਦੀਆਂ ਆਸਾਂ 'ਤੇ ਖਰੇ ਉਤਰਨਗ। ਅਕਾਲੀ ਦਲ ਵਾਰਿਸ ਪੰਜਾਬ ਦੇ ਵੱਲੋਂ ਜਥੇਬੰਦਕ ਢਾਂਚੇ ਨੂੰ ਮਜਬੂਤ ਕਰਨ ਲਈ ਹਰ ਪਿੰਡ ਤੱਕ ਪਹੁੰਚ ਕੀਤੀ ਜਾ ਰਹੀ ਹੈ ਤੇ ਹਰ ਵਰਗ ਦੇ ਵਿਅਕਤੀ ਨੂੰ ਇਸ ਪਾਰਟੀ ਵਿੱਚ ਪੂਰਾ ਬਣਦਾ ਮਾਣ-ਸਨਮਾਨ ਦਿੱਤਾ ਜਾਵੇਗਾ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਅਕਾਲੀ ਦਲ ਵਾਰਿਸ ਪੰਜਾਬ ਦੇ ਭਰਤੀ ਕਮੇਟੀ ਮੈਂਬਰ ਪੰਜਾਬ ਤੇ ਅਬਜਰਵਰ ਸ੍ਰੀ ਫ਼ਤਿਹਗੜ੍ਹ ਸਾਹਿਬ ਸੰਦੀਪ ਸਿੰਘ ਰੁਪਾਲੋਂ ਨੇ ਬਲਾਕ ਦੋਰਾਹਾ ਦੇ ਪਿੰਡ ਰਾਜਗੜ੍ਹ ਵਿਖੇ ਪਾਰਟੀ ਦੀ ਸੱਤ ਮੈਂਬਰੀ ਕਮੇਟੀ ਕਾਇਮ ਕਰਦਿਆਂ ਕੀਤਾ। ਉਨ੍ਹਾਂ ਨੇ ਕਿਹਾ ਕਿ ਲੋਕ ਤੀਜੇ ਬਦਲ ਦੀ ਭਾਲ ਦੇ ਵਿੱਚ ਸਨ, ਪੰਜਾਬ ਦੇ ਲੋਕ ਪਹਿਲਾਂ ਹੀ ਬਹੁਤ ਵੱਡਾ ਧੋਖਾ ਖਾ ਚੁੱਕੇ ਹਨ, ਕਿਉਂਕਿ ਪੰਜਾਬ ਦੀ ਆਮ ਆਦਮੀ ਪਾਰਟੀ ਤੋਂ ਲੋਕਾਂ ਨੂੰ ਬਹੁਤ ਆਸਾਂ ਸਨ, ਖਾਸ ਕਰਕੇ ਸਿੱਖਾਂ ਨੂੰ, ਪਰ ਇਸ ਦਿੱਲੀ ਦੀ ਪਾਰਟੀ ਨੇ ਪੰਜਾਬੀਆਂ ਅਤੇ ਸਿੱਖਾਂ ਨਾਲ ਵੱਡਾ ਧੋਖਾ ਕੀਤਾ ਹੈ। ਮੀਟਿੰਗ 'ਚ ਹਰਬੰਤ ਸਿੰਘ ਗਿੱਲ, ਜੋਗਾ ਸਿੰਘ, ਗਗਨਦੀਪ ਸਿੰਘ ਪਾਇਲ ਆਦਿ ਨੇ ਸੰਬੋਧਨ ਕੀਤਾ।



# ਦੋ ਵਾਰਡਾਂ ਦੇ ਅਕਾਲੀ ਤੇ ਕਾਂਗਰਸੀ ਕੌਂਸਲਰ ਆਮ ਆਦਮੀ ਪਾਰਟੀ 'ਚ ਹੋਏ ਸ਼ਾਮਲ



**ਮੋਗਾ (ਇਕਬਾਲ ਸਿੰਘ ਖਹਿਰਾ)**- ਆਮ ਆਦਮੀ ਪਾਰਟੀ ਦੇ ਕੰਮਾਂ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਵਿਕਾਸ ਪੱਖੀ ਸੋਚ ਸਦਕਾ, ਵਾਰਡ ਨੰਬਰ 16 ਤੋਂ ਮੌਜੂਦਾ ਕੌਂਸਲਰ ਵਿਜੇ ਭੂਸ਼ਣ ਟੀਟੂ ਅਤੇ ਵਾਰਡ ਨੰਬਰ 11 ਤੋਂ ਕੌਂਸਲਰ ਰੀਟਾ ਚੋਪੜਾ ਅਤੇ ਉਨ੍ਹਾਂ ਦੇ ਪੁੱਤਰ, ਸਮਾਜ ਸੇਵਕ ਵਿਨੀਤ ਚੋਪੜਾ, ਜੋ ਲੰਬੇ ਸਮੇਂ ਤੋਂ ਕਾਂਗਰਸ ਅਤੇ ਅਕਾਲੀ ਦਲ ਨਾਲ ਜੁੜੇ ਹੋਏ ਸਨ, ਨੇ ਕਾਂਗਰਸ ਨੂੰ ਅਲਵਿਦਾ ਕਹਿ ਦਿੱਤਾ ਅਤੇ ਸਾਬਕਾ ਕੌਂਸਲਰ ਅਤੇ ਸੀਨੀਅਰ ਆਪ ਆਗੂ ਗੁਰਮਿੰਦਰਜੀਤ ਸਿੰਘ ਬਬਲੂ ਦੀ ਪ੍ਰੇਰਨਾ ਹੇਠ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ। ਮੋਗਾ ਹਲਕੇ ਦੀ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਅਤੇ ਪਾਰਟੀ ਵਰਕਰਾਂ ਨੇ ਉਨ੍ਹਾਂ ਦਾ ਆਮ ਆਦਮੀ ਪਾਰਟੀ ਦਾ ਸਿਰੋਪਾਓ ਪਾ ਕੇ ਆਪ ਵਿੱਚ ਸਵਾਗਤ ਕੀਤਾ। ਇਸ ਮੌਕੇ ਹਲਕੇ ਦੀ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਕਿਹਾ ਕਿ ਕਾਂਗਰਸ ਅਤੇ ਅਕਾਲੀ ਦਲ ਨੂੰ ਲੰਬੇ ਸਮੇਂ ਤੋਂ ਅਲਵਿਦਾ ਕਹਿ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਕੌਂਸਲਰਾਂ ਨੂੰ ਆਮ ਆਦਮੀ ਪਾਰਟੀ ਵਿੱਚ ਬਣਦਾ ਸਤਿਕਾਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਕੰਮਾਂ ਤੋਂ ਪ੍ਰਭਾਵਿਤ ਹੋ ਕੇ ਆਮ ਆਦਮੀ ਪਾਰਟੀ ਦਾ ਪਰਵਾਰ ਦਿਨੋ-ਦਿਨ ਵਧ ਰਿਹਾ ਹੈ ਅਤੇ ਲੋਕ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਲਈ ਭਾਰੀ ਉਤਸ਼ਾਹ ਦਿਖਾ ਰਹੇ ਹਨ। ਉਨ੍ਹਾਂ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਪਰਵਾਰਾਂ ਦਾ ਧੰਨਵਾਦ ਕੀਤਾ। ਇਸ ਮੌਕੇ ਨਗਰ ਨਿਗਮ ਦੇ ਮੇਅਰ ਬਲਜੀਤ ਸਿੰਘ ਚਾਨੀ, ਸਾਬਕਾ ਕੌਂਸਲਰ ਅਤੇ ਸੀਨੀਅਰ ਆਪ ਆਗੂ ਗੁਰਮਿੰਦਰਜੀਤ ਸਿੰਘ ਬਬਲੂ, ਸਾਬਕਾ ਕੌਂਸਲਰ ਰਾਕੇਸ਼ ਕਾਲਾ ਬਜਾਜ, ਸੰਜੀਵ ਨਰੂਲਾ, ਰੋਸ਼ਨ ਲਾਲ ਚਾਵਲਾ, ਰਾਕੇਸ਼ ਮਿੱਡਾ, ਸੀਨੀਅਰ ਆਪ ਆਗੂ ਜਗਦੀਸ਼ ਸ਼ਰਮਾ, ਮਿਲਾਪ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਆਮ ਆਦਮੀ ਪਾਰਟੀ ਦੇ ਆਗੂ, ਵਰਕਰ ਅਤੇ ਵਲੰਟੀਅਰ ਮੌਜੂਦ ਸਨ।

# 'ਭਾਰਤ ਗੌਰਵ ਟਰੇਨ' ਨਾਲ ਧਾਰਮਿਕ ਸਫ਼ਰ



**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**- ਇੰਡੀਅਨ ਰੇਲਵੇ ਕੈਟਰਿੰਗ ਐਂਡ ਟੂਰਿਜ਼ਮ ਕਾਰਪੋਰੇਸ਼ਨ (ਆਈ ਆਰ ਸੀ ਟੀ ਸੀ) ਲੁਧਿਆਣਾ ਦੇ ਸਲਾਹਕਾਰ ਬੁੱਧ ਸਿੰਘ ਢਿੱਲੋਂ ਧੂਰੀ ਨੇ ਦੱਸਿਆ ਕਿ ਰੇਲਵੇ ਵਿਭਾਗ ਵੱਲੋਂ ਦੱਖਣ ਭਾਰਤ ਯਾਤਰਾ ਦੀ ਸ਼ੁਰੂਆਤ ਕੀਤੀ ਜਾ ਰਹੀ ਹੈ, ਜੋ 28 ਜੁਲਾਈ ਨੂੰ ਪਠਾਨਕੋਟ ਕੈਂਟ ਰੇਲਵੇ ਸਟੇਸ਼ਨ ਤੋਂ ਭਾਰਤ ਗੌਰਵ ਸਪੈਸ਼ਲ ਟੂਰਿਸ਼ਟ ਟਰੇਨ ਨਾਲ ਸ਼ੁਰੂ ਹੋਵੇਗੀ ਅਤੇ ਇਸ ਯਾਤਰਾ 'ਚ ਸ਼ਰਧਾਲੂ 12 ਰਾਤਾਂ ਅਤੇ 13 ਦਿਨ ਦੱਖਣ ਭਾਰਤ ਦੀ ਯਾਤਰਾ ਕਰ ਸਕਣਗੇ। ਢਿੱਲੋਂ ਨੇ ਦੱਸਿਆ ਕਿ ਇਹ 13 ਦਿਨਾਂ ਦੀ ਯਾਤਰਾ ਸ਼ਰਧਾਲੂਆਂ ਨੂੰ 28 ਜੁਲਾਈ ਤੋਂ 9 ਅਗਸਤ ਤੱਕ ਦੱਖਣ ਭਾਰਤ ਦੇ ਪ੍ਰਸਿੱਧ ਮੰਦਰਾਂ ਅਤੇ ਪਵਿੱਤਰ ਅਸਥਾਨਾਂ ਦੇ ਦਰਸ਼ਨ ਕਰਨ ਦਾ ਸੁਨਹਿਰੀ ਮੌਕਾ ਦੇਵੇਗੀ। ਇਸ ਯਾਤਰਾ 'ਚ ਸ਼ਰਧਾਲੂ ਤਿਰੂਪਤੀ, ਰਾਮੇਸ਼ਵਰਮ, ਮਦੁਰਈ, ਕੰਨਿਆ ਕੁਮਾਰੀ ਅਤੇ ਮਲਿਕਾਰਜੁਨ ਆਦਿ ਦੇ ਪਵਿੱਤਰ ਅਸਥਾਨਾਂ ਦੇ ਦਰਸ਼ਨ ਕਰਨਗੇ, ਜੋ ਉਨ੍ਹਾਂ ਨੂੰ ਅਧਿਆਤਮਕ ਸਬੰਧਤਾ ਨੂੰ ਹੋਰ ਡੂੰਘਾ ਕਰਨ ਦਾ ਮੌਕਾ ਦੇਵੇਗਾ। ਉਨ੍ਹਾਂ ਦੱਸਿਆ ਕਿ ਯਾਤਰਾ ਦੌਰਾਨ ਸਟੇਸ਼ਨਾਂ ਪਠਾਨਕੋਟ ਕੈਂਟ, ਜਲੰਧਰ ਸਿਟੀ, ਲੁਧਿਆਣਾ, ਚੰਡੀਗੜ੍ਹ, ਅੰਬਾਲਾ ਕੈਂਟ, ਕੁਰੂਕਸ਼ੇਤਰ, ਕਰਨਾਲ, ਪਾਣੀਪਤ, ਸੋਨੀਪਤ, ਹਜਰਤ ਨਿਜ਼ਾਮੁਦੀਨ, ਮਥੁਰਾ, ਆਗਰਾ ਕੈਂਟ ਅਤੇ ਗਵਾਲੀਅਰ ਤੋਂ ਚੜ੍ਹਨ ਅਤੇ ਉਤਰਨ ਦੀ ਸਹੂਲਤ ਹੈ।

# ਵਿਸ਼ਾਲ ਮਿੱਤਲ ਨੇ ਲਾਇਨਜ਼ ਕਲੱਬ ਦੀ ਪ੍ਰਧਾਨਗੀ ਦਾ ਚਾਰਜ ਸੰਭਾਲਿਆ



**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)** ਲਾਇਨਜ਼ ਕਲੱਬ ਦੀ ਮੀਟਿੰਗ ਪ੍ਰਧਾਨ ਪ੍ਰੇਮ ਗੋਇਲ ਦੀ ਪ੍ਰਧਾਨਗੀ ਹੇਠ ਲਾਇਨ ਭਵਨ ਨਿਹਾਲ ਸਿੰਘ ਵਾਲਾ ਵਿਖੇ ਹੋਈ, ਜਿਸ ਵਿੱਚ ਡਿਸਟ੍ਰਿਕ ਗਵਰਨਰ 2 ਲਾਇਨ ਅਜੇ ਗੋਇਲ ਤੇ ਡਿਸਟ੍ਰਿਕ ਗਵਰਨਰ ਇਲੈਕਟ ਲਾਇਨ ਨਰੇਸ਼ ਗੋਇਲ ਆਦਿ ਮੁੱਖ ਮਹਿਮਾਨ ਵਜੋਂ ਪਹੁੰਚੇ।ਇਸ ਮੌਕੇ ਲਾਇਨਜ਼ ਕਲੱਬ ਨਿਹਾਲ ਸਿੰਘ ਵਾਲਾ ਦੀ ਪ੍ਰਧਾਨਗੀ ਦਾ ਚਾਰਜ ਨਵ ਨਿਯੁਕਤ ਪ੍ਰਧਾਨ ਲਾਇਨ ਵਿਸ਼ਾਲ ਮਿੱਤਲ ਨੇ ਸੰਭਾਲਿਆ। ਇਸ ਮੌਕੇ ਪ੍ਰਧਾਨ ਪ੍ਰੇਮ ਗੋਇਲ ਨੇ ਸਾਲ 2024-2025 ਵਿੱਚ ਲਾਇਨਜ਼ ਕਲੱਬ ਨਿਹਾਲ ਸਿੰਘ ਵਾਲਾ ਵੱਲੋਂ ਇਲਾਕੇ ਵਿੱਚ ਕੀਤੇ ਗਏ ਸਮਾਜ ਸੇਵਾ ਤੇ ਲੋਕ ਭਲਾਈ ਦੇ ਕੰਮਾਂ ਬਾਰੇ ਜਾਣਕਾਰੀ ਦਿੱਤੀ।ਨਵ ਨਿਯੁਕਤ ਪ੍ਰਧਾਨ ਵਿਸ਼ਾਲ ਮਿੱਤਲ ਨੇ ਕਿਹਾ ਕਿ ਜੋ ਉਸ ਨੂੰ ਸਮੂਹ ਲਾਇਨਜ਼ ਕਲੱਬ ਦੀ ਟੀਮ ਨੇ ਪ੍ਰਾਨ ਚੁਣਿਆ ਹੈ, ਉਹ ਉਨ੍ਹਾਂ ਦੇ ਸਦਾ ਆਭਾਰੀ ਰਹਿਣਗੇ। ਇਸ ਮੌਕੇ ਡਿਸਟ੍ਰਿਕਟ ਗਵਰਨਰ 2 ਲਾਇਨ ਅਜੇ ਗੋਇਲ ਡਿਸਟਿਕ ਗਵਰਨਰ ਇਲੈਕਟ ਲਾਇਨ ਨਰੇਸ਼ ਗੋਇਲ ਅਤੇ ਡਿਸਟ੍ਰਿਕ ਪੀ ਆਰ ਓ ਲਾਇਨ ਪਵਨ ਗੋਇਲ ਬੰਟੀ ਨੇ ਦੱਸਿਆ ਕਿ ਲਾਇਨਜ਼ ਕਲੱਬ ਨਿਹਾਲ ਸਿੰਘ ਵਾਲਾ ਦੇ ਪ੍ਰਧਾਨ ਤੇ ਸਮੂਹ ਟੀਮ ਬਹੁਤ ਹੀ ਮਿਹਨਤੀ ਹੈ, ਜਿਸ ਦੀ ਬਦੌਲਤ ਇਨ੍ਹਾਂ ਵੱਲੋਂ ਆਪਣੇ ਇਲਾਕੇ ਵਿੱਚ ਕੀਤੇ ਗਏ ਸਮਾਜ ਸੇਵਾ ਅਤੇ ਲੋਕ ਭਲਾਈ ਦੇ ਕਾਰਜਾਂ ਕਰਕੇ ਲਾਇਨਜ਼ ਕਲੱਬ ਨਿਹਾਲ ਸਿੰਘ ਵਾਲਾ ਨੂੰ ਲਾਇਨਜ਼ ਕਲੱਬ ਦੇ ਮਲਟੀਪਲ ਵਿੱਚ ਤਿੰਨ ਅਤੇ ਡਿਸਟ੍ਰਿਕ ਵਿੱਚ 10 ਐਵਾਰਡ ਮਿਲੇ ਹਨ, ਜੋ ਮਿਸਾਲ ਪੈਦਾ ਕਰਦਾ ਹੈ।

# 15 ਗ੍ਰਾਮ ਚਿੱਟੇ ਸਮੇਤ ਇੱਕ ਗ੍ਰਿਫ਼ਤਾਰ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)** ਥਾਣਾ ਠੁੱਲੀਵਾਲ ਪੁਲਿਸ ਨੇ ਗੁਪਤ ਸੂਚਨਾ ਦੇ ਅਧਾਰ 'ਤੇ ਗਸ਼ਤ ਦੌਰਾਨ 15 ਗ੍ਰਾਮ ਚਿੱਟੇ ਨਸ਼ੀਲੇ ਪਦਾਰਥ ਸਮੇਤ ਇੱਕ ਵਿਅਕਤੀ ਨੂੰ ਗ੍ਰਿਫ਼ਤਾਰ ਕਰਨ ਦਾ ਦਾਅਵਾ ਕੀਤਾ ਹੈ। ਥਾਣਾ ਠੁੱਲੀਵਾਲ ਦੇ ਮੁਖੀ ਇੰਸਪੈਕਟਰ ਗੁਰਮੇਲ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਨਸ਼ਾ ਵਿਰੋਧੀ ਮੁਹਿੰਮ ਦੇ ਤਹਿਤ ਐਸ.ਐਸ.ਪੀ. ਬਰਨਾਲਾ ਸਰਫਰਾਜ ਆਲਮ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਤੇ ਡੀ.ਐਸ.ਪੀ. ਮਹਿਲ ਕਲਾਂ ਜਤਿੰਦਰਪਾਲ ਸਿੰਘ ਦੀ ਰਹਿਨੁਮਾਈ ਹੇਠ ਪੁਲਿਸ ਟੀਮ ਨੇ ਕਾਰਵਾਈ ਕੀਤੀ।ਉਨ੍ਹਾਂ ਕਿਹਾ ਕਿ ਥਾਣਾ ਮੁਖੀ ਗੁਰਮੇਲ ਸਿੰਘ ਦੀ ਅਗਵਾਈ ਤੇ ਏਐਸਆਈ ਹਰਵਿੰਦਰਪਾਲ ਸਿੰਘ ਦੀ ਦੇਖ-ਰੇਖ ਹੇਠ ਪੁਲਿਸ ਪਾਰਟੀ ਨੇ ਪਿੰਡ ਗੁੰਮਟੀ ਨੇੜੇ ਗਸਤ ਦੌਰਾਨ ਇੱਕ ਵਿਅਕਤੀ ਨੂੰ ਪੈਦਲ ਆਉਂਦਾ ਦੇਖ ਕੇ ਸੱਕ ਦੇ ਆਧਾਰ 'ਤੇ ਤਲਾਸ਼ੀ ਲਈ ਰੋਕਿਆ।ਤਲਾਸ਼ੀ ਦੌਰਾਨ ਉਸ ਕੋਲੋਂ 15 ਗ੍ਰਾਮ ਚਿੱਟਾ ਨਸ਼ੀਲਾ ਪਦਾਰਥ ਬਰਾਮਦ ਹੋਇਆ, ਜਿਸ ਦੀ ਪਛਾਣ ਤੀਰਥ ਸਿੰਘ ਕਾਲੀ ਵਾਸੀ ਟਿੱਬਾ ਵਜੋਂ ਹੋਈ ਹੈ।ਪੁਲਸ ਅਧਿਕਾਰੀਆਂ ਮੁਤਾਬਕ ਇਹ ਵਿਅਕਤੀ ਬਾਹਰੋਂ ਚਿੱਟਾ ਨਸ਼ੀਲਾ ਪਦਾਰਥ ਲਿਆ ਕੇ ਸੰਗਰੂਰ-ਬਰਨਾਲਾ ਇਲਾਕੇ ਵਿੱਚ ਵੇਚਣ ਦਾ ਕੰਮ ਕਰ ਰਿਹਾ ਸੀ। ਪੁਲਸ ਨੇ ਉਸ ਖ਼ਿਲਾਫ਼ ਐੱਨ.ਡੀ.ਪੀ.ਐੱਸ. ਐਕਟ ਦੀਆਂ ਸੰਬੰਧਿਤ ਧਾਰਾਵਾਂ ਹੇਠ ਥਾਣਾ ਠੁੱਲੀਵਾਲ ਵਿੱਚ ਮਾਮਲਾ ਦਰਜ ਕਰ ਲਿਆ ਹੈ ਤੇ ਅਗਲੀ ਵਿਭਾਗੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।ਇਸ ਮੌਕੇ ਏਐਸਆਈ ਮਨਜਿੰਦਰ ਸਿੰਘ, ਮੁੱਖ ਮੁਨਸ਼ੀ ਗੁਰਦੀਪ ਸਿੰਘ ਤੇ ਸਿਪਾਹੀ ਜਗਦੀਪ ਸਿੰਘ ਹੌਲਦਾਰ ਸਰਜੀਤ ਸਿੰਘ ਵੀ ਹਾਜ਼ਰ ਸਨ।ਸਬ ਇੰਸਪੈਕਟਰ ਗੁਰਮੇਲ ਸਿੰਘ ਨੇ ਕਿਹਾ ਕਿ ਨਸ਼ਿਆਂ ਦਾ ਕਾਰੋਬਾਰ ਕਰਨ ਵਾਲਿਆਂ ਨੂੰ ਕਿਸੇ ਵੀ ਕੀਮਤ 'ਤੇ ਬਖ਼ਸ਼ਿਆ ਨਹੀਂ ਜਾਵੇਗਾ।

# ਭੀਖੀ ਬਲਾਕ ਤੋੜਿਆ ਤਾਂ 33 ਪਿੰਡਾਂ ਦੇ ਵਸਨੀਕਾਂ 'ਤੇ ਪਵੇਗਾ ਆਰਥਕ ਬੋਝ : ਆਗੂ



**ਭੀਖੀ (ਧਰਮਵੀਰ ਸ਼ਰਮਾ)** ਭੀਖੀ ਬਲਾਕ ਨੂੰ ਤੋੜਨ ਦੇ ਵਿਰੋਧ 'ਚ ਬੀਡੀਪੀਓ ਦਫਤਰ ਵਿਖੇ ਧਰਨਾ 17ਵੇਂ ਦਿਨ ਵੀ ਜਾਰੀ ਰਿਹਾ। ਧਰਨੇ ਨੂੰ ਸੰਬੋਧਨ ਕਰਦਿਆਂ ਮਜ਼ਦੂਰ ਮੁਕਤੀ ਮੋਰਚਾ ਅਜ਼ਾਦ ਦੇ ਬੱਲਮ ਸਿੰਘ ਢੈਪਈ, ਪੰਜਾਬ ਕਿਸਾਨ ਯੂਨੀਅਨ ਦੇ ਬਲਾਕ ਪ੍ਰਧਾਨ ਅਮੋਲਕ ਸਿੰਘ, ਭੋਲਾ ਸਿੰਘ ਸਮਾਉਂ, ਸੀਪੀਆਈ ਦੇ ਜ਼ਿਲ੍ਹਾ ਸਕੱਤਰ ਕ੍ਰਿਸ਼ਨ ਚੌਹਾਨ, ਏਟਕ ਦੇ ਸੂਬਾਈ ਆਗੂ ਕੁਲਵਿੰਦਰ ਸਿੰਘ ਉੱਡਤ, ਕੁੱਲ ਹਿੰਦ ਕਿਸਾਨ ਸਭਾ ਦੇ ਰੂਪ ਸਿੰਘ ਢਿੱਲੋਂ, ਪੰਜਾਬ ਪ੍ਰਦੇਸ਼ ਕਿਸਾਨ ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਬਲਜੀਤ ਸ਼ਰਮਾ ਖੀਵਾ ਨੇ ਸੰਬੋਧਨ ਕਰਦਿਆਂ ਮੰਗ ਕੀਤੀ ਕਿ ਭੀਖੀ ਬਲਾਕ ਨੂੰ ਕਿਸੇ ਵੀ ਹਾਲਤ 'ਚ ਨਾ ਤੋੜਿਆ ਜਾਵੇ, ਕਿਉਂਕਿ ਇਸ ਨਾਲ 33 ਪਿੰਡਾਂ ਦੇ ਵਸਨੀਕਾਂ 'ਤੇ ਆਰਥਿਕ ਬੋਝ ਪਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੂੰ ਚਾਹੀਦਾ ਤਾਂ ਇਹ ਹੈ ਕਿ ਭੀਖੀ ਵਿਖੇ ਸਬ ਡਵੀਜ਼ਨ ਤੇ ਲੇਬਰ ਦਫਤਰ ਸਥਾਪਤ ਕੀਤੇ ਜਾਣ, ਪ੍ਰੰਤੂ ਪੰਜਾਬ ਸਰਕਾਰ ਲੋਕਾਂ ਦੀ ਸਹੂਲਤ ਲਈ ਖੋਲ੍ਹੇ ਹੋਏ ਦਫ਼ਤਰ ਨੂੰ ਬੰਦ ਕਰਨ ਦਾ ਫੈਸਲਾ ਲੈ ਕੇ ਆਪਣਾ ਲੋਕ ਵਿਰੋਧੀ ਹੋਣ ਦਾ ਸਬੂਤ ਦੇ ਰਹੀ ਹੈ। ਆਗੂਆਂ ਨੇ ਚਿਤਾਵਨੀ ਦਿੱਤੀ ਕਿ ਬਲਾਕ ਤੋੜਨ ਦਾ ਫੈਸਲਾ ਵਾਪਸ ਨਾ ਲਏ ਜਾਣ ਤੱਕ ਧਰਨਾ ਲਗਾਤਾਰ ਜਾਰੀ ਰਹੇਗਾ ਤੇ 7 ਜੁਲਾਈ ਨੂੰ ਵਿਸ਼ਾਲ ਇਕੱਠ ਕਰਕੇ ਸ਼ਹਿਰ ਵਿੱਚ ਰੋਸ ਮੁਜ਼ਾਹਰਾ ਕੀਤਾ ਜਾਵੇਗਾ, ਜਿਸ ਦੌਰਾਨ ਬੀਡੀਪੀਓ ਦਫ਼ਤਰ ਤੋਂ ਚੱਲ ਕੇ ਨਗਰ ਪੰਚਾਇਤ ਦਫ਼ਤਰ ਤੱਕ ਸਰਕਾਰ ਦਾ ਪਿੱਟ ਸਿਆਪਾ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਸੰਘਰਸ਼ ਨੂੰ ਤੇਜ਼ ਕਰਨ ਲਈ 9 ਜੁਲਾਈ ਨੂੰ ਟਰੇਡ ਯੂਨੀਅਨਾਂ ਵੱਲੋਂ ਵੱਡੇ ਇਕੱਠ ਕਰਕੇ ਹੜਤਾਲ ਵੀ ਕੀਤੀ ਜਾਵੇਗੀ।

## ਲੋਕਾਂ ਨੂੰ ਗਿੱਲੇ ਅਤੇ ਸੁੱਕੇ ਕੂੜੇ ਨੂੰ ਵੱਖ-ਵੱਖ ਰੱਖਣ ਲਈ ਕੀਤਾ ਜਾਗਰੂਕ



ਬਟਾਲਾ, (ਡਾ. ਮਲਵਿੰਦਰ ਸਿੰਘ)-ਗਲੀ [illegible] ਬਟਾਲਾ ਵਿਚ ਸਫਾਈ ਅਪਣਾਓ ਬਿਮਾਰੀ ਭਜਾਓ ਮੁਹਿੰਮ ਤਹਿਤ ਲੋਕਾਂ ਨੂੰ ਗਿੱਲੇ ਅਤੇ ਸੁੱਕੇ ਕੂੜੇ ਨੂੰ ਵੱਖ-ਵੱਖ ਰੱਖਣ ਦੀ [illegible] ਦਿੱਤੀ ਗਈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਪ੍ਰਭਜੋਤ ਕੌਰ ਆਈਈਸੀ ਐਕਸਪਰਟ ਨੇ ਦੱਸਿਆ ਕਿ ਕਮਿਸ਼ਨਰ ਨਗਰ ਨਿਗਮ ਬਟਾਲਾ ਦੀ ਅਗਵਾਈ ਵਿੱਚ 'ਸਵੱਛ ਭਾਰਤ ਅਭਿਆਨ' ਨੂੰ ਮੁੱਖ ਰੱਖਦੇ ਹੋਏ ਸਥਾਨਕ ਸਰਕਾਰ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਸ਼ਹਿਰ ਵਾਸੀਆਂ ਦੇ ਸਹਿਯੋਗ ਨਾਲ ਸ਼ਹਿਰ ਵਿੱਚ 'ਸਫ਼ਾਈ ਅਪਣਾਓ ਬਿਮਾਰੀ ਭਜਾਓ' ਮੁਹਿੰਮ ਦੀ ਸ਼ੁਰੂਆਤ ਕੀਤੀ ਗਈ ਹੈ।ਉਨ੍ਹਾਂ ਦੱਸਿਆ ਕਿ ਲੋਕਾਂ ਨੂੰ ਦੱਸਿਆ ਗਿਆ ਕਿ ਉਹ ਆਪਣੇ ਘਰਾਂ ਦੇ ਆਲੇ ਦੁਆਲੇ ਗੰਦਗੀ ਇਕੱਠੀ ਨਾ ਹੋਣ ਦੇਣ।ਪਾਣੀ ਨਾ ਇਕੱਠਾ ਹੋਣ ਦੇਣ ਅਤੇ ਘਰ ਦਾ ਕੂੜਾ ਬਾਹਰ ਨਾ ਸੁੱਟਿਆ ਜਾਵੇ।ਉਨ੍ਹਾਂ ਕਿਹਾ ਕਿ ਜੋ ਵੇਸਟ ਕੁਲੈਕਟਰ ਤੁਹਾਡੇ ਇਲਾਕੇ ਵਿੱਚ ਆਉਂਦਾ ਹੈ, ਉਸਨੂੰ ਵੀ ਅਲੱਗ ਅਲੱਗ ਕੂੜਾ ਕਰਕੇ ਦਿੱਤਾ ਜਾਵੇ ਤਾਂ ਜੋ ਕੂੜੇ ਨੂੰ ਸਹੀ ਤਰ੍ਹਾਂ ਪ੍ਰੋਸੈਸਿੰਗ ਕੀਤਾ ਜਾ ਸਕੇ।ਇਸ ਮੌਕੇ ਕੁਲਦੀਪ ਸਿੰਘ, ਸਵਰੂਪ ਸਿੰਘ, ਰੋਹਿਤ, ਜਸਵਿੰਦਰ ਕੌਰ ਅਤੇ ਜਸਵੰਤ ਸਿੰਘ ਆਦਿ ਹਾਜ਼ਰ ਸਨ।

## ਸੰਨੀ ਮਹਾਜਨ ਡੀ ਆਈ ਜੀ ਸਾਰਾ ਰਿਜ਼ਵੀ ਵੱਲੋਂ ਸਨਮਾਨਤ




ਪਠਾਨਕੋਟ (ਦਵਿੰਦਰ ਸਿੰਘ)-ਪ੍ਰਤਾਪ ਵਰਲਡ ਸਕੂਲ ਪਠਾਨਕੋਟ ਪੀਡਬਲਿਊਐਸ ਅਰਲੀ ਈਅਰਜ਼ ਅਤੇ ਮੋਸ਼ਨ ਪਠਾਨਕੋਟ ਦੇ ਡਾਇਰੈਕਟਰ ਸੰਨੀ ਮਹਾਜਨ ਨੂੰ ਊਧਮਪੁਰ ਰੇਂਜ ਦੀ ਡਿਪਟੀ ਇੰਸਪੈਕਟਰ ਜਨਰਲ (ਡੀਆਈਜੀ) ਸਾਰਾ ਰਿਜ਼ਵੀ (ਆਈਪੀਐੱਸ) ਵੱਲੋਂ ਸਨਮਾਨਿਤ ਕੀਤਾ ਗਿਆ।ਇਸ ਮੌਕੇ ਸ੍ਰੀ ਮਹਾਜਨ ਦੇ ਸਿੱਖਿਆ ਦੇ ਖੇਤਰ ਵਿੱਚ ਮਹੱਤਵਪੂਰਨ ਯੋਗਦਾਨ ਅਤੇ ਵਿਦਿਆਰਥੀਆਂ ਦੀ ਅਕਾਦਮਿਕ ਮੁਹਾਰਤ ਤੇ ਦੂਰਦਰਸ਼ੀ ਲੀਡਰਸ਼ਿਪ ਦੀ ਸ਼ਲਾਘਾ ਕੀਤੀ ਗਈ।ਸਾਰਾ ਰਿਜ਼ਵੀ ਨੇ ਪ੍ਰਤਾਪ ਵਰਲਡ ਸਕੂਲ ਦੀਆਂ ਸ਼ਾਨਦਾਰ ਪ੍ਰਾਪਤੀਆਂ ਦੀ ਤਾਰੀਫ਼ ਕੀਤੀ, ਜਿਸ ਨੇ ਲਗਾਤਾਰ ਉੱਤਮ ਅਕਾਦਮਿਕ ਨਤੀਜੇ, ਖੇਡਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਅਤੇ ਸਰਬੰਗੀ ਸਿੱਖਿਆ ਦੀ ਸੰਸਕ੍ਰਿਤੀ ਨੂੰ ਉਤਸ਼ਾਹਿਤ ਕੀਤਾ ਹੈ।ਡਾਇਰੈਕਟਰ ਸੰਨੀ ਮਹਾਜਨ ਨੇ ਕਿਹਾ ਕਿ ਡੀਆਈਜੀ ਸਾਰਾ ਰਿਜ਼ਵੀ ਮੈਡਮ ਤੋਂ ਇਹ ਸਨਮਾਨ ਪ੍ਰਾਪਤ ਕਰਨਾ ਮੇਰੇ ਲਈ ਬੇਹੱਦ ਮਾਣ ਵਾਲੀ ਗੱਲ ਹੈ।ਪ੍ਰਤਾਪ ਵਰਲਡ ਸਕੂਲ ਵਿੱਚ ਸਾਡਾ ਟੀਚਾ ਹਮੇਸ਼ਾ ਇਹੀ ਰਿਹਾ ਹੈ ਕਿ ਅਸੀਂ ਆਪਣੇ ਵਿਦਿਆਰਥੀਆਂ ਨੂੰ ਅਜਿਹਾ ਗਿਆਨ, ਮੁੱਲ ਅਤੇ ਹੁਨਰ ਦੇਈਏ ਜਿਸ ਨਾਲ ਉਹ ਜੀਵਨ ਦੇ ਹਰ ਖੇਤਰ ਵਿੱਚ ਮੁਹਾਰਤ ਹਾਸਲ ਕਰ ਸਕਣ।

## ਜੰਮੂ-ਕਸ਼ਮੀਰ ਪੁਲਸ 'ਤੇ ਪੰਜਾਬੀ ਨੌਜਵਾਨਾਂ ਨੂੰ ਕੁੱਟਣ ਦਾ ਦੋਸ਼

ਪਠਾਨਕੋਟ, (ਦਵਿੰਦਰ ਸਿੰਘ):ਰਣਜੀਤ ਸਾਗਰ ਡੈਮ ਤਿੰਨ ਪਾਸਿਆਂ ਤੋਂ ਘਿਰਿਆ ਹੋਇਆ ਹੈ, ਇੱਕ ਪਾਸੇ ਪੰਜਾਬ, ਦੂਜੇ ਪਾਸੇ ਹਿਮਾਚਲ ਅਤੇ ਤੀਜੇ ਪਾਸੇ ਜੰਮੂ-ਕਸ਼ਮੀਰ ਦੀ ਸਰਹੱਦ ਹੈ ਅਤੇ ਹਰ ਸਾਲ ਤਿੰਨਾਂ ਰਾਜਾਂ ਦੇ ਸਬੰਧਤ



ਹਿੱਸਿਆਂ ਤੋਂ ਆਉਣ ਵਾਲੀ ਝੀਲ ਦਾ ਠੇਕਾ ਮੱਛੀਆਂ ਫੜਨ ਵਾਲੇ ਠੇਕੇਦਾਰਾਂ ਨੂੰ ਦਿੱਤਾ ਜਾਂਦਾ ਹੈ। ਇਸ ਤਹਿਤ ਠੇਕੇਦਾਰ ਨੇ ਰਾਤ ਨੂੰ ਆਪਣੇ 4 ਕਰਮਚਾਰੀਆਂ ਨੂੰ ਤਾਇਨਾਤ ਕੀਤਾ ਸੀ ਜੋ ਪੰਜਾਬ ਸਰਹੱਦ 'ਤੇ ਬੈਠੇ ਸਨ, ਜਿਨ੍ਹਾਂ ਵਿੱਚੋਂ 2 ਨੂੰ ਜੰਮੂ-ਕਸ਼ਮੀਰ ਪੁਲਸ ਨੇ ਤਸੀਹੇ ਦਿੱਤੇ ਅਤੇ ਦੋਵਾਂ ਨੇ ਮੌਕੇ ਤੋਂ ਭੱਜ ਕੇ ਆਪਣੀ ਜਾਨ ਬਚਾਈ। ਇਸ ਸਬੰਧੀ ਦੋਸ਼ ਲਗਾਉਂਦੇ ਹੋਏ ਪੀੜਤ ਫਰੀਦ ਮੁਹੰਮਦ ਅਤੇ ਸ਼ੁਗਲਦੀਨ ਨੇ ਦੱਸਿਆ ਕਿ ਉਹ ਝੀਲ ਦੇ ਪੰਜਾਬ ਵਾਲੇ ਪਾਸੇ ਇਸਦੀ ਰਾਖੀ ਲਈ ਬੈਠੇ ਸਨ ਕਿ ਜੰਮੂ-ਕਸ਼ਮੀਰ ਪੁਲਸ ਨੇ ਉਨ੍ਹਾਂ ਨਾਲ ਕੁੱਟਮਾਰ ਕੀਤੀ ਅਤੇ ਬਾਅਦ ਵਿੱਚ ਉਨ੍ਹਾਂ ਨੂੰ ਪੁਲਸ ਸਟੇਸ਼ਨ ਲੈ ਗਏ ਜਿੱਥੇ ਉਨ੍ਹਾਂ ਤੇ ਦੁਬਾਰਾ ਤਸ਼ੱਦਦ ਕੀਤਾ ਗਿਆ। ਸਾਡੇ ਪਰਿਵਾਰਕ ਮੈਂਬਰਾਂ ਨੇ ਸਾਨੂੰ ਥਾਣਿਓਂ ਲਿਆ ਕੇ ਸਿਵਲ ਹਸਪਤਾਲ ਪਠਾਨਕੋਟ ਵਿੱਚ ਇਲਾਜ ਲਈ ਦਾਖਲ ਕਰਵਾਇਆ।ਉਨ੍ਹਾਂ ਦੀ ਹਾਲਤ ਦੇਖ ਕੇ ਸਾਫ਼ ਹੋ ਗਿਆ ਕਿ ਜੰਮੂ-ਕਸ਼ਮੀਰ ਪੁਲਿਸ ਨੇ ਉਨ੍ਹਾਂ ਤੇ ਕਿੰਨਾ ਤਸ਼ੱਦਦ ਕੀਤਾ ਹੋਵੇਗਾ।ਇਸ ਪੂਰੀ ਘਟਨਾ ਸਮੇਂ ਜੰਮੂ-ਕਸ਼ਮੀਰ ਪੁਲਸ ਦੇ ਕਰਮਚਾਰੀ ਸ਼ਰਾਬੀ ਸਨ। ਜਦੋਂ ਇਨ੍ਹਾਂ ਪੀੜਤਾਂ ਦੇ ਠੇਕੇਦਾਰ ਅਮਸਤਾ ਮੁਹੰਮਦ ਨਾਲ ਇਸ ਸਬੰਧੀ ਗੱਲ ਕੀਤੀ ਗਈ ਤਾਂ ਉਨ੍ਹਾਂ ਦੱਸਿਆ ਕਿ ਰਾਤ ਨੂੰ ਮੇਰੇ ਚਾਰ ਕਰਮਚਾਰੀ ਰਣਜੀਤ ਸਾਗਰ ਡੈਮ ਝੀਲ ਦੀ ਰਾਖੀ ਲਈ ਬੈਠੇ ਸਨ ਤਾਂ ਜੋ ਕੋਈ ਲੁਕ ਕੇ ਮੱਛੀਆਂ ਨਾ ਫੜ ਸਕੇ।ਇਸ ਦੌਰਾਨ, ਜੰਮੂ-ਕਸ਼ਮੀਰ ਪੁਲਸ ਪੰਜਾਬ ਵਿੱਚ ਦਾਖਲ ਹੋਈ ਅਤੇ ਸਾਡੇ ਕਰਮਚਾਰੀਆਂ ਦੀ ਕੁੱਟਮਾਰ ਕੀਤੀ ਅਤੇ ਇਹ ਦੇਖ ਕੇ ਦੋਵੇਂ ਕਰਮਚਾਰੀ ਉਥੋਂ ਭੱਜ ਗਏ ਅਤੇ ਪੁਲਸ ਨੇ ਦੋਵਾਂ ਨੂੰ ਫੜ ਲਿਆ ਅਤੇ ਉਨ੍ਹਾਂ ਨੂੰ ਥਾਣੇ ਲੈ ਗਈ ਜਿੱਥੇ ਉਨ੍ਹਾਂ ਨਾਲ ਵੱਡੇ ਪੱਧਰ 'ਤੇ ਕੁੱਟਮਾਰ ਕੀਤੀ ਗਈ।ਅਸੀਂ ਮੰਗ ਕਰਦੇ ਹਾਂ ਕਿ ਇਨ੍ਹਾਂ ਪੀੜਤਾਂ ਨੂੰ ਇਨਸਾਫ਼ ਦਿੱਤਾ ਜਾਵੇ ਅਤੇ ਇਸ ਘਟਨਾ ਵਿੱਚ ਸ਼ਾਮਲ ਸਾਰੇ ਪੁਲਸ ਕਰਮਚਾਰੀਆਂ ਵਿਰੁੱਧ ਢੁਕਵੀਂ ਕਾਰਵਾਈ ਕੀਤੀ ਜਾਵੇ।




## Change of Name

I, Baljinder Singh S/O Surjit Singh R/O VPO Bagga, Tehsil Shahkot Distt. Jalandhar, Punjab declares that my father's name in my passport is spelled wrong. That his name be changed from Surjeet Singh to Surjit Singh. Please note. (Gian)

I, Sarabjit Kaur W/o Khazan Singh R/o H.No. 1635/3, Gali Sardara Wali, Purane Mehal, Near Baradari School, Kale Ghanupur, Chheharta, Amritsar have changed my name from Sarabjit Kaur to Sarbjit Kaur. Please All Concerned Note.

I Kulwinder Kaur w/o Kaka Singh R/o Nikko Sarai Tehsil Dera Baba Nanak district gurdaspur declare that kulwinder kaur and palwinder kaur is one and the same person.have changed my name from Palwinder Kaur to Kulwinder kaur.

I, Jagtar Singh S/o Sukhwinder Singh R/o H.No.3342, Gali No.4, Azad Nagar, Kucha Pakka Quarter, Chheharta, Amritsar have declare that Jagtar is my Given name and Singh is my Surname

I, Sulkhan Singh S/o Teja Singh R/o Village Bhangwan Tehsil Majitha District Amritsar have changed my name from Sulkhan Singh to Sulakhan Singh

I, Jodhbir Singh S/o Fuman Singh R/o Village Dug, Dug Tut Amritsar have declare that Jodhbir is my Given name and Singh is my Surname

I, Khushkaran Singh Bhullar S/o Narinder Singh R/o H.No.67, Gali No.3, Guru Nanak Avenue, Majitha Road, Amritsar have changed my name from Khushkaran Singh Bhullar to Khushkaran Singh.

I, Paramjit Singh S/o Pritam Singh R/o 98, Baba Deep Singh Colony I/s Chatiwind Gate Amritsar have changed my name from Paramjit Singh to Parmjit Singh.

I, GURBAKSH SINGH S/O MANJIT SINGH, R/o VPO LAUHKA, TEHSIL PATTI, TARN TARAN, PUNJAB - 143401 declare that, My Name is GURBAKSH And my Surname is SINGH. Please note.

I, Pawan Kumar S/o Mangat Ram Sharma R/o H.No. B-1/464/1, Una Road, Akash Nagar Hoshiarpur Punjab have changed my name from Pawan Kumar to Pawan Kumar Sharma. Concerned note.

I Seema Kumari W/O Rakesh kumar VPO Dhada kalan Teh. Garhshanker Distt.Hoshuarpur Punjab (India) have changed my name from Seema Kumari to Kumari Seema all Concerned note Please.

I, Hardamanpreet Singh S/O Avtar Singh R/O H. No. 259, Gali No.2, Moon Avenue, Majitha Road, Amritsar, Punjab have changed my name from Hardamanpreet Singh to Hardamanpreet Singh Gill. Concerned note.

I, Suman Bhai Shite mother of army No. 14659471Y, Rank: Hav Name: Mukesh Shite, posted at 2 Mech C/o 56 APO, Kapurthala, Punjab, India, That I have changed my name from Suman Bhai Shite to Suman Bai due to Variation in my son's service document.

I, Tarsem Kaur W/o Lakhwinder Singh, R/o H.No. 191-192, Shanti Vihar, Maqsudan, Jalandhar have changed my name from Tarsem Kaur to Kaur Tarsem. All concerned may note.

I, Lakhwinder Singh S/o Diwan Singh, R/o H.No. 191-192, Shanti Vihar, Maqsudan, Jalandhar have changed my name from Lakhwinder Singh to Singh Lakhwinder. All concerned may note.

I Sarjit Kaur W/O Sarwan Singh R/O Vill. Padhiana,Distt. Jalandhar 144030, Punjab. have changed my name Sarjit Kaur to Ajit Kaur.

I, Jugni Devi W/o Piar Chand, R/o H.No. C-4, New Ganesh Nagar, Dakoha Road, Dhilwan, PO: Dakoha, Jalandhar have changed my name from Jugni Devi Alias Sunita to Jugni Devi.

I,Wasan Singh S/o Kundan Singh R/o H.No.128, V.PO.Jagral, Distt.Jalandhar, Punjab have changed my name to Given name as Wasan & Surname as Singh.All please note.

I, Navjeet Singh S/O Joga Singh, Plahi, PO: Palahi, DIST: Kapurthala, Punjab - 144403 have changed my name from Navjeet Singh to Navjit Singh. All Concern Please note.

I, Meena D/O Harbans Lal R/O Patti Jodha, Bundala, Tehsil Phillaur, Distt. Jalandhar - 144034, Punjab have changed my name from Meena to Meena Rani. All note.

I Amarpreet Bhardwaj , S/O Talwinder Kumar R/O Vpo Kotli Than Singh, Jalandhar Pb - 144101, Have Changed My Name Amarpreet To Amarpreet Bhardwaj In Which Amarpreet As Given Name And Bhardwaj As Surname. All Note.

I, Rashpal Ram S/o Rattan Lal R/o New Arman Nagar Dhilwan, Dakoha, Jalandhar-144023 have changed my name from Rashpal Ram to Rachhpal Ram. (12195)

I, Palwinder D/o Sai Dass W/o Ram Lubhaya R/o H. No.1387, Kanyawali Mohalla, P.O. Garha, Jalandhar, Punjab, 144022 changed my name to Palwinder Kaur.

I, Avtar Singh S/o Kuldeep Singh R/o H.No. E8/833, Harkrishan Nagar, Chheharta, Amritsar have declare that Avtar is my Given name and Singh is my Surname

## Change of Name

I, Ravnit Kaur D/o Ravinder Singh W/o Ravinder Singh Multani R/o Flat No.505, 24 Carat Gold Apartment, Mithapur, Cheema Chowk, Ravinder Nagar, Jalandhar, Punjab, 144001 changed my name to Ravnit Kaur Multani.

I, Ravinder Singh Multani S/o Nishan Singh R/o Flat No.505, 24 Carat Gold Apartment, Mithapur, Cheema Chowk, Ravinder Nagar, Jalandhar, Punjab, 144001 changed my minor daughter Harsirat Kaur aged 14 years name to Harsirat Kaur Multani.

I Nomi Nath S/o Harjit Pal R/o Village Shivdaspur, P.O. Mustfapur Jalandhar Declare that I have changed my minor daughter name from Suhani To Suhani Kaur .

I, Dalbir Singh S/o Makhan Singh R/o 230/13, Jail Road Shaheed Bhagat Singh Nagar Gurdaspur, Tehsil/Distt. Gurdaspur, Punjab-143521, Declare that changed my minor daughter name from Bhawna to Bhawnapreet Kaur.

I, Pooja W/o Varinder Sharma R/o # E.E 179, Inderprasth Mohalla, Jalandhar, Punjab-144001 have changed my name from Pooja to Pooja Sharma. All concerned please note.

I, Sukhan Pardan S/o Chhotan Pardan R/o Village Udhowal, PO. Khokhar Faujian, Tehsil Batala, Distt. Gurdaspur, Punjab have changed my name from Sukhan to Sukhan Pardan. Concerned Note.

I, Gurmej Ram S/o Daulat Ram, R/o Malikpur, Narur, Phagwara, Kapurthala, Punjab- 144405, have changed my name and shall here-after be Known as Gej Ram.

I, Ashok Kumar Bansal S/o Brij Lal R/o 26-B, Phase-A, Jain Colony, Gulab Devi Hospital Road, Jalandhar, Punjab have changed my name from Ashok Kumar Bansal to Ashok Kumar. All concerned please note.

I, Manjit Kaur w/o Jaswinder Singh r/o House No. 2824, Ward No. 06, Sagran Mohalla, Adampur Doaba, Distt. Jalandhar (Pb) have changed my name to Manjeet Kaur. All concerned please note.

I, Renu Jain Alias Rashmi Jain w/o Naveen Jain r/o H.No. 4-C, Vir Nagar, Jain Colony, Phase-2, Jalandhar City have changed my name from Renu Jain Alias Rashmi Jain to Renu Jain. All concerned please note.

I, Khushpreet Kaur D/o Shri. Kashmiri Lal Resident of Village Kot Budha, PO. Dehriwal, Distt. Gurdaspur, Pin-143518, Punjab have changed my name from Khushpreet Kaur to Kaur Khushpreet. All Please Note.

I, Sunil Wahid S/o Avinash Chander Wahie Resident of H.No. 244-G, B.R.S. Nagar, Rajguru Nagar, Ludhiana, Punjab-141012, India have changed my name from Sunil Wahid to Sunil Wahie. All Please Note.

I, Mukesh Kheeva S/o Dharam Pal R/o Kacha Kot, Jandi Wali Gali, Batala, District Gurdaspur, Punjab declare that Mukesh Kheeva & Mukesh both names are one and the same person. Concerned Note.

I, Jasvir Kaur Spouse of JC-432065P Ex Sub Surjit Singh (Retired) resident of VPO. Patial, Tehsil Bhogpur, Distt. Jalandhar, Punjab have changed my name from Jasvir Kaur to Jasbir Kaur. My Correct Date of Birth is 05 Mar 1973 (05-03-1973).

I, Gurman Singh s/o Lakhvir Singh r/o Patti Soma Ramuwala Nawan, Moga-142040, Punjab have changed my name from Gurman Singh to Gurman Singh Gill (Surname as Gill). All Please Note.

I, Amarjit Kaur w/o Amrik Singh r/o VPO. Khudda, Teh. Dasuya, Distt.Hoshiarpur-144305, Punjab have changed my name to Kaur Amarjit. All Please Note.

I, Jyoti Bala w/o Gurvinder Singh r/o Vill. Ralhan, Po. Khudda, Teh. Dasuya, Distt. Hoshiarpur have changed my name to Bala Jyoti. All Please Note.

I, Harpreet Singh s/o Inderjeet Singh r/o 4012-B, Street No.7, Nizatam Nagar, Jalandhar have changed the name of my minor daughter from Harkomal Kaur to Harkomal Kaur Sidana. All Please Note.

I, Balvinder Kaur Dhillon w/o Surjit Singh r/o VPO. Pattar Kalan, Distt. Jalandhar, Punjab have changed my name to Balwinder Kaur. All Please Note.

I, Mangat Ram Sandhu s/o Gej Ram r/o VPO.Maheru, Teh.Phagwara, Kapurthala have changed my name to Mangat Singh Sandhu. All Please Note.

I, Sunita Rani w/o Mangat Singh Sandhu r/o VPO. Maheru, Teh.Phagwara, Kapurthala have changed my name to Sunita Rani Sandhu. All Please Note.

I, Ravinder Singh s/o Bahader Singh r/o Vill. Khurla Pur, Po.Singhpur, Teh.Nakodar, Distt.Jalandhar have changed my name to Given name as Ravinder & Surname as Singh. All Please Note.

I, Gurpreet Singh s/o Amrik Singh r/o Vpo. Sang Dhesian, Teh.Phillaur, Distt.Jalandhar have changed my name to Given name as Gurpreet & Surname as Singh. All Please Note.

I, Sanjeev Kumar S/o Banke Bihari Sharma R/o H.No. 204/1, near water pump no. 5, Mohalla Seen Pura, Kapurthala have changed my name from Sanjeev Kumar To Sanjeev Kumar Sharma. All Please Note.

I, Suraj Prashad S/o Daya Ram R/o H.No. 460/6, Shaheed Babu Labh Singh Nagar, Jalandhar have changed my surname spelling from Suraj Prashad to Suraj Parsad. All Please Note.

I, Chhajja Singh S/o Naranjan Singh R/o Village Munak Khurd, Teh. Tanda (Hoshiarpur) Punjab have changed my name from Chhajja Singh to Chhaja Singh. Please note.


## ਉੱਤਰ ਰੇਲਵੇ

### ਈ-ਨਿਵਿਦਾ ਸੂਚਨਾ

ਸੀਨੀ. ਮੰਡਲ ਬਿਜਲੀ ਇੰਜੀਨੀਅਰ/ਸਾਧਾਰਨ, ਉੱਤਰ ਰੇਲਵੇ, ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਈ-ਟੈਂਡਰਾਂ (www.ireps.gov.in) ਦੀ ਮੰਗ ਕੀਤੀ ਜਾਂਦੀ ਹੈ। ਟੈਂਡਰਕਾਰਕ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ।

**ਟੈਂਡਰ ਨੰਬਰ : 251-ਬਿਜਲੀ-ਟੀ-09-2025-26 ਕੰਮਾਂ ਦਾ ਵੇਰਵਾ** :ਸੀਨੀਅਰ ਡੀਈਐਨ-1/ ਐਫਜੇਡਆਰ ਦੇ ਅਧਿਕਾਰ ਖੇਤਰ ਵਿਚ 27 ਮੌਜੂਦਾ ਲੇਵਲ ਕ੍ਰਾਸਿੰਗ ਤੇ ਰਬਰਰਾਈਜਡ ਲੇਵਲ ਕ੍ਰਾਸਿੰਗ ਦੇ ਪ੍ਰਾਵਧਾਨ ਦੇ ਸਬੰਧ ਵਿਚ ਬਿਜਲੀ ਕੰਮ ਅਤੇ ਜੀਐਨਏ ਵਿਚ 01 100 ਕੇਐਲ ਆਰਸੀਸੀ ਓਐਚ ਪਾਣੀ ਦੀ ਟੰਕੀ ਅਤੇ ਫਿਰੋਜ਼ਪੁਰ ਵਿਚ 225 ਕੇਐਲ ਤੇ ਇਕ ਪੁਰਾਣੀ ਛੱਡੀ ਹੋਈ ਸਟੀਲ ਓਵਰਹੇਡ ਪਾਣੀ ਸਟੋਰੇਜ ਟੈਂਕ ਦੀ ਜਗ੍ਹਾ ਤੇ ਪਾਈਪਲਾਈਨ ਪਾਈਪਾਂ ਦੇ ਨਾਲ ਪੰਪ ਹਾਊਸ, ਬੋਰ ਅਤੇ ਪੰਪ ਦੇ ਨਾਲ ਪ੍ਰਾਵਧਾਨ ਦੇ ਸਬੰਧ ਵਿਚ ਬਿਜਲੀ ਕੰਮ ਅਤੇ ਬੀਐਕਸਬੀ, ਐਲਐਨਕੇ, ਐਮਕਯੂਐਸ, ਜੀਐਚਐਸ ਅਤੇ ਜੇਬੀਡੀ ਸਟੇਸ਼ਨਾਂ ਉਤੇ 100 ਕੇਐਲ ਸਮਰਥਾ ਦੇ 5 ਨਵੇਂ ਐਸਐਮਸੀ ਓਵਰ ਹੇਡ ਟੈਂਕ ਦੇ ਪ੍ਰਾਵਧਾਨ ਅਤੇ ਬੋਰਿੰਗ ਅਤੇ ਪੰਪ ਹਾਊਸ ਆਦਿ ਦੇ ਪ੍ਰਾਵਧਾਨ ਦੇ ਸਬੰਧ ਵਿਚ ਬਿਜਲੀ ਕੰਮ ਅਤੇ ਫਿਰੋਜ਼ਪੁਰ ਵਿਚ ਕਾਲੋਨੀ ਨੰਬਰ 1,2,3 ਅਤੇ 4 ਵਿਚ ਪਾਣੀ ਨਿਕਾਸੀ ਪ੍ਰਣਾਲੀ ਵਿਚ ਸੁਧਾਰ ਅਤੇ ਪੰਪ ਹਾਊਸ ਸਮੇਤ 2,25,000 ਲੀਟਰ ਸਮਰਥਾ ਦੇ ਆਰਸੀਸੀ ਟੈਂਕ ਦੇ ਪ੍ਰਤੀਸਥਾਪਨ ਦੇ ਸਬੰਧ ਵਿਚ ਬਿਜਲੀ ਕੰਮ। **ਅੰਦਾਜਨ ਲਾਗਤ (ਰੁ)** : Rs. 39,34,423,28p **ਬਿਆਨਾ ਰਾਸ਼ੀ (ਰੁ)** : Rs. 78,700.00p **ਕੰਮ ਦਾ ਸਮਾਂ** : 06 ਮਹੀਨੇ **ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ** : 23.07.2025 15:00 ਵਜੇ ਦੇ ਬਾਅਦ ਵੈਬਸਾਈਟ www.ireps.gov.in

ਨੰ. 251-ਬਿਜਲੀ ਟੈਂਡਰ ਨੋਟਿਸ ਨੰ. 09-ਬਿਜਲੀ-2025-26 ਮਿਤੀ:-02.07.2025 1995/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


## Change of Name

I, Gunisha Verma D/o Narinder Verma R/o House No. 1058/2, Near Division No.3, Taj Ganj, Gaushala Road, Ludhiana, Punjab-141008 have changed my name from Gunisha to Gunisha Verma and my date of birth is 15.12.2001. All please note.

## ਨਾਂਅ ਦੀ ਬਦਲੀ

ਮੈਂ, Gurjit Kaur ਪਤਨੀ ਨੈਬ ਸਿੰਘ, ਪਿੰਡ ਮਹਿਸਮਪੁਰ (ਭਵਾਨੀਗੜ੍ਹ), ਜ਼ਿਲ੍ਹਾ ਸੰਗਰੂਰ ਨੇ ਆਪਣਾ ਨਾਂਅ Gurjeet Kaur ਰੱਖ ਲਿਆ ਹੈ।

ਮੈਂ, ਭੁਪਿੰਦਰ ਸਿੰਘ ਚੌਹਾਨ ਪੁੱਤਰ ਹਰਬੰਸ ਸਿੰਘ, ਨਿਵਾਸੀ 165/2-ਏ, ਜੰਡਾ ਨਗਰ, ਧੂਰੀ (ਸੰਗਰੂਰ) ਨੇ ਆਪਣਾ ਨਾਂ ਬਦਲਕੇ ਭੁਪਿੰਦਰ ਸਿੰਘ ਰੱਖ ਲਿਆ ਹੈ।

ਮੈਂ, ਬਲਜੀਤ ਕੌਰ ਚੌਹਾਨ ਪਤਨੀ ਭੁਪਿੰਦਰ ਸਿੰਘ, ਨਿਵਾਸੀ 165/2-ਏ, ਜੰਡਾ ਨਗਰ, ਧੂਰੀ (ਸੰਗਰੂਰ) ਨੇ ਆਪਣਾ ਨਾਮ ਬਦਲਕੇ ਬਲਜੀਤ ਕੌਰ ਰੱਖ ਲਿਆ ਹੈ।

ਮੈਂ ਰਾਜ ਕੁਮਾਰ ਪੁੱਤਰ ਦੀਵਾਨ ਚੰਦ ਵਾਸੀ ਅੱਡਾ ਝਬਾਲ ਤਹਿਸੀਲ ਅਤੇ ਜ਼ਿਲ੍ਹਾ ਤਰਨਤਾਰਨ, ਪੰਜਾਬ-143401, ਪੰਜਾਬ ਮੇਰੀ ਪਤਨੀ ਦਾ ਪੁਰਾਣਾ ਨਾਮ ਸ਼ਾਰਦਾ ਸ਼ਰਮਾ ਹੈ ਉਸਦਾ ਨਾਮ ਸ਼ਾਰਦਾ ਸ਼ਰਮਾ ਤੋਂ ਬਦਲ ਕੇ ਸ਼ਾਰਦਾ ਰਾਣੀ ਕਰ ਦਿੱਤਾ ਹੈ।

ਮੈਂ, ਸਿਮਰਨਜੀਤ ਕੌਰ ਪੁੱਤਰੀ ਰਤਨ ਸਿੰਘ ਵਾਸੀ ਉੜਮੁੜ ਟਾਂਡਾ, ਤਹਿ. ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ ਨੇ ਆਪਣਾ ਨਾਂਅ ਸੀਤਾ ਰਾਣੀ ਤੋਂ ਬਦਲ ਕੇ ਸਿਮਰਨਜੀਤ ਕੌਰ ਰੱਖ ਲਿਆ ਹੈ।

## ਆਮ ਸੂਚਨਾ

ਮੈਂ, ਲਕਸ਼ਮੀ ਵਰਮਾ ਪੁੱਤਰੀ ਹਰਕਾ ਲਾਲ ਵਾਸੀ 181/4 ਮਖਦੂਮਪੁਰਾ ਜਲੰਧਰ ਬਿਆਨ ਕਰਦੀ ਹਾਂ ਮੇਰੀ 10ਵੀਂ ਸ਼੍ਰੇਣੀ ਸਰਟੀਫਿਕੇਟ ਉੱਪਰ ਮੇਰਾ ਨਾਂਅ ਗਲਤੀ ਨਾਲ ਲੱਛਮੀਂ ਪੁੱਤਰੀ ਹਰਕਾ ਬਹਾਦੁਰ ਲਿਖਿਆ ਹੈ। ਮੇਰਾ ਸਹੀ ਨਾਂਅ ਲਕਸ਼ਮੀ ਵਰਮਾ ਪੁੱਤਰੀ ਹਰਕਾ ਲਾਲ ਹੈ। ਕ੍ਰਿਪਾ ਇਸ ਨੂੰ ਦਰੁੱਸਤ ਕੀਤਾ ਜਾਵੇ।

ਮੈਂ, ਬਿਕਰਮਜੀਤ ਸਿੰਘ ਉਰਫ ਸੰਤ ਪੁੱਤਰ ਲੇਟ ਸੁਰਜੀਤ ਕੌਰ ਪੁੱਤਰੀ ਮਨਸਾ ਸਿੰਘ, ਪਿੰਡ ਹਸਨਪੁਰ, ਤਹਿਸੀਲ ਧੂਰੀ (ਸੰਗਰੂਰ) ਹਾਲ ਅਬਾਦ 16 Devonshire Road, Smethwick B67, 7NT, West Midlands, England (UK) ਬਿਆਨ ਕਰਦਾ ਹਾਂ ਕਿ ਮੇਰੇ ਭਰਾ ਲੇਟ ਬਲਜਿੰਦਰ ਸਿੰਘ ਉਰਫ ਵੀਨਾ ਪੁੱਤਰ ਸੁਰਜੀਤ ਕੌਰ ਪੁੱਤਰੀ ਮਨਸਾ ਸਿੰਘ ਦੋਵਾਂ ਨਾਵਾਂ ਦਾ ਇੱਕੋ ਵਿਅਕਤੀ ਸੀ।

ਮੈਂ, ਰਾਜ ਕੁਮਾਰ ਰਾਠੀ ਪੁੱਤਰ ਧਨੀ ਰਾਮ ਵਾਸੀ ਪਿੰਡ ਜੱਟੂਵਾਲ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ। ਮੈਂ ਆਪਣੇ ਲੜਕੇ ਸੰਦੀਪ ਕੁਮਾਰ ਰਾਠੀ ਅਤੇ ਉਸ ਦੀ ਪਤਨੀ ਗੀਨਾ ਅਤੇ ਦੂਜੇ ਲੜਕੇ ਰਾਜੀਵ ਕੁਮਾਰ ਰਾਠੀ ਅਤੇ ਉਸ ਦੀ ਪਤਨੀ ਰੰਜੂ ਬਾਲਾ ਨੂੰ ਅਖਬਾਰ 'ਨਵਾਂ ਜ਼ਮਾਨਾ' ਮਿਤੀ 24.02.2023 ਰਾਹੀਂ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕੀਤਾ ਸੀ। ਹੁਣ ਇਹ ਸਾਰੇ ਮੇਰੇ ਕਹਿਣੇ ਵਿਚ ਹਨ ਅਤੇ ਮੇਰੀ ਹਰ ਗੱਲ ਮੰਨਦੇ ਹਨ। ਹੁਣ ਮੈਂ ਆਪਣਾ ਉਕਤ ਬੇਦਖਲੀ ਨੋਟਿਸ ਵਾਪਸ ਲੈਂਦਾ ਹਾਂ। ਮੇਰੇ ਦੋਵੇਂ ਉਕਤ ਲੜਕੇ ਮੇਰੀ ਚੱਲ-ਅਚੱਲ ਜਾਇਦਾਦ ਦੇ ਹੱਕਦਾਰ ਹੋਣਗੇ।

ਟਿਊਬਵੈੱਲ ਕੁਨੈਕਸ਼ਨ ਨੰਬਰ ਜੇ 508 /3 ਬੀ ਐਚ ਪੀ ਪੂਰਨ ਸਿੰਘ ਪੁੱਤਰ ਸਰੈਣ ਸਿੰਘ ਵਾਕਿਆ ਪਿੰਡ ਤਲਵੰਡੀ ਰਾਮਾ ਤਹਿਸੀਲ ਡੇਰਾ ਬਾਬਾ ਨਾਨਕ ਜ਼ਿਲ੍ਹਾ ਗੁਰਦਾਸਪੁਰ ਦੇ ਨਾਮ ਚੱਲਦਾ ਪੂਰਨ ਸਿੰਘ ਦੀ ਮੌਤ ਹੋਣ ਤੇ ਉਕਤ ਕਨੈਕਸ਼ਨ ਘਰੇਲੂ ਵੰਡ ਹੋਣ ਦੌਰਾਨ ਕੁਲਜਿੰਦਰ ਸਿੰਘ ਪੁੱਤਰ ਪੂਰਨ ਸਿੰਘ ਵਾਸੀ ਪਿੰਡ ਤਲਵੰਡੀ ਰਾਮਾ ਦੇ ਨਾਮ ਹੋਣ ਜਾ ਰਿਹਾ ਹੈ । ਇਸ ਸੰਬੰਧੀ ਇਤਰਾਜ਼ 15 ਦਿਨਾਂ ਅੰਦਰ ਐਸਡੀਓ ਪਾਵਰਕਾਮ ਡੇਰਾ ਬਾਬਾ ਨਾਨਕ ਨੂੰ ਪੇਸ਼ ਕਰੋ ।

ਗੁਰਦੀਪ ਸਿੰਘ ਪੁੱਤਰ ਰੁਲੀਆ ਸਿੰਘ, ਵਾਸੀ ਸਰਜਾ (ਅੰਮ੍ਰਿਤਸਰ), ਨਾਮ ਚੱਲਦਾ ਟਿਊਬਵੈੱਲ ਕੁਨੈਕਸ਼ਨ (ਏ.ਪੀ.40/0401ਵਾਲੀ) ਨੂੰ ਜਸਕਰਨ ਸਿੰਘ ਪੁੱਤਰ ਜਸਵੰਤ ਸਿੰਘ, ਵਾਸੀ ਸਰਜਾ ਨਾਮ ਕਰਨ ਦੀ ਦਰਖਾਸਤ ਪੁੱਜੀ ਹੈ, ਇਤਰਾਜ਼ 15 ਦਿਨਾਂ ਅੰਦਰ ਦਫਤਰ ਪਾਵਰਕਾਮ ਉਪ ਮੰਡਲ ਬੁਟਾਰੀ ਪੁੱਜਣ ।

ਸ੍ਰੀ ਬਲਦੇਵ ਸਿੰਘ ਪੁੱਤਰ ਕਰਤਾਰ ਸਿੰਘ ਦੇ ਨਾਂਅ 'ਤੇ ਇਸ ਦਫਤਰ ਵਿੱਚ ਇੱਕ ਟਿਊਬਵੈੱਲ ਕੁਨੈਕਸ਼ਨ ਖਾਤਾ ਨੰ. AP18-0305 ਬੀ. ਐੱਚ.ਪੀ 12.5 ਵਾਕਿਆ ਪਿੰਡ ਖੁਖਰਾਣਾ (ਮੋਗਾ) ਵਿਖੇ ਚੱਲ ਰਿਹਾ ਹੈ। ਹੁਣ ਇਸ ਕੁਨੈਕਸ਼ਨ ਦੀ ਨਾਂਅ ਤਬਦੀਲੀ ਲਈ ਸ੍ਰੀ ਨਾਹਰ ਸਿੰਘ ਪੁੱਤਰ ਬੂਟਾ ਸਿੰਘ ਪਿੰਡ ਖੁਖਰਾਣਾ (ਮੋਗਾ) ਵੱਲੋਂ ਆਪਣੇ ਨਾਂਅ 'ਤੇ ਕਰਾਉਣ ਲਈ ਦਰਖਾਸਤ ਦਿੱਤੀ ਹੈ। ਜੇਕਰ ਇਸ ਸੰਬੰਧੀ ਕਿਸੇ ਨੂੰ ਵੀ ਕੋਈ ਇਤਰਾਜ਼ ਹੋਵੇ ਤਾਂ 15 ਦਿਨਾਂ ਦੇ ਅੰਦਰ-ਅੰਦਰ ਪੀ.ਐੱਸ.ਪੀ.ਸੀ.ਐੱਲ ਉਪ ਮੰਡਲ ਡਗਰੂ (ਮੋਗਾ) ਨੂੰ ਪੇਸ਼ ਕਰ ਸਕਦਾ ਹੈ। ਨਾ ਇਤਰਾਜ਼ ਹੋਣ 'ਤੇ 15 ਦਿਨਾਂ ਬਾਅਦ ਕੁਨੈਕਸ਼ਨ ਉਸ ਨਾਂਅ ਉੱਪਰ ਤਬਦੀਲ ਕਰ ਦਿੱਤਾ ਜਾਵੇਗਾ ਅਤੇ ਇਸ ਤੋਂ ਬਾਅਦ ਕੋਈ ਇਤਰਾਜ਼ ਨਹੀਂ ਸੁਣਿਆ ਜਾਵੇਗਾ।

ਰਕਬਾ ਪਿੰਡ ਕਿਸ਼ਨ ਸਿੰਘ ਵਾਲਾ, ਤਹਿ. ਵਾ ਜ਼ਿਲ੍ਹਾ ਕਪੂਰਥਲਾ ਵਿਖੇ ਮੋਟਰ ਕੁਨੈਕਸ਼ਨ 5 ਹਾਰਸ ਪਾਵਰ, ਖਾਤਾ ਨੰ: **AP218227K,** ਜੋ ਸੁਰਜੀਤ ਕੌਰ ਪਤਨੀ ਜਗਦੀਸ਼ ਸਿੰਘ ਵਾਸੀ ਪਿੰਡ ਫਤਿਹਪੁਰ, ਡਾਕ, ਭੰਡਾਲ ਬੇਟ, ਜ਼ਿਲ੍ਹਾ ਕਪੂਰਥਲਾ ਦੇ ਨਾਂਅ ਪਰ ਚੱਲਦਾ ਹੈ, ਇਸ ਮੋਟਰ ਨੂੰ ਕਮਲਜੀਤ ਸਿੰਘ ਪੁੱਤਰ ਲਛਮਣ ਸਿੰਘ ਵਾਸੀ ਪਿੰਡ ਉੱਚਾ ਬੇਟ, ਡਾਕ. ਸੈਫਲਾਬਾਦ, ਤਹਿ. ਵਾ ਜ਼ਿਲ੍ਹਾ ਕਪੂਰਥਲਾ ਨੇ ਆਪਣੇ ਨਾਂਅ ਪਰ ਕਰਵਾਉਣ ਲਈ ਅਰਜ਼ੀ ਦਿੱਤੀ ਹੈ। ਇਸ ਸੰਬੰਧੀ ਕਿਸੇ ਨੂੰ ਇਤਰਾਜ਼ ਹੋਵੇ ਤਾਂ 15 ਦਿਨਾਂ ਦੇ ਅੰਦਰ-ਅੰਦਰ ਪਾਵਰਕਾਮ ਦੇ ਦਫਤਰ ਸਬ-ਡਵੀਜ਼ਨ ਉੱਚਾ, ਜ਼ਿਲ੍ਹਾ ਕਪੂਰਥਲਾ ਵਿਖੇ ਇਤਰਾਜ਼ ਪੇਸ਼ ਕਰੇ।

## ਬੇਦਖਲੀ ਨੋਟਿਸ

ਮੈਂ, ਪਰਮਜੀਤ ਕੌਰ ਪਤਨੀ ਨੱਛਤਰ ਪਾਲ ਵਾਸੀ ਪਿੰਡ ਖਲਵਾੜਾ, ਤਹਿਸੀਲ ਫਗਵਾੜਾ, ਜ਼ਿਲ੍ਹਾ ਕਪੂਰਥਲਾ ਬਿਆਨ ਕਰਦੀ ਹਾਂ ਕਿ ਮੇਰੀ ਲੜਕੀ ਕੋਮਲ ਉਮਰ ਕਰੀਬਨ 17 ਸਾਲ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਮੇਰਾ ਅਤੇ ਮੇਰੇ ਬਾਕੀ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਕਿਸ਼ਨ ਲਾਲ ਪੁੱਤਰ ਲੇਟ ਲਲਿਤ ਰਾਮ ਵਾਸੀ ਮਕਾਨ ਨੰ. 141, ਸੰਤੋਸ਼ੀ ਨਗਰ, ਨੇੜੇ ਬਾਬਾ ਮੱਠ ਸ਼ਾਹ, ਵਾਰਡ ਨੰ. 17, ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਗੋਰਖ ਨਾਥ ਅਤੇ ਉਸਦੀ ਪਤਨੀ ਊਸ਼ਾ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਹਨਾਂ ਨੂੰ ਪਰਿਵਾਰ ਸਮੇਤ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਬਾਕੀ ਪਰਿਵਾਰ ਦਾ ਇਹਨਾਂ ਸਾਰਿਆਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ, ਜੋ ਕੋਈ ਵੀ ਇਹਨਾਂ ਸਾਰਿਆਂ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਗੁਰਦਿਆਲ ਸਿੰਘ ਪੁੱਤਰ ਸ੍ਰੀ ਗੁਰਮੀਤ ਸਿੰਘ ਵਾਸੀ ਪਿੰਡ ਤੇ ਡਾਕ. ਜਲਾਲਪੁਰ, ਤਹਿ. ਟਾਂਡਾ (ਹੁਸ਼ਿਆਰਪੁਰ) ਬਿਆਨ ਕਰਦਾ ਹਾਂ ਕਿ ਮੇਰਾ ਪੁੱਤਰ ਹਰਮਨਦੀਪ ਸਿੰਘ ਅਤੇ ਨੂੰਹ ਮਨਪ੍ਰੀਤ ਕੌਰ, ਜੋ ਸਾਡੇ ਕਹਿਣੇ ਤੋਂ ਬਾਹਰ ਹਨ, ਜਿਸ ਕਰਕੇ ਮੈਂ ਇਨ੍ਹਾਂ ਨੂੰ ਆਪਣੀ ਚੱਲ/ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਤੇ ਸੰਬੰਧ ਰੱਖਣ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਬਾਕੀ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਅਸੀਂ, ਸੁਦੇਸ਼ ਕੁਮਾਰ ਪੁੱਤਰ ਸ੍ਰੀ ਮਦਨ ਲਾਲ ਅਤੇ ਵਿਜੇ ਕੁਮਾਰੀ ਮਹਿਰਾ ਪਤਨੀ ਸੁਦੇਸ਼ ਕੁਮਾਰ ਵਾਸੀਆਨ, ਮਕਾਨ ਨੰਬਰ 665/10-4, ਗਲੀ ਗੁਸਾਈਆਂ ਵਾਲੀ, ਕਟੜਾ ਭਾਈ ਸੰਤ ਸਿੰਘ ਅੰਦਰੂਨ ਬੇਰੀ ਗੇਟ, ਅੰਮ੍ਰਿਤਸਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਸਚਿਨ ਕੁਮਾਰ ਅਤੇ ਉਸ ਦੀ ਪਤਨੀ ਕਾਜਲ ਮਹਿਰਾ ਅਤੇ ਇਨ੍ਹਾਂ ਦੇ ਬੱਚੇ ਸਵਿਯਮ ਮਹਿਰਾ ਅਤੇ ਭਾਵਿਕਾ ਮਹਿਰਾ ਸਾਡੇ ਕਹਿਣੇ ਤੋਂ ਬਾਹਰ ਹਨ। ਸਾਡੇ ਨਾਲ ਲੜਾਈ-ਝਗੜਾ ਕਰਦੇ ਹਨ। ਅਸੀਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਜਗਤਾਰ ਸਿੰਘ ਪੁੱਤਰ ਸ੍ਰੀ ਮੱਖਣ ਸਿੰਘ ਵਾਸੀ ਪਿੰਡ ਰੜਾ, ਤਹਿ. ਟਾਂਡਾ (ਹੁਸ਼ਿਆਰਪੁਰ) ਬਿਆਨ ਕਰਦਾ ਹਾਂ ਕਿ ਮੇਰੀ ਪਤਨੀ ਸੁਖਵਿੰਦਰ ਕੌਰ, ਮੇਰੇ ਪੁੱਤਰ ਮਨਜਿੰਦਰ ਸਿੰਘ, ਗੁਰਪ੍ਰਤਾਪ ਸਿੰਘ ਅਤੇ ਪੁੱਤਰੀ ਕਿਰਨਦੀਪ ਕੌਰ ਜੋ ਮੇਰੇ ਅਤੇ ਮੇਰੇ ਪਰਵਾਰ ਦੇ ਕਹਿਣੇਕਾਰ ਨਹੀਂ ਹਨ, ਜਿਸ ਕਰਕੇ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਅਤੇ ਜਾਤੀ ਜ਼ਿੰਦਗੀ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ, ਵਾਸਤਾ ਰੱਖਣ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਅਸੀਂ, [illegible] ਮੋਹਿੰਦਰ[illegible] ਛੰਨੀ [illegible] ਸਾਡੇ ਲ[illegible] ਮਮਤਾ [illegible] ਪਤਨੀ [illegible] ਇਹਨਾਂ [illegible] ਕਰਦੇ [illegible] ਖੁਦ ਜ਼ਿੰਮੇਵਾਰ ਹੋਵੇਗਾ।

## ਬੇਦਖਲੀ ਨੋਟਿਸ

ਮੈਂ ਚਰਨਜੀਤ ਕੌਰ ਪਤਨੀ ਦਲਜੀਤ ਸਿੰਘ ਵਾਸੀ ਪਿੰਡ ਫੇਰੂਮਾਨ ਜ਼ਿਲਾ ਅੰਮ੍ਰਿਤਸਰ ਇਹ ਬਿਆਨ ਕਰਦੀ ਹਾਂ ਕਿ ਮੇਰੀ ਲੜਕੀ ਜਸਕਿਰਨ ਕੌਰ ਜੋ ਕਿ ਮੇਰੇ ਕਹਿਣੇ ਤੋ ਬਾਹਰ ਹੈ । ਇਸ ਨੂੰ ਮੈ ਆਪਣੀ ਚੱਲ ਅਚੱਲ ਜਮੀਨ ਜਾਇਦਾਦ ਤੋ ਬੇਦਖਲ ਕਰਦੀ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ। ਇਸ ਨਾਲ ਮੇਰਾ ਅਤੇ ਮੇਰੇ ਪਰਿਵਾਰ ਦਾ ਕੋਈ ਤਲਕ ਵਾਸਤਾ ਨਹੀ ਹੋਵੇਗਾ।ਸੰਬੰਧਤ ਕਿਰਪਾ ਕਰਕੇ ਨੋਟ ਕਰਨ।

ਮੈਂ, ਬਲਜੀਤ ਸਿੰਘ ਪੁੱਤਰ ਬਲਵੀਰ ਸਿੰਘ, ਪਿੰਡ ਭਸੌੜ (ਸੰਗਰੂਰ) ਆਪਣੇ ਲੜਕੇ ਨਰਪਿੰਦਰਜੀਤ ਸਿੰਘ, ਨੂੰਹ ਰੁਪਿੰਦਰ ਕੌਰ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਨ੍ਹਾਂ ਨਾਲ ਲੈਣਦੇਣ ਕਰਨ ਅਤੇ ਸੰਬੰਧ ਰੱਖਣ ਵਾਲੇ ਖੁੱਦ ਜਿੰਮੇਵਾਰ ਹੋਣਗੇ।

ਮੈਂ ਨਿਸ਼ਾਨ ਮਸੀਹ ਪੁੱਤਰ ਸੰਤੋਖ ਮਸੀਹ ਵਾਸੀ ਸੰਧਵਾਂ ਜ਼ਿਲ੍ਹਾ ਗੁਰਦਾਸਪੁਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸਾਜਨ ਪੁੱਤਰ ਨਿਸ਼ਾਨ ਮਸੀਹ ਮੇਰੇ ਕਹਿਣੇ ਤੂੰ ਬਾਹਰ ਹੈ ਬੁਰੀ ਸੰਗਤ ਵਿੱਚ ਪੈ ਗਿਆ ਹੈ ਇਸ ਨੂੰ ਮੈਂ ਆਪਣੀ ਸਾਰੀ ਚੱਲ ਅਚਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ । ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ । ਮੈਂ ਤੇ ਮੇਰਾ ਪਰਿਵਾਰ ਇਸ ਦੇ ਚੰਗੇ ਮਾੜੇ ਕੰਮਾਂ ਦਾ ਕੋਈ ਜਿੰਮੇਵਾਰ ਨਹੀਂ ਹੋਏਗਾ ।

ਅਸੀਂ ਪ੍ਰੇਮ ਲਤਾ ਪਤਨੀ ਅਸ਼ੋਕ ਕੁਮਾਰ ਅਤੇ ਅਸ਼ੋਕ ਕੁਮਾਰ ਪੁੱਤਰ ਦਰਸ਼ਨ ਲਾਲ ਵਾਸੀਆਨ ਮਕਾਨ ਨੰਬਰ 543, ਗਲੀ ਨੰਬਰ 6, ਵਾਰਡ ਨੰਬਰ 4, ਮੁਹੱਲਾ ਨਰਾਇਣ ਨਗਰ ਬਹਾਦਰਪੁਰ, ਹੁਸ਼ਿਆਰਪੁਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ 'ਰਾਕੇਸ਼ ਕੁਮਾਰ' ਅਤੇ ਉਸਦੀ ਪਤਨੀ 'ਗੀਤੂ' ਉਰਫ ਮੁਸਕਾਨ ਜੋ ਸਾਡੇ ਕਹਿਣੇ ਤੋ ਬਾਹਰ ਹੋਣ ਕਰਕੇ ਅਸੀਂ ਇਨ੍ਹਾਂ ਨੂੰ ਆਪਣੀ ਸਾਰੀ ਚੱਲ-ਅਚੱਲ ਜਾਇਦਾਦ ਤੋ ਬੇਦਖਲ ਕਰਦੇ ਹਾਂ ।ਹੁਣ ਸਾਡਾ ਤੇ ਸਾਡੇ ਪਰਿਵਾਰ ਦਾ ਇਨ੍ਹਾਂ ਨਾਲ ਕੋਈ ਸੰਬੰਧ ਨਹੀਂ ਰਿਹਾ ਹੈ ।ਜੇਕਰ ਕੋਈ ਵਿਅਕਤੀ ਇਨ੍ਹਾਂ ਨਾਲ ਕਿਸੇ ਕਿਸਮ ਦਾ ਤਾਲੁਕ ਵਾਸਤਾ ਰੱਖਦਾ ਹੈ, ਜਾਂ ਇਨ੍ਹਾਂ ਦੇ ਨਾਲ ਲੈਣ-ਦੇਣ ਕਰੇਗਾ ਤਾਂ ਉਹ ਖੁਦ ਜਿੰਮੇਵਾਰ ਹੋਵੇਗਾ। ਸਾਰੇ ਸੰਬੰਧਤ ਨੋਟ ਕਰਨ ।

ਮੈਂ ਬਲਦੇਵ ਸਿੰਘ ਪੁੱਤਰ ਰਣਜੀਤ ਸਿੰਘ, ਵਾਸੀ ਸਠਿਆਲਾ, ਤਹਿਸੀਲ ਬਾਬਾ ਬਕਾਲਾ (ਅੰਮ੍ਰਿਤਸਰ) ਆਪਣੇ ਲੜਕੇ ਜਤਿੰਦਰ ਸਿੰਘ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ । ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ ।

ਮੈਂ ਬਲਜੀਤ ਕੌਰ ਪਤਨੀ ਲੇਟ ਮੇਵਾ ਸਿੰਘ ਪਿੰਡ ਗੜ੍ਹਾ ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ ਨੇ ਆਪਣੇ ਲੜਕੇ ਏਜੰਲਮੀਤ ਸਿੰਘ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ, ਕਿਉਂਕਿ ਇਹ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ ਰਮਾ ਸ਼ੀਤਲ ਪਤਨੀ ਲੇਟ ਜਗਦੀਸ਼ ਰਾਜ, ਵਾਸੀ ਮਕਾਨ ਨੰਬਰ 726, ਨਿਊ ਮਾਡਲ ਹਾਊਸ, ਜਲੰਧਰ ਇਹ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਦਿਵਾਂਸ਼ੂ ਮੇਰੇ ਕਹਿਣੇ ਤੋਂ ਬਾਹਰ ਹੈ।ਇਸ ਲਈ ਮੈਂ ਉਸ ਨੂੰ ਆਪਣੀ ਚਲ ਅਚਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ । ਸੰਬੰਧਿਤ ਨੋਟ ਕਰਨ।

ਮੈਂ ਪੂਜਾ ਤ੍ਰਿਖਾ ਪਤਨੀ ਲੇਟ ਬਿਮਲ ਕੁਮਾਰ ,ਵਾਸੀ ਮਕਾਨ ਨੰਬਰ EG 255, ਵਾਰਡ ਨੰਬਰ 29, ਮੁਹੱਲਾ ਬਸ਼ੀਰਪੁਰਾ, ਜਲੰਧਰ ਨੇ ਆਪਣੀ ਲੜਕੀ ਭਾਵਨਾ ਤ੍ਰਿਖਾ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ। ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਅਸੀਂ, ਮਨਜੀਤ ਕੌਰ ਪਤਨੀ ਸ੍ਰੀ ਵਿਜੇ ਕੁਮਾਰ ਅਤੇ ਵਿਜੇ ਕੁਮਾਰ ਪੁੱਤਰ ਲੇਟ ਸ੍ਰੀ ਬੂਟਾ ਰਾਮ ਵਾਸੀ ਪਿੰਡ ਤੇ ਡਾਕ: ਮਹਿਲਾਂਵਾਲੀ, ਤਹਿ. ਅਤੇ ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦੇ ਹਾਂ ਕਿ ਸਾਡੀ ਲੜਕੀ ਅਲਕਾ ਉਰਫ ਤਮੰਨਾ, ਜੋ ਕਿ ਸਾਡੇ ਕਹਿਣੇ ਤੋਂ ਬਾਹਰ ਹੈ। ਅਸੀਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਰਣਜੀਤ ਕੌਰ ਪਤਨੀ ਲੇਟ ਗੁਲਜਾਰ ਸਿੰਘ ਵਾਸੀ ਰਾਮ ਤੀਰਥ ਕਲੇਰ, ਥਾਣਾ ਲੋਪੋਕੇ, ਤਹਿਸੀਲ ਲੋਪੋਕੇ, ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਹਰਪ੍ਰੀਤ ਸਿੰਘ ਪੁੱਤਰ ਗੁਲਜਾਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਸਤਵਿੰਦਰ ਸਿੰਘ ਪੁੱਤਰ ਪ੍ਰੀਤਮ ਸਿੰਘ ਵਾਸੀ 2689/2, ਸਾਹਮਣੇ ਗੌਰਮਿੰਟ ਗਰਲਜ਼ ਸੈਕੰਡਰੀ ਸਕੂਲ ਮਾਹਨਾ ਸਿੰਘ ਗੇਟ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਅੰਤਰਪ੍ਰੀਤ ਸਿੰਘ ਅਤੇ ਉਸ ਦੀ ਪਤਨੀ ਲਵਲੀਨ ਕੌਰ, ਜੋ ਮੇਰੇ ਕਹਿਣੇ ਤੋਂ ਬਾਹਰ ਹਨ ਤੇ ਮੇਰੇ ਨਾਲ ਲੜਾਈ-ਝਗੜਾ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਗੁਰਮੀਤ ਕੌਰ ਢਿੱਲੋਂ ਪਤਨੀ ਰਘਬੀਰ ਸਿੰਘ ਢਿੱਲੋਂ ਵਾਸੀ ਗੰਡੀਵਿੰਡ, ਸਰਾਏ ਅਮਾਨਤ ਖਾਂ, ਜ਼ਿਲ੍ਹਾ ਤਰਨ ਤਾਰਨ, ਪੰਜਾਬ ਬਿਆਨ ਕਰਦੀ ਹਾਂ ਕਿ ਮੇਰੀ ਲੜਕੀ ਮਨਪ੍ਰੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹੈ, ਆਪਣੀ ਮਨਮਰਜ਼ੀ ਕਰਦੀ ਹੈ। ਮੈਂ ਇਸ ਨਾਲੋਂ ਸਾਰੇ ਸੰਬੰਧ ਤੋੜਦੀ ਹਾਂ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਅਮਰੀਕ ਕੌਰ ਪਤਨੀ ਸੁਖਵੰਤ ਸਿੰਘ ਵਾਸੀ ਖੁਰਮਣੀਆਂ ਖਾਸਾ, ਜ਼ਿਲ੍ਹਾ ਅੰਮ੍ਰਿਤਸਰ, ਪੰਜਾਬ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਰਣਜੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨਾਲੋਂ ਸਾਰੇ ਸੰਬੰਧ ਖਤਮ ਕਰਦੀ ਹਾਂ। ਇਸ ਲਈ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਮਨਜੀਤ ਸਿੰਘ ਪੁੱਤਰ ਅਮਰ ਸਿੰਘ ਵਾਸੀ ਮਕਾਨ ਨੰਬਰ 257, ਗਲੀ ਨੰਬਰ 02, ਬਾਜ਼ਾਰ ਨੰਬਰ 05 ਅੰਦਰੂਨ ਚਾਟੀਵਿੰਡ ਗੇਟ, ਸ਼ਹੀਦ ਉਧਮ ਸਿੰਘ ਨਗਰ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਜਗਨਦੀਪ ਸਿੰਘ ਅਤੇ ਉਸ ਦੀ ਪਤਨੀ ਸਿਮਰਨ ਕੌਰ, ਮੇਰੇ ਤੇ ਮੇਰੀ ਪਤਨੀ ਨਾਲ ਮਾੜਾ ਸਲੂਕ ਕਰਦੇ ਹਨ ਅਤੇ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਸਾਗਰ ਪੁੱਤਰ ਨਰਬੀਰ ਸਿੰਘ ਵਾਸੀ ਮਕਾਨ ਨੰਬਰ 207, ਵਾਰਡ ਨੰਬਰ 09, ਨਾਨਕ ਨਗਰੀ, ਮੋਗਾ, ਜ਼ਿਲ੍ਹਾ ਮੋਗਾ ਬਿਆਨ ਕਰਦਾ ਹਾਂ ਕਿ ਮੇਰਾ ਭਰਾ ਅਨੰਦ ਕੁਮਾਰ (30) ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਇਸ ਨਾਲ ਕੋਈ ਸੰਬੰਧ ਨਹੀਂ ਹੈ।

ਮੈਂ, ਸੱਜਣ ਸਿੰਘ ਪੁੱਤਰ ਸ੍ਰ ਕੁਲਵੰਤ ਸਿੰਘ ਵਾਸੀ ਪਿੰਡ ਭਾਗੋਵਾਲ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਮਨਪ੍ਰੀਤ ਸਿੰਘ ਅਤੇ ਨੂੰਹ ਸੁਖਦੀਪ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਵਾ ਮੇਰੇ ਪਰਿਵਾਰ ਦਾ ਇਨ੍ਹਾਂ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ। ਸੰਬੰਧਿਤ ਨੋਟ ਕਰਨ।

ਮੈਂ, ਬੂਟਾ ਰਾਮ ਪੁੱਤਰ ਚੇਨ ਰਾਮ ਵਾਸੀ ਪਿੰਡ ਘੁੜਕਾ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ ਸੂਚਿਤ ਕਰਦਾ ਹਾਂ ਕਿ ਮੇਰੀ ਲੜਕੀ ਜਸਪ੍ਰੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨ ਮਰਜੀ ਕਰਦੀ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਦੇ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਮਨਿੰਦਰਜੀਤ ਕੌਰ ਪਤਨੀ ਲੇਟ ਵੀਰਚਰਨ ਸਿੰਘ ਵਾਸੀ ਪਿੰਡ ਜੋਹਲ, ਡਾਕਖਾਨਾ ਬੋਲੀਨਾ ਦੋਆਬਾ, ਜ਼ਿਲ੍ਹਾ ਜਲੰਧਰ ਸੂਚਿਤ ਕਰਦੀ ਹਾਂ ਕਿ ਮੇਰੀ ਲੜਕੀ ਈਸ਼ਵਰਜੋਤ ਕੌਰ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨ ਮਰਜੀ ਕਰਦੀ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਦੇ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ, ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, [illegible] ਕੌਰ ਪਤਨੀ ਸਤਨਾਮ ਸਿੰਘ ਵਾਸੀ [illegible] ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ / ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਨ੍ਹਾਂ ਦੀ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## NOTICE TO APPEAR/ATTEND PROCEEDINGS OF DLM&SFC-LDH

Through this Publication this is for Constructive Notice for respondent **M/S INTERNATIONAL PACKTECH CORPORATION B-XXXII-E-6/1540, KAKOWAL ROAD, LUDHIANA, PUNJAB-141007 or INTERNATIONAL PACKTECH CORPORATION, 30/4 GURU GOBIND SINGH NAGAR, DABA ROAD, LUDHIANA-141007** to appear in person or through authorized representative before **The District Level Micro & Small facilitation Council Ludhiana, District Industries Centre, Ludhiana on Dated 21-08-2025** A regarding claim reference petition submitted by claimant **M/S Akshaya Resin and Chemicals U/s 18(1) of MSMED Act 2006 bearing reference: MSEFC/DIC/05/23/2643.** If respondent still fails or omits to appear as above then arbitration proceedings shall be conducted as per section 23 & 25 of Arbitration and Conciliation Act and award shall also be passed on the basis of evidence before it.

**Member Secretary cum General Manager, District Industries Centre, Industrial Estate, Ludhiana**
**Ph. No. 0161-2540695, E-mail:dicludhiana5@gmail.com, Ludhiana.msefc@gmail.com**

## ਕੋਰਟ ਨੋਟਿਸ, ਜ਼ਿਲ੍ਹਾ ਮੈਰਿਜ ਅਫ਼ਸਰ, ਜਲੰਧਰ V/S ਆਮ ਜਨਤਾ



**ਵਿਸ਼ਾ : ਵਿਆਹ ਯੋਗਤਾ ਸਰਟੀਫਿਕੇਟ ਜਾਰੀ ਕਰਨ ਬਾਰੇ।**

ਬਿਨੈਕਾਰ ਦਾ ਨਾਮ : **ਪ੍ਰੇਮ ਸਿੰਘ** ਪਿਤਾ/ਪਤੀ ਦਾ ਨਾਮ : **ਮਹਿੰਦਰ ਸਿੰਘ**
ਪਤਾ: Vill Boparai PO Goraya distt. Jalandhar/ Tehsil - Phillaur/ District - Jalandhar, Punjab
ਉਪਰੋਕਤ ਪ੍ਰਾਰਥੀ ਨੇ ਵਿਆਹ ਯੋਗਤਾ ਸਰਟੀਫਿਕੇਟ ਜਾਰੀ ਕਰਨ ਲਈ ਸੇਵਾ ਕੇਂਦਰ ਵਿੱਚ ਆਪਣੇ ਪੁੱਤਰ ਦੇ ਲਈ ਬਿਨੈ ਪੱਤਰ ਦਿੱਤਾ ਹੈ। ਜਿਸ ਦੇ ਵੇਰਵੇ ਹੇਠ ਲਿਖੇ ਦਿੱਤੇ ਗਏ ਹਨ।
ਨਾਮ : **ਬਲਜੀਤ ਸਿੰਘ** ਪੱਕਾ ਪਤਾ: Vill Boparai PO Goraya distt. Jalandhar, Phillaur, Jalandhar, Punjab ਵਿਦੇਸ਼ੀ ਪਤਾ : Rua Vale Do Carro De Cima Porta 42 2025-175 Vale Do Carro/ ਰੂਆ ਵਾਲੇ ਦੋ ਕਾਰੋ ਦੇ ਕੀਮਾ ਪੋਰਟਾ 42 (2025-175) ਵਾਲੇ ਦੋ ਕਾਰੋ
ਉਮਰ/ਜਨਮ ਮਿਤੀ : 27-(13/11/1997)
ਬਿਨੈਕਾਰ ਨੇ ਕਿਹਾ ਹੈ ਕਿ ਉਸਦਾ ਭਾਰਤ ਵਿੱਚ ਕੋਈ ਵਿਆਹੁਤਾ ਸੰਬੰਧ ਨਹੀਂ ਹੈ।
ਆਮ ਲੋਕਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਜੇ ਉਪਰੋਕਤ ਸਰਟੀਫਿਕੇਟ ਜਾਰੀ ਕਰਨ ਬਾਰੇ ਕਿਸੇ ਵੀ ਵਿਅਕਤੀ ਨੂੰ ਕੋਈ ਇਤਰਾਜ਼ ਹੈ ਤਾਂ ਉਹ ਵਿਅਕਤੀ ਜਾਂ ਉਸਦੇ ਨੁਮਾਇੰਦੇ ਇਸ ਨੋਟਿਸ ਦੇ ਜਾਰੀ ਹੋਣ ਤੋਂ 30 ਦਿਨਾਂ ਦੇ ਅੰਦਰ-ਅੰਦਰ ਆਪਣੀ ਇਤਰਾਜ਼ (ਸ਼ਿਕਾਇਤ)ਪੇਸ਼ ਕਰ ਸਕਦੇ ਹਨ। ਉਸ ਤੋਂ ਬਾਅਦ ਕੋਈ ਇਤਰਾਜ਼ ਨਹੀਂ ਮੰਨਿਆ ਜਾਵੇਗਾ।
ਇਹ ਇਸ਼ਤਿਹਾਰ ਮੇਰੇ ਦਸਤਖ਼ਤਾਂ ਹੇਠ ਅਦਾਲਤੀ ਮੋਹਰ ਨਾਲ ਮਿਤੀ 26.06.2025 ਨੂੰ ਜਾਰੀ ਹੋਇਆ।
ਨੰਬਰ 55/ਨੰਬਰ/ਰੀਡਰ ਮਿਤੀ 26.06.2025 ਜ਼ਿਲ੍ਹਾ ਮੈਰਿਜ ਅਫ਼ਸਰ,ਜਲੰਧਰ,ਪੰਜਾਬ,ਭਾਰਤ

## ਬਜਾਜ ਫਿਨਸਰਵ ਏ ਐੱਮ ਸੀ ਵੱਲੋਂ ਸਮਾਲ ਕੈਪ ਫੰਡ ਲਾਂਚ

ਚੰਡੀਗੜ੍ਹ: ਬਜਾਜ ਫਿਨਸਰਵ ਏਐੱਮਸੀ ਨੇ ਬਜਾਜ ਫਿਨਸਰਵ ਸਮਾਲ ਕੈਪ ਫੰਡ ਦੀ ਸ਼ੁਰੂਆਤ ਦਾ ਐਲਾਨ ਕੀਤਾ ਹੈ, ਇੱਕ ਓਪਨ-ਐਂਡ ਇਕੁਇਟੀ ਸਕੀਮ ਜੋ ਮੁੱਖ ਤੌਰ ਤੇ ਸਮਾਲ ਕੈਪ ਸਟਾਕਾਂ ਵਿੱਚ ਨਿਵੇਸ਼ ਕਰਦੀ ਹੈ, ਜੋ ਗੁਣਵੱਤਾ, ਵਿਕਾਸ ਅਤੇ ਮੁੱਲ ਦੀ ਪੇਸ਼ਕਸ਼ ਕਰਦੀ ਹੈ।ਇਹ ਫੰਡ 27 ਜੂਨ ਤੋਂ ਸਬਸਕ੍ਰਿਪਸ਼ਨ ਲਈ ਖੁੱਲ੍ਹੇਗਾ ਅਤੇ 11 ਜੁਲਾਈ ਨੂੰ ਬੰਦ ਹੋਵੇਗਾ।ਲਾਂਚ 'ਤੇ ਟਿੱਪਣੀ ਕਰਦੇ ਹੋਏ ਬਜਾਜ ਫਿਨਸਰਵ ਏਐੱਮਸੀ ਦੇ ਮੈਨੇਜਿੰਗ ਡਾਇਰੈਕਟਰ ਗਣੇਸ਼ ਮੋਹਨ ਨੇ ਕਿਹਾ ਕਿ ਸਮਾਲ ਕੈਪ ਫੰਡ ਦੀ ਸ਼ੁਰੂਆਤ ਭਾਰਤ ਦੇ ਗਤੀਸ਼ੀਲ ਸਮਾਲ ਕੈਪ ਸਪੇਸ ਦੀ ਲੰਬੇ ਸਮੇਂ ਦੀ ਸੰਭਾਵਨਾ ਵਿੱਚ ਸਾਡੇ ਅਟੁੱਟ ਵਿਸ਼ਵਾਸ ਨੂੰ ਦਰਸਾਉਂਦੀ ਹੈ।ਰਵਾਇਤੀ ਤੌਰ 'ਤੇ ਛੋਟੇ ਕੈਪਸ ਹੋਰ ਵਿਆਪਕ ਸੂਚਕ ਅੰਕ ਨਾਲੋਂ ਉੱਚ ਉਤਰਾਅ-ਚੜ੍ਹਾਅ ਪ੍ਰਦਰਸ਼ਿਤ ਕਰਦੇ ਹਨ, ਜੋ ਕਿ ਬਾਜ਼ਾਰ ਦੇ ਉਤਰਾਅ-ਚੜ੍ਹਾਅ ਨੂੰ ਰੋਕਣ ਅਤੇ ਗੁਣਵੱਤਾ ਦੇ ਮੌਕਿਆਂ ਦੀ ਪਛਾਣ ਕਰਨ ਵਿੱਚ ਸਰਗਰਮ ਪ੍ਰਬੰਧਨ ਦੀ ਮਹੱਤਤਾ ਨੂੰ ਦਰਸਾਉਂਦੇ ਹਨ।

## ਜਨਤਕ ਸੂਚਨਾ

ਮੈਂ, ਸਚਿਨ ਅਰੋੜਾ ਪੁੱਤਰ ਕ੍ਰਿਸ਼ਨ ਲਾਲ ਅਰੋੜਾ ਵਾਸੀ ਸਟਰੀਟ ਨੰਬਰ 5, ਫਰੈਂਡਜ਼ ਕਲੋਨੀ ਫਗਵਾੜਾ, ਜ਼ਿਲ੍ਹਾ ਕਪੂਰਥਲਾ, ਇਹ ਕਹਿੰਦਾ ਹਾਂ ਕਿ ਮੇਰੀ ਮੂਲ ਪਿਛਲੀ ਵਿਕਰੀ ਨਾਮਾ ਦਸਤਾਵੇਜ਼ ਨੰਬਰ 726 ਮਿਤੀ 02-06-1998, ਐਸ.ਆਰ. ਫਗਵਾੜਾ ਵਿਖੇ ਰਜਿਸਟਰਡ ਸੀ ਜੋ ਸ਼ਸ਼ੀ ਸ਼ਰਮਾ ਪਤਨੀ ਸਤੀਸ਼ ਸ਼ਰਮਾ ਨੇੜੇ ਕੋਰਟ ਕੰਪਲੈਕਸ ਫਗਵਾੜਾ ਦੇ ਹੱਕ ਵਿੱਚ ਸੀ, ਜੋ ਕਿ ਨੇੜੇ ਕੋਰਟ ਕੰਪਲੈਕਸ ਫਗਵਾੜਾ ਗੁੰਮ ਹੋ ਗਈ ਹੈ।
ਇਸ ਗੁੰਮਸ਼ੁਦਗੀ ਦੀ ਸ਼ਿਕਾਇਤ ਵੀ ਐਲ.ਆਰ. ਨੰਬਰ 605622/2025 ਮਿਤੀ 30-06-2025 ਤਹਿਤ ਦਰਜ ਕਰਵਾਈ ਗਈ ਹੈ।
ਜੇਕਰ ਕਿਸੇ ਨੂੰ ਇਸ ਸੰਪਤੀ ਬਾਰੇ ਕੋਈ ਇਤਰਾਜ਼ ਹੈ, ਤਾਂ ਉਹ ਕਿਰਪਾ ਕਰਕੇ ਇੰਡੀਅਨ ਬੈਂਕ ਫਗਵਾੜਾ ਬ੍ਰਾਂਚ ਫੋਨ 9056744931 ਤੇ ਪ੍ਰਕਾਸ਼ਨ ਦੇ 7 ਦਿਨਾਂ ਦੇ ਅੰਦਰ ਸੰਪਰਕ ਕਰੋ।

## ਜਨਤਕ ਨੋਟਿਸ

ਮੈਂ, ਕੁਲਵਿੰਦਰ ਕੌਰ ਪਤਨੀ ਸ਼ਾਮ ਸਿੰਘ ਪਲਾਟ ਨੰ. 21, ਰਕਬਾ 6 ਮਰਲੇ 168 ਵਰਗ ਫੁੱਟ, ਸੋਫੀ ਪਿੰਡ, ਜਲੰਧਰ ਦੀ ਮਾਲਕ ਹਾਂ। ਉਕਤ ਜਾਇਦਾਦ ਦੇ ਸੰਬੰਧ ਵਿੱਚ ਅਸਲ ਬੈਨਾਮਾ ਨੰ. 1228 ਮਿਤੀ 02.05.2008 ਸਬ-ਰਜਿਸਟਰਾਰ ਜਲੰਧਰ ਅਤੇ ਅਸਲ ਤਬਾਦਲਾ ਬੈਨਾਮਾ ਨੰ. 9748 ਮਿਤੀ 30.12.2015 ਮੇਰੇ ਕੋਲੋਂ ਗੁਆਚ ਗਏ ਹਨ। ਹੁਣ ਮੈਂ ਇਹ ਜਾਇਦਾਦ ਸ਼ਸ਼ੀ ਪ੍ਰੀਆ ਪਤਨੀ ਸੌਰਭ ਕੁਮਾਰ ਅਭਿਸ਼ੇਕ, ਜੋ ਕਿ ਉਕਤ ਜਾਇਦਾਦ ਨੂੰ ਐੱਲ ਆਈ ਸੀ ਹਾਊਸਿੰਗ ਫਾਇਨਾਂਸ ਲਿਮਿਟਿਡ ਜਲੰਧਰ ਕੋਲ ਰਹਿਣ ਕਰਨ ਜਾ ਰਿਹਾ ਹੈ, ਨੂੰ ਵੇਚ ਰਹੀ ਹਾਂ। ਜੇਕਰ ਕਿਸੇ ਵਿਅਕਤੀ ਨੂੰ ਉਕਤ ਬੈਨਾਮਾ ਜਾਂ ਤਬਾਦਲਾ ਬੈਨਾਮਾ ਲੱਭਿਆ ਹੈ ਜਾਂ ਇਸ ਸੰਬੰਧੀ ਕੋਈ ਇਤਰਾਜ਼ ਹੈ ਤਾਂ ਕਿਰਪਾ ਕਰਕੇ ਐੱਲ ਆਈ ਸੀ ਹਾਊਸਿੰਗ ਫਾਇਨਾਂਸ ਲਿਮਿਟਿਡ ਜਲੰਧਰ, ਫੋਨ ਨੰ. 0181-5002940-47 ਜਾਂ ਐਡਵੋਕੇਟ ਸ੍ਰੀ ਹਰਜੋਤ ਸਿੰਘ ਕੋਹਲੀ, ਮੋ. ਨੰ. 98882-75744 ਨਾਲ ਇਸ ਪ੍ਰਕਾਸ਼ਨਾ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ ਸੰਪਰਕ ਕਰ ਸਕਦਾ ਹੈ।

## COURT NOTICE

(U/o 5 Rule 20 CPC)
In The Court of
**Ms. Pavleen Singh**
Additional Civil Judge (Senior Division), Ludhiana
CNR No. PBLD02-006736-2024
Next Date: 18-08-2025
Punjab State Power Corporation Ltd
Vs.
Kamaljit Singh
Suit For Recovery Of Rs 34,649/-
Publication Issued To:
Kamaljit Singh
R/o Punjabi Bagh, Tibba Road, Ludhiana.

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 18-08-2025 at 10:00 a.m.

For details logon to https://highcourtchd.gov.in/?mod=district_notice&district=mogacourt

Additional Civil Judge (Senior Division) Ludhiana
Dated, this day of 25-06-2025

## COURT NOTICE

(U/o 5 Rule 20 CPC)
In The Court Of Chahat
Civil Judge (Junior Division), Amritsar
CNR No. PBAS02-004387-2023
Next Date:- 12-08-2025
Parminder Kaur
Vs.
Sukhdev Singh
Publication Issued To:
1. Sukhdev Singh S/o :- Charan Singh
2. Jagir Kaur W/O Jaswinder Singh, All C/O Gali Baba Tara Singh Wali Katra Safed Asr.
3. Sarabjit Kaur W/O Jaswinder Singh R/O 705/2 Chawni, Mohalla, Ludhiana.

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 12-08-2025 at 10:00 a.m.

For details logon to https://highcourtchd.gov.in/?trs=district_notice&district=Amritsar

Civil Judge (Junior Division), Amritsar
Dated, this day of 02-07-2025

## COURT NOTICE

(U/o 5 Rule 20 CPC)
In The Court of
Ms. Saru Mehta Kaushik
Additional District and Sessions Judge, Ludhiana
CNR No. PBLD01-002626-2024
Next Date:- 25-07-2025
Gauri
Vs
Surinder Pal
Publication Issued To:
Surinder Pal
Father: Jeet Singh
H.No. 6571 St . No. 4, Chandigarh Road, Nr. Samrala Chowk, W. No. 9, Adarsh Nagar, Ludhiana, Punjab 141008. (Owner Of Offending Vehicle Bearing No. PB10-HN-5104)

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 25-07-2025 at 10:00 a.m.

For details logon to https://highcourtchd.gov.in/?mod=district_notice&district=mogacourt

Additional District and Sessions Judge, Ludhiana
Dated, this day of 05-06-2025

## ਕੋਰਟ ਨੋਟਿਸ



ਜ਼ਿਲ੍ਹਾ ਮੈਰਿਜ ਅਫਸਰ V/S ਆਮ ਜਨਤਾ
ਵਿਸ਼ਾ: ਵਿਆਹ ਯੋਗਤਾ ਸਰਟੀਫਿਕੇਟ ਜਾਰੀ ਕਰਨ ਬਾਰੇ।
ਬਿਨੈਕਾਰ ਦਾ ਨਾਮ: ਉਂਕਾਰ ਸਿੰਘ, ਪਿਤਾ/ਪਤੀ ਦਾ ਨਾਮ: ਪਾਲ ਸਿੰਘ
ਪਤਾ: Vill. Daulatpur, PO. Alawalpur Jalandhar, Tehsil Adampur/District Jalandhar, Punjab
ਉਪਰੋਕਤ ਪ੍ਰਾਰਥੀ ਨੇ ਵਿਆਹ ਯੋਗਤਾ ਸਰਟੀਫਿਕੇਟ ਜਾਰੀ ਕਰਨ ਲਈ ਸੇਵਾ ਕੇਂਦਰ ਵਿੱਚ ਆਪਣੇ ਪੁੱਤਰ ਦੇ ਲਈ ਬਿਨੈ ਪੱਤਰ ਦਿੱਤਾ ਹੈ। ਜਿਸ ਦੇ ਵੇਰਵੇ ਹੇਠ ਲਿਖੇ ਦਿੱਤੇ ਗਏ ਹਨ:-
ਨਾਮ: ਦਮਰੀਕ ਸਿੰਘ, ਪੱਕਾ ਪਤਾ: Vill. Daulatpur, PO. Alawalpur Jalandhar, Adampur, Jalandhar, Punjab
ਵਿਦੇਸ਼ੀ ਪਤਾ : AVINGUDA-DE CAT ALUNYA-14 3 2 ZIPCODE 17310 LLORT-DE-MAR GIRONA SPAIN/ ਅਵਿੰਗੁਡਾ ਡੀ ਕੈਟ ਅਲੁਨਿਆ 14 3 2 ਜ਼ਿਪਕੋਡ 17310 ਲੋਰਟ ਡੀ ਮਾਰ ਗਿਰੋਨਾ ਸਪੇਨ
ਉਮਰ, ਜਨਮ ਮਿਤੀ : 29-(04/09/1995)
ਬਿਨੈਕਾਰ ਨੇ ਕਿਹਾ ਹੈ ਕਿ ਉਸ ਦਾ ਭਾਰਤ ਵਿਚ ਕੋਈ ਵਿਆਹੁਤਾ ਸੰਬੰਧ ਨਹੀਂ ਹੈ।
ਆਮ ਲੋਕਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਜੇ ਉਪਰੋਕਤ ਸਰਟੀਫਿਕੇਟ ਜਾਰੀ ਕਰਨ ਬਾਰੇ ਕਿਸੇ ਵੀ ਵਿਅਕਤੀ ਨੂੰ ਕੋਈ ਇਤਰਾਜ਼ ਹੈ ਤਾਂ ਉਹ ਵਿਅਕਤੀ ਜਾਂ ਉਸਦੇ ਨੁਮਾਇੰਦੇ ਇਸ ਨੋਟਿਸ ਦੇ ਜਾਰੀ ਹੋਣ ਤੋਂ 30 ਦਿਨਾਂ ਦੇ ਅੰਦਰ-ਅੰਦਰ ਆਪਣਾ ਇਤਰਾਜ਼ (ਸ਼ਿਕਾਇਤ) ਪੇਸ਼ ਕਰ ਸਕਦੇ ਹਨ। ਉਸ ਤੋਂ ਬਾਅਦ ਕੋਈ ਇਤਰਾਜ਼ ਨਹੀਂ ਮੰਨਿਆ ਜਾਵੇਗਾ।
ਇਹ ਇਸ਼ਤਿਹਾਰ ਮੇਰੇ ਦਸਤਖ਼ਤਾਂ ਹੇਠ ਅਦਾਲਤੀ ਮੋਹਰ ਨਾਲ ਮਿਤੀ 30.06.2025 ਨੂੰ ਜਾਰੀ ਹੋਇਆ।
57/ਨੰਬਰ / ਰੀਡਰ ਮਿਤੀ: 30/06/25 ਜ਼ਿਲ੍ਹਾ ਮੈਰਿਜ ਅਫਸਰ, ਜਲੰਧਰ, ਪੰਜਾਬ, ਭਾਰਤ

## Office of Competent Authority

**(Jalandhar Goindwal Sahib LPG Pipeline Project, Jalandhar)**
**706-A, Surya Enclave, G.T Road, Jalandhar (Punjab) - 144009**

### Public Notice and Details of Gazette Notification Reference: Ministry of Petroleum and Natural Gas Notification dated 10th June, 2025

S.O. 2561(E)— Whereas, by the notification of the Government of India in the Ministry of Petroleum and Natural Gas, published in the Extraordinary Gazette of India No. 3495, Part-II, section-3, sub-section (ii) dated 06th September, 2024 vide S.O. No. 3825(E) dated 06th September, 2024 issued under sub-section (1) of section 3 of the Petroleum and Minerals Pipelines (Acquisition of Right of User in Land) Act, 1962 (50 of 1962), (hereinafter referred to as the said Act), the Central Government declared its intention to acquire the right of user in the land specified in the Schedule appended to that notification for the Purpose of laying of Pipeline from Suchi Pind (Jalandhar) to Chander Mahapurakh (Goindwal Sahib) under Jalandhar – Goindwal Sahib LPG Pipeline Project by Indian Oil Corporation Limited in Tehsil: Sultanpur Lodhi (Talwandi Chaudhrian) of Kapurthala District in State of Punjab for transportation of LPG.

And whereas copies of the said Gazette notification were made available to the public by 14.02.2025. And whereas, under sub-section (1) of section 6 of the said Act the Competent Authority has submitted report to the Central Government.

And whereas, the Central Government, after considering the said report and on being satisfied that the said land is required for laying the pipeline, has decided to acquire right of user therein.

Now, therefore, in exercise of the powers conferred by sub-section (1) of section 6 of the said Act, the Central Government hereby declares that the right of user in the land specified in the Schedule appended to this notification is hereby acquired for laying the pipeline.

And further, in exercise of the powers conferred by sub-section (4) of section 6 of the said Act, the Central Government hereby directs that the right of user in the said land for laying the pipeline shall, instead of vesting in the Central Government, vest on the date of publication of the declaration, in Indian Oil Corporation Limited, free from all encumbrances.

Indian Oil Corporation Limited shall be exclusively liable for any compensation in terms of Section 10 of the P&MP Act, 1962 and no suit, claim or legal proceeding would lie against the Central Government on any matter relating to the pipeline.

**Scan QR code for Published Gazette**

District: Kapurthala
https://egazette.gov.in
Publication Date: 12th June, 2025

Competent Authority
Jalandhar Goindwal Sahib LPG Pipeline Project
Jalandhar

## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸ੍ਰੀ ਮਨਜੀਤ ਸਿੰਘ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ-1 ਜਲਾਲਾਬਾਦ, ਜ਼ਿਲ੍ਹਾ ਫਾਜ਼ਿਲਕਾ

ਪਰਮਿੰਦਰਜੀਤ ਸਿੰਘ ਪੁੱਤਰ ਜੰਬਰ ਸਿੰਘ ਪੁੱਤਰ ਗੱਜਨ ਸਿੰਘ ਵਾਸੀ ਪਿੰਡ ਮੋਹਕਮ ਅਰਾਈਂ ਤਹਿਸੀਲ ਜਲਾਲਾਬਾਦ, ਜ਼ਿਲ੍ਹਾ ਫਾਜ਼ਿਲਕਾ। ਫਰੀਕ ਅੱਵਲ

ਬਨਾਮ

1. ਸੁਖਵੰਤ ਸਿੰਘ ਪੁੱਤਰ ਲਖਮੀਰ ਸਿੰਘ ਪੁੱਤਰ ਉਜਾਗਰ ਸਿੰਘ, 2.ਪ੍ਰਕਾਸ਼ ਕੌਰ ਵਿਧਵਾ ਪਿੱਪਲ ਸਿੰਘ ਪੁੱਤਰ ਲਖਮੀਰ ਸਿੰਘ, 3. ਬਲਵਿੰਦਰ ਸਿੰਘ ਪੁੱਤਰ ਪਿੱਪਲ ਸਿੰਘ ਪੁੱਤਰ ਲਖਮੀਰ ਸਿੰਘ, 4. ਤਿਲਕ ਰਾਜ ਪੁੱਤਰ ਕੋਟੂ ਰਾਮ ਪੁੱਤਰ ਨਰੈਣ ਰਾਮ, 5. ਵਿਵੇਕ ਕੁਮਾਰ ਪੁੱਤਰ ਰਾਜ ਕੁਮਾਰ ਪੁੱਤਰ ਸੋਹਨ ਲਾਲ, 6. ਸੁਸ਼ੀਲਾ ਦੇਵੀ ਪਤਨੀ ਤਿਲਕ ਰਾਜ ਪੁੱਤਰ ਕੋਟੂ ਰਾਮ, 7. ਹਰੀਸ਼ ਚੰਦਰ ਪੁੱਤਰ ਚਿਮਨ ਲਾਲ ਪੁੱਤਰ ਰਾਮ ਕਰਿਸ਼ਨ, 8. ਲਲਿਤ ਪ੍ਰਸ਼ਾਦ ਪੁੱਤਰ ਰਾਮ ਦੇਵ ਪੁੱਤਰ ਠਗਈ, 9. ਸੀਤਾ ਰਾਮ ਪੁੱਤਰ ਰਾਮ ਦੇਵ ਪੁੱਤਰ ਠਗਈ, 10. ਰਾਮ ਸਰਨ ਪੁੱਤਰ ਰਾਮ ਦੇਵ ਪੁੱਤਰ ਠਗਈ, 11. ਛੋਟੇ ਲਾਲ ਪੁੱਤਰ ਰਾਮ ਦੇਵ ਪੁੱਤਰ ਠਗਈ, 12. ਗੀਤਾ ਰਾਣੀ ਪਤਨੀ ਸੰਜੀਵ ਕੁਮਾਰ ਪੁੱਤਰ ਛੇਦੀ ਲਾਲ, 13. ਰਾਜਾ ਨੰਦਰ ਪੁੱਤਰ ਰਾਮ ਦੇਵ ਪੁੱਤਰ ਠਗਈ, 14. ਰਮੇਸ਼ ਕੁਮਾਰ ਪੁੱਤਰ ਕਾਲੂ ਰਾਮ ਪੁੱਤਰ ਨਰੈਣ ਦਾਸ, 15 ਮਨਜੀਤ ਕੌਰ ਪਤਨੀ ਸੁਰਜੀਤ ਸਿੰਘ ਪੁੱਤਰ ਤੀਰਥ ਰਾਮ, 16. ਓਮ ਪ੍ਰਕਾਸ਼ ਪੁੱਤਰ ਸੋਨਾ ਰਾਮ ਪੁੱਤਰ ਊਧਮੀ ਰਾਮ, 17. ਮਹਿੰਗਾ ਰਾਮ ਪੁੱਤਰ ਮਾਛੀ ਰਾਮ ਪੁੱਤਰ ਬਹਾਦਰ ਚੰਦ, 18. ਰਾਜੇਸ਼ ਕੁਮਾਰ ਪੁੱਤਰ ਜਗਦੀਸ਼ ਚੰਦਰ ਪੁੱਤਰ ਸ਼ੰਕਰ ਦਾਸ, 19. ਜੋਗਿੰਦਰ ਪਾਲ ਪੁੱਤਰ ਕਰਤਾਰ ਚੰਦ ਪੁੱਤਰ ਹਾਕਮ ਚੰਦ, 20 ਛਿੰਦਰ ਪਾਲ ਪੁੱਤਰ ਕਰਤਾਰ ਚੰਦ ਪੁੱਤਰ ਹਾਕਮ ਚੰਦ, 21. ਗੁਰਮੇਜ ਚੰਦ ਪੁੱਤਰ ਮਹਿਲਾ ਰਾਮ ਪੁੱਤਰ ਜੈਮਲ ਰਾਮ, 22. ਮਹੇਸ਼ ਕੁਮਾਰ ਪੁੱਤਰ ਮਾਤਾ ਰਾਮ ਪੁੱਤਰ ਘੀਸਾ ਰਾਮ, 23. ਵਿਕਾਸ ਪੁੱਤਰ ਜੈ ਚੰਦ ਪੁੱਤਰ ਮਾਛੀ ਰਾਮ, 24. ਛਿੰਦਰਪਾਲ ਪੁੱਤਰ ਕਰਤਾਰ ਚੰਦ ਪੁੱਤਰ ਹਾਕਮ ਚੰਦ, 25. ਰਮਨ ਕਾਂਤ ਪੁੱਤਰ ਜਗਦੀਸ਼ ਰਾਏ ਪੁੱਤਰ ਜੈ ਚੰਦ, 26. ਭਗਵਾਨ ਦਾਸ ਪੁੱਤਰ ਵਸਾਵਾ ਰਾਮ ਪੁੱਤਰ ਦੀਵਾਨ ਚੰਦ, 27. ਓਮ ਪ੍ਰਕਾਸ਼ ਪੁੱਤਰ ਸੋਨਾ ਰਾਮ ਪੁੱਤਰ ਉਸਾਰੀ ਰਾਮ, 28. ਰੋਹਿਤ ਕੁਮਾਰ ਪੁੱਤਰ ਰਾਜ ਕੁਮਾਰ ਪੁੱਤਰ ਕਰਤਾਰ ਸਿੰਘ, 29. ਜੋਗਿੰਦਰ ਪਾਲ ਪੁੱਤਰ ਕਰਤਾਰ ਚੰਦ ਪੁੱਤਰ ਹਾਕਮ ਸਿੰਘ, 30. ਨੀਤੂ ਰਾਣੀ ਪਤਨੀ ਰਾਜ ਕੁਮਾਰ ਪੁੱਤਰ ਕਰਤਾਰ ਸਿੰਘ, 31. ਸੋਨੂੰ ਕੁਮਾਰੀ ਪਤਨੀ ਗਿਆਨ ਚੰਦ ਪੁੱਤਰ ਦੁਲਾਰਾ ਰਾਮ 32. ਰਾਜ ਕੁਮਾਰ ਪੁੱਤਰ ਸਤਨਾਮ ਦਾਸ ਪੁੱਤਰ ਜੇਠਾ ਰਾਮ, 33. ਵੇਦ ਪ੍ਰਕਾਸ਼ ਪੁੱਤਰ ਰਾਮ ਚੰਦ ਪੁੱਤਰ ਨਾਨਕਾ ਰਾਮ, 34. ਛਿੰਦਰ ਕੌਰ ਪਤਨੀ ਮਹੇਸ਼ ਕੁਮਾਰ ਪੁੱਤਰ ਮਾਤਾ ਰਾਮ, 35. ਓਮ ਪ੍ਰਕਾਸ਼ ਪੁੱਤਰ ਸੋਨਾ ਰਾਮ ਪੁੱਤਰ ਊਧਮੀ ਰਾਮ, 36. ਪਰਮਜੀਤ ਸਿੰਘ ਪੁੱਤਰ ਅਮਰਜੀਤ ਕੌਰ ਉਰਫ ਪਿਆਰੋ ਬਾਈ ਪਤਨੀ ਲਖਮੀਰ ਸਿੰਘ, 37. ਮਨਜੀਤ ਸਿੰਘ ਪੁੱਤਰ ਅਮਰਜੀਤ ਕੌਰ ਉਰਫ ਪਿਆਰੋ ਬਾਈ ਪਤਨੀ ਲਖਮੀਰ ਸਿੰਘ, 38. ਤਰਲੋਕ ਸਿੰਘ ਪੁੱਤਰ ਅਮਰਜੀਤ ਕੌਰ ਉਰਫ ਪਿਆਰੀ ਬਾਈ ਪਤਨੀ ਲਖਮੀਰ ਸਿੰਘ, 39. ਰਤਨ ਲਾਲ ਪੁੱਤਰ ਸ੍ਰੀ ਰਾਮ ਪੁੱਤਰ ਊਧਮੀ ਰਾਮ, 40. ਵਿਜੈ ਕੁਮਾਰ ਪੁੱਤਰ ਓਮ ਪ੍ਰਕਾਸ਼ ਪੁੱਤਰ ਸੋਨਾ ਰਾਮ, 41. ਸਤਵੀਰ ਸਿੰਘ ਪੁੱਤਰ ਸ੍ਰੀ ਰਾਮ ਪੁੱਤਰ ਊਧਮੀ ਰਾਮ, 42. ਕਰਿਸ਼ਨ ਕੁਮਾਰ ਪੁੱਤਰ ਓਮ ਪ੍ਰਕਾਸ਼ ਪੁੱਤਰ ਸੋਨਾ ਰਾਮ, 43. ਨਿਰਮਲਾ ਰਾਣੀ ਪਤਨੀ ਰਾਮ ਦਰਸ਼ਨ ਪੁੱਤਰ ਰਾਣਾ ਰਾਮ, 44. ਲਾਲ ਸਿੰਘ ਪੁੱਤਰ ਵਲੂ ਸਿੰਘ ਪੁੱਤਰ ਨਰੈਣ ਸਿੰਘ, 45. ਰਾਮ ਦਰਸ਼ਨ ਪੁੱਤਰ ਰਾਣਾ ਰਾਮ ਪੁੱਤਰ ਗੁਰਦਿਤਾ, 46 ਜਿੰਦਾ ਬਾਈ ਪਤਨੀ ਮੋਹਰੀ ਲਾਲ ਪੁੱਤਰ ਰਾਣਾ ਰਾਮ, 47. ਚਿਮਨ ਸਿੰਘ ਪੁੱਤਰ ਵਲੂ ਸਿੰਘ ਪੁੱਤਰ ਨਰੈਣ ਸਿੰਘ, 48. ਜੱਜ ਸਿੰਘ ਪੁੱਤਰ ਮੱਖਨ ਸਿੰਘ ਪੁੱਤਰ ਵਲੂ ਸਿੰਘ, 49. ਵਿਜੈ ਕੁਮਾਰ ਪੁੱਤਰ ਮੋਹਰੀ ਰਾਮ ਪੁੱਤਰ ਰਾਜਾ ਰਾਮ, 50. ਮਾਇਆ ਦੇਵੀ ਪਤਨੀ ਬਿੱਲੂ ਰਾਮ ਪੁੱਤਰ ਭਗਵਾਨ ਦਾਸ 51. ਬਿੱਲੂ ਰਾਮ ਪੁੱਤਰ ਭਗਵਾਨ ਰਾਮ ਪੁੱਤਰ ਟੇਕਾ ਰਾਮ, 52. ਗੁਰਮੁਖ ਸਿੰਘ ਪੁੱਤਰ ਬਲਾਕਾ ਸਿੰਘ ਪੁੱਤਰ ਕਪੂਰ ਸਿੰਘ, 53. ਸੁਰਜੀਤ ਸਿੰਘ ਪੁੱਤਰ ਸ਼ੇਰ ਸਿੰਘ ਪੁੱਤਰ ਸਰਦਾਰਾ ਸਿੰਘ, 54. ਬਲਵੀਰ ਸਿੰਘ ਪੁੱਤਰ ਜੀਤ ਸਿੰਘ ਪੁੱਤਰ ਸ਼ੰਕਰ ਸਿੰਘ, 55 ਸ਼ਿੰਗਾਰਾ ਸਿੰਘ ਪੁੱਤਰ ਕਪੂਰ ਸਿੰਘ ਪੁੱਤਰ ਫੂਲਾ ਸਿੰਘ, 56. ਚੰਦਰ ਭਾਨ ਪੁੱਤਰ ਗੁਰਾਦਿਤਾ ਮੱਲ ਪੁੱਤਰ ਗੰਡਾ ਰਾਮ, 57. ਪ੍ਰੇਮ ਕੁਮਾਰ ਪੁੱਤਰ ਖੁਸ਼ਹਾਲ ਚੰਦ ਪੁੱਤਰ ਈਸ਼ਰ ਦਾਸ, 58. ਚੰਦਰ ਪ੍ਰਕਾਸ਼ ਪੁੱਤਰ ਕਰਤਾਰ ਚੰਦ ਪੁੱਤਰ ਚੰਬਾ ਰਾਮ, 59. ਸੁਰਿੰਦਰ ਕੁਮਾਰ ਪੁੱਤਰ ਜੰਗੀਰ ਸਿੰਘ ਪੁੱਤਰ ਈਸ਼ਰ ਦਾਸ, 60. ਤਲਵਿੰਦਰ ਸਿੰਘ ਪੁੱਤਰ ਕੁਲਵੰਤ ਸਿੰਘ ਪੁੱਤਰ ਪਾਲਾ ਸਿੰਘ, 61. ਰੂਪ ਚੰਦ ਪੁੱਤਰ ਈਸ਼ਰ ਦਾਸ ਪੁੱਤਰ ਸਾਲਮ ਰਾਮ, 62. ਸੁਨੀਲ ਕੁਮਾਰ ਪੁੱਤਰ ਚਿਮਨ ਲਾਲ ਪੁੱਤਰ ਲੱਖੂ ਰਾਮ, 63. ਸੁਰਿੰਦਰ ਕੁਮਾਰ ਪੁੱਤਰ ਕੁੰਦਨ ਰਾਜ ਪੁੱਤਰ ਹੰਸ ਰਾਜ, 64. ਗੁਰਮੀਤ ਸਿੰਘ ਪੁੱਤਰ ਸ਼ੇਰ ਸਿੰਘ ਪੁੱਤਰ ਬਹਾਲ ਸਿੰਘ, 65. ਰਾਵਿੰਦਰ ਸਿੰਘ ਪੁੱਤਰ ਕੁਲਵੰਤ ਸਿੰਘ ਪੁੱਤਰ ਪਾਲਾ ਸਿੰਘ, 66. ਮੂਰਤੀ ਦੇਵੀ ਪਤਨੀ ਪਾਲਾ ਰਾਮ ਪੁੱਤਰ ਜੱਗਾ ਰਾਮ, 67 ਅੰਗਰੇਜ਼ ਕੁਮਾਰ ਪੁੱਤਰ ਕੁੰਦਨ ਲਾਲ ਪੁੱਤਰ ਬਾਗ ਚੰਦ, 68. ਧਰਮ ਸਿੰਘ ਪੁੱਤਰ ਗੁਰਚਰਨ ਸਿੰਘ ਪੁੱਤਰ ਜਾਵੰਦ ਸਿੰਘ, 69. ਅਮਰਜੀਤ ਪਤਨੀ ਜਸਵੰਤ ਸਿੰਘ ਪੁੱਤਰ ਭਗਵਾਨ ਚੰਦ, 70. ਸੁਖਦੇਵ ਸਿੰਘ ਪੁੱਤਰ ਮਾਘ ਸਿੰਘ ਪੁੱਤਰ ਤੇਜਾ ਸਿੰਘ, 71. ਨਰਿੰਦਰ ਸਿੰਘ ਪੁੱਤਰ ਜੋਗਿੰਦਰ ਸਿੰਘ ਪੁੱਤਰ ਅਮਰ ਸਿੰਘ, 72. ਬੰਧੂ ਕਾਲੜਾ ਪੁੱਤਰ ਰਜੇਸ਼ ਚੰਦਰ ਪੁੱਤਰ ਕਰਮ ਚੰਦ, 73. ਸੀਮਾ ਰਾਣੀ ਪਤਨੀ ਲਾਭ ਚੰਦ ਪੁੱਤਰ ਸੋਹਨ ਲਾਲ, 74. ਚਰਨਜੀਤ ਕੌਰ ਪਤਨੀ ਗੁਰਮੀਤ ਸਿੰਘ ਪੁੱਤਰ ਸ਼ੇਰ ਸਿੰਘ, 75. ਗੁਰਚਰਨ ਸਿੰਘ ਪੁੱਤਰ ਘਨੀਆ ਰਾਮ ਪੁੱਤਰ ਹੀਰਾ ਰਾਮ, 76. ਰਵਿੰਦਰ ਸਿੰਘ 77. ਤਲਵਿੰਦਰ ਸਿੰਘ ਪੁੱਤਰਾਨ ਕੁਲਵੰਤ ਸਿੰਘ ਪੁੱਤਰ ਪਾਲਾ ਸਿੰਘ, 78. ਰਾਜ ਕੁਮਾਰ ਪੁੱਤਰ ਜਗੀਰ ਚੰਦ ਪੁੱਤਰ ਈਸ਼ਰ ਦਾਸ, 79 ਜਗਦੀਸ਼ ਪੁੱਤਰ ਦਲੀਪ ਸਿੰਘ ਪੁੱਤਰ ਸੰਤਾ ਸਿੰਘ, 80. ਚੰਦ ਰਾਮ ਪੁੱਤਰ ਘਨਿਆਂ ਰਾਮ ਪੁੱਤਰ ਹੀਰਾ ਰਾਮ, 81 ਵਿਕੀ ਕੁਮਾਰ ਪੁੱਤਰ ਰਾਮ ਕੁਮਾਰ ਪੁੱਤਰ ਤੇਕਾ ਰਾਮ, 82. ਸੁਰੇਸ਼ ਰਾਣੀ ਪਤਨੀ ਅਮਰ ਲਾਲ ਪੁੱਤਰ ਘਨਈਆ ਲਾਲ, 83. ਬਿੰਦਰ ਸਿੰਘ ਪੁੱਤਰ ਧਾਰਾ ਸਿੰਘ, 84. ਵੀਨਾ ਰਾਣੀ ਵਿਧਵਾ ਦਵਿੰਦਰ ਮੋਹਨ ਪੁੱਤਰ ਦੇਸ ਰਾਜ, 85. ਵਿਜੈ ਕੁਮਾਰ ਪੁੱਤਰ ਮੋਹਰੀ ਰਾਮ ਪੁੱਤਰ ਰਾਣਾ ਰਾਮ, 86. ਸੁਰਿੰਦਰ ਕੁਮਾਰ ਪੁੱਤਰ ਸੋਨਾ ਰਾਮ ਪੁੱਤਰ ਊਧਮੀ ਰਾਮ, 87. ਜੋਗਾ ਸਿੰਘ ਪੁੱਤਰ ਕਸ਼ਮੀਰ ਸਿੰਘ ਪੁੱਤਰ ਰਾਂਝਾ ਰਾਮ, 88. ਮਹਿੰਦਰ ਕੌਰ ਪਤਨੀ ਕਸ਼ਮੀਰ ਸਿੰਘ ਪੁੱਤਰ ਰਾਂਝਾ ਰਾਮ, 89. ਬਲਕਾਰ ਸਿੰਘ ਪੁੱਤਰ ਅਰਜਨ ਸਿੰਘ ਪੁੱਤਰ ਜੈਮਲ ਸਿੰਘ, 90. ਵਿਜੈ ਕੁਮਾਰ ਪੁੱਤਰ ਦੇਸ ਰਾਜ ਪੁੱਤਰ ਸਰਦਾਰੀ ਮੱਲ, 91. ਕਾਲਾ ਬਾਈ ਪਤਨੀ ਰਜਿੰਦਰ ਕੁਮਾਰ ਪੁੱਤਰ ਰਾਜ ਕੁਮਾਰ, 92. ਗੁਰਦੀਪ ਸਿੰਘ ਪੁੱਤਰ ਗੁਰਬਚਨ ਸਿੰਘ ਪੁੱਤਰ ਬਹਾਲ ਸਿੰਘ, 93. ਸੁਰਜੀਤ ਸਿੰਘ ਪੁੱਤਰ ਬਹਾਲ ਸਿੰਘ ਪੁੱਤਰ ਸੰਦਾ ਸਿੰਘ, 94. ਸੁਰਿੰਦਰ ਕੰਬੋਜ ਹੰਸ ਰਾਜ ਪੁੱਤਰ ਗੁਰਾਦਿਤਾ ਰਾਮ, 95. ਜੋਗਿੰਦਰ ਸਿੰਘ ਪੁੱਤਰ ਮਖਨ ਸਿੰਘ ਪੁੱਤਰ ਮੁਨਸ਼ਾ ਸਿੰਘ, 96. ਮੂਰਤੀ ਦੇਵੀ ਪਤਨੀ ਪਾਲਾ ਰਾਮ ਪੁੱਤਰ ਜੱਗਾ ਰਾਮ, 97. ਸਰੋਜ਼ ਰਾਣੀ ਪਤਨੀ ਅਮਰ ਲਾਲ ਪੁੱਤਰ ਘਨਈਆ ਲਾਲ, 98. ਮਾਇਆ ਦੇਵੀ ਪਤਨੀ ਸ੍ਰੀ ਰਾਮ ਪੁੱਤਰ ਊਧਮੀ ਰਾਮ, 99. ਮਾਇਆ ਦੇਵੀ ਪਤਨੀ ਮਨੋਜ ਕੁਮਾਰ ਪੁੱਤਰ ਜਗਦੀਸ਼ ਸਾਹੂ, 100. ਦਵਿੰਦਰ ਮੋਹਨ ਪੁੱਤਰ ਦੇਸ ਰਾਜ ਪੁੱਤਰ ਸਰਕਾਰੀ ਮੱਲ, 101. ਅੰਗਰੇਜ਼ ਕੁਮਾਰ ਪੁੱਤਰ ਕੁੰਦਨ ਲਾਲ ਪੁੱਤਰ ਬਾਗ ਚੰਦ, 102. ਬਿੰਦਰ ਸਿੰਘ ਪੁੱਤਰ ਧਾਰਾ ਸਿੰਘ, 103. ਕਰਮਜੀਤ ਕੌਰ ਪਤਨੀ ਹੰਸ ਰਾਜ ਪੁੱਤਰ ਗੁਰਾਦਿੱਤਾ 104. ਉਜਾਗਰ ਸਿੰਘ, 105. ਵਾਰਣ ਕੁਮਾਰ ਪੁੱਤਰ ਸੁਭਾਸ਼ ਚੰਦਰ ਪੁੱਤਰ ਬਿਸੰਬਰ ਦਾਸ, 106. ਰਾਮ ਚੰਦ ਪੁੱਤਰ ਘਨਈਆ ਰਾਮ ਪੁੱਤਰ ਹੀਰਾ ਰਾਮ, 107. ਮੰਗਲ ਰਾਮ ਪੁੱਤਰ ਪਰਭਾਤੀ ਰਾਮ ਪੁੱਤਰ ਤੁਲਸੀ ਰਾਮ, 108. ਜੋਗਿੰਦਰ ਸਿੰਘ ਪੁੱਤਰ ਦਲਾਵਰ ਸਿੰਘ ਪੁੱਤਰ ਵੀਰ ਸਿੰਘ, 109. ਮੋਹਨ ਲਾਲ ਪੁੱਤਰ ਦਿਆਲ ਚੰਦ ਪੁੱਤਰ ਸ਼ੰਕਰ ਦਾਸ, 110. ਅਲਫਾ ਇਲੈਕਟ੍ਰੋਨਿਕ ਜਲਾਲਾਬਾਦ, 111. ਕੇਵਲ ਕਰਿਸ਼ਨ ਪੁੱਤਰ ਮਾਛੀ ਰਾਮ ਪੁੱਤਰ ਬਹਾਦਰ ਚੰਦ, 112. ਗਿੰਦਾ ਬਾਈ ਪਤਨੀ ਪਰਭਾਤੀ ਰਾਮ ਪੁੱਤਰ ਤੁਲਸੀ ਰਾਮ, 113. ਲੱਧਾ ਸਿੰਘ ਪੁੱਤਰ ਦਲਾਵਰ ਸਿੰਘ ਪੁੱਤਰ ਵੀਰ ਸਿੰਘ, 114. ਰਾਜ ਰਾਣੀ ਵਿਧਵਾ ਵਾ 115. ਲਖਵੀਰ ਚੰਦ, 116. ਸੰਦੀਪ ਕੁਮਾਰ ਪੁੱਤਰਾਨ ਵਾ 117. ਸੀਲਾ ਰਾਨੀ, 118 ਪਰਮਜੀਤ ਰਾਨੀ, 119. ਕ੍ਰਿਸ਼ਨਾ ਰਾਨੀ, 120. ਨੀਲਮ ਰਾਨੀ ਪੁੱਤਰੀਆਨ ਮੁਤਾਬ ਰਾਮ ਪੁੱਤਰ ਮੋਹਨ ਰਾਮ, 121. ਮਹਿੰਦਰ ਸਿੰਘ ਪੁੱਤਰ ਦਲਾਵਰ ਸਿੰਘ ਪੁੱਤਰ ਵੀਰ ਸਿੰਘ, 122. ਮਮਤਾ ਰਾਣੀ ਪਤਨੀ ਤਰਸੇਮ ਪਾਲ ਪੁੱਤਰ ਚਿਮਨ ਲਾਲ, 123. ਪਰਮਜੀਤ ਕੌਰ ਪਤਨੀ ਬਨਵਾਰੀ ਲਾਲ ਪੁੱਤਰ ਮੰਗਲ ਰਾਮ, 124. ਵੇਦ ਪ੍ਰਕਾਸ਼ ਪੁੱਤਰ ਰਾਮ ਚੰਦ ਪੁੱਤਰ ਨਾਨਕਾ ਰਾਮ, 125. ਫੁੰਮਨ ਸਿੰਘ ਪੁੱਤਰ ਚਾਕਰ ਸਿੰਘ ਪੁੱਤਰ ਸੁੰਦਰ ਸਿੰਘ, 126 ਆਸ਼ਾ ਰਾਣੀ ਪਤਨੀ ਫੁੰਮਨ ਸਿੰਘ ਪੁੱਤਰ ਚਾਕਰ ਸਿੰਘ, 127. ਨਰਿੰਦਰ ਸਿੰਘ ਪੁੱਤਰ ਜੰਬਰ ਸਿੰਘ ਪੁੱਤਰ ਗੱਜਨ ਸਿੰਘ, 128. ਗੁਰਪ੍ਰੀਤ ਕੌਰ ਪੁੱਤਰੀ ਕਰਤਾਰ ਸਿੰਘ ਪੁੱਤਰ ਹਾਕਮ ਚੰਦ, 129. ਵਿਨੋਦ ਕੁਮਾਰ ਪੁੱਤਰ ਵਾ 130. ਨਿਰਮਲਾ ਦੇਵੀ ਵਿਧਵਾ ਵਾ 131. ਰੇਖਾ ਰਾਣੀ, 132. ਪ੍ਰਿਅੰਕਾ ਬਿੰਦ ਪੁੱਤਰੀਆਨ ਰਾਮ ਦਰਸ਼ਨ ਰਾਮ ਪੁੱਤਰ ਰਾਣਾ ਰਾਮ, 133. ਨਿਰਮਲਾ ਦੇਵੀ ਮਾਤਾ ਵਾ 134. ਸਿਮਰਜੀਤ ਕੌਰ ਵਿਧਵਾ ਵਾ 135. ਕੁਦਰਤ ਬਿੰਦ ਪੁੱਤਰੀ ਦੀਪਕ ਕੁਮਾਰ ਪੁੱਤਰ ਰਾਮ ਦਰਸ਼ਨ, 136. ਸੁਰਜੀਤ ਕੌਰ ਪਤਨੀ ਛਿੰਦਰ ਸਿੰਘ ਪੁੱਤਰ ਭਜਨ ਸਿੰਘ, 137. ਬਲਵਿੰਦਰ ਕੁਮਾਰ ਪੁੱਤਰ ਬਿੱਲੂ ਰਾਮ ਪੁੱਤਰ ਭਗਵਾਨ ਰਾਮ, 138. ਨਰੈਨ ਸਿੰਘ, ਵਾਸੀਆਨ ਪਿੰਡ ਮੋਹਕਮ ਅਰਾਈਂ ਤਹਿਸੀਲ ਜਲਾਲਾਬਾਦ ਜ਼ਿਲ੍ਹਾ ਫਾਜ਼ਿਲਕਾ 139. ਐੱਸ ਬੀ ਪੀ ਬੈਂਕ ਬ੍ਰਾਂਚ ਜਲਾਲਾਬਾਦ ਬਜਰੀਆ ਮੈਨੇਜਰ ਮਜਕੂਰ 140 ਬੈਂਕ ਆਫ ਇੰਡੀਆ ਬ੍ਰਾਂਚ ਜਲਾਲਾਬਾਦ ਬਜਰੀਆ ਮੈਨੇਜਰ ਮਜਕੂਰ 141 ਏ.ਯੂ. ਸਮਾਲ ਫਾਇਨਾਂਸ ਬੈਂਕ ਬ੍ਰਾਂਚ ਨਵੀਂ ਦਾਣਾ ਮੰਡੀ ਸ੍ਰੀ ਮੁਕਤਸਰ ਸਾਹਿਬ ਬਜਰੀਆ ਮੈਨੇਜਰ ਮਜਕੂਰ 142. ਇਲਾਹਾਬਾਦ ਬੈਂਕ ਬ੍ਰਾਂਚ ਜਲਾਲਾਬਾਦ, ਬਜਰੀਆ ਮੈਨੇਜਰ ਮਜਕੂਰ 143. ਪੀ. ਏ. ਡੀ. ਬੀ. ਬੈਂਕ ਬ੍ਰਾਂਚ ਜਲਾਲਾਬਾਦ ਬਜਰੀਆ ਮੈਨੇਜਰ ਮਜਕੂਰ 144. ਓ. ਬੀ. ਸੀ. ਬੈਂਕ ਬ੍ਰਾਂਚ ਜਲਾਲਾਬਾਦ ਬਜਰੀਆ ਮੈਨੇਜਰ ਮਜਕੂਰ 145. ਏ. ਯੂ. ਸਮਾਲ ਫਾਇਨਾਂਸ ਬੈਂਕ ਲਿਮ: ਫਾਜ਼ਿਲਕਾ ਬਜਰੀਆ ਮੈਨੇਜਰ ਮਜਕੂਰ 146. ਪੰਜਾਬ ਨੈਸ਼ਨਲ ਬੈਂਕ ਨੇੜੇ ਪੁਰਾਣੀ ਸਬਜ਼ੀ ਮੰਡੀ ਜਲਾਲਾਬਾਦ ਬਜਰੀਆ ਮੈਨੇਜਰ ਮਜਕੂਰ 147. ਏ.ਯੂ. ਸਮਾਲ ਫਾਇਨਾਂਸ ਬੈਂਕ ਲਿਮ. ਫਾਜ਼ਿਲਕਾ ਬਜਰੀਆ ਮੈਨੇਜਰ ਮਜਕੂਰ।

### ਨੋਟਿਸ ਬਨਾਮ ਜਨਰਲ ਪਬਲਿਕ

ਹਰ ਆਮ, ਖਾਸ ਵਾ ਉਕਤ ਵਿਅਕਤੀਆਂ ਨੂੰ ਨੋਟਿਸ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਉਕਤ ਕੇਸ ਅਨੁਵਾਨ ਬਾਬਤ ਤਕਸੀਮ ਅਰਾਜੀ ਤਦਾਦੀ 151 ਕਨਾਲ 13 ਮਰਲੇ ਖੇਵਟ ਨੰਬਰ 439/421 ਖਤੌਨੀ ਨੰਬਰ 702 ਤੋਂ 728 ਮੁਤਾਬਕ ਜਮ੍ਹਾਂਬੰਦੀ ਸਾਲ 2018-2019 ਵਾਕਿਆ ਰਕਬਾ ਪਿੰਡ ਮੋਹਕਮ ਅਰਾਈ ਤਹਿਸੀਲ ਜਲਾਲਾਬਾਦ ਜ਼ਿਲ੍ਹਾ ਫਾਜ਼ਿਲਕਾ ਦੀ ਤਕਸੀਮ ਕਰਨ ਲਈ ਇਸ ਅਦਾਲਤ ਵਿੱਚ ਦਾਇਰ ਹੋਇਆ ਹੈ। ਉਕਤ ਕੇਸ ਅਨੁਵਾਨ ਵਿੱਚ ਤਕਸੀਮ ਕਰਨ ਵਿੱਚ ਕਿਸੇ ਨੂੰ ਕੋਈ ਇਤਰਾਜ਼ ਹੈ ਤਾਂ ਉਹ ਅਸਾਲਤਨ-ਵਕਾਲਤਨ ਇਸ ਅਦਾਲਤ ਵਿੱਚ ਇਸ਼ਤਿਹਾਰ ਛਪਣ ਤੋਂ 15 ਦਿਨਾਂ ਦੇ ਅੰਦਰ-ਅੰਦਰ ਹਾਜ਼ਰ ਆ ਕੇ ਆਪਣਾ ਉਜ਼ਰ ਪੇਸ਼ ਕਰ ਸਕਦਾ ਹੈ। ਜੇਕਰ ਨਿਸ਼ਚਿਤ ਮਿਆਦ ਤੱਕ ਕੋਈ ਉਜ਼ਰ ਪੇਸ਼ ਨਾ ਹੋਇਆ ਤਾਂ ਤਕਸੀਮ ਕੇਸ ਦੀ ਅਗਲੇਰੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਇਹ ਨੋਟਿਸ ਅੱਜ ਮਿਤੀ 30.6.25 ਨੂੰ ਦਫਤਰੀ ਮੋਹਰ ਅਤੇ ਮੇਰੇ ਦਸਤਖਤਾਂ ਹੇਠ ਜਾਰੀ ਕੀਤਾ ਗਿਆ

ਨੰਬਰ/2025/ਰੀਡਰ-1/194 ਮਿਤੀ : 30/06/2025

ਸਹੀ/- ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ-1 ਜਲਾਲਾਬਾਦ

3-July-PAGE--8.qxd 7/2/2025 10:48 PM Page 1



# 9 ਦੀ ਦੇਸ਼-ਵਿਆਪੀ ਹੜਤਾਲ ਸੰਬੰਧੀ ਹੋਈ ਅਹਿਮ ਮੀਟਿੰਗ



**ਮਹਿਲਪੁਰ (ਸਫਰੀ)**

ਜੇ.ਪੀ.ਐਮ.ਓ ਬਲਾਕ ਮਾਹਿਲਪੁਰ ਦੀ 09 ਜੁਲਾਈ ਦੀ ਦੇਸ਼ ਵਿਆਪੀ ਹੜਤਾਲ ਸਬੰਧੀ ਇੱਕ ਅਹਿਮ ਮੀਟਿੰਗ ਕਸ਼ਮੀਰ ਸਿੰਘ ਮੱਖੋਵਾਲ, ਬਲਦੇਵ ਢੱਕੋਂ ਅਤੇ ਮਲਕੀਤ ਸਿੰਘ ਬਾਹੋਵਾਲ ਦੀ ਅਗਵਾਈ ਵਿੱਚ ਮਾਹਿਲਪੁਰ ਵਿਖੇ ਹੋਈ।ਇਸ ਮੀਟਿੰਗ ਵਿੱਚ ਸੂਬਾ ਕਨਵੀਨਰ ਮੁਲਾਜ਼ਮ-ਪੈਨਸ਼ਨਰ ਫਰੰਟ ਪੰਜਾਬ ਸਤੀਸ਼ ਰਾਣਾ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।ਮੀਟਿੰਗ ਨੂੰ ਸੰਬੋਧਨ ਕਰਦਿਆਂ ਸੂਬਾ ਆਗੂ ਸਤੀਸ਼ ਰਾਣਾ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਧਾਰਮਿਕ ਉਨਮਾਦ, ਘੱਟ ਗਿਣਤੀਆਂ ਨਾਲ ਪੱਖਪਾਤ, ਸਿੱਖਿਆ ਨੀਤੀ ਦਾ ਭਗਵਾਂਕਰਨ ਅਤੇ ਸੰਵਿਧਾਨ ਨਾਲ ਛੇੜਛਾੜ ਕਰਕੇ ਦੇਸ਼ ਦੀ ਗੰਗਾ-ਯਮੁਨਾ ਤਹਿਜੀਬ ਨੂੰ ਭੰਗ ਕਰਕੇ ਦੇਸ਼ ਵਿਚ ਨਫਰਤ ਦਾ ਮਹੌਲ ਪੈਦਾ ਕਰ ਰਹੀ ਹੈ।ਇਸਨੂੰ ਦੇਸ਼ ਦੇ ਅਮਨ ਪਸੰਦ ਲੋਕ ਕਿਸੇ ਵੀ ਕੀਮਤ ਤੇ ਬਰਦਾਸ਼ਤ ਨਹੀਂ ਕਰਨਗੇ।ਮੱਖਣ ਸਿੰਘ ਲੰਗੇਰੀ, ਅਮਰਜੀਤ ਕੁਮਾਰ, ਜੈਰਾਮ ਬਾੜੀਆਂ, ਪਰਮਜੀਤ ਕਾਤਿਬ ਅਤੇ ਕਮਲਜੀਤ ਕੌਰ ਖੜੌਦੀ ਨੇ ਸੰਬੋਧਨ ਦੌਰਾਨ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਦੇ ਸਮਾਨਅੰਤਰ ਪੰਜਾਬ ਦੀ ਭਗਵੰਤ ਮਾਨ ਸਰਕਾਰ ਮੁਲਾਜ਼ਮਾਂ, ਪੈਨਸ਼ਨਰਾਂ, ਮਜਦੂਰਾਂ ਅਤੇ ਆਮ ਕਿਰਤੀ ਲੋਕਾਂ ਦਾ ਆਰਥਿਕ ਸ਼ੋਸ਼ਣ ਕਰ ਰਹੀ ਹੈ।ਪੁਰਾਣੀ ਪੈਨਸ਼ਨ, ਹਰ ਪ੍ਰਕਾਰ ਦੇ ਕੱਚੇ ਮੁਲਾਜਮ ਪੱਕੇ ਕਰਨ, ਡੀ.ਏ-ਪੇਅ ਕਮਿਸ਼ਨ ਦੇ ਬਕਾਏ, ਕੱਟੇ 37 ਭੱਤੇ ਬਹਾਲ ਕਰਨ ਅਤੇ ਹੋਰ ਕਈ ਹੱਕੀ ਅਤੇ ਜਾਇਜ ਮੰਗਾਂ ਨੂੰ ਹੱਲ ਨਹੀਂ ਕਰ ਰਹੀ ਹੈ।ਆਗੂਆਂ ਨੇ ਕਿਹਾ ਕਿ ਲੋਕ ਵਿਰੋਧੀ ਫੈਸਲੇ ਲੈਣ ਵਾਲੀਆਂ ਸਰਕਾਰਾਂ ਬਹੁਤਾ ਲੰਮਾ ਸਮਾਂ ਲੋਕਾਂ ਦੇ ਸੰਘਰਸ਼ ਸਾਹਮਣੇ ਟਿਕ ਨਹੀਂ ਸਕਦੀਆਂ।ਆਗੂਆਂ ਨੇ ਕੇਂਦਰ ਅਤੇ ਸੂਬਾ ਸਰਕਾਰ ਨੂੰ ਤਾੜਨਾ ਕਰਦਿਆਂ ਕਿਹਾ ਕਿ ਮੁਲਾਜਮ, ਪੈਨਸ਼ਨਰ ਅਤੇ ਆਮ ਲੋਕਾਂ ਦੀਆਂ ਮੰਗਾਂ ਜਲਦ ਪੂਰੀਆਂ ਕਰੇ ਜਾਂ ਮੰਨੀਆਂ ਜਾਣ।ਆਗੂਆਂ ਨੇ ਕਿਹਾ ਕਿ ਇਸ 09 ਜੁਲਾਈ ਦੀ ਦੇਸ਼ ਵਿਆਪੀ ਹੜਤਾਲ ਨੂੰ ਵੱਧ ਚੜ੍ਹ ਕੇ ਸ਼ਮੂਲੀਅਤ ਕਰਕੇ ਸਫਲ ਕੀਤਾ ਜਾਵੇਗਾ।ਇਸ ਮੌਕੇ ਸਿੰਦਰਪਾਲ, ਮਨਜਿੰਦਰ ਹੇੜੀਆਂ, ਸਤਕਰਤਾਰ ਸਿੰਘ, ਬਾਬੂ ਓਮ ਦੱਤ, ਗੁਰਨਾਮ ਸਿੰਘ, ਸਤਨਾਮ ਸਿੰਘ, ਰਾਮ ਆਸਰਾ, ਮਨਜਿੰਦਰ ਸਿੰਘ, ਵਿੰਦਰ, ਬਲਵਿੰਦਰ ਕੌਰ, ਰਸ਼ਪਾਲ ਕੌਰ, ਪਰਮਜੀਤ ਕੌਰ, ਬਲਵਿੰਦਰ ਕੌਰ, ਸੁਰਿੰਦਰ ਕੌਰ ਰਜਨੀ, ਰਸ਼ਪਾਲ ਲੰਗੇਰੀ, ਜਸਵੀਰ ਕੌਰ, ਸੁਦੇਸ਼ ਰਾਣੀ, ਹਰਪ੍ਰੀਤ ਕੌਰ, ਆਸ਼ਾ ਰਾਣੀ ਗੀਤਾ ਰਾਣੀ ਹਾਜ਼ਰ ਸਨ।

# ਅਚਾਰੀਆ ਚੇਤਨਾ ਨੰਦ ਵੱਲੋਂ ਹਰਿਆਣਾ ਦੇ ਮੁੱਖ ਮੰਤਰੀ ਸੈਣੀ ਨਾਲ ਵਿਸ਼ੇਸ਼ ਮੁਲਾਕਾਤ

**ਬਲਾਚੌਰ (ਜਸਵਿੰਦਰ ਬੈਂਸ)**-ਹਰਿਆਣਾ ਦੇ ਮਾਨਯੋਗ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੇ ਸੱਦੇ 'ਤੇ ਵੇਦਾਂਤ ਅਚਾਰੀਆ ਮੰਜੂਸ਼ਾ ਗੱਦੀ ਨਸ਼ੀਨ ਸਵਾਮੀ ਚੇਤਨਾ ਨੰਦ ਮਹਾਰਾਜ ਭੂਰੀ ਵਾਲਿਆਂ ਵੱਲੋਂ ਉਨ੍ਹਾਂ ਦੇ ਗ੍ਰਹਿ 'ਸੰਤ ਕਬੀਰ ਕੁਟੀਰ' ਚੰਡੀਗੜ੍ਹ ਵਿਖੇ ਵਿਸ਼ੇਸ਼ ਮੁਲਾਕਾਤ ਕੀਤੀ ਗਈ। ਮੁੱਖ ਮੰਤਰੀ ਸੈਣੀ ਵੱਲੋਂ ਜਿੱਥੇ ਸਵਾਮੀ ਚੇਤਨਾ ਨੰਦ ਮਹਾਰਾਜ ਦਾ ਨਿੱਘਾ ਸਵਾਗਤ ਕਰ ਕੇ ਉਨ੍ਹਾਂ ਨੂੰ ਦੁਸ਼ਾਲਾ ਭੇਟ ਕੀਤਾ ਗਿਆ ਉੱਥੇ ਸਵਾਮੀ ਚੇਤਨਾ ਨੰਦ ਮਹਾਰਾਜ ਵੱਲੋਂ ਵੀ ਫੁੱਲਾਂ ਦਾ ਗੁਲਦਸਤਾ ਭੇਟ ਕਰਕੇ ਆਸ਼ੀਰਵਾਦ ਦਿੱਤਾ ਗਿਆ। ਮੁਲਾਕਾਤ ਦੌਰਾਨ ਸਵਾਮੀ ਚੇਤਨਾ ਨੰਦ ਮਹਾਰਾਜ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਕੀਤੇ ਜਾਂਦੇ ਸਮਾਜ ਸੇਵਾ ਦੇ ਕਾਰਜਾਂ ਜਿਵੇਂ ਲੜਕੀਆਂ ਦਾ ਜੀਵਨ ਪੱਧਰ ਉੱਚਾ ਚੁੱਕਣ ਹਿੱਤ ਸਕੂਲ, ਕਾਲਜ, ਧਾਰਮਿਕ ਅਸਥਾਨਾਂ ਦਾ ਨਿਰਮਾਣ, ਇਲਾਕੇ ਦੇ ਲੋਕਾਂ ਲਈ ਇਲਾਜ ਕਰਵਾਉਣ ਹਿੱਤ ਹਸਪਤਾਲ ਪੀ ਜੀ ਆਈ ਚੰਡੀਗੜ੍ਹ ਲਈ ਮੁਫਤ ਬੱਸ ਸੇਵਾ ਅਤੇ ਪੀ ਜੀ ਆਈ ਲਈ ਹੀ ਰੋਜਾਨਾ ਦੇਸੀ ਘਿਓ ਨਾਲ ਤਿਆਰ ਕੀਤੇ ਲੰਗਰ ਦੀ ਸੇਵਾ ਆਦਿ ਸਬੰਧੀ ਜਾਣ ਕੇ ਮੁੱਖ ਮੰਤਰੀ ਸੈਣੀ ਵੱਲੋਂ ਸਵਾਮੀ ਚੇਤਨਾ ਨੰਦ ਮਹਾਰਾਜ ਦੇ ਅਜਿਹੇ ਵਡਮੁੱਲੇ ਉਪਰਾਲਿਆਂ ਦੀ ਭਰਪੂਰ ਸ਼ਲਾਘਾ ਕੀਤੀ ਗਈ। ਇਸ ਮੌਕੇ ਪੰਜਾਬ ਓ ਬੀ ਸੀ ਮੋਰਚਾ ਦੇ ਪ੍ਰਧਾਨ ਰਜਿੰਦਰ ਬਿੱਟਾ, ਚੌਧਰੀ ਵਿਜੇ ਭਾਟੀਆ ਸੀਡਵੇਅਰ ਭਾਜਪਾ ਪ੍ਰਧਾਨ ਓ ਬੀ ਸੀ ਸੈੱਲ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਆਦਿ ਵੀ ਹਾਜ਼ਰ ਸਨ।



# ਡਾ. ਚੱਬੇਵਾਲ ਕਪਾਹਟ ਵਿਖੇ ਮੁਕਾਂਮਬਲੀ ਸ਼ਾਹ ਦੇ ਦਰਬਾਰ 'ਤੇ ਹੋਏ ਨਤਮਸਤਕ



**ਹੁਸ਼ਿਆਰਪੁਰ, (ਓ ਪੀ ਰਾਣਾ)**

ਹੁਸ਼ਿਆਰਪੁਰ ਤੋਂ ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਵਿਧਾਨ ਸਭਾ ਹਲਕਾ ਸ਼ਾਮਚੁਰਾਸੀ ਵਿੱਚ ਪੈਂਦੇ ਕੰਢੀ ਦੇ ਪਿੰਡ ਕਪਾਹਟ ਵਿਚ ਸਥਿਤ ਮੁਕਾਂਮਬਲੀ ਸ਼ਾਹ ਦੇ ਧਾਰਮਿਕ ਅਸਥਾਨ 'ਤੇ ਚੱਲ ਰਹੇ ਸਾਲਾਨਾ ਮੇਲੇ ਵਿਚ ਵਿਸ਼ੇਸ਼ ਤੌਰ 'ਤੇ ਪਹੁੰਚੇ ਅਤੇ ਮੱਥਾ ਟੇਕਣ ਤੋਂ ਬਾਅਦ ਕਮਿਊਨਿਟੀ ਸੈਂਟਰ ਦੀ ਉਸਾਰੀ ਦਾ ਨੀਂਹ ਪੱਥਰ ਰੱਖਿਆ ਜੋ ਕਿ ਐਮ.ਪੀ ਲੈਡ ਫੰਡ ਤੋਂ ਬਣਾਇਆ ਜਾਵੇਗਾ। ਇਸ ਮੌਕੇ ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਦਾ ਦਰਬਾਰ ਦੇ ਗੱਦੀਨਸ਼ੀਨ ਬਾਬਾ ਸੁਰੇਸ਼ ਸ਼ਾਹ ਅਤੇ ਪੰਚਾਇਤ ਮੈਂਬਰਾਂ ਨੇ ਸਵਾਗਤ ਕੀਤਾ। ਆਪਣੇ ਸੰਬੋਧਨ ਦੌਰਾਨ ਪੰਡਾਲ ਵਿਚ ਮੌਜੂਦ ਸੰਗਤ ਨੂੰ ਜਾਣਕਾਰੀ ਦਿੰਦੇ ਹੋਏ ਡਾ. ਚੱਬੇਵਾਲ ਨੇ ਕਿਹਾ ਕਿ ਅੰਜੋਵਾਲ-ਮਹਿਰਵਾਲ ਸੜਕ ਦਾ ਨਿਰਮਾਣ ਕਾਰਜ ਕੁਝ ਦਿਨਾਂ ਵਿੱਚ ਸ਼ੁਰੂ ਹੋ ਜਾਵੇਗਾ, ਜਿਸ 'ਤੇ ਪੰਜਾਬ ਸਰਕਾਰ 8 ਕਰੋੜ ਤੋਂ ਵੱਧ ਖਰਚ ਕਰਨ ਜਾ ਰਹੀ ਹੈ ਅਤੇ ਇਸੇ ਤਰਜ 'ਤੇ ਮਹਿਰਵਾਲ ਪੁੱਲ ਦਾ ਨਿਰਮਾਣ ਕਾਰਜ ਵੀ ਜਲਦੀ ਸ਼ੁਰੂ ਹੋ ਜਾਵੇਗਾ, ਜਿਸ 'ਤੇ 7 ਕਰੋੜ ਰੁਪਏ ਖਰਚ ਕੀਤੇ ਜਾ ਰਹੇ ਹਨ। ਡਾ. ਚੱਬੇਵਾਲ ਨੇ ਕਿਹਾ ਕਿ ਕਮਿਊਨਿਟੀ ਹਾਲ ਤੋਂ ਇਲਾਵਾ ਕਪਾਹਟ ਪਿੰਡ ਅਤੇ ਕੰਢੀ ਦੇ ਵਿਕਾਸ 'ਤੇ ਖਰਚ ਕੀਤੇ ਜਾਣ ਵਾਲੇ ਪੈਸੇ ਵਿੱਚ ਕੋਈ ਕਮੀ ਨਹੀਂ ਆਵੇਗੀ। ਉਨ੍ਹਾਂ ਕਿਹਾ ਕਿ ਲੋਕਤੰਤਰ ਵਿਚ ਸਭ ਤੋਂ ਵੱਡੀ ਤਾਕਤ ਲੋਕਾਂ ਕੋਲ ਹੁੰਦੀ ਹੈ, ਜੇਕਰ ਕੋਈ ਵਿਅਕਤੀ ਚਾਹੇ ਤਾਂ ਉਹ ਡਾਕਟਰ, ਆਈਪੀਐਸ, ਆਈਏਐਸ, ਇੰਜੀਨੀਅਰ ਬਣ ਸਕਦਾ ਹੈ, ਪਰ ਲੀਡਰ ਬਣਨ ਲਈ ਲੋਕਾਂ ਦਾ ਸਮਰਥਨ ਅਤੇ ਆਸ਼ੀਰਵਾਦ ਜ਼ਰੂਰੀ ਹੁੰਦਾ ਹੈ, ਜਿਸ ਨੂੰ ਜਨਤਾ ਦਾ ਸਮਰਥਨ ਮਿਲੇਗਾ ਉਹ ਹੀ ਆਗੂ ਬਣੇਗਾ। ਡਾ. ਚੱਬੇਵਾਲ ਨੇ ਕਿਹਾ ਕਿ ਤੁਸੀਂ ਲੋਕਾਂ ਨੇ ਮੈਨੂੰ ਵਿਧਾਨ ਸਭਾ ਹਲਕਾ ਚੱਬੇਵਾਲ ਅਤੇ ਹੋਰ 8 ਵਿਧਾਨ ਸਭਾ ਹਲਕਿਆਂ ਦੀ ਸੇਵਾ ਕਰਨ ਦਾ ਮੌਕਾ ਦਿੱਤਾ ਹੈ ਅਤੇ ਮੈਂ ਤੁਹਾਨੂੰ ਭਰੋਸਾ ਦਿਵਾਉਂਦਾ ਹਾਂ ਕਿ ਲੋਕਾਂ ਦੀ ਸੇਵਾ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ, ਜਿਨ੍ਹਾਂ ਸ਼ਬਦਾਂ ਨੂੰ ਵਿਕਾਸ ਦੀ ਲੋੜ ਹੈ, ਉਨ੍ਹਾਂ ਦੀ ਪਛਾਣ ਕੀਤੀ ਜਾ ਰਹੀ ਹੈ ਅਤੇ ਹਰ ਜਗ੍ਹਾ ਬਰਾਬਰ ਵਿਕਾਸ ਕੀਤਾ ਜਾਵੇਗਾ। ਇਸ ਮੌਕੇ ਡਾ. ਰਾਜ ਕੁਮਾਰ ਚੱਬੇਵਾਲ ਦਾ ਪਿੰਡ ਦੀ ਪੰਚਾਇਤ ਮੈਂਬਰਾਂ ਵੱਲੋਂ ਦਰਬਾਰ ਵਿੱਚ ਪੈਂਦੇ ਵੀ ਲਗਾਏ ਗਏ। ਅੰਤ ਵਿੱਚ ਬਾਬਾ ਸੁਰੇਸ਼ ਸ਼ਾਹ ਦੀ ਅਗਵਾਈ ਹੇਠ ਕਮੇਟੀ ਅਤੇ ਪੰਚਾਇਤ ਮੈਂਬਰਾਂ ਵੱਲੋਂ ਡਾ. ਰਾਜ ਕੁਮਾਰ ਚੱਬੇਵਾਲ ਦਾ ਸਨਮਾਨ ਕੀਤਾ ਗਿਆ। ਇਸ ਦੌਰਾਨ ਸਟੇਜ ਸੰਚਾਲਕ ਦੀ ਭੂਮਿਕਾ ਸਤਪਾਲ ਨੇ ਨਿਭਾਈ।

# ਕਾਨੂੰਨ ਤੇ ਵਿਵਸਥਾ ਬਣਾਈ ਰੱਖਣ ਲਈ ਹਾਈਟੈਕ ਨਾਕੇ ਸਥਾਪਤ




**ਜਲੰਧਰ, (ਸ਼ੈਲੀ ਐਲਬਰਟ)**

ਸ਼ਹਿਰ ਵਿੱਚ ਕਾਨੂੰਨ ਅਤੇ ਵਿਵਸਥਾ ਨੂੰ ਹੋਰ ਮਜ਼ਬੂਤ ਕਰਨ ਲਈ ਇੱਕ ਸਰਗਰਮ ਕਦਮ ਚੁੱਕਦੇ ਹੋਏ, ਪੁਲਸ ਕਮਿਸ਼ਨਰ ਸ਼੍ਰੀਮਤੀ ਧਨਪ੍ਰੀਤ ਕੌਰ ਨੇ ਹੋਰ ਸੀਨੀਅਰ ਪੁਲਸ ਅਧਿਕਾਰੀਆਂ ਨਾਲ ਮਿਲ ਕੇ, ਜਲੰਧਰ ਭਰ ਵਿੱਚ ਵਿਸ਼ੇਸ਼ ਸੁਰੱਖਿਆ ਪ੍ਰਬੰਧ ਲਾਗੂ ਕੀਤੇ ਹਨ। ਸਮਾਜ ਵਿਰੋਧੀ ਅਨਸਰਾਂ ਵਿਰੁੱਧ ਵਧੇਰੇ ਚੌਕਸੀ ਬਣਾਈ ਰੱਖਣ ਲਈ 10 ਤੋਂ ਵੱਧ ਹਾਈ-ਟੈਕ ਅਤੇ ਰਣਨੀਤਕ ਨਾਕੇ (ਚੈੱਕ ਪੁਆਇੰਟ) ਸਥਾਪਤ ਕੀਤੇ ਗਏ ਹਨ।ਸੀ ਪੀ ਜਲੰਧਰ ਨੇ ਕਿਹਾ ਕਿ ਇਸ ਨਾਕਾਬੰਦੀ ਦਾ ਉਦੇਸ਼ ਕਾਨੂੰਨ ਅਤੇ ਵਿਵਸਥਾ ਨੂੰ ਲਾਗੂ ਕਰਨਾ, ਸ਼ੱਕੀ ਵਿਅਕਤੀਆਂ ਦੀ ਗਤੀਵਿਧੀ 'ਤੇ ਨਜ਼ਰ ਰੱਖਣਾ ਅਤੇ ਆਵਾਜਾਈ ਨੂੰ ਨਿਯਮਤ ਕਰਨਾ ਹੈ। ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ ਇਨ੍ਹਾਂ ਨਾਕਿਆਂ 'ਤੇ 200 ਤੋਂ ਵੱਧ ਪੁਲਸ ਕਰਮਚਾਰੀ ਤਾਇਨਾਤ ਕੀਤੇ ਗਏ ਹਨ। ਉਨ੍ਹਾਂ ਨੂੰ ਸਾਰੇ ਸ਼ੱਕੀ ਵਾਹਨਾਂ ਦੀ ਵਿਆਪਕ ਜਾਂਚ ਕਰਨ ਅਤੇ ਸ਼ੱਕੀ ਵਿਵਹਾਰ ਦਿਖਾਉਣ ਵਾਲੇ ਵਿਅਕਤੀਆਂ ਵਿਰੁੱਧ ਰੋਕਥਾਮ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਰਾਮਾ ਮੰਡੀ ਚੌਕ, ਬੀਐਮਸੀ ਚੌਕ, ਪਠਾਨਕੋਟ ਚੌਕ, ਵਰਕਸ਼ਾਪ ਚੌਕ ਅਤੇ ਪ੍ਰਾਗਪੁਰ ਪੁਆਇੰਟ ਸਮੇਤ ਮੁੱਖ ਥਾਵਾਂ 'ਤੇ ਉੱਚ ਨਿਗਰਾਨੀ ਰੱਖੀ ਜਾ ਰਹੀ ਹੈ। ਸੀਨੀਅਰ ਪੁਲਸ ਅਧਿਕਾਰੀਆਂ ਨੇ ਜਲੰਧਰ ਦੇ ਵਿਅਸਤ ਬਾਜ਼ਾਰਾਂ ਵਿੱਚ ਵੀ ਗਸ਼ਤ ਕੀਤੀ ਅਤੇ ਜ਼ਮੀਨੀ ਤਿਆਰੀ ਦਾ ਮੁਲਾਂਕਣ ਕਰਨ ਲਈ ਤਾਇਨਾਤ ਕਰਮਚਾਰੀਆਂ ਨਾਲ ਗੱਲਬਾਤ ਕੀਤੀ। ਫੁੱਲਪਰੂਫ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ, ਸਾਰੇ ਗਜ਼ਟਿਡ ਅਧਿਕਾਰੀਆਂ ਅਤੇ ਐਸਐਚਓਜ਼ ਨੂੰ ਫੀਲਡ ਡਿਊਟੀ 'ਤੇ ਰਹਿਣ ਦੇ ਨਿਰਦੇਸ਼ ਦਿੱਤੇ ਗਏ ਹਨ। ਕਮਿਸ਼ਨਰੇਟ ਪੁਲਸ ਜਲੰਧਰ ਨੇ ਜਨਤਾ ਨੂੰ ਚੌਕਸ ਰਹਿਣ ਅਤੇ ਕਿਸੇ ਵੀ ਸ਼ੱਕੀ ਗਤੀਵਿਧੀ ਦੀ ਤੁਰੰਤ ਪੁਲਸ ਹੈਲਪਲਾਈਨ 112 ਰਾਹੀਂ ਰਿਪੋਰਟ ਕਰਨ ਦੀ ਅਪੀਲ ਕੀਤੀ ਹੈ।

# ਭਾਸ਼ਾ ਵਿਭਾਗ ਵੱਲੋਂ ਪੰਜਾਬੀ ਸਾਹਿਤ ਸਿਰਜਣ ਤੇ ਕਵਿਤਾ ਗਾਇਨ ਮੁਕਾਬਲੇ ਲਈ ਅਰਜ਼ੀਆਂ ਦੀ ਮੰਗ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ, ਓਮ ਪ੍ਰਕਾਸ਼ ਰਾਣਾ)**

ਡਾਇਰੈਕਟਰ,ਭਾਸ਼ਾ ਵਿਭਾਗ, ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਅਧੀਨ ਜ਼ਿਲ੍ਹਾ ਭਾਸ਼ਾ ਦਫਤਰ, ਹੁਸ਼ਿਆਰਪੁਰ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਜ਼ਿਲ੍ਹਾ ਪੱਧਰ 'ਤੇ ਪੰਜਾਬੀ ਸਾਹਿਤ ਸਿਰਜਣ ਅਤੇ ਕਵਿਤਾ ਗਾਇਨ ਮੁਕਾਬਲੇ ਕਰਵਾਏ ਜਾਣੇ ਹਨ। ਇਨ੍ਹਾਂ ਮੁਕਾਬਲਿਆਂ ਲਈ ਰਜਿਸਟ੍ਰੇਸ਼ਨ ਫਾਰਮ ਭਰ ਕੇ ਅਤੇ ਸਕੂਲ ਮੁੱਖੀ ਵੱਲੋਂ ਤਸਦੀਕ ਕਰਵਾ 7 ਜੁਲਾਈ ਤੱਕ ਜ਼ਿਲ੍ਹਾ ਭਾਸ਼ਾ ਦਫਤਰ, ਹੁਸ਼ਿਆਰਪੁਰ, ਮਿੰਨੀ ਸਕੱਤਰੇਤ, ਤੀਜ਼ੀ ਮੰਜ਼ਿਲ, ਕਮਰਾ ਨੰ 307-308 ਹੁਸ਼ਿਆਰਪੁਰ ਵਿਖੇ ਦਸਤੀ ਜਾਂ ਈ. ਮੇਲ ਰਾਹੀਂ ਭੇਜੇ ਜਾ ਸਕਦੇ ਹਨ।ਇਨ੍ਹਾਂ ਮੁਕਬਲਿਆਂ ਬਾਰੇ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਭਾਸ਼ਾ ਅਫਸਰ ਜਸਪ੍ਰੀਤ ਕੌਰ ਅਤੇ ਖੋਜ ਅਫਸਰ ਡਾ. ਜਸਵੰਤ ਰਾਏ ਨੇ ਦੱਸਿਆ ਕਿ ਵਿਦਿਆਰਥੀਆਂ ਵਿੱਚ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਵਿੱਚ ਰੁਚੀ ਵਿਕਸਤ ਕਰਨ ਲਈ ਭਾਸ਼ਾ ਵਿਭਾਗ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਜ਼ਿਲ੍ਹੇ ਪੱਧਰ 'ਤੇ ਇਹ ਮੁਕਾਬਲੇ ਕਰਵਾਏ ਜੇ ਰਹੇ ਹਨ। ਜ਼ਿਲ੍ਹੇ ਵਿਚ ਕੇਵਲ ਮੈਟ੍ਰਿਕ ਕਲਾਸਾਂ ਤੱਕ ਦੇ ਵਿਦਿਆਰਥੀ ਜਿਨ੍ਹਾਂ ਦੀ ਉਮਰ 17 ਸਾਲਾਂ ਤੋਂ ਵੱਧ ਨਾ ਹੋਵੇ ਭਾਗ ਲੈ ਸਕਦੇ ਹਨ। ਸਕੂਲ ਹਰੇਕ ਵਿਸ਼ਾ ਜਿਵੇਂ ਕਵਿਤਾ, ਕਹਾਣੀ, ਲੇਖ, ਕਵਿਤਾ ਗਾਇਨ ਵਿਚ ਕੇਵਲ ਦੋ ਵਿਦਿਆਰਥੀ ਹੀ ਭੇਜ ਸਕਦਾ ਹੈ। ਹਰ ਵਰਗ ਵਿੱਚੋਂ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਕ੍ਰਮਵਾਰ 1000 ਰੁਪਏ, 750 ਰੁਪਏ ਅਤੇ 500 ਰੁਪਏ ਰੁਪਏ ਨਕਦ ਜਾਂ ਭਾਸ਼ਾ ਵਿਭਾਗ ਦੀਆਂ ਕਿਤਾਬਾਂ ਦੇ ਸੈੱਟਾਂ ਅਤੇ ਪ੍ਰਮਾਣ ਪੱਤਰਾਂ ਨਾਲ ਸਨਮਾਨਿਤ ਕੀਤਾ ਜਾਵੇਗਾ। ਜ਼ਿਲ੍ਹੇ ਪੱਧਰ 'ਤੇ ਪਹਿਲੇ ਸਥਾਨ 'ਤੇ ਆਉਣ ਵਾਲੇ ਵਿਦਿਆਰਥੀ ਰਾਜ ਪੱਧਰ ਦੇ ਮੁਕਾਬਲੇ ਵਿਚ ਹਿੱਸਾ ਲੈਣਗੇ। ਉਨ੍ਹਾਂ ਦੱਸਿਆ ਕਿ ਮੁਕਾਬਲੇ 'ਚ ਭਾਗ ਲੈਣ ਲਈ ਕੋਈ ਵੀ ਫੀਸ ਨਹੀਂ ਹੈ। ਨਿਸ਼ਚਿਤ ਮਿਤੀ ਤੋਂ ਬਾਅਦ ਪ੍ਰਾਪਤ ਹੋਏ ਰਜਿਸਟ੍ਰੇਸ਼ਨ ਫਾਰਮ ਸਵੀਕਾਰ ਨਹੀਂ ਕੀਤੇ ਜਾਣਗੇ। ਹਰ ਵਰਗ ਲਈ ਵੱਖਰਾ-ਵੱਖਰਾ ਰਜਿਸਟ੍ਰੇਸ਼ਨ ਫਾਰਮ ਭੇਜਿਆ ਜਾਵੇ। ਵਧੇਰੇ ਜਾਣਕਾਰੀ ਲਈ ਮੋਬਾਇਲ ਨੰ. 62395-75966 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਮਨਰੇਗਾ ਵਰਕਰਾਂ 'ਚ 6 ਦੀ ਕਨਵੈਨਸ਼ਨ ਲਈ ਭਾਰੀ ਉਤਸ਼ਾਹ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਮਨਰੇਗਾ ਵਰਕਰਜ਼ ਯੂਨੀਅਨ ਪੰਜਾਬ ਵੱਲੋਂ 6 ਜੁਲਾਈ ਨੂੰ ਜਲੰਧਰ ਵਿਖੇ ਮਾਝਾ ਦੋਆਬਾ ਜ਼ੋਨ ਦੀ ਕੀਤੀ ਜਾ ਰਹੀ ਕਨਵੈਂਨਸ਼ਨ ਲਈ ਮਨਗਰੇਗਾ ਕਾਮਿਆਂ 'ਚ ਭਾਰੀ ਉਤਸ਼ਾਹ ਹੈ। ਦੇਸ਼ ਭਗਤ ਯਾਦਗਾਰ ਜਲੰਧਰ ਵਿਖੇ ਹੋਣ ਜਾ ਰਹੀ ਕਨਵੈਂਨਸ਼ਨ ਲਈ ਬਲਾਕ ਤਲਵਾੜਾ ਤੋਂ ਵੱਡੀ ਗਿਣਤੀ ਮਨਰੇਗਾ ਕਾਮੇ ਸ਼ਾਮਲ ਹੋਣਗੇ। ਮਨਰੇਗਾ ਵਰਕਰਜ਼ ਯੂਨੀਅਨ ਪੰਜਾਬ ਦੇ ਕਨਵੀਨਰ ਦੀਪਕ ਹੁਸ਼ਿਆਰਪੁਰ ਨੇ ਦਸਿਆ ਕਿ ਮਨਰੇਗਾ ਮੇਟ ਅਤੇ ਵਰਕਰ ਪਿਛਲੇ ਲੰਮੇ ਸਮੇਂ ਤੋਂ ਆਪਣੀਆਂ ਮੰਗਾਂ ਦੀ ਪ੍ਰਾਪਤੀ ਲਈ ਆਪਣੀ ਪੱਧਰ 'ਤੇ ਸੰਘਰਸ਼ ਕਰ ਰਹੇ ਹਨ, ਪਰ ਹੁਣ ਮਨਰੇਗਾ ਵਰਕਰਾਂ ਦੇ ਸੰਘਰਸ਼ ਨੂੰ ਜਿੱਤ ਦੀ ਬਰੂਹਾਂ ਤੱਕ ਲਿਜਾਣ ਲਈ ਪੰਜਾਬ ਪੱਧਰ 'ਤੇ ਜਥੇਬੰਦ ਕਰਨ ਦਾ ਫੈਸਲਾ ਕੀਤਾ ਗਿਆ ਹੈ। ਜਿਸ ਤਹਿਤ ਮਾਝਾ-ਦੋਆਬਾ ਜ਼ੋਨ ਦੀ ਪਹਿਲੀ ਕਨਵੈਂਸ਼ਨ ਜਲੰਧਰ ਵਿਖੇ, ਉਪਰੰਤ 11 ਜੁਲਾਈ ਨੂੰ ਬਠਿੰਡਾ ਅਤੇ 13 ਜੁਲਾਈ ਨੂੰ ਪਟਿਆਲਾ ਜ਼ੋਨ ਦੀ ਕਨਵੈਨਸ਼ਨ ਕਰਨ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ। ਇਸ ਮੌਕੇ 'ਤੇ ਸ਼ਿੰਦਰ ਪਾਲ ਰਜਵਾਲ, ਰਮਾਂ ਅਪਰ ਰਜਵਾਲ, ਅੰਜੂ ਸ਼ਰਮਾ, ਅਨੁਰਾਧਾ, ਜੋਤੀ ਰਾਣੀ, ਕਵਿਤਾ ਦੇਵੀ, ਨਿੱਕਾ ਰਾਮ, ਸੋਹਣ ਲਾਲ, ਸਤਪਾਲ, ਦੌਲਤ ਰਾਮ, ਸੁਰਜੀਤ ਕੌਰ ਆਦਿ ਵੱਡੀ ਗਿਣਤੀ ਮਨਰੇਗਾ ਮੇਟ/ਵਰਕਰ ਹਾਜ਼ਰ ਸਨ।

# ਲਾਇਨ ਵਿਜੇ ਅਰੋੜਾ ਸਰਬਸੰਮਤੀ ਨਾਲ ਬਣੇ ਕਲੱਬ ਪ੍ਰਧਾਨ




**ਹੁਸ਼ਿਆਰਪੁਰ,(ਬਲਵੀਰ ਸਿੰਘ ਸੈਣੀ)**

ਲਾਇਨਜ਼ ਕਲੱਬ ਹੁਸ਼ਿਆਰਪੁਰ ਪਰਲ ਦਾ ਸਥਾਨਕ ਹੋਟਲ ਵਿੱਚ ਲਾਇਨ ਹਰਜੀਤ ਸਿੰਘ ਭਾਟੀਆ ਦੀ ਅਗਵਾਈ ਹੇਠ ਰਿਵਾਇਤੀ ਢੰਗ ਨਾਲ ਉਦਘਾਟਨ ਕੀਤਾ ਗਿਆ। ਇਸ ਮੌਕੇ 'ਤੇ ਵਰ੍ਹਾ 2025-26 ਲਈ ਨਵੀਂ ਟੀਮ ਦੀ ਚੋਣ ਵੀ ਕੀਤੀ ਗਈ। ਪ੍ਰਧਾਨ ਦੇ ਅਹੁਦੇ ਲਈ ਲਾਇਨ ਸੰਜੀਵ ਅਰੋੜਾ ਵੱਲੋਂ ਲਾਇਨ ਵਿਜੇ ਅਰੋੜਾ ਦੇ ਨਾਂਅ ਦਾ ਪ੍ਰਸਤਾਵ ਰੱਖਿਆ ਗਿਆ, ਜਿਸ ਨੂੰ ਲਾਇਨ ਹਰਜੀਤ ਸਿੰਘ ਭਾਟੀਆ ਅਤੇ ਹੋਰ ਮੈਂਬਰਾਂ ਵੱਲੋਂ ਸਹਿਮਤੀ ਦਿੱਤੀ ਗਈ।ਸਭ ਦੀ ਰਜ਼ਾਮੰਦੀ ਨਾਲ ਵਿਜੇ ਅਰੋੜਾ ਨੂੰ ਪ੍ਰਧਾਨ ਨਿਯੁਕਤ ਕੀਤਾ ਗਿਆ ਅਤੇ ਉਨ੍ਹਾਂ ਨੂੰ ਪੂਰੀ ਕਾਰਜਕਾਰੀ ਬਣਾਉਣ ਦੇ ਅਧਿਕਾਰ ਵੀ ਦਿੱਤੇ ਗਏ।ਲਾਇਨ ਵਿਜੇ ਅਰੋੜਾ ਨੇ ਆਪਣੀ ਟੀਮ ਦਾ ਐਲਾਨ ਕਰਦਿਆਂ ਲਾਇਨ ਉਮੇਸ਼ ਰਾਣਾ ਨੂੰ ਸਕੱਤਰ, ਕੁਮਾਰ ਗੌਰਵ ਨੂੰ ਵਿਤ ਸਕੱਤਰ ਅਤੇ ਲਾਇਨ ਸੰਜੀਵ ਅਰੋੜਾ ਨੂੰ ਪੀ.ਆਰ.ਓ. ਨਿਯੁਕਤ ਕੀਤਾ।ਇਸ ਮੌਕੇ 'ਤੇ ਪ੍ਰਧਾਨ ਵਿਜੇ ਅਰੋੜਾ ਨੇ ਭਵਿੱਖ ਵਿਚ ਲਾਏ ਜਾਣ ਵਾਲੇ ਪ੍ਰਾਜੈਕਟਾਂ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਲਾਇਨਜ਼ ਕਲੱਬ ਵੱਲੋਂ ਆਉਣ ਵਾਲੇ ਦਿਨਾਂ ਵਿੱਚ ਵਾਤਾਵਰਣ ਸੁਰੱਖਿਆ ਲਈ ਪੌਦਾਰੋਪਣ, ਸਕੂਲਾਂ-ਕਾਲਜਾਂ ਵਿੱਚ ਜਾ ਕੇ ਨਸ਼ਾ ਮੁਕਤੀ, ਪਾਣੀ ਬਚਾਓ, ਦਹੇਜ ਪ੍ਰਥਾ ਵਿਰੁੱਧ ਜਾਗਰੂਕਤਾ ਮੁਹਿੰਮਾਂ, ਮੈਡੀਕਲ ਕੈਂਪ ਲਗਾਉਣ ਅਤੇ ਜ਼ਰੂਰਤਮੰਦਾਂ ਦੀ ਮਦਦ ਕਰਨ ਸਮੇਤ ਬੱਚਿਆਂ ਨੂੰ ਸਟੇਸ਼ਨਰੀ ਵੰਡਣ ਵਰਗੇ ਸੇਵਾ ਕਾਰਜ ਕੀਤੇ ਜਾਣਗੇ। ਮੰਚ ਸਾਂਭਦੇ ਹੋਏ ਲਾਇਨ ਸੰਜੀਵ ਅਰੋੜਾ ਨੇ ਕਿਹਾ ਕਿ ਵਿਜੇ ਅਰੋੜਾ ਦੇ ਤਜਰਬੇ ਨਾਲ ਕਲੱਬ ਨੂੰ ਹੋਰ ਮਜ਼ਬੂਤੀ ਮਿਲੇਗੀ ਅਤੇ ਸੇਵਾ ਕਾਰਜਾਂ ਨੂੰ ਹੋਰ ਤੇਜ਼ੀ ਮਿਲੇਗੀ। ਉਨ੍ਹਾਂ ਕਿਹਾ ਕਿ ਵਿਜੇ ਅਰੋੜਾ ਵੱਖ-ਵੱਖ ਸੰਸਥਾਵਾਂ ਨਾਲ ਜੁੜੇ ਹੋਏ, ਮਨੁੱਖੀ ਸੇਵਾ ਲਈ ਸਮਰਪਿਤ ਅਤੇ ਨਿਸ਼ਕਾਮ ਭਾਵਨਾ ਨਾਲ ਕੰਮ ਕਰਨ ਵਾਲੇ ਵਿਅਕਤੀ ਹਨ।ਇਸ ਮੌਕੇ 'ਤੇ ਗੌਰਵ ਖੱਟੜ, ਵਿਜੇ ਗੁਪਤਾ, ਰਾਜੇਸ਼ ਨੰਦਾ, ਹਰੀਸ਼ ਚੁੱਗ, ਡਾ. ਰਾਜਿੰਦਰ ਗੁਪਤਾ, ਮਦਨ ਲਾਲ ਮਹਾਜਨ, ਦੀਪਕ ਨਰੂਲਾ, ਪੰਕਜ ਕੁਮਾਰ, ਐਚ. ਕੇ. ਨਾਕੜਾ ਅਤੇ ਹੋਰ ਮੈਂਬਰ ਹਾਜ਼ਰ ਰਹੇ।

# ਕੈਂਪ 'ਚ 110 ਮਰੀਜ਼ਾਂ ਦੀ ਕੀਤੀ ਜਾਂਚ, 14 ਨਵੇਂ ਤਿਆਰ ਜਬਾੜ੍ਹੇ ਵੰਡੇ



**ਫਗਵਾੜਾ ( ਡਾ. ਰਮਨ, ਜਸਵਿੰਦਰ ਢੱਡਾ)**

ਬਲੱਡ ਬੈਂਕ ਗੁਰੂ ਹਰਗੋਬਿੰਦ ਨਗਰ ਫਗਵਾੜਾ ਵਿਖੇ ਮਾਤਾ ਠਾਕੁਰ ਦੇਵੀ ਅਤੇ ਨਾਨਕ ਚੰਦ ਸੇਠੀ ਦੀ ਮਿੱਠੀ ਯਾਦ ਨੂੰ ਸਮਰਪਿਤ ਦੰਦਾਂ ਅਤੇ ਜਬਾੜਿਆਂ ਦਾ 456ਵਾਂ ਫਰੀ ਕੈਂਪ ਬਲੱਡ ਬੈਂਕ ਦੇ ਪ੍ਰਧਾਨ ਮਲਕੀਅਤ ਸਿੰਘ ਰਘਬੋਤਰਾ ਦੀ ਨਿਗਰਾਨੀ ਹੇਠ ਲਗਾਇਆ ਗਿਆ। ਸਮਾਗਮ ਦੌਰਾਨ ਮੁੱਖ ਮਹਿਮਾਨ ਵਜੋਂ ਆਈ.ਐਮ.ਏ. ਫਗਵਾੜਾ ਦੇ ਪ੍ਰਧਾਨ ਡਾ. ਤੁਸ਼ਾਰ ਅੱਗਰਵਾਲ ਨੇ ਸ਼ਿਰਕਤ ਕੀਤੀ। ਜਦਕਿ ਵਿਸ਼ੇਸ਼ ਮਹਿਮਾਨਾਂ ਦੇ ਤੌਰ 'ਤੇ ਸੀ.ਏ. ਰਵਿੰਦਰ ਗੁਲਾਟੀ, ਸੀ.ਏ. ਮੁਕੇਸ਼ ਗੇਰਾ ਸਮੇਤ ਮਹਿੰਦਰ ਸੇਠੀ ਅਤੇ ਤ੍ਰਿਪਤਾ ਸੇਠੀ ਸ਼ਾਮਲ ਹੋਏ। ਇਸ ਦੌਰਾਨ ਬਲੱਡ ਬੈਂਕ ਵਲੋਂ ਪਤਵੰਤਿਆਂ ਨੂੰ ਕੌਮੀ ਡਾਕਟਰ ਦਿਵਸ ਅਤੇ ਸੀ.ਏ. ਦਿਵਸ ਦੀਆਂ ਸ਼ੁੱਭ ਇੱਛਾਵਾਂ ਦਿੰਦਿਆਂ ਸਨਮਾਨਤ ਕੀਤਾ ਗਿਆ। ਉਪਰੰਤ ਡਾ. ਤੁਸ਼ਾਰ ਅੱਗਰਵਾਲ, ਸੀ.ਏ. ਰਵਿੰਦਰ ਗੁਲਾਟੀ ਅਤੇ ਸੀ.ਏ. ਮੁਕੇਸ਼ ਗੇਰਾ ਨੇ ਕੈਂਪ ਦੀ ਆਰੰਭਤਾ ਕਰਵਾਉਂਦੇ ਹੋਏ 14 ਲੋੜਵੰਦ ਬਜ਼ੁਰਗਾਂ ਨੂੰ ਨਵੇਂ ਤਿਆਰ ਕੀਤੇ ਜਬਾੜੇ ਵੰਡੇ। ਉਹਨਾਂ ਨੇ ਬਲੱਡ ਬੈਂਕ ਵਲੋਂ ਕੀਤੇ ਜਾ ਰਹੇ ਸਮਾਜ ਸੇਵੀ ਕਾਰਜਾਂ ਦੀ ਭਰਪੂਰ ਸ਼ਲਾਘਾ ਕੀਤੀ। ਕੈਂਪ ਦੌਰਾਨ ਸੀ.ਐਮ.ਸੀ. ਲੁਧਿਆਣਾ ਤੋਂ ਪਹੁੰਚੀ ਮਾਹਿਰ ਡਾਕਟਰਾਂ ਦੀ 25 ਮੈਂਬਰੀ ਮੋਬਾਈਲ ਟੀਮ ਨੇ ਲਗਭਗ 110 ਮਰੀਜ਼ਾਂ ਦੇ ਦੰਦਾਂ ਦੀ ਜਾਂਚ ਕੀਤੀ। ਲੋੜਵੰਦਾਂ ਦੇ ਦੰਦ ਸਾਫ਼ ਕੀਤੇ ਗਏ ਅਤੇ ਲੋੜ ਅਨੁਸਾਰ ਦਵਾਈਆਂ ਦਿੱਤੀਆਂ ਗਈਆਂ। ਲੋੜਵੰਦਾਂ ਦੇ ਨਵੇਂ ਜਬਾੜੇ ਤਿਆਰ ਕਰਨ ਦੀ ਅਗਲੀ ਪ੍ਰਕ੍ਰਿਆ ਪੂਰੀ ਕੀਤੀ ਗਈ। ਇਸ ਤੋਂ ਇਲਾਵਾ, ਮਰੀਜ਼ਾਂ ਦੇ ਟੁੱਟੇ ਦੰਦਾਂ ਦੀ ਫਿਲਿੰਗ ਵੀ ਕੀਤੀ ਗਈ। ਮਲਕੀਅਤ ਸਿੰਘ ਰਘਬੋਤਰਾ ਨੇ ਦੱਸਿਆ ਕਿ ਅਗਲਾ ਕੈਂਪ 15 ਜੁਲਾਈ ਦਿਨ ਮੰਗਲਵਾਰ ਨੂੰ ਲਗਾਇਆ ਜਾਵੇਗਾ। ਇਸ ਮੌਕੇ ਟੀ.ਡੀ. ਚਾਵਲਾ, ਕ੍ਰਿਸ਼ਨ ਕੁਮਾਰ, ਕੁਲਦੀਪ ਦੁੱਗਲ, ਮੋਹਨ ਲਾਲ ਤਨੇਜਾ, ਰੂਪ ਲਾਲ, ਗੁਲਸ਼ਨ ਕਪੂਰ, ਸੁਧਾ ਬੇਦੀ, ਜੁਨੇਸ਼ ਜੈਨ, ਐਨ.ਐਸ. ਸੈਣੀ ਆਦਿ ਹਾਜਰ ਸਨ।

# ਇਸਤਰੀ ਸਤਿਸੰਗ ਸਮਾਗਮ ਕਰਵਾਇਆ



**ਬਸਤੀ ਸ਼ੇਖ ਜਲੰਧਰ (ਲਖਵਿੰਦਰ ਸਿੰਘ)**

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ 430ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਮਹਾਨ ਇਸਤਰੀ ਸੰਤਸੰਗ ਸਮਾਗਮ ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ ਅਤੇ ਬਾਬਾ ਦੀਪ ਸਿੰਘ ਨਗਰ, ਨੇੜੇ ਰੇਰੂ ਚੌਂਕ ਜਲੰਧਰ ਵਿਖੇ ਕਰਵਾਇਆ ਗਿਆ, ਜਿਸ ਵਿੱਚ ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ ਵਿਖੇ ਜਥੇ ਨੇ ਰਸਭਿੰਨੇ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ 'ਤੇ ਬੀਬੀ ਮਨਜੀਤ ਕੌਰ, ਬੀਬੀ ਗੁਰਨਾਮ ਕੌਰ, ਬੀਬੀ ਹਰਜੀਤ ਕੌਰ, ਬੀਬੀ ਮਨਜਿੰਦਰ ਕੌਰ, ਬੀਬੀ ਰੰਧਾਵਾ ਤੋਂ ਇਲਾਵਾ ਇਸ ਸੰਤਸੰਗ ਵਿਚ ਹੋਰ ਵੀ ਬਹੁਤ ਸਾਰੀਆਂ ਬੀਬੀਆਂ ਹਾਜਰ ਸਨ। ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਰਾਮ ਸਿੰਘ ਭੱਟੀ ਨੇ ਦੱਸਿਆ ਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਮਹਾਨ ਇਸਤਰੀ ਸੰਤਸੰਗ ਸਮਾਗਮ ਜਲੰਧਰ ਦੇ ਹੋਰ ਵੀ ਗੁਰਦੁਆਰਿਆਂ ਵਿੱਚ ਲੜੀ ਵਾਰ ਕੀਤੇ ਜਾ ਰਹੇ ਹਨ।



ਰੋਜ਼ਾ ਸ਼ਰੀਫ਼ ਮੰਢਾਲੀ ਵਿਖੇ ਮੇਲੇ 'ਤੇ ਗੱਦੀ ਨਸ਼ੀਨ ਸਾਈਂ ਉਮਰੇ ਸ਼ਾਹ ਕਾਦਰੀ ਪੰਜਾਬ ਕੰਟੇਨਰ ਅਤੇ ਵੇਅਰ ਹਾਊਸ ਕਾਰਪੋਰੇਸ਼ਨ ਦੇ ਚੇਅਰਮੈਨ ਡਾ. ਸੁਖਵਿੰਦਰ ਕੁਮਾਰ ਸੁੱਖੀ ਵਿਧਾਇਕ ਬੰਗਾ ਨੂੰ ਸਨਮਾਨਿਤ ਕਰਦੇ ਹੋਏ। (ਫੋਟੋ ਵੇਰਵਾ : ਅਵਤਾਰ ਕਲੇਰ, ਬੰਗਾ)

# ਗਊਆਂ ਲਈ ਚੋਕਰ, ਗੁੜ ਤੇ ਕਾਲਾ ਲੂਣ ਦਿੱਤਾ

**ਬਿਲਗਾ (ਵਿਜੇ ਕੁਮਾਰ)**




ਲਾਇਨ ਕਲੱਬ ਬਿਲਗਾ ਆਸਥਾ ਅਤੇ ਭਾਰਤੀ ਵਿਕਾਸ ਪ੍ਰੀਸ਼ਦ ਦੇ ਮੈਂਬਰਾਂ ਨੇ ਰਲ ਕੇ ਸ੍ਰੀ ਰਾਮ ਗਊਸ਼ਾਲਾ ਵਿਖੇ ਗਊਆਂ ਲਈ ਚੋਕਰ ਗੁੜ ਤੇ ਲੂਣ ਦਾਨ ਦਿੱਤਾ। ਇਸ ਮੌਕੇ ਲਾਇਨ ਕਲੱਬ ਪ੍ਰਧਾਨ ਲਾਈਨ ਭੁਪਿੰਦਰ ਕੁਮਾਰ ਕੈਸ਼ੀਅਰ ਲਾਈਨ ਤੀਰਥ ਰਾਮ, ਅਤੇ ਲਾਇਨ ਸਤੀਸ਼ ਕੁਮਾਰ,, ਬਹਾਦਰ ਸਿੰਘ ਸੈਕਟਰੀ , ਸੁਖਰਾਮ ਪੀਆਰਓ ,ਸੀਨੀਅਰ ਲਾਇਨ ਰਵੀ ਸ਼ਰਮ,ਪੰਡਿਤ ਜਗਦੀਸ਼ ਪੋਹਲੀ , ਲਾਇਨ ਕਮਲਜੀਤ ਕਾਲੀਆ, ਲਾਇਨ ਵਿਜੇ ਕੁਮਾਰ,ਲਾਇਨ ਪ੍ਰਸ਼ਕਰ ਕੁਮਾਰ ਅਤੇ ਹੋਰ ਮੈਂਬਰ ਹਾਜਰ ਸਨ। ਇਸ ਮੌਕੇ ਲਾਈਨ ਪ੍ਰਿੰਸੀਪਲ ਰਵੀ ਸ਼ਰਮਾ ਨੇ ਦੱਸਿਆ ਕਿ ਗਵਰਨਰ ਬੀ ਐਮ ਗੋਇਲ ਦੇ ਦਿਸ਼ਾ ਨਿਰਦੇਸ਼ਾਂ 'ਤੇ ਇਹ ਪ੍ਰੋਜੈਕਟ ਕੀਤੇ ਗਏ ਹਨ। ਲਾਇਨ ਕਲੱਬ ਬਿਲਗਾ ਆਸਥਾ ਅਤੇ ਭਾਰਤੀ ਵਿਕਾਸ ਪ੍ਰੀਸ਼ਦ ਯੂਨਿਟ ਬਿਲਗਾ ਰਲ ਕੇ ਸੇਵਾ ਦੇ ਕਾਰਜ ਕਰਦੇ ਰਹਿੰਦੇ ਹਨ। ਉਨ੍ਹਾਂ ਇਥੇ ਆਏ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ।

# ਨਵੀਆਂ ਕੰਪਨੀਆਂ ਨੂੰ ਲਿਆਉਣ 'ਤੇ ਪਾਵਰਕਾਮ ਸੀ ਐੱਚ ਬੀ ਕਾਮਿਆਂ ਵੱਲੋਂ ਹੜਤਾਲ ਸ਼ੁਰੂ

**ਰੂਪਨਗਰ (ਹਰਨਾਮ ਸਿੰਘ ਡੱਲਾ)**

ਪਾਵਰਕਾਮ ਐਂਡ ਟਰਾਂਸਕੋ ਠੇਕਾ ਮੁਲਾਜ਼ਮ ਯੂਨੀਅਨ ਪੰਜਾਬ ਵਲੋਂ ਆਪਣੀਆਂ ਹੱਕੀ ਅਤੇ ਜਾਇਜ਼ ਮੰਗਾਂ ਦੀ ਪ੍ਰਾਪਤੀ ਲਈ ਲਗਾਤਾਰ ਸੰਘਰਸ਼ ਕੀਤਾ ਜਾ ਰਿਹਾ ਹੈ। ਮੀਟਿੰਗ ਦੀ ਜਾਣਕਾਰੀ ਸਾਂਝੀ ਕਰਦਿਆਂ ਸੂਬਾ ਪ੍ਰਧਾਨ ਬਲਿਹਾਰ ਸਿੰਘ ਕਟਾਰੀਆਂ ਸੂਬਾ ਜਨਰਲ ਸਕੱਤਰ ਰਾਜੇਸ਼ ਕੁਮਾਰ ਮੌੜ ਸੂਬਾ ਸਹਾਇਕ ਸਕੱਤਰ ਟੇਕ ਚੰਦ ਦਫਤਰੀ ਸਕੱਤਰ ਸ਼ੇਰ ਸਿੰਘ ਪ੍ਰੈਸ ਸਕੱਤਰ ਇੰਦਰਪ੍ਰੀਤ ਸਿੰਘ ਨੇ ਦੱਸਿਆ ਕਿ ਆਊਟਸੋਰਸਡ ਠੇਕਾ ਕਾਮਿਆਂ ਨੂੰ ਸਿੱਧਾ ਵਿਭਾਗ ਵਿੱਚ ਰੈਗੂਲਰ ਕਰਨ, ਘੱਟੋ ਘੱਟ ਗੁਜ਼ਾਰੇ ਯੋਗ ਤਨਖਾਹ 1948 ਜਾਂ 15ਵੀਂ ਲੇਬਰ ਕਾਨਫਰੰਸ ਤਹਿਤ ਲਾਗੂ ਕਰਨ, ਨਿੱਜੀਕਰਨ ਦੀ ਨੀਤੀ ਨੂੰ ਰੱਦ ਕਰਕੇ ਠੇਕੇਦਾਰੀ ਪ੍ਰਥਾ ਨੂੰ ਬੰਦ ਕਰਨ ਸਮੇਤ ਬਿਜਲੀ ਦਾ ਕਰੰਟ ਲੱਗਣ ਕਾਰਨ ਮੌਤ ਦੇ ਮੂੰਹ ਪਏ ਅਤੇ ਅਪੰਗ ਹੋਏ ਕਾਮਿਆ ਨੂੰ ਪੱਕੀ ਨੌਕਰੀ ਪੈਨਸ਼ਨ ਦੀ ਗਰੰਟੀ ਕਰਵਾਉਣ ਦੀ ਮੰਗ ਨੂੰ ਲੈ ਕੇ ਲਗਾਤਾਰ ਰੋਸ ਪ੍ਰਦਰਸ਼ਨ ਕੀਤੇ ਜਾ ਰਹੇ ਹਨ। ਪਿਛਲੇ ਦਿਨੀਂ ਵਿੱਤ ਮੰਤਰੀ ਨਾਲ ਹੋਈ ਮੀਟਿੰਗ ਤੋਂ ਬਾਅਦ ਸਮੇਤ ਮੁੱਖ ਮੰਤਰੀ ਭਗਵੰਤ ਮਾਨ ਸਮੇਤ ਬਿਜਲੀ ਮੰਤਰੀ ਹਰਭਜਨ ਸਿੰਘ ਤੇ ਚੀਫ ਸੈਕਟਰੀ ਮੁੱਖ ਮੰਤਰੀ ਅਤੇ ਬਿਜਲੀ ਵਿਭਾਗ ਦੇ ਪ੍ਰਮੁੱਖ ਸਕੱਤਰ/ਸੀਐਮਡੀ ਸਮੇਤ ਪ੍ਰਮੁੱਖ ਸਕੱਤਰ ਵਿੱਤ ਵਿਭਾਗ ਅਤੇ ਪ੍ਰਮੁੱਖ ਸਕੱਤਰ ਪ੍ਰਸੋਨਲ ਵਿਭਾਗ ਦੇ ਅਧਿਕਾਰੀ ਨਾਲ ਮੀਟਿੰਗ ਪੁਲਸ ਅਕੈਡਮੀ ਫਿਲੌਰ ਵਿਖੇ ਮੀਟਿੰਗ ਹੋਈ ਸੀ। ਮੁੱਖ ਮੰਤਰੀ ਦੀ ਸਿਹਤ ਠੀਕ ਨਾ ਹੋਣ ਕਾਰਨ ਇਹ ਮੀਟਿੰਗ ਪੀਸੀ ਰਾਹੀਂ ਮੀਟਿੰਗ ਕੀਤੀ ਅਤੇ ਬਾਕੀ ਬਿਜਲੀ ਮੰਤਰੀ ਸਮੇਤ ਅਧਿਕਾਰੀ ਮੌਜੂਦ ਰਹੇ ਸਨ। ਮੀਟਿੰਗ ਵਿੱਚ ਲੰਮਾ ਸਮਾਂ ਗੱਲਬਾਤ ਚੱਲਣ ਤੇ ਠੇਕਾ ਕਾਮਿਆਂ ਦੀ ਜਥੇਬੰਦੀ ਆਗੂਆਂ ਨੇ ਮੰਗ ਕੀਤੀ ਕਿ ਆਊਟਸੋਰਸ ਠੇਕਾ ਕਾਮਿਆਂ ਨੂੰ ਸਿੱਧਾ ਵਿਭਾਗ ਵਿੱਚ ਸ਼ਾਮਿਲ ਕਰਨ, ਘੱਟੋ ਘੱਟ ਗੁਜ਼ਾਰੇ ਯੋਗ 1948 ਐਕਟ ਮੁਤਾਬਿਕ ਜਾਂ 15ਵੀਂ ਲੇਬਰ ਕਾਨਫਰੰਸ ਦੀਆਂ ਹਦਾਇਤਾਂ ਅਨੁਸਾਰ ਤਨਖਾਹ ਜਾਰੀ ਕਰਨ ਅਤੇ ਬਿਜਲੀ ਖੇਤਰ ਦਾ ਨਿਜੀਕਰਨ ਰੱਦ ਕਰਨ ਠੇਕੇਦਾਰ ਪ੍ਰਥਾ ਨੂੰ ਰੱਦ ਕਰਨ ਅਤੇ ਬਿਜਲੀ ਦਾ ਕਰੰਟ ਲੱਗਣ ਕਾਰਨ ਜਾਨਾਂ ਗਵਾ ਚੁੱਕੇ ਠੇਕਾ ਕਾਮਿਆਂ ਦੇ ਵਾਰਸਾ ਨੂੰ ਨੌਕਰੀ ਪੈਨਸ਼ਨ ਦੀ ਗਰੰਟੀ ਕਰਨ ਉੱਤੇ ਮੁੱਖ ਮੰਤਰੀ ਨਾਲ ਚਰਚਾ ਹੋਈ ਸੀ। ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਵੱਲੋਂ ਭਰੋਸਾ ਦਵਾਇਆ ਗਿਆ ਸੀ ਕਿ ਆਊਟ ਸੋਰਸਡ ਠੇਕਾ ਕਾਮਿਆਂ ਨੂੰ ਸਿੱਧਾ ਵਿਭਾਗ ਵਿੱਚ ਸ਼ਾਮਿਲ ਕਰਨ, ਦਾ ਡਰਾਫਟ ਤਿਆਰ ਕਰਨ ਅਤੇ ਤਨਖਾਹਾਂ ਵਿੱਚ ਵਾਧੇ ਕਰਨ ਸਮੇਤ ਹੋਰ ਮੰਗਾਂ ਲਈ ਮੁੱਖ ਮੰਤਰੀ ਵਲੋਂ ਬਿਜਲੀ ਮੰਤਰੀ ਦੀ ਡਿਊਟੀ ਲਗਾਈ ਗਈ ਮੰਗਾਂ ਦਾ ਨਿਪਟਾਰਾਂ ਕੀਤਾ ਜਾਵੇ ਅਤੇ 15 ਦਿਨਾਂ ਦੇ ਅੰਦਰ ਅੰਦਰ ਜਥੇਬੰਦੀ ਨਾਲ ਦੁਬਾਰਾ ਮੀਟਿੰਗ ਕੀਤੀ ਜਾਵੇਗੀ ਇਹਨਾਂ ਸਾਰੀਆਂ ਮੰਗਾਂ ਦਾ ਲਿਖਤੀ ਪੱਤਰ ਮੈਨੇਜਰ ਆਈਆਰ ਪੀਐਸਪੀਸੀਐਲ ਵੱਲੋਂ ਜਾਰੀ ਕੀਤਾ ਗਿਆ। ਜਥੇਬੰਦੀ ਵੱਲੋਂ ਆਪਣਾ ਹੜਤਾਲ ਪ੍ਰੋਗਰਾਮ ਨੂੰ ਅੱਗੇ ਪਾ ਦਿੱਤਾ ਗਿਆ ਸੀ ਇਸ ਗੱਲ ਦੀ ਸਰਕਾਰ ਅਤੇ ਬੋਰਡ ਮੈਨੇਜਮੈਂਟ ਨੂੰ ਚੇਤਾਵਨੀ ਦਿੱਤੀ ਕਿ ਜੇਕਰ 15 ਦਿਨ ਦੇ ਅੰਦਰ ਅੰਦਰ ਮਸਲਾ ਹੱਲ ਨਹੀਂ ਹੁੰਦਾ ਤਾਂ ਸਮੂਹ ਸੀਐਚਬੀ ਠੇਕਾ ਕਾਮੇ ਦੁਬਾਰਾ ਹੜਤਾਲ ਕਰਨ ਲਈ ਮਜਬੂਰ ਹੋਣਗੇ ਪਰ ਅੱਜ 15 ਦਿਨਾਂ ਤੋਂ ਉਪਰ ਦਾ ਸਮਾਂ ਬੀਤ ਜਾਣ ਦੇ ਬਾਵਜੂਦ ਮੁੱਖ ਮੰਤਰੀ ਵਲੋਂ ਟਾਲਾ ਵੱਟਿਆ ਗਿਆ ਅਤੇ ਨਵੀਆਂ ਕੰਪਨੀਆਂ ਬਿਜਲੀ ਵਿਭਾਗ ਅੰਦਰ ਨਵੇਂ ਟੈਂਡਰ ਨਿਯੁਕਤ ਕਰ ਦਿੱਤੇ ਗਏ ਅਤੇ ਪੁਰਾਣੀਆਂ ਕੰਪਨੀਆਂ ਵੱਲ ਕਰੋੜਾਂ ਰੁਪਏ ਦੇ ਪੁਰਾਣੇ ਪਏ ਬਕਾਏ ਜਾਰੀ ਨਹੀਂ ਕੀਤੇ ਗਏ ਪੁਰਾਣੇ ਠੇਕੇਦਾਰ ਅਤੇ ਕੰਪਨੀਆਂ ਵੱਲੋਂ ਠੇਕਾ ਕਾਮਿਆਂ ਦੀ ਅੰਨੀ ਲੁੱਟ ਕੀਤੀ ਗਈ ਜਿਸ ਦੇ ਕਾਰਨ ਠੇਕਾ ਕਾਮਿਆਂ ਨੇ ਮੰਗ ਕੀਤੀ ਕਿ ਠੇਕੇਦਾਰ ਕੰਪਨੀਆਂ ਨੂੰ ਬਾਹਰ ਕੱਢ ਠੇਕਾ ਕਾਮਿਆਂ ਨੂੰ ਸਿੱਧਾ ਬਿਜਲੀ ਵਿਭਾਗ ਵਿੱਚ ਰੈਗੂਲਰ ਕੀਤਾ ਜਾਵੇ ਅਤੇ ਘੱਟੋ ਘੱਟ ਗੁਜ਼ਾਰੇ ਜੋ ਤਨਖਾਹ ਲਾਗੂ ਕੀਤੀ ਜਾਵੇ ਅਤੇ ਹਾਦਸਾ ਹੋਣ ਦੀ ਸੂਰਤ ਵਿੱਚ ਪਰਿਵਾਰਿਕ ਮੈਂਬਰ ਨੂੰ ਪੱਕੀ ਨੌਕਰੀ ਪੱਕੀ ਪੈਨਸ਼ਨ ਦੀ ਗਰੰਟੀ ਕੀਤੀ ਜਾਵੇ ਇਹਨਾਂ ਮੰਗਾਂ ਦਾ ਹੱਲ ਨਾ ਹੋਣ ਦੀ ਸੂਰਤ ਠੇਕਾ ਕਾਮਿਆਂ ਚ ਭਾਰੀ ਰੋਸ ਪਾਇਆ ਜਾ ਰਿਹਾ ਹੈ ਅੱਜ ਬਿਜਲੀ ਵਿਭਾਗ ਦੇ ਠੇਕਾ ਕਾਮਿਆਂ ਨੇ ਮੁਕੰਮਲ ਹੜਤਾਲ ਕਰ ਮਿਤੀ 3 ਜੁਲਾਈ 2025 ਨੂੰ ਪਾਵਰ ਕੌਮ ਦੇ ਮੁੱਖ ਦਫਤਰ ਅੱਗੇ ਧਰਨਾ ਦੇਣ ਦਾ ਫੈਸਲਾ ਕੀਤਾ ਅਤੇ ਮੰਗਾਂ ਨੂੰ ਹੱਲ ਨਾ ਹੋਣ ਦੀ ਸੂਰਤ ਚ ਲਗਾਤਾਰ ਸੰਘਰਸ਼ ਜਾਰੀ ਰੱਖਣ ਦਾ ਫੈਸਲਾ ਕੀਤਾ।



# ਸੈਣੀ ਨੇ ਨਵੀਨ ਪੂਨਿਆ ਨੂੰ ਭਾਰਤੀ ਮਹਿਲਾ ਹੈਂਡਬਾਲ ਟੀਮ ਦਾ ਕੋਚ ਬਨਣ 'ਤੇ ਦਿੱਤੀ ਵਧਾਈ

**ਚੰਡੀਗੜ੍ਹ, (ਕ੍ਰਿਸ਼ਨ ਗਰਗ)** - ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਨਵੀਨ ਪੂਨਿਆ ਨੂੰ ਭਾਰਤੀ ਮਹਿਲਾ ਹੈਂਡਬਾਲ ਟੀਮ ਦਾ ਕੋਚ ਬਨਣ 'ਤੇ ਵਧਾਈ ਅਤੇ ਸ਼ੁਭਕਾਮਨਾਵਾਂ ਦਿੱਤੀਆਂ ਹਨ। ਨਵੀਨ ਪੂਨਿਆ ਇੱਕ ਬਹੁ ਪ੍ਰਤਿਭਾ ਦੇ ਧਨੀ ਹੈ। ਸੇਨਾ ਵਿੱਚ ਰਹਿੰਦੇ ਹੋਏ ਵੀ ਉਨ੍ਹਾਂ ਨੇ ਆਪਣੀ ਖੇਡ ਪ੍ਰਤਿਭਾ ਤੇ ਸਾਡੇ ਲੋਕ ਸਭਿਆਚਾਰ ਨੂੰ ਪ੍ਰੋਤਸਾਹਨ ਦੇਣ ਵਿੱਚ ਅਹਿਮ ਯੋਗਦਾਨ ਦਿੱਤਾ ਹੈ।ਇੱਥੇ ਜਾਰੀ ਇੱਕ ਵਧਾਈ ਸੰਦੇਸ਼ ਵਿੱਚ ਸ੍ਰੀ ਨਾਇਬ ਸਿੰਘ ਸੈਣੀ ਨੇ ਆਸ ਵਿਅਕਤ ਕੀਤੀ ਕਿ ਨਵੀਨ ਪੂਨਿਆ ਕੋਚ ਵਜੋ ਭਾਰਤੀ ਮਹਿਲਾ ਟੀਮ ਨੂੰ ਨਵੀਂ ਉਚਾਈਆਂ 'ਤੇ ਪਹੁੰਚਾਉਣਗੇ ਅਤੇ ਟੀਮ ਕੌਮਾਂਤਰੀ ਪੱਧਰ 'ਤੇ ਮੈਡਲ ਜਿੱਤ ਕੇ ਸੂਬੇ ਤੇ ਦੇਸ਼ ਦਾ ਨਾਂਅ ਰੋਸ਼ਨ ਕਰੇਗੀ। ਨਵੀਨ ਪੂਨਿਆ ਭਾਰਤੀ ਹੈਂਡਬਾਲ ਟੀਮ ਦੇ ਉੱਪ ਕਪਤਾਨ ਵੀ ਰਹਿ ਚੁੱਕੇ ਹਨ ਅਤੇ ਕਈ ਕੌਮਾਂਤਰੀ ਮੁਕਾਬਲਿਆਂ ਵਿੱਚ ਭਾਰਤੀ ਟੀਮ ਨੂੰ ਮੈਡਲ ਜਿੱਤਵਾਉਣ ਵਿੱਚ ਅਹਿਮ ਭੂਮਿਕਾ ਨਿਭਾ ਚੁੱਕਾ ਹੈ। ਉਨ੍ਹਾਂ ਨੇ ਕਿਹਾ ਕਿ ਨਵੀਨ ਪੂਨਿਆ ਇਸ ਤੋਂ ਪਹਿਲਾਂ ਵੀ ਨਸ਼ਾ ਮੁਕਤ ਹਰਿਆਣਾ ਮੁਹਿੰਮ ਚਲਾਉਣ ਵਿੱਚ ਆਪਣੇ ਗਾਣਿਆਂ ਰਾਹੀਂ ਨੌਜੁਆਨਾਂ ਨੂੰ ਜਾਗਰੂਕ ਕਰ ਚੁੱਕੇ ਹਨ।

# ਪੀ ਐੱਸ ਟੀ ਸੀ ਐੱਲ 'ਚ 33 ਸਾਲ ਦੀ ਬੇਦਾਗ ਸੇਵਾ ਉਪਰੰਤ ਲਾਡੀ ਸੈਣੀ ਹੋਏ ਸੇਵਾ-ਮੁਕਤ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਿਟਡ (ਪੀਐਸਟੀਸੀਐਲ) ਪੰਜਾਬ ਵਿੱਚ ਲਾਈਨਮੈਨ ਵਜੋਂ 33 ਸਾਲ ਦੀ ਬੇਦਾਗ ਸੇਵਾ ਉਪਰੰਤ ਇੰਦਰਜੀਤ ਸਿੰਘ ਲਾਡੀ ਸੈਣੀ ਬੀਤੇ ਦਿਨ ਸੇਵਾ ਮੁਕਤ ਹੋ ਗਏ । ਉਹਨਾਂ ਦੀ ਸੇਵਾ ਮੁਕਤੀ 'ਤੇ ਏਓਟੀਐਲ ਟਰਾਂਸਮਿਸ਼ਨ ਲਾਈਨ ਵਿੰਗ ਹੁਸ਼ਿਆਰਪੁਰ ਵਿਖੇ ਮਹਿਕਮੇ ਵੱਲੋਂ ਵਿਦਾਇਗੀ ਪਾਰਟੀ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਉਚੇਚੇ ਤੌਰ 'ਤੇ ਐਕਸੀਅਨ ਮਨਜਿੰਦਰ ਸਿੰਘ,ਐੱਸਡੀਓ ਸੱਤਪਾਲ ਸਿੰਘ, ਐੱਸਡੀਓ ਪ੍ਰਵੇਸ਼ ਗੁਪਤਾ, ਜੇਈ ਵਿਕਾਸ ਜੈਰਥ, ਜੇਈ ਪ੍ਰਿੰਸ ਮੱਲ੍ਹੀ, ਕਮਲਜੀਤ ਸਿੰਘ ਤੇ ਵਿਜੇ ਲਾਈਨਮੈਨ ਅਤੇ ਹੋਰ ਕਰਮਚਾਰੀ ਹਾਜ਼ਰ ਹੋਏ । ਐਕਸੀਅਨ ਮਨਜਿੰਦਰ ਸਿੰਘ ਨੇ ਲਾਈਨਮੈਨ ਇੰਦਰਜੀਤ ਸਿੰਘ ਨੂੰ ਸੇਵਾ ਮੁਕਤੀ 'ਤੇ ਵਧਾਈ ਦਿੰਦਿਆਂ ਕਿਹਾ ਕਿ ਉਨਾਂ ਨੇ ਬੜੀ ਮਿਹਨਤ, ਲਗਨ ਤੇ ਇਮਾਨਦਾਰੀ ਨਾਲ ਵਿਭਾਗ ਦੀ ਸੇਵਾ ਕੀਤੀ ਹੈ। ਉਨ੍ਹਾਂ ਦੇ ਸੇਵਾ ਮੁਕਤ ਹੋ ਜਾਣ ਨਾਲ ਸਾਨੂੰ ਸਾਰਿਆਂ ਨੂੰ ਵੱਡਾ ਘਾਟਾ ਪਵੇਗਾ ਪਰ ਖੁਸ਼ੀ ਵਾਲੀ ਗੱਲ ਹੈ ਕਿ ਅਕਾਲ ਪੁਰਖ ਦੀ ਮਿਹਰ ਸਦਕਾ ਸੁਖੀ ਸਾਂਦੀ ਆਪਣੇ ਘਰ ਪਰਵਾਰ ਵਿੱਚ ਜਾ ਰਹੇ ਹਨ ਕਿਉਂਕਿ ਅਜੋਕੇ ਸਮੇਂ ਵਿੱਚ ਬਿਜਲੀ ਵਿਭਾਗ ਵਿੱਚੋਂ ਸੁੱਖੀਂ ਸਾਂਦੀਂ ਬੇਦਾਗ ਸੇਵਾ ਉਪਰੰਤ ਆਪਣੇ ਘਰ ਜਾਣਾ ਵੱਡੇ ਭਾਗਾਂ ਵਾਲੀ ਗੱਲ ਹੈ ਉਨ੍ਹਾਂ ਦੱਸਿਆ ਕਿ 12000 ਕੇਵੀ ਵਾਲੀਆਂ ਲਾਈਨਾਂ 'ਤੇ ਕੰਮ ਕਰਨਾ ਜਾਨ ਖਤਰੇ ਵਿੱਚ ਪਾ ਕੇ ਵੱਡੇ ਜ਼ੋਖਮ ਮੁੱਲ ਲੈਣ ਵਾਲੀ ਗੱਲ ਹੁੰਦੀ ਹੈ । ਇਸ ਮੌਕੇ ਮੰਚ ਸੰਚਾਲਨ ਕਰਦਿਆਂ ਜੇਈ ਵਿਕਾਸ ਜੈਰਥ ਨੇ ਦੱਸਿਆ ਕਿ ਇੰਦਰਜੀਤ ਸਿੰਘ ਲਾਡੀ ਸੈਣੀ ਨੇ ਸਾਲ 1992 ਵਿੱਚ ਬਿਜਲੀ ਵਿਭਾਗ ਵਿੱਚ ਕੱਚੇ ਮੁਲਾਜ਼ਮ ਵੱਜੋਂ ਆਪਣੀ ਸੇਵਾ ਆਰੰਭ ਕੀਤੀ ਸੀ ਅਤੇ ਸਾਲ ਵਿੱਚ ਪੱਕੇ ਮੁਲਾਜ਼ਮ ਵੱਜੋਂ ਸਾਲ 2006 ਏਐਲਐਮ, ਸਾਲ 2019 ਐਲਐਮ ਵੱਜੋਂ ਸਾਰੇ ਸਹਿਯੋਗੀਆਂ ਨਾਲ ਪਿਆਰ ਮੁਹੱਬਤ ਨਾਲ 33 ਸਾਲ ਦੀ ਬੇਦਾਗ ਸੇਵਾ ਕੀਤੀ। ਐੱਸਡੀਓ ਸੱਤਪਾਲ ਸਿੰਘ, ਐੱਸਡੀਓ ਪ੍ਰਵੇਸ਼ ਗੁਪਤਾ ਨੇ ਵੀ ਸੇਵਾ ਮੁਕਤ ਹੋ ਰਹੇ ਇੰਦਰਜੀਤ ਸਿੰਘ ਲਾਡੀ ਸੈਣੀ ਨੂੰ ਮੁਬਾਰਕਬਾਦ ਦਿੱਤੀ ਇਸ ਉਪਰੰਤ ਵਿਭਾਗ ਵੱਲੋਂ ਯਾਦਗਾਰੀ ਚਿੰਨ੍ਹ ਅਤੇ ਤੋਹਫ਼ਿਆਂ ਨਾਲ ਸਨਮਾਨਿਤ ਕੀਤਾ ਗਿਆ। ਗੁਰਦੁਆਰਾ ਸ੍ਰੀ ਹਰਿ ਜੀ ਸਹਾਇ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਅਤੇ ਕੀਰਤਨ ਕੀਤਾ ਗਿਆ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜਸਵਿੰਦਰ ਸਿੰਘ ਪਰਮਾਰ ਤੇ ਦਰਸ਼ਨ ਸਿੰਘ ਪਲਾਹਾ ਪ੍ਰਧਾਨ ਵੱਲੋਂ ਸਿਰੋਪਾਓ ਦੇ ਕੇ ਇੰਦਰਜੀਤ ਸਿੰਘ ਲਾਡੀ ਸੈਣੀ ਨੂੰ ਸਨਮਾਨ ਦਿੱਤਾ ਗਿਆ।ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਾਇਆ । ਇਸ ਮੌਕੇ ਸਰਬਜੀਤ ਸਿੰਘ ਬਡਵਾਲ ਚੇਅਰਮੈਨ ਮੀਰੀ ਪੀਰੀ ਸੇਵਾ ਸਿਮਰਨ ਕਲੱਬ ਹੁਸ਼ਿਆਰਪੁਰ, ਬਰਿੰਦਰ ਸਿੰਘ ਪਰਮਾਰ,ਗੁਰਬਿੰਦਰ ਸਿੰਘ ਪਲਾਹਾ,ਮਾਸਟਰ ਸੁਖਵੰਤ ਸਿੰਘ ਸੈਣੀ, ਹਰਬੰਸ ਸਿੰਘ ਸੈਬ,ਹਰਬਖਸ਼ਪਾਲ ਸਿੰਘ, ਤਜਿੰਦਰ ਸਿੰਘ ਬਡਵਾਲ, ਜਸਵੰਤ ਸਿੰਘ ਸ਼ੈਂਟੀ, ਜਸਜੀਤ ਸਿੰਘ ਬਡਵਾਲ, ਇੰਦਰਪ੍ਰੀਤ ਸਿੰਘ ਬਡਵਾਲ, ਗੁਰਵਿੰਦਰ ਸਿੰਘ ਸ਼ਾਨੇ ਗੋਹਲ, ਸੁਖਵਿੰਦਰ ਸਿੰਘ ਸੈਣੀ ਅਤੇ ਹੋਰ ਸਖਸ਼ੀਅਤਾਂ ਹਾਜ਼ਰ ਸਨ ।

# ਖਾਲਸਾ ਕਾਲਜ ਦੇ ਦਫ਼ਤਰ ਸੁਪਰਡੈਂਟ ਅਮਰੀਕ ਸਿੰਘ ਦੀ ਸੇਵਾ-ਮੁਕਤੀ 'ਤੇ ਵਿਦਾਇਗੀ ਸਮਾਗਮ

**ਸੁਲਤਾਨਪੁਰ ਲੋਧੀ, (ਹਨੀ)**




ਗੁਰੂ ਨਾਨਕ ਖਾਲਸਾ ਕਾਲਜ ਕਾਲਜ ਦੇ ਦਫ਼ਤਰ ਸੁਪਰਡੈਂਟ ਅਮਰੀਕ ਸਿੰਘ ਦੀ ਸੇਵਾ ਮੁਕਤੀ ਮੌਕੇ ਵਿਦਾਇਗੀ ਸਮਾਗਮ ਦਾ ਆਯੋਜਨ ਕੀਤਾ ਗਿਆ । ਸਮਾਗਮ ਦੌਰਾਨ ਉਨ੍ਹਾਂ ਦੇ ਪਰਿਵਾਰਕ ਮੈਂਬਰ ਵੀ ਸ਼ਾਮਲ ਹੋਏ । ਇਸ ਮੌਕੇ ਕਾਲਜ ਮੈਨੇਜਿੰਗ ਕਮੇਟੀ ਦੇ ਸਕੱਤਰ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਕਾਲਜ ਦੀ ਮੈਨੇਜਿੰਗ ਕਮੇਟੀ ਦੇ ਪ੍ਰਧਾਨ ਇੰਜੀਨੀਅਰ ਸਵਰਨ ਸਿੰਘ, ਇੰਜੀਨੀਅਰ ਹਰਨਿਆਮਤ ਕੌਰ ਅਤੇ ਇੰਜੀਨੀਅਰ ਨਿਮਰਤਾ ਕੌਰ ਵਿਸੇਸ ਤੌਰ 'ਤੇ ਸਮਾਗਮ ਵਿਚ ਸ਼ਾਮਲ ਹੋਏ । ਜ਼ਿਕਰਯੋਗ ਹੈ ਕਿ ਸੁਪਰਡੈਂਟ ਅਮਰੀਕ ਸਿੰਘ ਨੇ ਕਾਲਜ ਪ੍ਰਤੀ 39 ਸਾਲ 7 ਮਹੀਨੇ ਦੀ ਸੇਵਾ ਨਿਭਾਈ। ਇਸ ਕਾਰਜਕਾਲ ਦੌਰਾਨ ਉਨ੍ਹਾਂ ਨੇ ਬਹੁਤ ਹੀ ਅਗਾਂਹਵਧੂ ਤੇ ਉਸਾਰੂ ਸੋਚ ਅਤੇ ਇਮਾਨਦਾਰੀ ਨਾਲ ਕਾਲਜ ਦੀ ਤਰੱਕੀ ਲਈ ਯੋਗਦਾਨ ਪਾਇਆ। ਇਸ ਦੌਰਾਨ ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਜਸਬੀਰ ਕੌਰ, ਡਾ. ਮਨੀ ਛਾਬੜਾ ਮੁਖੀ ਪੀ.ਜੀ ਡਿਪਾਰਟਮੈਂਟ ਆਫ ਕਾਮਰਸ, ਪ੍ਰੋ. ਰਾਜਪ੍ਰੀਤ ਕੌਰ ਮੁਖੀ ਪੀ. ਜੀ ਡਿਪਾਰਟਮੈਂਟ ਆਫ ਆਈ.ਟੀ ਅਤੇ ਕੰਪਿਊਟਰ ਵਿਭਾਗ, ਪ੍ਰੋ. ਰਾਜਦੀਪ ਕੌਰ ਜੋਸਨ ਮੁਖੀ ਪੀ. ਜੀ ਡਿਪਾਰਟਮੈਂਟ ਆਫ਼ ਆਰਟਸ ਅਤੇ ਪੰਜਾਬੀ ਵੱਲੋਂ ਅਮਰੀਕ ਸਿੰਘ ਨਾਲ ਕੰਮ ਕਰਨ ਦੇ ਆਪਣੇ ਤਜਰਬੇ ਅਤੇ ਉਹਨਾਂ ਦੇ ਬਹੁਤ ਹੀ ਸੁਚੱਜੀ ਸਖਸੀਅਤ ਦੇ ਮਾਲਿਕ ਹੋਣ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ ਗਏ। ਇਸ ਮੌਕੇ ਪ੍ਰੋ. ਗੁਰਪ੍ਰੀਤ ਕੌਰ ਸੰਗੀਤ ਵਿਭਾਗ ਵੱਲੋਂ ਇੱਕ ਸ਼ਾਨਦਾਰ ਗੀਤ ਪੇਸ ਕੀਤਾ ਗਿਆ ਅਤੇ ਪ੍ਰੋ.ਅਰਸਪ੍ਰੀਤ ਕੌਰ ਸੰਗੀਤ ਸਾਜ਼ ਵਿਭਾਗ ਵੱਲੋਂ ਅਮਰੀਕ ਸਿੰਘ ਦੀ ਸਖਸੀਅਤ ਨੂੰ ਦਰਸਾਉਂਦੀ ਬਹੁਤ ਸੁੰਦਰ ਕਵਿਤਾ ਪੇਸ ਕੀਤੀ ਗਈ। ਕਾਲਜ ਦੀ ਮੈਨੇਜਮੈਂਟ ਕਮੇਟੀ, ਸਮੂਹ ਸਟਾਫ ਅਤੇ ਚੌਥਾ ਦਰਜਾ ਕਰਮਚਾਰੀਆਂ ਵੱਲੋਂ ਅਮਰੀਕ ਸਿੰਘ ਦੀ ਵਿਦਾਇਗੀ ਮੌਕੇ ਨੂੰ ਯਾਦਗਾਰ ਬਣਾਉਂਦਿਆਂ ਹੋਇਆਂ ਉਨ੍ਹਾਂ ਨੂੰ ਸਨਮਾਨ ਚਿੰਨ ਭੇਟ ਕੀਤੇ ਗਏ । ਮੰਚ ਦਾ ਸੰਚਾਲਨ ਪ੍ਰੋ.ਰਿਸ਼ੂ ਬਾਲਾ ਨੇ ਕੀਤਾ। ਇਸ ਮੌਕੇ ਪ੍ਰੋ. ਸੁਖਪਾਲ ਸਿੰਘ ਕੁਆਡੀਨੇਟਰ ਲੜਕੀਆਂ ਵਿੰਗ,ਪ੍ਰੋ. ਜੁਗਰਾਜ ਸਿੰਘ,ਪ੍ਰੋ.ਹਰਪ੍ਰੀਤ ਸਿੰਘ,ਪ੍ਰੋ.ਸਰਬਜੀਤ ਕੌਰ,ਪ੍ਰੋ. ਕੋਮਲਪ੍ਰੀਤ ਕੌਰ ਪ੍ਰੋ. ਇਸ਼ਿਤਾ,ਪ੍ਰੋ. ਜਸਪ੍ਰੀਤ ਕੌਰ, ਪ੍ਰੋ. ਜਸਵੀਰ ਕੌਰ, ਪ੍ਰੋ. ਸੰਦੀਪ ਕੌਰ,ਪ੍ਰੋ. ਹਰਜਾਪ ਸਿੰਘ, ਪ੍ਰੋ. ਦਿਕਸਾ ਡੋਗਰਾ, ਪ੍ਰੋ. ਹਰਦੀਸ ਕੌਰ,ਪ੍ਰੋ. ਹਰਿੰਦਰ ਕੌਰ, ਪ੍ਰੋ. ਅਮਨਪ੍ਰੀਤ ਕੌਰ,ਪ੍ਰੋ. ਰਮਨਦੀਪ ਕੌਰ,ਪ੍ਰੋ. ਨਿਵਿਆ ਸਰਮਾ,ਪ੍ਰੋ. ਰਮਨਦੀਪ,ਪ੍ਰੋ. ਹਰਿੰਦਰ ਕੌਰ, ਪ੍ਰੋ. ਅਮਨਦੀਪ ਕੌਰ,ਸ਼੍ਰੀਮਤੀ ਰਾਜ ਕੁਮਾਰੀ,ਮਿਸ ਕਮਲਜੀਤ ਕੌਰ,ਮਿਸ ਸਰਨਜੀਤ ਕੌਰ, ਰਜਿੰਦਰ ਸਿੰਘ ਆਦਿ ਹਾਜਰ ਰਹੇ।

# ਸਰਕਾਰੀ ਹਸਪਤਾਲ 'ਚ ਡਾਕਟਰਾਂ ਦੀ ਘਾਟ ਨੂੰ ਪੂਰਾ ਕੀਤਾ ਜਾਵੇ : ਰਾਹੁਲ ਖੰਨਾ

**ਟਾਂਡਾ ਉੜਮੁੜ (ਓਂਕਾਰ ਸਿੰਘ ਜਸਵਿੰਦਰ ਸੰਧੂ)** ਟਾਂਡਾ ਤਹਿਸੀਲ ਬਣ ਜਾਣ ਉਪਰੰਤ ਵੀ ਸਰਕਾਰੀ ਹਸਪਤਾਲ ਟਾਂਡਾ ਵਿੱਚ ਵੱਖ ਵੱਖ ਸਪੈਸ਼ਲਿਸਟ ਡਾਕਟਰਾਂ ਦੀ ਘਾਟ ਨੂੰ ਪੂਰਾ ਕਰਨ, 30 ਬੈਡ ਦੇ ਹਸਪਤਾਲ ਨੂੰ 100 ਬੈਡ ਦਾ ਹਸਪਤਾਲ ਬਣਾਉਣ ਅਤੇ ਹਸਪਤਾਲ ਵਿੱਚ ਬਲੱਡ ਬੈਂਕ ਸਥਾਪਿਤ ਕਰਨ ਸਬੰਧੀ ਸ਼ਿਵ ਸੈਨਾ ਹਿੰਦੁਸਤਾਨ ਦੇ ਪੰਜਾਬ ਕਾਰਜਕਾਰੀ ਪ੍ਰਧਾਨ ਰਾਹੁਲ ਖੰਨਾ ਦੀ ਅਗਵਾਈ ਵਿੱਚ ਇੱਕ ਵਫ਼ਦ ਨੇ ਹਲਕਾ ਟਾਂਡਾ ਵਿਧਾਇਕ ਜਸਵੀਰ ਸਿੰਘ ਰਾਜਾ ਗਿੱਲ ਨਾਲ ਮੁਲਾਕਾਤ ਕੀਤੀ। ਇਸ ਮੌਕੇ 'ਤੇ ਪ੍ਰਧਾਨ ਰਾਹੁਲ ਖੰਨਾ, ਜ਼ਿਲ੍ਹਾ ਚੇਅਰਮੈਨ ਵਿਵੇਕ ਵਿਜ਼ਨ, ਦੋਆਬਾ ਯੂਥ ਪ੍ਰਧਾਨ ਪ੍ਰਸ਼ਾਂਤ ਪੰਡਿਤ, ਜ਼ਿਲ੍ਹਾ ਵਾਈਸ ਚੇਅਰਮੈਨ ਸੰਜੀਵ ਖੰਨਾ, ਯੂਥ ਨੇਤਾ ਰਾਜੂ ਖੋਸਲਾ, ਜ਼ਿਲ੍ਹਾ ਪ੍ਰਧਾਨ ਪੁਨੀਤ ਚਿੰਗਾਰ, ਸਿਟੀ ਪ੍ਰਧਾਨ ਰਾਜੀਵ ਖੰਨਾ, ਯੂਥ ਸਿਟੀ ਪ੍ਰਧਾਨ ਗੁਰਨਾਮ ਸਿੰਘ ਗੋਲੀ, ਸਿਟੀ ਚੇਅਰਮੈਨ ਅਰੁਣ ਸੇਠੀ, ਦੀਪਕ ਮਹੰਤ, ਅਮਨ ਮਹੰਤ, ਗਗਨ ਦੀਪ, ਆਰ.ਕੇ ਰਾਮਪੁਰ ਅਤੇ ਹੋਰ ਸ਼ਿਵ ਸੈਨਾ ਵਰਕਰਾਂ ਨੇ ਵਿਧਾਇਕ ਜਸਵੀਰ ਸਿੰਘ ਰਾਜਾ ਨੂੰ ਇੱਕ ਮੰਗ ਪੱਤਰ ਦਿੱਤਾ। ਆਪਣੇ ਮੰਗ ਪੱਤਰ ਰਾਹੀਂ ਰਾਹੁਲ ਖੰਨਾ ਨੇ ਪੰਜਾਬ ਸਰਕਾਰ ਦੇ ਸਿਹਤ ਵਿਭਾਗ ਤੋਂ ਮੰਗ ਕੀਤੀ ਹੈ ਕਿ ਟਾਂਡਾ ਉੜਮੁੜ ਜੋ ਕੇ ਜ਼ਿਲ੍ਹੇ ਦੀਆਂ ਹੋਰ ਤਹਿਸੀਲਾਂ ਨਾਲੋਂ ਵੱਡੀ ਤਹਿਸੀਲ ਹੈ, ਪਰ ਇੱਥੇ ਸਰਕਾਰੀ ਸਹੂਲਤਾਂ ਦੀ ਬਹੁਤ ਘਾਟ ਹੈ। ਸਰਕਾਰੀ ਹਸਪਤਾਲ ਟਾਂਡਾ ਵਿਖੇ ਸਰਜੀਕਲ ਸਪੈਸ਼ਲਿਸਟ, ਹੱਡੀਆਂ ਦੀ ਸਰਜਰੀ ਦੇ ਮਾਹਿਰ ਤੋਂ ਇਲਾਵਾ ਮੈਡੀਸਨ ਸਪੈਸ਼ਲਿਸਟ ਡਾਕਟਰਾਂ ਦੀਆਂ ਪੋਸਟਾਂ ਕਾਫ਼ੀ ਸਾਲਾਂ ਤੋਂ ਖਾਲੀ ਪਈਆਂ ਹੋਈਆਂ ਹਨ। ਇਨ੍ਹਾਂ ਤੋਂ ਇਲਾਵਾ ਅੱਖਾਂ, ਬੱਚਿਆਂ ਅਤੇ



ਦੰਦਾਂ ਦੇ ਮਾਹਿਰ ਡਾਕਟਰ ਹਫ਼ਤੇ ਵਿੱਚ ਤਿੰਨ ਦਿਨ ਹੀ ਆਉਂਦੇ ਹਨ, ਜਦਕਿ ਇਨ੍ਹਾਂ ਡਾਕਟਰਾਂ ਦੀਆਂ ਪੋਸਟਾਂ ਰੈਗੂਲਰ ਹੋਣੀਆਂ ਚਾਹੀਦੀਆਂ ਹਨ। ਉਨ੍ਹਾਂ ਆਪਣੇ ਮੰਗ ਪੱਤਰ ਰਾਹੀਂ ਇਹ ਵੀ ਮੰਗ ਕੀਤੀ ਹੈ ਕਿ ਇਸ ਬਲਾਕ ਐਕਸੀਡੈਂਟ ਇਲਾਕੇ ਲਈ ਵੱਡੀ ਸੜਕ ਹੈ ਅਤੇ ਰਾਤ ਦੇ ਸਮੇਂ ਐਮਰਜੈਂਸੀ ਵਾਰਡ ਵਿੱਚ ਮਰੀਜ਼ਾਂ ਦੀ ਦੇਖ ਭਾਲ ਤੇ ਇਲਾਜ ਲਈ ਘੱਟ ਘੱਟ 4 ਐਮ.ਬੀ.ਬੀ.ਐਸ ਡਾਕਟਰਾਂ ਦੀਆਂ ਪੋਸਟਾਂ ਭਰੀਆਂ ਜਾਣੀਆਂ ਚਾਹੀਦੀਆਂ ਹਨ। ਉਨ੍ਹਾਂ ਕਿਹਾ ਕਿ ਦਸੂਹਾ ਅਤੇ ਮੁਕੇਰੀਆਂ ਤਹਿਸੀਲ ਦੇ ਹਸਪਤਾਲਾਂ ਵਿੱਚ ਅਲਟਰਾਸਾਊਂਡ ਦੀ ਮਸ਼ੀਨਾ ਤੇ ਡਾਕਟਰ ਮੌਜੂਦ ਹਨ, ਪਰ ਟਾਂਡਾ ਸ਼ਹਿਰ ਦੇ ਸਰਕਾਰੀ ਹਸਪਤਾਲ ਵਿੱਚ ਨਾ ਹੀ ਅਲਟਰਾਸਾਊਂਡ ਮਸ਼ੀਨ ਅਤੇ ਨਾ ਹੀ ਸਕੈਨਿੰਗ ਮਸ਼ੀਨ ਦੀ ਸਹੂਲਤ ਉਪਲਬਧ ਹੈ। ਇਸ ਤੋਂ ਇਲਾਵਾ ਟਾਂਡਾ ਹਸਪਤਾਲ ਵਿੱਚ ਬਲੱਡ ਬੈਂਕ ਦਾ ਵੀ ਸਥਾਪਿਤ ਹੋਣਾ ਜ਼ਰੂਰੀ ਹੈ ਤਾਂ ਜੋ ਇਲਾਕੇ ਦੇ ਲੋਕਾਂ ਨੂੰ ਦਰਪੇਸ਼ ਮੁਸ਼ਕਲਾਂ ਤੋਂ ਰਾਹਤ ਮਿਲ ਸਕੇ। ਉਨ੍ਹਾਂ ਕਿਹਾ ਕਿ ਸਰਕਾਰੀ ਹਸਪਤਾਲ ਜਿਹੜਾ ਕਿ ਇਸ ਸਮੇਂ 30 ਬੈਡ ਦਾ ਹਸਪਤਾਲ ਹੈ 100 ਬੈਡ ਵਾਲਾ ਹਸਪਤਾਲ ਬਣਾਉਣ ਦੀ ਵੀ ਮੰਗ ਕੀਤੀ।ਇਸ ਸਬੰਧੀ ਸਰਕਾਰੀ ਹਸਪਤਾਲ ਟਾਂਡਾ ਦੇ ਐਸ.ਐਮ.ਓ ਡਾ. ਕਰਨ ਸੈਣੀ ਦਾ ਕਹਿਣਾ ਹੈ ਕਿ ਸਪੈਸ਼ਲਿਸਟ ਡਾਕਟਰਾਂ ਦੀਆਂ ਖਾਲੀ ਪਈਆਂ ਪੋਸਟਾਂ ਬਾਰੇ ਅਸੀਂ ਸਰਕਾਰ ਨੂੰ ਲਿਖ ਕੇ ਭੇਜ ਦਿੱਤਾ ਹੋਇਆ ਹੈ। ਸਰਕਾਰ ਵੱਲੋਂ ਇਨ੍ਹਾਂ ਖਾਲੀ ਪਈਆਂ ਪੋਸਟਾਂ ਤੇ ਡਾਕਟਰ ਭੇਜੇ ਜਾਣ ਉਪਰੰਤ ਇਹ ਸਾਰੀਆਂ ਸਹੂਲਤਾਂ ਲੋਕਾਂ ਨੂੰ ਮੁਹਈਆ ਕਰਵਾ ਦਿੱਤੀਆਂ ਜਾਣਗੀਆਂ। ਇਸ ਮੰਗ ਪੱਤਰ ਸਬੰਧੀ ਹਲਕਾ ਟਾਂਡਾ ਵਿਧਾਇਕ ਜਸਵੀਰ ਸਿੰਘ ਰਾਜਾ ਗਿੱਲ ਨੇ ਆਏ ਹੋਏ ਸ਼ਿਵ ਸੈਨਾ ਹਿੰਦੁਸਤਾਨ ਦੇ ਵਫ਼ਦ ਨੂੰ ਭਰੋਸਾ ਦਿੱਤਾ ਕਿ ਮੈਂ ਤੁਹਾਡੇ ਇਸ ਮੰਗ ਪੱਤਰ ਸਬੰਧੀ ਪੰਜਾਬ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਜੀ ਨਾਲ ਰਾਬਤਾ ਕਾਇਮ ਕਰਕੇ ਜਲਦ ਤੋਂ ਜਲਦ ਸਰਕਾਰੀ ਹਸਪਤਾਲ ਟਾਂਡਾ ਦੀਆਂ ਇਨ੍ਹਾਂ ਕਮੀਆਂ ਨੂੰ ਦੂਰ ਕਰਵਾਉਣ ਦੀ ਪੂਰੀ ਕੋਸ਼ਿਸ਼ ਕਰਾਂਗਾ ਤਾਂ ਜੋ ਇਲਾਕੇ ਦੇ ਲੋਕਾਂ ਨੂੰ ਦਰਪੇਸ਼ ਮੁਸ਼ਕਿਲਾਂ ਤੋਂ ਰਾਹਤ ਮਿਲ ਸਕੇ।

# ਨਗਰ ਕੌਂਸਲ ਦੇ ਪ੍ਰਧਾਨ ਨੂੰ ਅਮਨ ਤੇ ਵਿਕਾਸ ਕਮੇਟੀ ਅਨੰਦਪੁਰ ਸਾਹਿਬ ਦਾ ਵਫ਼ਦ ਮਿਲਿਆ



**ਸ੍ਰੀ ਅਨੰਦਪੁਰ ਸਾਹਿਬ 1 ਜੁਲਾਈ (ਅਰਵਿੰਦਰ ਸਿੰਘ ਬਿੰਦੀ)** ਅਮਨ ਤੇ ਵਿਕਾਸ ਕਮੇਟੀ ਸ੍ਰੀ ਅਨੰਦਪੁਰ ਸਾਹਿਬ ਦਾ 11 ਮੈਂਬਰੀ ਵਫ਼ਦ ਨਗਰ ਕੌਂਸਲ ਦੇ ਪ੍ਰਧਾਨ ਹਰਜੀਤ ਸਿੰਘ ਜੀਤਾ ਨੂੰ ਮਿਲਿਆ ਤੇ ਉਨ੍ਹਾਂ ਦਾ ਧਿਆਨ ਸ਼ਹਿਰ ਦੀ ਸਫਾਈ ਤੇ ਕੁਝ ਹੋਰ ਮਸਲਿਆਂ ਵੱਲ ਦੁਆਇਆ। ਮੀਟਿੰਗ ਬਹੁਤ ਖੁਸ਼ਗਵਾਰ ਮਾਹੌਲ ਵਿੱਚ ਹੋਈ।ਪ੍ਰਧਾਨ ਨੇ ਮੀਟਿੰਗ ਵਿੱਚ ਸੈਨੇਟਰੀ ਇੰਸਪੈਕਟਰ ਤੇ ਹੋਰ ਸਬੰਧਤ ਕਰਮਚਾਰੀਆਂ ਨੂੰ ਵੀ ਬੁਲਾ ਲਿਆ ਤਾਂ ਕਿ ਉਨ੍ਹਾਂ ਨੂੰ ਕੰਮਾਂ ਸਬੰਧੀ ਨਾਲੋਂ ਨਾਲ ਅਮਲ ਕਰਨ ਦੀ ਹਦਾਇਤ ਕੀਤੀ ਜਾ ਸਕੇ। ਅਮਨ ਤੇ ਵਿਕਾਸ ਕਮੇਟੀ ਦੇ ਵਫ਼ਦ ਨੇ ਦੱਸਿਆ ਕਿ ਗੁਰਦੁਆਰਾ ਸੀਸ ਗੰਜ ਸਾਹਿਬ ਤੋਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦਰਮਿਆਨ ਬਣੀ ਟਾਇਲਾਂ ਵਾਲੀ ਸੜਕ,ਸੀਸ ਗੰਜ ਸਾਹਿਬ ਦੇ ਨਾਲ ਲੱਗਦਾ ਨਾਲਾ, ਪਾਰਕਾਂ ਜਿਨ੍ਹਾਂ ਵਿੱਚ ਪੁੱਡਾ ਪਾਰਕ ਵੀ ਸ਼ਾਮਲ ਹੈ ਇਨਾਂ ਦੀ ਸਫਾਈ ਦੀ ਹਾਲਤ ਕਾਫੀ ਵੀਰਾਨਗੀ ਵਾਲੀ ਹੈ। ਆਵਾਰਾ ਪਸ਼ੂਆਂ ਤੇ ਕੁੱਤਿਆਂ ਨੇ ਥਾਂ ਥਾਂ 'ਤੇ ਗੰਦ ਪਾਇਆ ਹੋਇਆ ਹੁੰਦਾ ਹੈ ਜਿਸ ਕਰਕੇ ਦੇਸ਼ ਵਿਦੇਸ਼ ਤੋਂ ਆਈਆਂ ਸੰਗਤਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸੇ ਤਰ੍ਹਾਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੋਂ ਕਿਲ੍ਹਾ ਅਨੰਦਗੜ੍ਹ ਸਾਹਿਬ ਵਿਚਲੀ ਸੜਕ ਦੇ ਦੋਨੇ ਕਿਨਾਰਿਆਂ ਵਾਲੇ ਪਾਰਕ ਜਿਹੜਾ ਕਿ ਨਗਰ ਕੌਂਸਲ ਵੱਲੋਂ ਬਣਾਇਆ ਹੋਇਆ ਹੈ ਉਹ ਇਕ ਤਰ੍ਹਾਂ ਦਾ ਉਜਾੜ ਬਣਿਆ ਹੋਇਆ ਹੈ।ਵਿਰਾਸਤ ਏ ਖਾਲਸਾ ਤੇ ਕਿਲ੍ਹਾ ਅਨੰਦਗੜ੍ਹ ਸਾਹਿਬ ਦੀ ਸੜਕ ਨਾਲ ਬਣਿਆ ਨਾਲਾ ਵੀ ਸਫਾਈ ਨਾ ਕੀਤੇ ਜਾਣ ਕਾਰਨ ਬਦਬੂ ਮਾਰਦਾ ਹੈ। ਕੂੜਾ ਚੁੱਕਣ ਵਾਲੀ ਗੱਡੀਆਂ ਦੇ ਕੁਝ ਕਰਮਚਾਰੀ ਘਰਾਂ ਦਾ ਕੂੜਾ ਲਿਜਾਣ ਤੇ ਪਹਿਲਾਂ ਹੀ ਆਪਣੀ ਗੱਡੀ ਭਰਾ ਕੇ ਲੈ ਜਾਂਦੇ ਹਨ ਜਿਸ ਕਾਰਨ ਲੋਕਾਂ ਦਾ ਕੂੜਾ ਸਹੀ ਢੰਗ ਨਾਲ ਘਰਾਂ ਤੋਂ ਚੁੱਕਿਆ ਨਹੀਂ ਜਾਂਦਾ। ਕੁਝ ਲੋਕਾਂ ਨੇ ਗਲੀ ਦੀਆਂ ਨਾਲੀਆਂ ਪੱਕੇ ਤੌਰ 'ਤੇ ਬੰਦ ਕਰ ਦਿੱਤੀਆਂ ਹਨ ਜਿਸ ਕਾਰਨ ਨਾਲ ਦੇ ਘਰਾਂ ਨੂੰ ਭਾਰੀ ਪ੍ਰਸ਼ਾਨੀ ਆ ਰਹੀ ਹੈ। ਪਾਣੀ ਗਲੀਆਂ ਵਿੱਚ ਵਹਿਣ ਕਾਰਨ ਟਾਇਲਾਂ ਵਾਲੀ ਸੜਕ ਟੁੱਟ ਰਹੀ ਹੈ। ਨਗਰ ਕੌਂਸਲ ਦੇ ਪ੍ਰਧਾਨ ਹਰਜੀਤ ਸਿੰਘ ਜੀਤਾ ਨੇ ਵਫ਼ਦ ਨੂੰ ਪੂਰਨ ਭਰੋਸਾ ਦੇਂਦੇ ਕਿਹਾ ਇਹ ਸਾਰੇ ਮਸਲੇ ਬੜੀ ਜਲਦੀ ਹੱਲ ਕਰ ਦਿੱਤੇ ਜਾਣਗੇ ਜਿਨ੍ਹਾਂ ਸਬੰਧੀ ਉਨ੍ਹਾਂ ਨੇ ਸੈਨੇਟਰੀ ਇੰਸਪੈਕਟਰ ਨੂੰ ਮੌਕੇ 'ਤੇ ਹਦਾਇਤਾਂ ਵੀ ਜਾਰੀ ਕਰ ਦਿੱਤੀਆਂ। ਉਨ੍ਹਾਂ ਨੇ ਹੋਰ ਕਿਹਾ ਕਿ ਨਗਰ ਕੌਂਸਲ ਕੋਲ ਸਫਾਈ ਕਰਮਚਾਰੀਆਂ ਦੀ ਭਾਰੀ ਘਾਟ ਹੈ ਪਰ ਫਿਰ ਮਸਲੇ ਪਹਿਲ ਦੇ ਆਧਾਰ 'ਤੇ ਹੱਲ ਕਰ ਦਿੱਤੇ ਜਾਣਗੇ। ਮੀਟਿੰਗ ਵਿੱਚ ਜੱਗ ਸਿੰਘ ਕਾਨਵੀਨਰ, ਲਾਇਨ ਕੁਲਦੀਪ ਸਿੰਘ ਭੱਠੇ ਵਾਲੇ,ਪ੍ਰਿੰਸੀਪਲ ਗੁਰਮਿੰਦਰ ਸਿੰਘ ਭੁੱਲਰ,ਯੂਨੀਅਨ ਆਗੂ ਗੁਰਨਾਮ ਸਿੰਘ ਔਲਖ, ਸਰਦੂਲ ਸਿੰਘ, ਪ੍ਰਿੰਸੀਪਲ ਨਰਿੰਜਣ ਸਿੰਘ,ਸਮਾਜ ਸੇਵੀ ਆਤਮਾ ਸਿੰਘ ਘੱਟੀਵਾਲ, ਬਲਬੀਰ ਸਿੰਘ ਸਹਿਗਲ, ਹਰਦਿਆਲ ਸਿੰਘ ਬੈਂਸ, ਦਵਿੰਦਰ ਜੀਤ ਸਿੰਘ , ਤੇਜਿੰਦਰ ਸਿੰਘ ਵਾਲੀਆ ਆਦਿ ਹਾਜ਼ਰ ਸਨ।

# ਟਾਂਡਾ-ਬੁੱਲੋਵਾਲ-ਹੁਸ਼ਿਆਰਪੁਰ ਮਾਰਗ ਦਾ ਜਲਦ ਹੋਵੇਗਾ ਨਿਰਮਾਣ : ਡਾ. ਰਵਜੋਤ ਸਿੰਘ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਨੇ ਇੱਕ ਮਹੱਤਵਪੂਰਨ ਐਲਾਨ ਕਰਦਿਆਂ ਕਿਹਾ ਕਿ ਹੁਸ਼ਿਆਰਪੁਰ-ਬੁੱਲੋਵਾਲ-ਟਾਂਡਾ ਸੜਕ ਦੇ ਪੁਨਰ ਨਿਰਮਾਣ ਲਈ ਟੈਂਡਰ ਜਾਰੀ ਕਰ ਦਿੱਤਾ ਗਿਆ ਹੈ। ਇਹ ਸੜਕ 28 ਕਿਲੋਮੀਟਰ ਲੰਬੀ ਹੋਵੇਗੀ ਅਤੇ ਇਸ ਦੇ ਨਿਰਮਾਣ 'ਤੇ ਲਗਭਗ 21 ਕਰੋੜ ਰੁਪਏ ਦੀ ਲਾਗਤ ਆਵੇਗੀ। ਡਾ. ਰਵਜੋਤ ਸਿੰਘ ਨੇ ਕਿਹਾ ਕਿ ਇਹ ਪ੍ਰੋਜੈਕਟ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਜੀ ਦੀ ਦੂਰਅੰਦੇਸ਼ੀ ਸੋਚ ਅਤੇ ਵਿਕਾਸ ਪ੍ਰਤੀ ਉਨ੍ਹਾਂ ਦੀ ਡੂੰਘੀ ਵਚਨਬੱਧਤਾ ਦਾ ਨਤੀਜਾ ਹੈ। ਉਨ੍ਹਾਂ ਕਿਹਾ ਕਿ ਮੈਨੂੰ ਇਹ ਦੱਸਦੇ ਹੋਏ ਬਹੁਤ ਖੁਸ਼ੀ ਹੋ ਰਹੀ ਹੈ ਕਿ ਮੇਰੀ ਅਤੇ ਮੇਰੇ ਵੱਡੇ ਭਰਾ ਵਿਧਾਇਕ ਉੜਮੁੜ ਜਸਵੀਰ ਸਿੰਘ ਰਾਜਾ ਗਿੱਲ ਦੀ ਸਾਂਝੀ ਮਿਹਨਤ ਰੰਗ ਲਿਆਈ ਹੈ। ਮੁੱਖ ਮੰਤਰੀ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕਰਦੇ ਹੋਏ ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਅਗਵਾਈ ਹੇਠ ਪੰਜਾਬ ਵਿੱਚ ਅਧੂਰੇ ਵਿਕਾਸ ਕਾਰਜਾਂ ਨੂੰ ਰਫ਼ਤਾਰ ਮਿਲ ਰਹੀ ਹੈ।ਡਾ. ਰਵਜੋਤ ਸਿੰਘ ਨੇ ਕਿਹਾ ਕਿ ਇਸ ਸੜਕ ਦੇ ਨਿਰਮਾਣ ਨਾਲ ਇਲਾਕੇ ਦੇ ਲੋਕਾਂ ਦੀ ਆਵਾਜਾਈ ਵਿੱਚ ਬਹੁਤ ਸਹੂਲਤ ਹੋਵੇਗੀ, ਯਾਤਰਾ ਦਾ ਸਮਾਂ ਘਟੇਗਾ ਅਤੇ ਸੜਕੀ



ਦੁਰਘਟਨਾਵਾਂ ਵੀ ਘਟਣਗੀਆਂ। ਇਹ ਸੜਕ ਨਾ ਸਿਰਫ਼ ਪੇਂਡੂ ਅਤੇ ਸ਼ਹਿਰੀ ਖੇਤਰਾਂ ਨੂੰ ਬਿਹਤਰ ਤਰੀਕੇ ਨਾਲ ਜੋੜੇਗੀ, ਸਗੋਂ ਵਪਾਰਕ ਗਤੀਵਿਧੀਆਂ ਅਤੇ ਸਥਾਨਕ ਆਰਥਿਕਤਾ ਨੂੰ ਵੀ ਮਜ਼ਬੂਤ ਕਰੇਗੀ। ਉਨ੍ਹਾਂ ਕਿਹਾ ਕਿ ਇਹ ਪ੍ਰੋਜੈਕਟ ਇਲਾਕੇ ਲਈ ਵੱਡੀ ਰਾਹਤ ਲੈ ਕੇ ਆਇਆ ਹੈ। ਕਈ ਸਾਲਾਂ ਤੋਂ ਜਨਤਾ ਇਸ ਸੜਕ ਦੀ ਮੁਰੰਮਤ ਅਤੇ ਪੁਨਰ ਨਿਰਮਾਣ ਦੀ ਮੰਗ ਕਰ ਰਹੀ ਸੀ। ਹੁਣ ਟੈਂਡਰ ਜਾਰੀ ਹੋ ਗਿਆ ਹੈ ਅਤੇ ਉਸਾਰੀ ਦਾ ਕੰਮ ਵੀ ਜਲਦੀ ਸ਼ੁਰੂ ਕਰ ਦਿੱਤਾ ਜਾਵੇਗਾ। ਸਥਾਨਕ ਸਰਕਾਰਾਂ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਤਰਜ਼ੀਹ ਹੈ ਕਿ ਉਹ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰੇ ਅਤੇ ਆਮ ਲੋਕਾਂ ਦੀਆਂ ਸਮੱਸਿਆਵਾਂ ਨੂੰ ਜਲਦੀ ਤੋਂ ਜਲਦੀ ਹੱਲ ਕਰੇ। ਇਹ ਸੜਕ ਪ੍ਰੋਜੈਕਟ ਇਸ ਦਿਸ਼ਾ ਵਿੱਚ ਇੱਕ ਮੀਲ ਪੱਥਰ ਸਾਬਤ ਹੋਵੇਗਾ।

# ਸਿਵਲ ਹਸਪਤਾਲ ਵਿਖੇ ਪਹਿਲੀ ਵਾਰ ਮਣਕਿਆਂ ਦਾ ਸਫ਼ਲ ਅਪ੍ਰੇਸ਼ਨ

**ਫਿਲੌਰ, (ਨਿਰਮਲ)**

ਸਿਵਲ ਹਸਪਤਾਲ ਫਿਲੌਰ ਵਿਖੇ ਹੱਡੀਆਂ ਦੇ ਮਾਹਰ ਡਾਕਟਰ ਸਾਹਿਲ ਦੀ ਟੀਮ ਵੱਲੋਂ ਐਸ ਐਮ ਓ ਡਾਕਟਰ ਸੁਨੀਤਾ ਸਿਵਲ ਹਸਪਤਾਲ ਫਿਲੌਰ ਦੀ ਅਗਵਾਈ ਹੇਠ ਪਹਿਲੀ ਵਾਰ ਮਣਕਿਆਂ ਦਾ ਸਫ਼ਲ ਅਪ੍ਰੇਸ਼ਨ ਕੀਤਾ ਗਿਆ। ਡਾਕਟਰ ਸਾਹਿਲ ਨੇ ਦੱਸਿਆ ਕਿ ਅੱਜ ਕੱਲ੍ਹ ਵੱਡੀ ਗਿਣਤੀ 'ਚ ਲੋਕ ਮਣਕਿਆਂ ਦੇ ਦਰਦ ਤੋਂ ਪ੍ਰੇਸ਼ਾਨ ਹਨ। ਇਸੇ ਤਰ੍ਹਾਂ ਦਾ ਇੱਕ ਮਾਮਲਾ ਸਿਵਲ ਹਸਪਤਾਲ ਫਿਲੌਰ ਵਿਖੇ ਆਇਆ ਜਿੱਥੇ ਮਰੀਜ਼ ਗੁਰਚਰਨ ਸਿੰਘ ਵਾਸੀ ਰਾਜਪੁਰਾ ਜਿਸ ਦੇ ਬੀਤੇ ਦਿਨੀਂ ਸੱਟ ਲੱਗਣ ਕਾਰਨ ਮਣਕੇ ਹਿੱਲ ਗਏ ਸਨ ਤੇ ਦਰਦ ਕਾਰਨ ਉਹ ਬਹੁਤ ਪ੍ਰੇਸ਼ਾਨ ਸੀ । ਉਸ ਨੇ ਸਿਵਲ ਹਸਪਤਾਲ ਫਿਲੌਰ ਵਿਖੇ ਆ ਕੇ ਦੱਸਿਆ ਕਿ ਉਸ ਨੇ ਕਈ ਡਾਕਟਰਾਂ ਤੋਂ ਰੀੜ ਦੀ ਹੱਡੀ ਦੇ ਮਣਕਿਆਂ ਦਾ ਇਲਾਜ ਕਰਵਾਇਆ ਪਰ ਉਸ ਨੂੰ ਕੋਈ ਫਰਕ ਨਹੀਂ ਪਿਆ। ਜਿਸ ਤੋਂ ਬਾਅਦ ਉਸ ਨੂੰ ਸਿਵਲ ਹਸਪਤਾਲ ਵਿਖੇ ਆਪ੍ਰੇਸ਼ਨ ਦੀ ਸਲਾਹ ਦਿੱਤੀ ਗਈ , ਜਿਸ ਲਈ ਉਹ ਮੰਨ ਗਿਆ ਅਤੇ ਸਿਵਲ ਹਸਪਤਾਲ ਫਿਲੌਰ ਵਿਖੇ ਪਹਿਲੀ ਵਾਰ



ਮਣਕਿਆਂ ਦਾ ਅਪ੍ਰੇਸ਼ਨ ਕੀਤਾ ਗਿਆ। ਇਹ ਅਪ੍ਰੇਸ਼ਨ 100 ਫੀਸਦੀ ਠੀਕ ਹੋਇਆ। ਇਸ ਸਬੰਧੀ ਜਦੋਂ ਮਰੀਜ਼ ਗੁਰਚਰਨ ਸਿੰਘ ਨਾਲ ਗੱਲ ਕੀਤੀ ਤਾਂ ਉਸ ਨੇ ਦੱਸਿਆ ਕਿ ਉਹ ਅਪ੍ਰੇਸ਼ਨ ਉਪਰੰਤ ਬਿਲਕੁਲ ਠੀਕ ਹੈ ਉਸ ਵੱਲੋਂ ਡਾਕਟਰ ਸਾਹਿਲ ਦਾ ਧੰਨਵਾਦ ਕੀਤਾ ਗਿਆ।

# ਮਨਰੇਗਾ ਵਰਕਰਾਂ ਨੇ ਕੀਤਾ ਰੋਸ ਮੁਜ਼ਾਹਰਾ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**

ਲੇਬਰ ਪਾਰਟੀ ਦੇ ਪ੍ਰਧਾਨ ਜੈ ਗੋਪਾਲ ਧੀਮਾਨ ਨੇ ਚੱਬੇਵਾਲ ਵਿਖੇ ਮਨਰੇਗਾ ਵਰਕਰਾਂ ਨੂੰ ਉਨ੍ਹਾਂ ਦੇ ਅਧਿਕਾਰਾਂ ਪ੍ਰਤੀ ਜਾਗਰੂਕ ਕੀਤਾ ਅਤੇ ਉਨਾਂ ਨੂੰ ਸਮੇਂ ਸਿਰ ਉਜਰਤ ਨਾ ਮਿਲਣ ਨੂੰ ਲੈ ਕੇ ਸਰਕਾਰ ਦੀ ਘਟੀਆ ਮੈਨੇਜਮੈਂਟ ਦੇ ਵਿਰੁੱਧ ਮੁਜ਼ਾਹਰਾ ਕੀਤਾ ।ਧੀਮਾਨ ਨੇ ਦਸਿਆ ਕਿ ਬਹੁਤ ਸਾਰੇ ਮਨਰੇਗਾ ਵਰਕਰਾਂ ਦੀ ਉਜਰਤ ਆਨ ਲਾਇਨ ਕੀਤੀ ਹੈ ਬਕਾਇਆ ਕੋਈ ਨਹੀਂ ਹੈ ਪਰ ਅਸਲ ਵਿਚ ਉਨ੍ਹਾਂ ਦੇ ਬੈਂਕ ਖਾਤਿਆਂ ਵਿਚ ਉਜਰਤ ਨਹੀਂ ਪਹੁੰਚੀ।ਉਨ੍ਹਾਂ ਦਸਿਆ ਕਿ



ਹਰ ਸਾਲ 31 ਮਾਰਚ ਤੋਂ ਬਾਅਦ ਮਨਰੇਗਾ ਵਰਕਰਾਂ ਨੇ ਲਿਖਤੀ 100 ਦਿਨੰ ਦੇ ਕੰਮ ਲਈ ਐਪਲੀਕੇਸ਼ਨ ਦੇਣੀ ਹੁੰਦੀ ਹੈ,ਪਰ ਕੁਝ ਜੁੰਮੇਵਾਰ ਦਫਤਰੀ ਵਿਅਕਤੀਆਂ ਵਲੋਂ ਇਹ ਕਹਿ ਦਿੱਤਾ ਜਾਂਦਾ ਹੈ ਕਿ ਇਸ ਦੀ ਜਰੂਰਤ ਹੀ ਨਹੀਂ,ਜਦੋਂ ਕਿ ਇਸ ਦੀ ਮਨਰੇਗਾ ਐਕਟ ਅਨੁਸਾਰ ਲੋੜ ਹੈ।ਉਹੀ ਵਰਕਰ ਬੇਰੁਜਗਾਰੀ ਭੱਤੇ ਦੇ ਹੱਕਦਾਰ ਹਨ ਜਿਹੜੇ ਲਿਖਤੀ ਕੰਮ ਦੀ ਮੰਗ ਕਰਦੇ ਹਨ।ਮਨਰੇਗਾ ਵਰਕਰਾਂ ਦੇ ਮੂਲ ਸੰਵਿਧਾਨਕ ਅਧਿਕਾਰਾਂ ਨੂੰ ਕੁਚਲਿਆ ਜਾ ਰਿਹਾ ਹੈ।ਸਰਕਾਰ ਨੇ ਹੀ ਮਨਰੇਗਾ ਐਕਟ ਵਿਚ ਲੇਟ ਉਜਰਤ ਮਿਲਣ ਤੇ ਮੁਆਵਜਾ ਭੱਤਾ ਦੇਣ ਲਈ ਲਿਖਿਆ ਹੈ, ਪਰ ਸਰਕਾਰ ਹੀ ਨਹੀਂ ਦਿੰਦੀ। ਧੀਮਾਨ ਨੇ ਮੰਗ ਕਰਦੇ ਹੋਏ ਕਿਹਾ ਕਿ ਹਰੇਕ ਮਨਰੇਗਾ ਵਰਕਰ ਨੂੰ ਘੱਟੋ ਘੱਟ 200 ਦਿਨਾਂ ਦਾ ਸਾਲ ਵਿਚ ਕੰਮ ਮਿਲਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਬਹੁਤੇ ਮਨਰੇਗਾ ਵਰਕਰ ਗਰੀਬ ਪਰਵਾਰਾਂ ਨਾਲ ਸਬੰਧਤ ਹਨ,ਜਿਨ੍ਹਾਂ ਮਨਰੇਗਾ ਵਰਕਰਾਂ ਦੇ ਘਰਾਂ ਦੀ ਹਾਲਤ ਖਸਤਾ ਹੈ, ਉਹ ਪਹਿਲ ਦੇ ਅਧਾਰ ਉਤੇ ਸੁਧਾਰੀ ਜਾਵੇ।ਹਰੇਕ ਮਨਰੇਗਾ ਵਰਕਰ ਦੀ ਬੈਂਕ 1 ਲੱਖ ਰੁ: ਤੱਕ ਸਾਲਾਨਾ 2 ਪ੍ਰਤੀਸ਼ਤ ਵਿਆਜ ਦੀ ਦਰ ਤੇ ਲਿਮਟ ਬਣਾਈ ਜਾਵੇ ਤੇ ਹਰੇਕ ਮਨਰੇਗਾ ਵਰਕਰ ਦੇ ਪਰਵਾਰ ਵਿਚੋਂ ਇਕ ਨੂੰ ਨੌਕਰੀ ਦਿੱਤੀ ਜਾਵੇ ਤੇ ਹਰੇਕ ਮਨਰੇਗਾ ਦੇ ਪਰਵਾਰ ਅੰਦਰ ਬੱਚਿਆਂ ਦੀ ਸਿੱਖਿਆ ਮੁਫਤ ਕੀਤੀ ਜਾਵੇ।ਇਸ ਮੰਹਿਗਾਈ ਦੇ ਦੌਰ ਵਿਚ ਮਨਰੇਗਾ ਵਰਕਰ ਅਨੇਕਾਂ ਆਰਥਿਕ ਮੁਸ਼ਕਲਾਂ ਵਿਚ ਉਲਝੇ ਪਏ ਹਨ।ਧੀਮਾਨ ਨੇ ਕਿਹਾ ਕਿ ਅਗਰ ਮਨਰੇਗਾ ਵਰਕਰਾਂ ਦੀ ਉਜਰਤ ਸਮੇਂ ਸਿਰ ਨਹੀਂ ਮਿਲੀ ਤਾਂ ਸੰਘਰਸ਼ ਕਰਨ ਲਈ ਮਜਬੂਰ ਹੋਵਾਂਗੇ। ਇਸ ਮੌਕੇ ਮੇਟ ਪ੍ਰੀਤਮ ਕੌਰ,ਜਸਵੀਰ ਕੌਰ,ਕਮਲੇਸ਼ ਰਾਣੀ, ਨਿਰਮਲ ਕੌਰ, ਹਰਜਿੰਦਰ ਕੌਰ, ਮਨਜੀਤ ਕੌਰ,ਸੀਤਲ ਕੌਰ,ਬਲਵਿੰਦਰ ਕੌਰ,ਅਮਨ, ਕੁਲਵੰਤ ਕੌਰ, ਗਿਆਨ ਕੌਰ,ਸੰਤੋਸ਼ ਕੁਮਾਰੀ,ਗੁਰਮੀਤ ਸਿੰਘ,ਜ਼ੋਗਿੰਦਰ ਪਾਲ ਆਦਿ ਹਾਜਰ ਸਨ।

# ਹੁਣ ਵਟਸਐਪ 'ਤੇ ਮਿਸਡ ਕਾਲ ਰਾਹੀਂ ਵੀ ਦਰਜ ਕਰਵਾਈ ਜਾ ਸਕਦੀ ਹੈ ਬਿਜਲੀ ਸੰਬੰਧੀ ਸ਼ਿਕਾਇਤ

**ਜਲੰਧਰ (ਸ਼ੈਲੀ ਐਲਬਰਟ)**

ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਬਿਜਲੀ ਖ਼ਪਤਕਾਰਾਂ ਦੀ ਸਹੂਲਤ ਲਈ ਸ਼ਿਕਾਇਤ ਕੇਂਦਰਾਂ ਦੇ ਨੰਬਰ ਤੋਂ ਇਲਾਵਾ ਹੋਰ ਹੈਲਪ ਲਾਈਨ ਨੰਬਰ ਸਾਂਝੇ ਕਰਦਿਆਂ ਦੱਸਿਆ ਕਿ ਬਿਜਲੀ ਖਪਤਕਾਰ ਵਟਸਐਪ ਅਤੇ ਮਿਸਡ ਕਾਲ ਰਾਹੀਂ ਵੀ ਬਿਜਲੀ ਸਬੰਧੀ ਸ਼ਿਕਾਇਤ ਦਰਜ ਕਰਵਾ ਸਕਦੇ ਹਨ।ਡਾ. ਅਗਰਵਾਲ ਨੇ ਦੱਸਿਆ ਕਿ ਖਪਤਕਾਰ ਟੋਲ ਫ੍ਰੀ ਨੰਬਰ 1912 'ਤੇ ਪਹਿਲੀ ਵਾਰ ਕਾਲ ਰਾਹੀਂ/ਉਸ ਤੋਂ ਬਾਅਦ ਐਸ.ਐਮ.ਐਸ. ਰਾਹੀਂ 'ਨੋ ਸਪਲਾਈ' ਲਿਖ ਕੇ ਸ਼ਿਕਾਇਤ ਕਰ ਸਕਦੇ ਹਨ। ਇਸੇ ਤਰ੍ਹਾਂ ਪੀ.ਐਸ.ਪੀ.ਸੀ.ਐੱਲ. ਕੰਜ਼ਿਊਮਰ ਸਰਵਿਸ ਐਪ 'ਤੇ ਵੀ ਸ਼ਿਕਾਇਤ ਦਰਜ ਕਰਵਾਈ ਜਾ ਸਕਦੀ ਹੈ ਜਾਂ ਫਿਰ ਟੋਲ ਫ੍ਰੀ ਨੰਬਰ 1800-180-1512 'ਤੇ ਮਿਸਡ ਕਾਲ ਕੀਤੀ ਜਾ ਸਕਦੀ ਹੈ। ਉਨ੍ਹਾਂ ਦੱਸਿਆ ਕਿ ਖਪਤਕਾਰ 96461-01912 'ਤੇ ਵਟਸਐਪ ਵੀ ਕਰ ਸਕਦੇ ਹਨ। ਇਸ ਤੋਂ ਇਲਾਵਾ ਪੀ.ਐਸ.ਪੀ.ਸੀ.ਐਲ ਦੇ ਸੋਸ਼ਲ ਮੀਡੀਆ ਪਲੇਟਫਾਰਮ fb.com/pspclpb, twitter.com/PSPCLPb, Instagram.com/PSPCLPb 'ਤੇ ਵੀ ਸ਼ਿਕਾਇਤ ਦਰਜ ਕਰਵਾਈ ਜਾ ਸਕਦੀ ਹੈ।ਉਨ੍ਹਾਂ ਦੱਸਿਆ ਕਿ ਬੀਤੇ ਦਿਨੀਂ ਕੈਬਨਿਟ ਮੰਤਰੀ ਸ਼੍ਰੀ ਮੋਹਿੰਦਰ ਭਗਤ ਵੱਲੋਂ ਪੀ.ਐਸ.ਪੀ.ਸੀ.ਐਲ. ਦੇ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਉਨ੍ਹਾਂ ਨੂੰ ਨਿਰਵਿਘਨ ਬਿਜਲੀ ਸਪਲਾਈ ਯਕੀਨੀ ਬਣਾਉਣ ਅਤੇ ਖਪਤਕਾਰਾਂ ਦੀਆਂ ਬਿਜਲੀ ਸਬੰਧੀ ਸਮੱਸਿਆਵਾਂ ਦਾ ਤੁਰੰਤ ਨਿਪਟਾਰਾ ਕਰਨ ਦੀਆਂ ਹਦਾਇਤਾਂ ਕੀਤੀਆਂ ਗਈਆਂ ਸਨ।ਲੋਕਾਂ ਨੂੰ ਨਿਰਵਿਘਨ ਤੇ ਸੁਚਾਰੂ ਸੇਵਾਵਾਂ ਪ੍ਰਦਾਨ ਕਰਨ ਦੀ ਜ਼ਿਲ੍ਹਾ ਪ੍ਰਸ਼ਾਸਨ ਦੀ ਵਚਨਬੱਧਤਾ ਦੁਹਰਾਉਂਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਪੀ.ਐਸ.ਪੀ.ਸੀ.ਐਲ. ਦੇ ਅਧਿਕਾਰੀਆਂ ਨੂੰ ਜਲੰਧਰ ਵਾਸੀਆਂ ਨੂੰ ਨਿਰਵਿਘਨ ਤੇ ਸੁਚਾਰੂ ਬਿਜਲੀ ਸਪਲਾਈ ਸਬੰਧੀ ਢੁਕਵੇਂ ਪ੍ਰਬੰਧ ਯਕੀਨੀ ਬਣਾਉਣ ਲਈ ਨਿਰਦੇਸ਼ ਪਹਿਲਾਂ ਹੀ ਜਾਰੀ ਕੀਤੇ ਜਾ ਚੁੱਕੇ ਹਨ। ਇਸ ਤੋਂ ਇਲਾਵਾ ਸ਼ਹਿਰ ਵਿੱਚ ਲਟਕਦੀਆਂ ਢਿੱਲੀਆਂ, ਗੈਰ ਵਰਤੋਂ ਯੋਗ ਅਤੇ ਖ਼ਰਾਬ ਤਾਰਾਂ ਹਟਾਉਣ ਜਾਂ ਠੀਕ ਕਰਨ ਦੀਆਂ ਹਦਾਇਤਾਂ ਵੀ ਪਹਿਲਾਂ ਹੀ ਦਿੱਤੀਆਂ ਜਾ ਚੁੱਕੀਆਂ ਹਨ।

# ਗੁਰਦਿਆਂ ਦੀਆਂ ਬਿਮਾਰੀਆਂ, ਪੱਥਰੀਆਂ ਤੇ ਪਿਸ਼ਾਬ ਦੇ ਰੋਗਾਂ ਦਾ ਫਰੀ ਚੈੱਕਅੱਪ ਕੈਂਪ ਆਰੰਭ



**ਬੰਗਾ (ਅਵਤਾਰ ਕਲੇਰ)**

ਯੂਰੋਲੋਜੀ ਵਿਭਾਗ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ-ਕਲੇਰਾਂ ਵਿਖੇ ਗੁਰਦਿਆਂ ਦੀਆਂ ਬਿਮਾਰੀਆਂ , ਪੱਥਰੀਆਂ ਅਤੇ ਪਿਸ਼ਾਬ ਦੇ ਰੋਗਾਂ ਦਾ 15 ਦਿਨਾਂ ਫਰੀ ਚੈੱਕਅੱਪ ਕੈਂਪ ਆਰੰਭ ਹੋ ਗਿਆ ਹੈ। ਕੈਂਪ ਦਾ ਉਦਘਾਟਨ ਡਾ. ਗੁਰਿੰਦਰਜੀਤ ਸਿੰਘ ਸਿਵਲ ਸਰਜਨ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਨੇ ਕੀਤਾ ਅਤੇ ਉਹਨਾਂ ਫਰੀ ਕੈਂਪ ਲਗਾਉਣ ਦੇ ਕਾਰਜ ਦੀ ਸ਼ਲਾਘਾ ਕੀਤੀ । ਸਿਵਲ ਸਰਜਨ ਡਾ.ਗੁਰਿੰਦਰਜੀਤ ਸਿੰਘ ਨੇ ਹਸਪਤਾਲ ਵੱਲੋਂ ਸਰਕਾਰੀ ਸਿਹਤ ਸਕੀਮਾਂ ਨੂੰ ਲਾਗੂ ਕਰਵਾਉਣ ਲਈ ਦਿੱਤੇ ਜਾਂਦੇ ਸਹਿਯੋਗ ਲਈ ਧੰਨਵਾਦ ਵੀ ਕੀਤਾ। ਇਸ ਮੌਕੇ ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਨੇ ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਨੂੰ ਜਾਣਕਾਰੀ ਦਿੰਦੇ ਦੱਸਿਆ ਕਿ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵੱਲੋਂ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਫਰੀ ਕੈਂਪਾਂ ਰਾਹੀਂ ਗਰੀਬ ਅਤੇ ਲੋੜਵੰਦਾਂ ਨੂੰ ਮਿਆਰੀ ਮੈਡੀਕਲ ਸੇਵਾਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਇਹਨਾਂ ਸੇਵਾ ਕੈਂਪਾਂ ਦੀ ਲੜੀ ਵਿਚ ਹਸਪਤਾਲ ਦੇ ਯੂਰੋਲੋਜੀ ਵਿਭਾਗ ਵਿਚ ਗੁਰਦਿਆਂ ਦੀਆਂ ਬਿਮਾਰੀਆਂ, ਪੱਥਰੀਆਂ ਤੇ ਪਿਸ਼ਾਬ ਦੇ ਰੋਗਾਂ ਦਾ 15 ਦਿਨਾਂ ਫਰੀ ਚੈੱਕਅੱਪ ਕੈਂਪ ਲਗਾਇਆ ਗਿਆ ਹੈ । ਜਿਸ ਵਿਚ ਸੀਨੀਅਰ ਯੂਰੋਲੋਜਿਸਟ ਡਾਕਟਰ ਡਾ. ਅਮਿਤ ਸੰਧੂ ਐਮ ਐਸ, ਐਮ ਸੀ ਐਚ ਵੱਲੋਂ ਮਰੀਜ਼ਾਂ ਦਾ ਫਰੀ ਚੈੱਕਅੱਪ ਕੀਤਾ ਜਾਵੇਗਾ। ਕੈਂਪ ਦੌਰਾਨ ਮਰੀਜ਼ਾਂ ਦੀ ਰਜਿਟਰੇਸ਼ਨ ਮੁਫਤ ਹੋਵੇਗੀ ਅਤੇ ਅਲਟਰਾ ਸਾਊਂਡ ਸਕੈਨ ਸਿਰਫ 300/- ਰੁਪਏ ਵਿਚ ਕੀਤੀ ਜਾ ਰਹੀ ਹੈ। ਕੈਂਪ ਦੌਰਾਨ ਲੈਬ ਟੈਸਟ ਪੀ ਐਸ ਏ, ਆਰ ਐਫ ਟੀ, ਸੀ ਬੀ ਸੀ ਅਤੇ ਪਿਸ਼ਾਬ ਦੇ ਟੈਸਟਾਂ ਆਦਿ ਵਿਚ 50 ਫੀਸਦੀ ਛੋਟ ਦਿੱਤੀ ਜਾ ਰਹੀ ਹੈ । ਢਾਹਾਂ ਨੇ ਇਸ ਮੌਕੇ ਸਮੂਹ ਇਲਾਕਾ ਨਿਵਾਸੀ ਲੋੜਵੰਦ ਮਰੀਜ਼ਾਂ ਨੂੰ 15 ਜੁਲਾਈ ਤੱਕ ਚੱਲਣ ਵਾਲੇ 15 ਦਿਨਾਂ ਗੁਰਦਿਆਂ ਦੀਆਂ ਬਿਮਾਰੀਆਂ, ਪੱਥਰੀਆਂ ਤੇ ਪਿਸ਼ਾਬ ਦੇ ਰੋਗਾਂ ਦੇ ਫਰੀ ਚੈੱਕਅੱਪ ਕੈਂਪ ਦਾ ਲਾਭ ਉਠਾਉਣ ਦੀ ਅਪੀਲ ਕੀਤੀ ।ਇਸ ਮੌਕੇ ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਨੇ ਗੁਰੂ ਨਾਨਕ ਮਿਸ਼ਨ ਹਸਪਤਾਲ ਦੇ ਅਮਰਜੈਂਸੀ ਵਾਰਡ, ਆਈ ਸੀ ਯੂ ਵਾਰਡ, ਫਾਰਮੇਸੀ, ਡਾਇਲਸਿਸ ਯੂਨਿਟ, ਉ ਪੀ ਡੀ ਅਤੇ ਹੋਰ ਡਾਕਟਰੀ ਵਿਭਾਗਾਂ ਦਾ ਦੌਰਾ ਵੀ ਕੀਤਾ ਅਤੇ ਹਸਪਤਾਲ ਪਬੰਧਕ ਟਰੱਸਟ ਵੱਲੋਂ ਉਹਨਾਂ ਨੂੰ ਯਾਦ ਚਿੰਨ੍ਹ ਭੇਟ ਕਰਕੇ ਸਨਮਾਨਿਤ ਵੀ ਕੀਤਾ ਗਿਆ।ਇਸ ਮੌਕੇ ਅਮਰਜੀਤ ਸਿੰਘ ਕਲੇਰਾਂ ਡਾ. ਹਰੀਸ਼ ਕਿਰਪਾਲ ਜ਼ਿਲ੍ਹਾ ਪਰਵਾਰ ਭਲਾਈ ਅਫਸਰ, ਡਾ. ਜਸਦੀਪ ਸਿੰਘ ਸੈਣੀ, ਡਾ. ਬਲਵਿੰਦਰ ਸਿੰਘ, ਡਾ. ਅਮਿਤ ਸੰਧੂ ਐਮ ਐਸ, ਐਮ ਸੀ ਐਚ (ਯੂਰੋਲੋਜੀ), ਡਾ. ਵਿਵੇਕ ਗੁੰਬਰ, ਡਾ. ਜਗਜੀਤ ਸਿੰਘ, ਡਾ. ਰਵੀਨਾ, ਦਵਿੰਦਰ ਕੌਰ, ਮਹਿੰਦਰਪਾਲ ਸਿੰਘ, ਜੋਤੀ ਭਾਟੀਆ ਤੋਂ ਇਲਾਵਾ ਸਮੂਹ ਹਸਪਤਾਲ ਅਤੇ ਸਮੂਹ ਡਾਕਟਰ ਹਾਜ਼ਰ ਸਨ।

# ਹੈਰੋਇਨ ਸਮੇਤ ਦੋ ਪੁਲਸ ਅੜਿੱਕੇ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ )**—ਸੰਦੀਪ ਮਲਿਕ ਆਈ ਪੀ ਐਸ/ਐਸ ਐਸ ਪੀ ਹੁਸ਼ਿਆਰਪੁਰ ਵਲੋ ਨਸ਼ੇ ਦੇ ਤਸਕਰਾਂ ਦੇ ਖਿਲਾਫ ਚਲਾਈ ਮੁਹਿੰਮ ਤਹਿਤ ਮੁਕੇਸ਼ ਕੁਮਾਰ ਐਸ.ਪੀ-ਡੀ ਅਗਵਾਈ ਹੇਠ ਜਸਪ੍ਰੀਤ ਸਿੰਘ ਉਪ ਕਪਤਾਨ ਪੁਲਸ ਸਬ. ਡਵੀਜਨ ਗੜ੍ਹਸ਼ੰਕਰ ਦੀ ਹਦਾਇਤ ਅਨੁਸਾਰ ਇੰਸਪੈਕਟਰ ਜੈਪਾਲ ਮੁੱਖ ਅਫਸਰ ਥਾਣਾ ਗੜ੍ਹਸ਼ੰਕਰ ਦੀ ਨਿਗਰਾਨੀ ਹੇਠ ਏ ਐਸ ਆਈ ਰਛਪਾਲ ਸਿੰਘ ਪੁਲਸ ਪਾਰਟੀ ਗੜ੍ਹਸ਼ੰਕਰ ਤੋ ਡੁੱਗਰੀ ਨੂੰ ਜਾ ਰਹੇ ਸੀ ਤਾ ਇਕ ਸਕੂਟਰੀ ਨੰਬਰੀ ਪੀ ਬੀ 24-ਡੀ-8418 ਤੇ ਸਵਾਰ ਦੋ ਵਿਅਕਤੀਆ ਨੂੰ ਸ਼ੱਕ ਦੇ ਤੌਰ 'ਤੇ ਰੋਕ ਕੇ ਉਹਨਾਂ ਦਾ ਨਾਂਅ ਪਤਾ ਪੁੱਛਿਆ ਤਾਂ ਸਕੂਟਰੀ ਚਾਲਕ ਨੇ ਆਪਣਾ ਨਾਂਅ ਮਦਨ ਲਾਲ ਉਰਫ ਮੰਦੀ ਉਰਫ ਤੀਤੂ ਪੁੱਤਰ ਦੇਵ ਰਾਜ ਵਾਸੀ ਡੁੱਗਰੀ ਅਤੇ ਦੂਸਰੇ ਨੇ ਆਪਣਾ ਨਾਂਅ ਰਾਕੇਸ਼ ਕੁਮਾਰ ਉਰਫ ਕੇਸ਼ੀ ਪੁੱਤਰ ਲੇਟ ਹਰੀਸ਼ ਚੰਦ ਵਾਸੀ ਡੁੱਗਰੀ ਦੱਸਿਆ ਤਾ ਉਕਤ ਦੋਵਾਂ ਵਿਅਕਤੀਆ ਨੂੰ ਗ੍ਰਿਫਤਾਰ ਕਰਕੇ ਉਨਾਂ ਦੀ ਤਲਾਸ਼ੀ ਕਰਨ 'ਤੇ ਮਦਨ ਲਾਲ ਉਰਫ ਮੰਦੀ ਉਰਫ ਤੀਤੂ ਪਾਸੋਂ 40 ਗ੍ਰਾਮ ਹੈਰੋਇਨ ਅਤੇ ਰਾਕੇਸ਼ ਕੁਮਾਰ ਉਰਫ ਕੇਸ਼ੀ ਪਾਸੋ 40 ਗ੍ਰਾਮ ਹੈਰਇਨ ਬਰਾਮਦ ਕਰਕੇ ਦੋਨਾਂ ਦੇ ਖਿਲਾਫ ਥਾਣਾ ਗੜ੍ਹਸ਼ੰਕਰ ਵਿਖੇ ਮੁਕੱਦਮਾ ਦਰਜ ਕੀਤਾ ਗਿਆ ਹੈ।

# ਹਜ਼ਰਤ ਮਸਤ ਬਾਬਾ ਬੋਦੀਆਂ ਵਾਲਿਆਂ ਦੀ ਯਾਦ 'ਚ ਜੋੜ ਮੇਲਾ 10 ਨੂੰ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**

ਪਿੰਡ ਬਿਹਾਲਾ ਵਿਖੇ ਦਰਬਾਰ ਹਜ਼ਰਤ ਮਸਤ ਬੋਦੀਆਂ ਵਾਲਿਆਂ ਦੇ ਅਸਥਾਨ 'ਤੇ ਉਨ੍ਹਾਂ ਦੀ ਯਾਦ ਵਿੱਚ ਸਾਲਾਨਾ 76ਵਾਂ ਜੋੜ ਮੇਲਾ 09-10 ਜੁਲਾਈ ਨੂੰ ਡੇਰੇ ਦੇ ਮੁੱਖ ਸੇਵਾਦਾਰ ਰਣਵੀਰ ਸਿੰਘ ਰਾਣਾ ਬਿਹਾਲਾ ਦੀ ਅਗਵਾਈ ਹੇਠ ਕਰਵਾਇਆ ਜਾ ਰਿਹਾ ਹੈ। 09 ਜੁਲਾਈ ਨੂੰ ਚਿਰਾਗ ਅਤੇ ਝੰਡੇ ਦੀ ਰਸਮ ਸੰਗਤਾਂ ਵੱਲੋਂ ਅਦਾ ਕੀਤੀ ਜਾਵੇਗੀ ਅਤੇ ਸ਼ਾਮ 05 ਵਜੇ ਕਵਾਲੀਆਂ ਅਤੇ ਨਕਲਾਂ ਕਰਵਾਈਆਂ ਜਾਣਗੀਆਂ।10 ਜੁਲਾਈ ਨੂੰ ਸਵੇਰੇ 10 ਵਜੇ ਚਾਦਰ ਦੀ ਰਸਮ ਸੰਗਤਾਂ ਵੱਲੋਂ ਅਦਾ ਕੀਤੀ ਜਾਵੇਗੀ। ਉਪਰੰਤ ਖੁੱਲੇ ਪੰਡਾਲ ਵਿੱਚ ਪੰਜਾਬ ਦੇ ਨਾਮਵਰ ਕਲਾਕਾਰ ਆਰ ਜੋਗੀ, ਗਿੱਲ ਸਿਸਟਰ, ਮਿੰਟੂ ਹੇਰਾਂ ਵਾਲਾ, ਰਾਮ ਮੋਜੀ ਬੀਟ ਗਰੁੱਪ ਚੱਬੇਵਾਲ, ਸੋਹਣ ਸ਼ੰਕਰ, ਪਿੰਕੀ ਨਕਾਲ ਪਾਰਟੀ ਮੇਹਟੀਆਣਾ, ਪ੍ਰੇਮ ਕਵਾਲ ਪ੍ਰਨਾਮ ਵਾਲੇ, ਰਾਜੇਸ਼ ਚਾਂਦ ਕਵਾਲ ਜਲੰਧਰ ਆਦਿ ਕਲਾਕਾਰ ਪੀਰਾਂ ਦੀ ਮਹਿਫ਼ਿਲ ਸਜਾਉਣਗੇ।ਵੱਖ-ਵੱਖ ਦਰਬਾਰਾਂ ਤੋਂ ਫੱਕਰ ਫ਼ਕੀਰ ਪੁੱਜ ਕੇ ਹਾਜ਼ਰੀ ਭਰਨਗੇ।ਮੁੱਖ



ਮਹਿਮਾਨ ਡਾਕਟਰ ਰਾਜ ਕੁਮਾਰ ਚੱਬੇਵਾਲ ਮੈਂਬਰ ਪਾਰਲੀਮੈਂਟ ਹੁਸ਼ਿਆਰਪੁਰ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰਨਗੇ।ਦੀਪਾ ਮਿਊਵਾਲੀਆ ਸਟੇਜ ਸਕੱਤਰ ਦੀ ਸੇਵਾ ਨਿਭਾਉਣਗੇ।ਛਬੀਲ, ਚਾਹ ਪਕੌੜੇ ਅਤੇ ਦਾਤਾ ਜੀ ਦੇ ਲੰਗਰ ਅਤੁੱਟ ਵਰਤਾਏ ਜਾਣਗੇ।

# ਨਸ਼ਾ ਤਸਕਰਾਂ ਵੱਲੋਂ ਕੀਤੀਆਂ ਨਜਾਇਜ਼ ਉਸਾਰੀਆਂ ਉੱਪਰ ਚੱਲਿਆ ਪੀਲਾ ਪੰਜਾ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)** ਪੰਜਾਬ ਸਰਕਾਰ ਵਲੋਂ ਨਸ਼ਿਆਂ ਦੇ ਖਾਤਮੇ ਲਈ ਚਲਾਈ ਜਾ ਰਹੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਤਹਿਤ ਪਿੰਡ ਡੋਗਰਾਂਵਾਲ ਵਿਖੇ ਤਿੰਨ ਨਸ਼ਾ ਤਸਕਰਾਂ ਵਲੋਂ ਪੰਚਾਇਤੀ ਜ਼ਮੀਨ ਉੱਪਰ ਕੀਤੀਆਂ ਗਈਆਂ ਨਾਜਾਇਜ਼ ਉਸਾਰੀਆਂ 'ਤੇ ਪ੍ਰਸ਼ਾਸਨ ਦਾ ਪੀਲਾ ਪੰਜਾ ਚਲਾਇਆ ਗਿਆ। ਐਸ.ਐਸ.ਪੀ ਕਪੂਰਥਲਾ ਗੌਰਵ ਤੂਰਾ ਨੇ ਦੱਸਿਆ ਕਿ ਬੀ.ਡੀ.ਪੀ.ਓ ਫਿਲਵਾਂ ਵਲੋਂ ਦਿੱਤੇ ਹੁਕਮਾਂ 'ਤੇ ਕਾਰਵਾਈ ਕਰਦਿਆਂ ਸਿਵਲ ਤੇ ਪੁਲਸ ਪ੍ਰਸ਼ਾਸਨ ਵਲੋਂ ਡੋਗਰਾਂਵਾਲ ਪਿੰਡ 'ਚ ਤਿੰਨ ਨਸ਼ਾ ਤਸਕਰਾਂ ਵਲੋਂ ਪੰਚਾਇਤ ਜ਼ਮੀਨ ਉੱਪਰ ਕੀਤੀਆਂ ਨਾਜਾਇਜ਼ ਉਸਾਰੀਆਂ ਉੱਪਰ ਕੀਤੇ ਕਬਜ਼ੇ 'ਤੇ ਡਿੱਚ ਮਸ਼ੀਨ ਚਲਾਈ ਗਈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਤਿੰਨੋਂ ਤਸਕਰਾਂ 'ਤੇ ਪਹਿਲਾਂ ਤੋਂ ਹੀ ਵੱਖ-ਵੱਖ ਥਾਣਿਆਂ 'ਚ ਐੱਨ.ਡੀ.ਪੀ.ਐਸ. ਦੇ 19 ਪਰਚੇ ਦਰਜ ਸਨ ਅਤੇ ਵੱਡੀ ਮਾਤਰਾ ਵਿਚ ਨਸ਼ਾ ਵੀ ਬਰਾਮਦ ਕੀਤਾ ਗਿਆ ਸੀ। ਇਨ੍ਹਾਂ ਵਿਚ ਰਾਜਵਿੰਦਰ ਸਿੰਘ ਉਰਫ ਰਾਜੂ ਪੁੱਤਰ ਬੂਆ ਸਿੰਘ ਵਾਸੀ ਡੋਗਰਾਂਵਾਲ 'ਤੇ ਐੱਨ.ਡੀ.ਪੀ.ਐਸ. ਐਕਟ ਅਧੀਨ 7 ਪਰਚੇ, ਸੁਖਜਿੰਦਰ ਸਿੰਘ ਉਰਫ ਕਾਕਾ ਪੁੱਤਰ ਬਲਕਾਰ ਸਿੰਘ ਵਾਸੀ ਡੋਗਰਾਂਵਾਲ 'ਤੇ 4 ਪਰਚੇ, ਸੁਖਚੈਨ ਸਿੰਘ ਉਰਫ ਦਿਲਬਰ ਸਿੰਘ ਵਾਸੀ ਡੋਗਰਾਂਵਾਲ 'ਤੇ 3 ਪਰਚੇ ,ਮਨਦੀਪ ਸਿੰਘ ਪੁੱਤਰ ਬੂਆ ਸਿੰਘ ਵਾਸੀ ਡੋਗਰਾਂਵਾਲ 'ਤੇ 2 ਪਰਚੇ ਅਤੇ ਬੂਆ ਸਿੰਘ ਪੁੱਤਰ ਅਜੀਤ ਸਿੰਘ ਵਾਸੀ ਡੋਗਰਾਂਵਾਲ 'ਤੇ ਐੱਨ.ਡੀ.ਪੀ.ਐਸ. ਦੇ 3 ਪਰਚੇ ਦਰਜ ਸਨ। ਉਨ੍ਹਾਂ ਦੱਸਿਆ ਕਿ ਡੀ.ਜੀ.ਪੀ. ਪੰਜਾਬ ਗੌਰਵ ਯਾਦਵ ਦੀਆਂ ਹਦਾਇਤਾਂ ਅਨੁਸਾਰ ਪੰਜਾਬ ਸਰਕਾਰ ਵਲੋਂ ਸ਼ੁਰੂ ਕੀਤੇ ਗਏ ' ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਜ਼ਿਲ੍ਹੇ ਵਿਚ ਨਸ਼ਾ ਤਸਕਰਾਂ ਵਿਰੁੱਧ ਤੇਜ਼ੀ ਨਾਲ ਕਾਰਵਾਈ ਕੀਤੀ ਜਾ ਰਹੀ ਹੈ। ਐਸ.ਐਸ.ਪੀ. ਨੇ ਕਿਹਾ ਕਿ ਜ਼ਿਲ੍ਹਾ ਪੁਲਿਸ ਨਸ਼ਿਆਂ ਦੇ ਵਿਰੁੱਧ ਜ਼ੀਰੋ ਟਾਲਰੈਂਸ ਰੱਖਦੀ ਹੈ ਅਤੇ ਨਸ਼ਾ ਖਤਮ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਨਸ਼ਾ ਤਸਕਰਾਂ ਦੀ ਹਮਾਇਤ ਬੰਦ ਕਰਨ ਦੇ ਨਾਲ-ਨਾਲ ਕਿਸੇ ਵੀ ਨਸ਼ਾ ਤਸਕਰ ਦੀ ਜ਼ਮਾਨਤ ਨਾ ਭਰੀ ਜਾਵੇ। ਉਨ੍ਹਾਂ ਪੰਜਾਬ ਵਿਚੋਂ ਨਸ਼ਿਆਂ ਦੇ ਖਾਤਮੇ ਲਈ ਸੂਬਾ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ 'ਤੇ ਜ਼ਿਲ੍ਹਾ ਸਿਵਲ ਤੇ ਪੁਲਿਸ ਪ੍ਰਸ਼ਾਸਨ ਵਲੋਂ ਕੀਤੀਆਂ ਜਾ ਰਹੀਆਂ ਕਾਰਵਾਈਆਂ ਵਿਚ ਬਣਦਾ ਸਹਿਯੋਗ ਦੇਣ ਦੀ ਅਪੀਲ ਵੀ ਕੀਤੀ। ਉਨ੍ਹਾਂ ਦੱਸਿਆ ਕਿ ਸਿਵਲ ਤੇ ਪੁਲਸ ਪ੍ਰਸ਼ਾਸਨ ਦੇ ਸਾਂਝੇ ਯਤਨਾਂ ਸਦਕਾ ਨਸ਼ੇ ਦੇ ਆਦੀ ਨੌਜਵਾਨਾਂ ਦੇ ਮੁੜਵਸੇਬੇ ਲਈ ਸਿਵਲ ਹਸਪਤਾਲ ਵਿਖੇ ਸਕਿੱਲ ਟ੍ਰੇਨਿੰਗ ਕੋਰਸਾਂ ਦੀ ਵੀ ਸ਼ੁਰੂਆਤ ਕੀਤੀ ਗਈ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਜੇਕਰ ਕੋਈ ਵੀ ਨਸ਼ੇ ਤੋਂ ਪ੍ਰਭਾਵਿਤ ਵਿਅਕਤੀ ਉਨ੍ਹਾਂ ਦੇ ਸੰਪਰਕ ਵਿਚ ਆਉਂਦਾ ਹੈ ਤਾਂ ਉਸਨੂੰ ਸਿਵਲ ਹਸਪਤਾਲ ਵਿਖੇ ਸਥਾਪਿਤ ਮੁੜਵਸੇਬਾ ਕੇਂਦਰ ਵਿਖੇ ਭਰਤੀ ਕਰਵਾ ਕੇ ਸਕਿੱਲ ਟ੍ਰੇਨਿੰਗ ਦੇ ਚੱਲ ਰਹੇ ਕੋਰਸਾਂ ਦੀ ਸਿਖਲਾਈ ਦਵਾਈ ਜਾਵੇ ਤਾਂ ਜੋ ਨਸ਼ਾ ਪੀੜਤ ਨਸ਼ਾ ਛੱਡ ਕੇ ਬਾਹਰ ਆਉਣ 'ਤੇ ਸਮਾਜ ਦੀ ਮੁੱਖ ਧਾਰਾ ਵਿਚ ਸ਼ਾਮਲ ਕੇ ਸਿਹਤਮੰਦ ਸਮਾਜ ਦੀ ਸਿਰਜਨਾ ਕਰ ਸਕੇ।

# ਗਿਆਨੀ ਧਰਮ ਸਿੰਘ ਭੰਖਰਪੁਰ ਦੀ ਕਿਤਾਬ 'ਪੁਆਧ ਕੇ ਮਸ਼ਹੂਰ ਗਾਓਂ ਭੰਖਰਪੁਰ ਕੀ ਬਾਤ' ਰਿਲੀਜ਼

**ਡੇਰਾਬੱਸੀ, (ਵਿਨੈ ਕੁਮਾਰ ਜੈਨ)**

ਪੰਜਾਬੀ ਸਾਹਿਤ ਸਭਾ, ਡੇਰਾਬੱਸੀ ਵੱਲੋਂ ਸ਼ਹੀਦ ਜਥੇਦਾਰ ਬਖਤਾਵਰ ਸਿੰਘ ਲਾਇਬ੍ਰੇਰੀ, ਭੰਖਰਪੁਰ ਵਿਖੇ ਕਰਵਾਏ ਗਏ ਕਵੀ ਦਰਬਾਰ ਦੌਰਾਨ ਗਿਆਨੀ ਧਰਮ ਸਿੰਘ ਭੰਖਰਪੁਰ ਦੀ ਨਵੀਂ ਕਿਤਾਬ 'ਪੁਆਧ ਕੇ ਮਸ਼ਹੂਰ ਗਾਓਂ ਭੰਖਰਪੁਰ ਕੀ ਬਾਤ' ਰਿਲੀਜ਼ ਕੀਤੀ ਗਈ। ਇਹ ਉਹਨਾਂ ਦੀ 16ਵੀਂ ਕਿਤਾਬ ਹੈ। ਇਸ ਮੌਕੇ ਸਭਾ ਦੇ ਪ੍ਰਧਾਨ ਜ਼ੈਲਦਾਰ ਸਿੰਘ ਹੱਸਮੁੱਖ ਨੇ ਖ਼ੁਸ਼ੀ ਪ੍ਰਗਟ ਕਰਦਿਆਂ ਕਿਹਾ ਕਿ ਗਿਆਨੀ ਧਰਮ ਸਿੰਘ ਭੰਖਰਪੁਰ ਨਾ ਸਿਰਫ਼ ਪੁਆਧ ਨਾਲ ਜੁੜੇ ਮਿਆਰੀ ਸਾਹਿਤ ਦੀ ਰਚਨਾ ਕਰ ਰਹੇ ਹਰ ਸਗੋਂ ਉਹ ਇਹ ਕੰਮ ਲਗਾਤਾਰ ਕਰ ਰਹੇ ਹਨ। ਇਸ ਮੌਕੇ ਬੋਲਦਿਆਂ ਉੱਘੇ ਕਵੀ ਅਤੇ ਆਲੋਚਕ ਜੈ ਪਾਲ ਨੇ ਕਿਹਾ ਕਿ ਇਸ ਕਿਤਾਬ ਵਿੱਚ ਨਾ ਸਿਰਫ਼ ਪਿੰਡ ਭੰਖਰਪੁਰ ਦਾ ਸਗੋਂ ਆਸ-ਪਾਸ ਦੇ ਇਲਾਕੇ ਦਾ ਇਤਿਹਾਸ ਵੀ ਸ਼ਾਮਲ ਹੈ, ਜੋ ਆਉਣ



ਵਾਲੀਆਂ ਪੀੜ੍ਹੀਆਂ ਲਈ ਚਾਨਣ ਮੁਨਾਰੇ ਦਾ ਕੰਮ ਕਰੇਗਾ।ਇਸ ਮੌਕੇ ਕਰਵਾਏ ਗਏ ਕਵੀ ਦਰਬਾਰ ਵਿੱਚ ਕਵੀ ਜਸਵੀਰ ਪਰਾਗਪੁਰੀ ਨੇ ਮੌਜੂਦਾ ਸਮੇਂ 'ਚ ਪੇਸ਼ ਆ ਰਹੀ ਸਭ ਤੋਂ ਭਿਅੰਕਰ ਸਮਾਜਿਕ ਬੁਰਾਈ ਨਸ਼ਿਆਂ ਉੱਤੇ ਆਪਣੀ ਕਵਿਤਾ 'ਨਸ਼ਾ-ਮੁਕਤ ਪੰਜਾਬ' ਸੁਣਾਈ। ਮੌਜੂਦਾ ਸਮੇਂ ਵਿੱਚ ਡਿੱਗ ਰਹੇ ਰਾਜਨੀਤਿਕ ਪੱਧਰ ਤੇ ਕਵੀ ਜੈ ਪਾਲ ਨੇ ਆਪਣੀ ਕਵਿਤਾ 'ਤੀਸਰੀ ਮਾਫ਼ੀ' ਨਾਲ ਹਾਜਰੀ ਲਗਵਾਈ। ਬੰਦੇ ਵੱਲੋਂ ਆਪਣੇ ਫ਼ਰਜ਼ ਨਿਭਾਉਂਦਿਆਂ ਕੁਝ ਗ਼ਲਤੀਆਂ ਵੀ ਹੋ ਸਕਦੀਆਂ ਹਨ, ਜੀਵਨ ਦੇ ਇਸੇ ਸੰਤੁਲਨ ਤੇ ਅਨਿਲ ਚੌਹਾਨ ਨੇ ਆਪਣਾ ਗੀਤ 'ਮੈਂ ਕੋਈ ਸੰਤ ਫ਼ਕੀਰ ਨਹੀਂ, ਜੋ ਆਇਆ ਡੇਰੇ ਤੋਂ' ਸੁਣਾਇਆ। ਗੀਤਕਾਰ ਜ਼ੈਲਦਾਰ ਸਿੰਘ ਹੱਸਮੁੱਖ ਨੇ ਪੰਜਾਬੀਆਂ ਦੀਆਂ ਖਾਣ ਪੀਣ ਦੀਆਂ ਗ਼ਲਤ ਆਦਤਾਂ ਬਾਰੇ ਆਪਣਾ ਗੀਤ 'ਭਾਰੀਆਂ ਖ਼ੁਰਾਕਾਂ' ਸੁਣਾਇਆ।ਗਿਆਨੀ ਧਰਮ ਸਿੰਘ ਭੰਖਰਪੁਰ ਵੀ ਆਪਣੀਆਂ ਕਵਿਤਾਵਾਂ 'ਸਹੀ ਸਲਾਹ' ਅਤੇ 'ਲੰਬੀ ਨਜ਼ਰ' ਨਾਲ ਸਰੋਤਿਆਂ ਦੇ ਰੂ-ਬਰੂ ਹੋਏ। ਐਡਵੋਕੇਟ ਕੰਵਲਜੀਤ ਸਿੰਘ ਨੇ ਗੁਰੂ ਨਾਨਕ ਦੇਵ ਜੀ ਦੇ ਜੀਵਨ ਤੇ ਆਧਾਰਿਤ ਆਪਣੀ ਕਵਿਤਾ ਸੁਣਾਈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਨਿਰਪੱਖ ਏਡ ਦੇ ਪ੍ਰਧਾਨ ਗੁਰਮੀਤ ਸਿੰਘ, ਪ੍ਰੋਫ਼ੈਸਰ ਰਵਿੰਦਰ ਸਿੰਘ, ਗੁਰਕਮਲ ਸਿੰਘ ਆਦਿ ਵੀ ਸ਼ਾਮਲ ਸਨ। ਸਭਾ ਦੇ ਜਨਰਲ ਸਕੱਤਰ ਗੁਰਜਿੰਦਰ ਸਿੰਘ ਬੜਾਣਾ ਨੇ ਰਮਾਸ਼ੰਕਰ ਯਾਦਵ 'ਵਿਦਰੋਹੀ' ਦੀ ਹਿੰਦੀ ਕਵਿਤਾ 'ਔਰਤ' ਦਾ ਅਨੁਵਾਦ ਸੁਣਾਇਆ ਅਤੇ ਸਟੇਜ ਦੀ ਕਾਰਵਾਈ ਬਾਖ਼ੂਬੀ ਚਲਾਈ।

# ਕੂੜੇ ਦੇ ਸਹੀ ਪ੍ਰਬੰਧਨ ਸੰਬੰਧੀ ਸੁਪਰਵਾਈਜਰਾਂ ਤੇ ਡਰਾਈਵਰਾਂ ਨਾਲ ਕੀਤੀ ਵਿਸ਼ੇਸ਼ ਮੀਟਿੰਗ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਕਮਿਸ਼ਨਰ ਨਗਰ ਨਿਗਮ ਹੁਸ਼ਿਆਰਪੁਰ ਜਯੋਤੀ ਬਾਲਾ ਮੱਟੂ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਕਾਰਪੋਰੇਸ਼ਨ ਸੈਨੀਟੇਸ਼ਨ ਅਫ਼ਸਰ ਦੀਪਕ ਕੁਮਾਰ ਦੀ ਅਗਵਾਈ ਹੇਠ ਕੂੜੇ ਦੇ ਪ੍ਰਬੰਧਨ ਸਬੰਧੀ ਇਕ ਵਿਸ਼ੇਸ਼ ਮੀਟਿੰਗ ਦਫ਼ਤਰ ਨਗਰ ਨਿਗਮ ਦੇ ਮੀਟਿੰਗ ਹਾਲ ਵਿਚ ਕੀਤੀ ਗਈ । ਇਸ ਵਿਚ ਸੰਜੀਵ ਕੁਮਾਰ ਨਾਹਰ ਸੈਨੇਟਰੀ ਇੰਸਪੈਕਟਰ, ਰਾਜੇਸ਼ ਕੁਮਾਰ ਸੈਨੇਟਰੀ ਇੰਸਪੈਕਟਰ, ਕਰਨਜੋਤ ਆਦੀਆ ਸੈਨੇਟਰੀ ਸੁਪਰਵਾਈਜਰ ਸਮੇਤ ਸੈਨਟਰੀ ਸ਼ਾਖਾ ਦਾ ਸਟਾਫ ਮੌਜੂਦ ਰਿਹਾ। ਇਸ ਦੌਰਾਨ ਕਾਰਪੋਰੇਸ਼ਨ ਸੈਨੀਟੇਸ਼ਨ ਅਫ਼ਸਰ ਵੱਲੋਂ ਸਮੂਹ ਸੁਪਰਵਾਈਜਰਾਂ ਅਤੇ ਸਫਾਈ ਮੇਟਾਂ ਨੂੰ ਆਉਣ ਵਾਲੇ ਬਰਸਾਤੀ ਮੌਸਮ ਨੂੰ ਮੁੱਖ ਰੱਖਦੇ ਹੋਏ ਸ਼ਹਿਰ ਦੀ ਸਫ਼ਾਈ ਸਬੰਧੀ ਅਤੇ ਲੋਕ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਦਿਸ਼ਾ-ਨਿਰਦੇਸ਼ ਜਾਰੀ ਕਰਦੇ ਹੋਏ ਕਿਹਾ ਗਿਆ ਕਿ ਉਨ੍ਹਾਂ ਵੱਲੋਂ ਆਪਣੇ ਅਧੀਨ ਪੈਂਦੇ ਵਾਰਡਾਂ ਵਿਚ ਸਫਾਈ ਵਿਵਸਥਾਂ ਦਾ ਪੂਰਨ ਤੌਰ 'ਤੇ ਧਿਆਨ ਰੱਖਿਆ ਜਾਵੇ। ਇਸ ਉਪਰੰਤ ਸੰਜੀਵ ਕੁਮਾਰ ਨਾਹਰ ਸੈਨੇਟਰੀ ਇੰਸਪੈਕਟਰ ਵੱਲੋਂ ਸਮੂਹ ਆਏ ਸੁਪਰਵੀਜਰਾਂ ਅਤੇ ਡਰਾਈਵਰਾਂ ਨੂੰ ਸ਼ਹਿਰ ਦੀ ਸਫ਼ਾਈ ਲਈ ਸ਼ਹਿਰ ਦੇ ਮੁੱਖ ਰੋਡਾਂ, ਸੈਂਟਰ ਵਰਜਾਂ, ਦੁਕਾਨਾਂ, ਖਾਲੀ ਪਲਾਟਾਂ ਦੀ ਮੁਕੰਮਲ ਤੌਰ 'ਤੇ ਸਫ਼ਾਈ ਕਰਵਾਉਣ ਸਬੰਧੀ ਹਦਾਇਤਾਂ ਜਾਰੀ ਕੀਤੀਆਂ ਗਈਆਂ। ਇਸ ਤੋਂ ਇਲਾਵਾ ਸਵੱਛ ਭਾਰਤ ਮਿਸ਼ਨ ਦੇ ਦਿਸ਼ਾ-ਨਿਰਦੇਸ਼ਾਂ ਨੂੰ ਮੁੱਖ ਰੱਖਦੇ ਹੋਏ ਦੱਸਿਆ ਗਿਆ ਕਿ ਭਾਰਤ ਸਰਕਾਰ ਅਤੇ ਮਾਣਯੋਗ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਦਿੱਲੀ ਵੱਲੋਂ ਸਿੰਗਲ ਯੂਜ਼ ਪਲਾਸਿਟਕ ਦੀ ਵਰਤੋਂ ਅਤੇ ਵਿਕਰੀ ਉੱਪਰ ਪੂਰਨ ਤੌਰ 'ਤੇ ਰੋਕ ਲਗਾ ਦਿੱਤੀ ਗਈ ਹੈ। ਇਥੇ ਆਮ ਪਬਲਿਕ ਨੂੰ ਅਪੀਲ ਕੀਤੀ ਗਈ ਹੈ ਕਿ ਸਿੰਗਲ ਯੂਜ ਪਲਾਸਟਿਕ ਦੀ ਵਰਤੋਂ 'ਤੇ ਪੂਰਨ ਤੌਰ 'ਤੇ ਪਾਬੰਦੀ ਲਗਾਈ ਜਾਵੇ ਤਾਂ ਜੋ ਸ਼ਹਿਰ ਹੁਸ਼ਿਆਰਪੁਰ ਨੂੰ ਹਰਿਆ-ਭਰਿਆ ਅਤੇ ਪ੍ਰਦੂਸ਼ਣ ਰਹਿਤ ਬਣਾਇਆ ਜਾ ਸਕੇ। ਜੇਕਰ ਕੋਈ ਵਿਅਕਤੀ ਇਨ੍ਹਾਂ ਹੁਕਮਾਂ ਦੀ ਉਲੰਘਣਾ ਕਰਦਾ ਪਾਇਆ ਜਾਂਦਾ ਹੈ ਤਾਂ ਉਸ ਵਿਰੁੱਧ ਸਖ਼ਤ ਕਾਰਵਾਈ ਕਰਦੇ ਹੋਏ ਨਿਸ਼ਚਿਤ ਹਦਾਇਤਾਂ ਅਨੁਸਾਰ ਮੌਕੇ 'ਤੇ ਹੀ ਚਲਾਨ ਜਾਰੀ ਕੀਤਾ ਜਾਵੇਗਾ ਅਤੇ ਸਾਮਾਨ ਜ਼ਬਤ ਕੀਤਾ ਜਾਵੇਗਾ।

# ਮੌ ਸਾਹਿਬ ਵਿਖੇ ਸਾਲਾਨਾ ਵਿਆਹ ਪੁਰਬ ਸੰਬੰਧੀ ਜੋੜ ਮੇਲਾ 5 ਤੋਂ

**ਫਿਲੌਰ, (ਨਿਰਮਲ)**- ਨਜ਼ਦੀਕੀ ਪਿੰਡ ਮੌ ਸਾਹਿਬ ਵਿਖੇ ਸਾਲਾਨਾ ਵਿਆਹ-ਪੁਰਬ ਸਬੰਧੀ ਜੋੜ ਮੇਲਾ 5, 6, 7 ਜੁਲਾਈ ਨੂੰ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਗੁਰੂਦਵਾਰਾ ਸ਼੍ਰੀ ਗੁਰੂ ਅਰਜਨ ਦੇਵ ਜੀ ਮੌ ਸਾਹਿਬ ਜੀ ਦੇ ਮੈਨੇਜਰ ਨੇ ਦੱਸਿਆ ਕਿ ਮੌ ਸਾਹਿਬ ਵਿਖੇ ਪੰਜਵੀਂ ਪਾਤਿਸ਼ਾਹੀ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਵਿਆਹ ਪੁਰਬ ਨੂੰ ਸਮਰਪਿਤ ਹੈ। ਇਹ ਜੋੜ ਮੇਲਾ ਹਰ ਸਾਲ ਨਗਰ ਨਿਵਾਸੀਆਂ, ਐਨ ਆਰ ਆਈ ਵੀਰਾ ਅਤੇ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾਂਦਾ ਹੈ।ਇਸ ਮੌਕੇ ਰਾਗੀ ਢਾਡੀ, ਕਵੀਸ਼ਰੀ, ਅਤੇ ਪ੍ਰਚਾਰਕਾਂ ਵੱਲੋਂ ਗੁਰਮਤਿ ਸਮਾਗਮਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਜਾਵੇਗਾ। ਇਸ ਮੌਕੇ ਵੱਡੀ ਗਿਣਤੀ 'ਚ ਸੰਗਤਾਂ ਵੱਲੋਂ ਲੰਗਰ ਲਗਾਏ ਜਾਣਗੇ।

# ਸੰਤ ਬਾਬਾ ਹਬੀਰ ਸਿੰਘ ਦੀ ਬਰਸੀ ਧੂਮਧਾਮ ਨਾਲ ਮਨਾਈ ਜਾਵੇਗੀ

**ਫਗਵਾੜਾ ( ਜਸਵਿੰਦਰ ਢੱਡਾ )**- ਬਾਬਾ 108 ਬਾਬਾ ਹਬੀਰ ਸਿੰਘ ਖੈੜ ਅਛਰਵਾਲ ਵਾਲਿਆਂ ਦੀ 84ਵੀਂ ਸਾਲਾਨਾ ਬਰਸੀ 4-5-6 ਜੁਲਾਈ ਨੂੰ ਪਿੰਡ ਡਘਾਮ ਕੁੱਪਾ ਵਾਲੀ ਵਿਖੇ ਬੜੀ ਧੂਮ ਧਾਮ ਨਾਲ ਮਨਾਈ ਜਾ ਰਹੀ ਹੈ। ਸ੍ਰੀਮਾਨ 108 ਸੰਤ ਬਾਬਾ ਜਸਵਿੰਦਰ ਸਿੰਘ ਖੈੜ ਅਛਰੁਵਾਲ ਵਾਲੇ, ਸੰਤ ਬਾਬਾ ਸਵਰਨਜੀਤ ਸਿੰਘ ਮਿਸਲ ਸ਼ਹੀਦਾਂ ਤਰਨਾ ਦਲ ਕੋਟ ਪਲੀਆਂ, ਸੰਤ ਬਾਬਾ ਸਰਵਣ ਦਾਸ ਲੁਧਿਆਣਾ ਵਾਲੇ, ਸੰਤ ਬਾਬਾ ਮਨਜਿੰਦਰ ਸਿੰਘ ਰਾਏਪੁਰ ਵਾਲੇ ਆਪਣੇ ਪ੍ਰਵਚਨਾਂ ਅਤੇ ਕੀਰਤਨ ਨਾਲ ਨਿਹਾਲ ਕਰਨਗੇ। ਛਬੀਲ ਅਤੇ ਗੁਰੂ ਦਾ ਲੰਗਰ ਅਤੁੱਟ ਵਰਤੇਗਾ।

# ਡਾ. ਨਿਰਮਲ ਕੁਮਾਰ ਨੂੰ ਮਿਸ਼ਨ ਅੰਮ੍ਰਿਤ ਪੰਜਾਬ ਸਟੀਮੀ ਪ੍ਰੋਜੈਕਟ ਤਹਿਤ ਮਿਲਿਆ ਸਨਮਾਨ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**

ਜਦੋਂ ਵੀ ਕੋਈ ਵਿਅਕਤੀ ਬਿਮਾਰ ਹੁੰਦਾ ਹੈ ਤਾਂ ਉਹ ਡਾਕਟਰ ਕੋਲ ਹੀ ਜਾਂਦਾ ਹੈ ਕਿਉਂਕਿ ਡਾਕਟਰ ਹੀ ਲੋਕਾਂ ਨੂੰ ਛੋਟੀ ਹੀ ਨਹੀਂ ਬਲਕਿ ਕਈ ਗੰਭੀਰ ਤੇ ਖਤਰਨਾਕ ਬਿਮਾਰੀਆਂ ਤੋਂ ਵੀ ਬਚਾਉਂਦੇ ਹਨ। ਐਵੇਂ ਹੀ ਡਾਕਟਰ ਨੂੰ ਭਗਵਾਨ ਦੇ ਬਰਾਬਰ ਦਰਜਾ ਨਹੀਂ ਦਿੱਤਾ ਜਾਂਦਾ, ਉਸ ਦੇ ਪਿੱਛੇ ਉਨ੍ਹਾਂ ਦੀ ਮਿਹਨਤ ਸਾਫ਼ ਨਜ਼ਰ ਆਉਂਦੀ ਹੈ। ਇਕ ਵਿਅਕਤੀ ਜਦੋਂ ਕਿਸੇ ਵੀ ਬਿਮਾਰੀ ਦਾ ਸ਼ਿਕਾਰ ਹੁੰਦਾ ਹੈ ਤਾਂ ਉਸ ਦੇ ਨਾਲ ਕੋਈ ਹਾਦਸਾ ਹੁੰਦਾ ਹੈ ਜਾਂ ਫਿਰ ਕਿਸੇ ਗੰਭੀਰ ਬਿਮਾਰੀ ਦੀ ਲਪੇਟ 'ਚ ਲੋਕ ਆਉਂਦੇ ਹਨ। ਅਜਿਹੇ ਮੁਸ਼ਕਲ ਭਰੇ ਸਮੇਂ 'ਚ ਡਾਕਟਰ ਹੀ ਉਨ੍ਹਾਂ ਨੂੰ ਠੀਕ ਕਰਦੇ ਹਨ ਤੇ ਇਕ ਨਵੀਂ ਜ਼ਿੰਦਗੀ ਦੇਣ ਦਾ ਕੰਮ ਕਰਦੇ ਹਨ। ਇਸੇ ਤਰ੍ਹਾਂ ਨਵਾਂ ਸ਼ਹਿਰ ਸਿਵਲ ਹਸਪਤਾਲ ਦੇ ਹਾਰਟ ਮੈਡੀਸਨ ਸਪੈਸ਼ਲਿਸਟ ਡਾਕਟਰ ਨਿਰਮਲ ਕੁਮਾਰ ਨੂੰ ਮਿਸ਼ਨ ਅੰਮ੍ਰਿਤ ਪੰਜਾਬ ਸਟੀਮੀ ਪ੍ਰੋਜੈਕਟ ਤਹਿਤ ਸਿਹਤ ਮੰਤਰੀ ਡਾਕਟਰ ਬਲਵੀਰ ਸਿੰਘ ਨੇ ਸਰਟੀਫਿਕੇਟ ਦੇ ਸਨਮਾਨਿਤ ਕੀਤਾ। ਪੰਜਾਬ ਦੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ 'ਰਾਸ਼ਟਰੀ ਡਾਕਟਰ ਦਿਵਸ' ਨੇ ਕਿਹਾ ਕਿ ਪੰਜਾਬ ਨੇ ਹੁਣ ਮੈਡੀਕਲ ਖੇਤਰ ਵਿੱਚ ਬਹੁਤ ਤਰੱਕੀ ਕੀਤੀ ਹੈ ਅਤੇ ਦਿਲ ਦੇ ਦੌਰੇ ਵਰਗੀਆਂ ਬਿਮਾਰੀਆਂ ਦਾ ਇਲਾਜ ਹੁਣ ਅਤਿ-ਆਧੁਨਿਕ ਤਰੀਕਿਆਂ ਨਾਲ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜਦੋਂ ਕਿਸੇ ਨੂੰ ਦਿਲ ਦਾ ਦੌਰਾ ਪੈਂਦਾ ਹੈ ਤਾਂ ਇਹ ਮਿੰਟਾਂ ਅਤੇ ਸਕਿੰਟਾਂ ਦੀ ਲੜਾਈ ਹੁੰਦੀ ਹੈ। ਅਜਿਹੇ ਮਰੀਜ਼ਾਂ ਨੂੰ ਇਕ ਵਿਸ਼ੇਸ਼ ਟੀਕਾ ਲਗਾਇਆ ਜਾਂਦਾ ਹੈ, ਜਿਸ ਨਾਲ ਉਨ੍ਹਾਂ ਦੀ ਜਾਨ ਬਚਾਈ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਲੋਕਾਂ ਵਿੱਚ ਇਹ ਧਾਰਨਾ ਸੀ ਕਿ ਦਿਲ ਦੇ ਦੌਰੇ ਦਾ ਇਲਾਜ ਸਰਕਾਰੀ ਹਸਪਤਾਲਾਂ ਵਿੱਚ ਨਹੀਂ ਕੀਤਾ ਜਾ ਸਕਦਾ, ਪਰ ਹੁਣ ਇਹ ਧਾਰਨਾ ਬਦਲ ਗਈ ਹੈ। ਸਿਹਤ ਮੰਤਰੀ ਡਾਕਟਰ ਬਲਵੀਰ ਸਿੰਘ



ਦਾ ਧੰਨਵਾਦ ਕਰਦੇ ਹੋਏ ਡਾਕਟਰ ਨਿਰਮਲ ਕੁਮਾਰ ਨੇ ਕਿਹਾ ਕਿ ਮੇਰੇ ਲਈ ਬਹੁਤ ਮਾਣ ਵਾਲੀ ਗੱਲ ਹੈ। ਨਵਾਂਸ਼ਹਿਰ ਸਿਵਲ ਹਸਪਤਾਲ ਦੇ ਮੈਡੀਸਨ ਸ਼ਪੈਸ਼ਲਿਸਟ ਡਾਕਟਰ ਨਿਰਮਲ ਕੁਮਾਰ ਨੇ ਕਿਹਾ ਹੈ ਕਿ ਡਾਕਟਰੀ ਪੇਸ਼ਾ ਮਨੁੱਖਤਾ ਦੀ ਸੇਵਾ ਨੂੰ ਸਮਰਪਿਤ ਹੈ। ਇਸ ਕਿੱਤੇ ਵਿਚ ਉਹ ਇਨਸਾਨ ਹੀ ਸਫ਼ਲ ਗਿਣਿਆ ਜਾ ਸਕਦਾ ਹੈ ਜਿਸ ਵਿਚ ਸੇਵਾ ਦੀ ਭਾਵਨਾ ਅਤੇ ਸੱਚੀ ਲਗਨ ਹੋਵੇ। ਅਜਿਹੇ ਡਾਕਟਰ ਲੋਕ ਮਨਾਂ 'ਤੇ ਰਾਜ ਕਰਦੇ ਹੋਏ ਮਰੀਜ਼ਾਂ ਦੀਆਂ ਦੁਆਵਾਂ ਨੂੰ ਹੀ ਆਪਣੀ ਸੱਚੀ ਸੁੱਚੀ ਕਮਾਈ ਮੰਨਦੇ ਹਨ।

# ਨਿਹਾਲੂਵਾਲ 'ਚ ਪੁੱਤਰ ਵੱਲੋਂ ਤੇਜ਼ਧਾਰ ਕਿਰਚ ਨਾਲ ਪਿਉ ਦਾ ਕਤਲ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)-** ਪਿੰਡ ਨਿਹਾਲੂਵਾਲ (ਬਰਨਾਲਾ) ਵਿਖੇ ਪੁੱਤਰ ਵੱਲੋਂ ਤੇਜ਼ਧਾਰ ਕਿਰਚ ਨਾਲ ਹਮਲਾ ਕਰਕੇ ਆਪਣੇ ਹੀ ਪਿਤਾ ਦਾ ਕਤਲ ਕਰ ਦੇਣ ਦਾ ਦੁਖਦਾਈ



ਸਮਾਚਾਰ ਮਿਲਿਆ ਹੈ। ਇਸ ਸੰਬੰਧੀ ਡੀ ਐਸ ਪੀ ਜਤਿੰਦਰਪਾਲ ਸਿੰਘ ਨੇ ਦੱਸਿਆ ਕਿ ਨੌਜਵਾਨ ਵੱਲੋਂ ਆਪਣੇ ਪਿਤਾ ਬੂਟਾ ਸਿੰਘ (68) ਪੁੱਤਰ ਕੇਹਰ ਸਿੰਘ ਵਾਸੀ ਨਿਹਾਲੂਵਾਲ ਨਾਲ ਜ਼ਮੀਨੀ ਵੰਡ ਨੂੰ ਹੋਇਆ ਤਕਰਾਰ ਵੱਡੀ ਘਟਨਾ ਦਾ ਰੂਪ ਧਾਰਨ ਕਰ ਗਿਆ। ਥਾਣਾ ਮਹਿਲ ਕਲਾਂ ਦੇ ਮੁੱਖ ਅਫ਼ਸਰ ਕਿਰਨਜੀਤ ਕੌਰ ਕੋਲ ਮ੍ਰਿਤਕ ਦੀ ਪਤਨੀ ਸੁਰਿੰਦਰ ਕੌਰ ਵੱਲੋਂ ਦਰਜ ਕਰਵਾਏ ਬਿਆਨਾਂ 'ਚ ਕਿਹਾ ਕਿ ਅੱਜ ਦੁਪਹਿਰ ਇਕ ਵਜੇ ਦੇ ਕਰੀਬ ਜਦੋਂ ਉਹ ਘਰ ਵਿਚ ਨਹੀਂ ਸਨ, ਵੱਡੇ ਬੇਟੇ ਨੇ ਤੇਜ਼ਧਾਰ ਕਿਰਚ ਨਾਲ ਹਮਲਾ ਕਰਕੇ ਮੇਰੇ ਪਤੀ ਬੂਟਾ ਸਿੰਘ ਨੂੰ ਮਾਰ ਮੁਕਾਇਆ ਹੈ। ਪੁਲਸ ਅਧਿਕਾਰੀਆਂ ਅਨੁਸਾਰ ਨੌਜਵਾਨ ਜ਼ਮੀਨ ਜਾਇਦਾਦ ਨੂੰ ਆਪਣੇ ਨਾਂਅ ਕਰਵਾਉਣ ਲਈ ਆਪਣੇ ਪਿਤਾ ਉਪਰ ਦਬਾਅ ਪਾ ਰਿਹਾ ਸੀ। ਜਿਸ ਤੋਂ ਗੁੱਸੇ ਵਿੱਚ ਆ ਕੇ ਨੌਜਵਾਨ ਨੇ ਇਹ ਘਿਨੌਣੀ ਘਟਨਾ ਨੂੰ ਅੰਜਾਮ ਦਿਤਾ। ਥਾਣਾ ਮਹਿਲ ਕਲਾਂ ਪੁਲਸ ਨੇ ਮ੍ਰਿਤਕ ਬੂਟਾ ਸਿੰਘ ਦੀ ਲਾਸ਼ ਦਾ ਪੋਸਟਮਾਰਟਮ ਕਰਵਾ ਕੇ ਵਾਰਸਾਂ ਹਵਾਲੇ ਕਰ ਦਿੱਤੀ।

# ਪੁਲ ਬਣਨ ਤੋਂ ਪਹਿਲਾਂ ਰੇਲਵੇ ਫਾਟਕਾਂ ਕੋਲ ਨਹਿਰ ਦੇ ਨਾਲ ਜਾਂਦੀ ਸੜਕ ਦੀ ਰਿਪੇਅਰ ਜ਼ਰੂਰ ਕਰਵਾਈ ਜਾਵੇ

**● ਸੜਕ ਦੀ ਰਿਪੇਅਰ ਨਾ ਕਰਾਈ ਤਾਂ ਪੀਪਾ ਲੈ ਕੇ ਸੜਕ ਰਿਪੇਅਰ ਲਈ ਫੰਡ ਇਕੱਠਾ ਕਰਾਂਗੇ : ਜਨਦੀਪ ਕੌਸ਼ਲ**



**ਦੋਰਾਹਾ (ਹਰਮਿੰਦਰ ਸਿੰਘ)** ਰੇਲਵੇ ਤੇ ਧਰਨੇ ਤੋਂ ਬਾਅਦ ਸੋਸ਼ਲ ਮੀਡੀਆ 'ਤੇ ਇੱਕ ਵੱਖਰੀ ਚਰਚਾ ਛਿੜੀ ਕਿ ਦੋਰਾਹਾ ਇਲਾਕੇ ਦੇ ਲੋਕਾਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਦੋਰਾਹਾ ਰੇਲਵੇ ਫਾਟਕਾਂ ਵਾਲਾ ਪੁਲ ਬਨਣ ਤੋਂ ਪਹਿਲਾਂ ਰੇਲਵੇ ਫਾਟਕਾਂ ਦੇ ਨਾਲ ਜਾਂਦੀ ਸੜਕ ਨੂੰ ਰਿਪੇਅਰ ਜ਼ਰੂਰ ਕਰਾਇਆ ਜਾਵੇ। ਲੋਕਾਂ ਨੇ ਹਲਕਾ ਵਿਧਾਇਕ ਤੋਂ ਵੀ ਇਹੋ ਮੰਗ ਕੀਤੀ ਹੈ ਕਿ ਜਦ ਤੱਕ ਰੇਲਵੇ ਫਾਟਕਾਂ ਵਾਲਾ ਪੁਲ਼ ਨਹੀਂ ਬਣਦਾ, ਉਸ ਤੋਂ ਪਹਿਲਾਂ ਇਸ ਸੜਕ ਦੀ ਰਿਪੇਅਰ ਜ਼ਰੂਰ ਕਰਾਈ ਜਾਵੇ, ਜਦਕਿ ਸ਼ਹਿਰ ਦੇ ਸਮਾਜ ਸੇਵੀ ਜਨਦੀਪ ਕੌਸ਼ਲ ਦਾ ਕਹਿਣਾ ਹੈ ਕਿ ਜੇਕਰ ਸਰਕਾਰ ਜਾਂ ਪ੍ਰਸ਼ਾਸ਼ਨ ਨੇ ਕੁੱਝ ਦਿਨਾਂ ਤੱਕ ਇਸ ਖਸਤਾ ਹੋਈ ਸੜਕ ਦਾ ਕੋਈ ਹੱਲ ਨਾ ਕੀਤਾ ਤਾਂ ਉਹ ਪੀਪਾ ਲੈ ਕੇ ਦੋਰਾਹੇ ਬਾਜ਼ਾਰ 'ਚੋਂ ਤੇ ਆਲੇ ਦੁਆਲੇ ਦੇ ਲੋਕਾਂ ਤੋਂ ਇਸ ਸੜਕ ਦੀ ਰਿਪੇਅਰ ਲਈ ਫੰਡ ਇਕੱਠਾ ਜ਼ਰੂਰ ਕਰਨਗੇ। ਉਧਰ ਦੂਜੇ ਪਾਸੇ ਕਈ ਸੂਝਵਾਨ ਲੋਕਾਂ ਦਾ ਇਹ ਵੀ ਮੰਨਣਾ ਹੈ ਕਿ ਲੋਕਾਂ ਨੂੰ ਇਸ ਸੜਕ ਦੇ ਕਾਰਨ ਹੋ ਰਹੀ ਭਾਰੀ ਪ੍ਰੇਸ਼ਾਨੀ ਦਾ ਹੱਲ ਕਰਨ ਦੀ ਬਿਜਾਏ ਰਾਜਨੀਤਕ ਪਾਰਟੀਆਂ ਦੇ ਲੀਡਰ ਇੱਕ-ਦੂਜੇ ਖ਼ਿਲਾਫ਼ ਬਿਆਨ ਦੇ ਕੇ ਲੋਕਾਂ ਦਾ ਧਿਆਨ ਇਸ ਸੜਕ ਤੋਂ ਹੋਰ ਪਾਸੇ ਕਰ ਰਹੇ ਹਨ।

# ਦੇਵੀਗੜ੍ਹ-ਮਿਹੌਣ ਰੋਡ 'ਤੇ ਪੈਦਲ ਤੁਰਨਾ ਵੀ ਹੋਇਆ ਮੁਸ਼ਕਲ

**ਦੇਵੀਗੜ੍ਹ/ਪਟਿਆਲਾ (ਰਜਿੰਦਰ ਸਿੰਘ ਥਿੰਦ)-** ਵਿਧਾਨ ਸਭਾ ਹਲਕਾ ਸਨੌਰ 'ਚ ਪੈਂਦੀਆਂ ਸੜਕਾਂ ਦੇ ਟੁੱਟ ਜਾਣ ਅਤੇ ਉਹਨਾਂ ਵਿੱਚ ਫੁੱਟ ਫੁੱਟ ਦੇ ਡੂੰਘੇ ਪਏ ਟੋਇਆਂ ਕਾਰਨ ਲੋਕਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਪ੍ਰੰਤੂ ਸਰਕਾਰ ਵੱਲੋਂ ਇਸ ਪਾਸੇ ਵੱਲ ਕੋਈ ਧਿਆਨ ਨਾ ਦੇਣ ਕਾਰਨ ਲੋਕਾਂ ਨੂੰ ਭਾਰੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨ ਲਈ ਮਜਬੂਰ ਹੋਣਾ ਪੈ ਰਿਹਾ ਹੈ। ਦੇਵੀਗੜ੍ਹ ਤੋਂ ਪਹੇਵਾ ਨੂੰ ਜਾਣ ਵਾਲੀ ਮੁੱਖ ਸੜਕ ਤੋਂ ਛੰਨਾਂ ਪਿੰਡ ਤੋਂ ਮਿਹੌਣ ਪਿੰਡ ਨੂੰ ਜਾਣ ਵਾਲ਼ੀ ਸੜਕ ਟੁੱਟੀ ਪਈ ਹੈ। ਇਸ ਸੜਕ 'ਤੇ ਪਏ ਡੂੰਘੇ ਟੋਇਆਂ 'ਚ ਮੀਂਹ ਦਾ ਪਾਣੀ ਭਰਨ ਕਾਰਨ ਨਿੱਤ ਦੁਰਘਟਨਾਵਾਂ ਵਾਪਰ ਰਹੀਆਂ ਹਨ। ਬਰਸਾਤਾਂ ਵਿੱਚ ਸੜਕ 'ਤੇ ਪੈਦਲ ਚੱਲਣਾ ਵੀ ਮੁਸ਼ਕਲ ਹੋ ਗਿਆ ਹੈ। ਟਰੱਕ ਯੂਨੀਅਨ ਦੇਵੀਗੜ੍ਹ ਦੇ ਸਾਬਕਾ ਪ੍ਰਧਾਨ ਸੁਰਜੀਤ ਸਿੰਘ ਥਿੰਦ, ਹਰਵਿੰਦਰ ਸਿੰਘ ਥਿੰਦ, ਬੂਟਾ ਸਿੰਘ ਥਿੰਦ, ਰਾਣਾ ਸਿੰਘਾ ਥਿੰਦ ਸੰਦੀਪ ਸਰਪੰਚ ਅਦਾਲਤੀਵਾਲਾ, ਪੱਪੀ ਸਰਪੰਚ ਮਲਕ ਸਿੰਘ ਅਤੇ ਹੋਰ ਆਗੂਆਂ ਨੇ ਹਲਕਾ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਤੋਂ ਸੜਕਾਂ ਨੂੰ ਨਵੇ ਸਿਰੇ ਤੋਂ ਬਣਾਉਣ ਦੀ ਮੰਗ ਕੀਤੀ ਹੈ। ਪਿਛਲੇ ਸਮੇਂ 'ਚ ਹੜ੍ਹਾਂ ਕਾਰਨ ਸਾਰੇ ਹਲਕੇ ਅੰਦਰ ਟੁੱਟੀਆਂ ਉਨ੍ਹਾਂ



ਮੁੱਖ ਅਤੇ ਲਿੰਕ ਸੜਕਾਂ ਨੂੰ ਨਾ ਤਾਂ ਨਵੇਂ ਸਿਰੇ ਤੋਂ ਬਣਾਇਆ ਜਾ ਰਿਹਾ ਹੈ ਅਤੇ ਨਾ ਹੀ ਸੜਕਾਂ ਦੀ ਮੁਰੰਮਤ ਵੱਲ ਕੋਈ ਧਿਆਨ ਦਿੱਤਾ ਜਾ ਰਿਹਾ ਹੈ, ਜਿਸ ਕਾਰਨ ਲੋਕ ਸਰਕਾਰ ਦੀ ਮਾੜੀ ਕਾਰਗੁਜ਼ਾਰੀ ਤੋਂ ਨਿਰਾਸ਼ ਨਜ਼ਰ ਆ ਰਹੇ ਹਨ। ਪਿਛਲੇ ਸਾਲ ਜੋ ਸੜਕਾਂ ਹੜ੍ਹ ਕਾਰਨ ਟੁੱਟ ਗਈਆਂ ਸਨ ਉਹਨਾਂ ਦੀ ਮੁਰੰਮਤ ਅਤੇ ਉਹਨਾਂ ਨੂੰ ਨਵੇਂ ਸਿਰੇ ਤੋਂ ਬਣਾਉਣ ਵੱਲ ਸਰਕਾਰ ਵਲੋਂ ਕੋਈ ਧਿਆਨ ਨਾ ਦੇਣ ਕਾਰਨ ਲੋਕਾਂ ਦਾ ਸਰਕਾਰ ਪ੍ਰਤੀ ਗੁੱਸਾ ਵਧਦਾ ਜਾ ਰਿਹਾ ਹੈ। ਦੇਵੀਗੜ੍ਹ ਤੋਂ ਪਹੇਵਾ ਨੂੰ ਜਾਣ ਵਾਲੀ ਸੜਕ 'ਤੇ ਰੋਜ਼ਾਨਾ ਸੈਂਕੜੇ ਵਾਹਨਾਂ ਦੀ ਆਵਾਜਾਈ ਪੰਜਾਬ ਤੋਂ ਹਰਿਆਣਾ ਅਤੇ ਹਰਿਆਣਾ ਤੋਂ ਪੰਜਾਬ ਵੱਲ ਹੁੰਦੀ ਹੈ ਪ੍ਰੰਤੂ ਹੜ੍ਹਾਂ ਕਾਰਨ ਟੁੱਟੀ ਇਸ ਸੜਕ ਨੂੰ ਨਵੇ ਸਿਰੇ ਤੋਂ 2 ਸਾਲ ਬੀਤ ਜਾਣ ਮਗਰੋ ਸਰਕਾਰ ਵਲੋਂ ਇਸ ਦੀ ਸਾਰ ਨਹੀਂ ਲਈ ਗਈ। ਦੇਵੀਗੜ੍ਹ ਤੋਂ ਬਾਇਆ ਮਸੀਂਗਣ ਨਨਿਉਲਾ ਨੂੰ ਜਾਣ ਵਾਲ਼ੀ ਸੜਕ ਦੀ ਹਾਲਾਤ ਇੰਨੀ ਜ਼ਿਆਦਾ ਖ਼ਸਤਾ ਹੋ ਗਈ ਹੈ ਕਿ ਇਸ 'ਚ ਪਏ ਡੂੰਘੇ ਟੋਇਆਂ ਕਾਰਨ ਇਸ 'ਤੇ ਪੈਦਲ ਚੱਲਣਾ ਵੀ ਮੁਸ਼ਕਲ ਹੋ ਗਿਆ ਹੈ। ਦੇਵੀਗੜ੍ਹ ਤੋਂ ਹਡਾਣਾ ਨੂੰ ਜਾਣ ਵਾਲ਼ੀ ਸੜਕ ਤੋਂ ਦੇਵੀਗੜ੍ਹ ਤੋਂ ਭੰਬੂਆਂ ਤੱਕ ਪੈਦਲ ਚੱਲਣ ਦਾ ਰਸਤਾ ਵੀ ਨਹੀ। ਇਸ ਤੋਂ ਇਲਾਵਾ ਦੇਵੀਗੜ੍ਹ ਤੋਂ ਮੱਘਰ ਸਹਿਬ ਅਤੇ ਹੋਰ ਪਿੰਡਾਂ ਨੂੰ ਜਾਣ ਵਾਲੀਆਂ ਲਿੰਕ ਸੜਕਾਂ ਦੀ ਨਾਜ਼ੁਕ ਹਾਲਤ ਕਾਰਨ ਸਰਕਾਰ ਦੀ ਕਾਰਗੁਜ਼ਾਰੀ 'ਤੇ ਪ੍ਰਸ਼ਨ ਚਿੰਨ੍ਹ ਲੱਗਾ ਰਿਹਾ ਹੈ। ਹਲਕੇ ਅੰਦਰ ਟੁੱਟੀਆਂ ਸੜਕਾਂ ਨੂੰ ਨਵੇਂ ਸਿਰੇ ਤੋਂ ਬਣਾਉਣ ਸਬੰਧੀ ਹਲਕੇ ਦੇ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਨੇ ਦੱਸਿਆ ਕਿ ਹਲਕੇ ਦੀ ਟੁੱਟੀਆਂ ਸੜਕਾਂ ਨੂੰ ਨਵੇਂ ਸਿਰੇ ਤੋਂ ਬਣਾਉਣ ਲਈ ਕਾਰਵਾਈ ਮੁਕੰਮਲ ਹੋ ਗਈ ਹੈ ਅਤੇ ਸਰਕਾਰ ਵਲੋਂ ਮਿਲ ਚੁੱਕੀ ਹੈ। ਸਰਕਾਰ ਵਲੋਂ ਇਸ ਕੰਮ ਲਈ ਫੰਡ ਵੀ ਜਾਰੀ ਕਰ ਦਿੱਤੇ ਹਨ। ਉਹਨਾਂ ਦੱਸਿਆ ਕਿ ਹਲਕੇ ਦੀਆਂ ਸੜਕਾਂ ਨੂੰ ਜਲਦ ਨਵੇਂ ਸਿਰੇ ਤੋਂ ਬਣਾ ਕੇ ਹਲਕਾ ਵਾਸੀਆਂ ਦਾ ਉਲਾਂਭਾ ਲਾਹ ਦਿੱਤਾ ਜਾਵੇਗਾ।

# ਐਡਵੋਕੇਟ ਰਾਏ ਵੱਲੋਂ ਲੋਕਾਂ ਨੂੰ ਸਰਕਾਰੀ ਯੋਜਨਾਵਾਂ ਦਾ ਲਾਭ ਲੈਣ ਦਾ ਸੱਦਾ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-** ਗ੍ਰਾਮ ਪੰਚਾਇਤ ਪੱਧਰ 'ਤੇ ਵਿੱਤੀ ਸਮਾਵੇਸ਼ ਯੋਜਨਾਵਾਂ ਦੀ ਸੰਤ੍ਰਿਪਤਤਾ ਮੁਹਿੰਮ ਤਹਿਤ ਰਾਜ ਪੱਧਰੀ ਕੈਂਪ ਪਿੰਡ ਮਹਾਦੀਆ ਵਿਖੇ ਆਯੋਜਿਤ ਕੀਤਾ ਗਿਆ ਜਿਸ ਵਿੱਚ ਵਿਧਾਇਕ ਐਡਵੋਕੇਟ ਲਖਬੀਰ ਸਿੰਘ ਰਾਏ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਵਿਧਾਇਕ ਲਖਬੀਰ ਸਿੰਘ ਰਾਏ ਨੇ ਲੋਕਾਂ ਨੂੰ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਭਲਾਈ ਸਕੀਮਾਂ ਦਾ ਲਾਭ ਉਠਾਉਣ ਦੀ ਅਪੀਲ ਕੀਤੀ। ਕੈਂਪ ਨੂੰ ਸੰਬੋਧਨ ਕਰਦਿਆਂ ਸੁਰਿੰਦਰ ਸਿੰਘ ਧਾਲੀਵਾਲ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਨੇ ਕਿਹਾ ਕਿ ਇਸ ਮੁਹਿੰਮ ਦਾ ਉਦੇਸ਼ ਇਹ ਹੈ ਕਿ




ਫਤਹਿਗੜ੍ਹ ਸਾਹਿਬ ਜ਼ਿਲ੍ਹੇ ਦੇ ਕਿਸੇ ਵੀ ਪਿੰਡ ਦਾ ਕੋਈ ਵੀ ਵਿਅਕਤੀ ਬੈਂਕ ਖਾਤੇ ਦੀ ਸਹੂਲਤ ਤੋਂ ਵਾਂਝਾ ਨਾ ਰਹੇ। ਇਸ ਦੇ ਨਾਲ ਹੀ, ਉਸ ਕੋਲ ਸਰਕਾਰੀ ਬੀਮੇ ਦਾ ਸੁਰੱਖਿਆ ਕਵਰ ਹੋਣਾ ਚਾਹੀਦਾ ਹੈ। ਲੋਕਾਂ ਨੂੰ ਬੈਂਕਿੰਗ ਸੇਵਾਵਾਂ ਅਤੇ ਸਰਕਾਰੀ ਯੋਜਨਾਵਾਂ ਦਾ ਲਾਭ ਲੈਣ ਲਈ ਜਾਗਰੂਕ ਕੀਤਾ ਗਿਆ। ਰਾਜ ਪੱਧਰੀ ਬੈਂਕਰਜ਼ ਕਮੇਟੀ ਦੇ ਡਿਪਟੀ ਜਨਰਲ ਮੈਨੇਜਰ ਆਰ.ਕੇ. ਮੀਨਾ ਨੇ ਪਿੰਡਾਂ ਦੇ ਨਿਵਾਸੀਆਂ ਨੂੰ ਪ੍ਰਧਾਨ ਮੰਤਰੀ ਸੁਰੱਖਿਆ ਬੀਮਾ ਯੋਜਨਾ, ਪ੍ਰਧਾਨ ਮੰਤਰੀ ਜੀਵਨ ਜੋਤੀ ਬੀਮਾ ਯੋਜਨਾ, ਅਟਲ ਪੈਨਸ਼ਨ ਯੋਜਨਾ ਅਤੇ ਜਨ ਧਨ ਖਾਤਿਆਂ ਬਾਰੇ ਦੱਸਿਆ। ਇਸ ਦੇ ਨਾਲ ਹੀ ਲੋਕਾਂ ਨੂੰ ਸਾਈਬਰ ਅਪਰਾਧ ਅਤੇ ਧੋਖਾਧੜੀ ਤੋਂ ਕਿਵੇਂ ਬਚਿਆ ਜਾਵੇ, ਬਾਰੇ ਵੀ ਜਾਣਕਾਰੀ ਦਿੱਤੀ ਗਈ।ਬੁਲਾਰਿਆਂ ਨੇ ਦੱਸਿਆ ਕਿ ਦਿਨੋਂ-ਦਿਨ ਵੱਧ ਰਹੀਆਂ ਘਟਨਾਵਾਂ ਤੋਂ ਆਪਣੇ ਆਪ ਨੂੰ ਸੁਰੱਖਿਅਤ ਰੱਖਦੇ ਹੋਏ ਆਪਣਾ ਖਾਤਾ, ਆਧਾਰ ਕਾਰਡ, ਪਾਸਵਰਡ ਅਤੇ ਏ ਟੀ ਐਮ ਨਾਲ ਸਬੰਧਤ ਜਾਣਕਾਰੀ ਕਿਸੇ ਨਾਲ ਸਾਂਝੀ ਨਾ ਕੀਤੀ ਜਾਵੇ। ਸਟੇਟ ਬੈਂਕ ਆਫ਼ ਇੰਡੀਆ ਦੇ ਖੇਤਰੀ ਮੈਨੇਜਰ ਰਮਨ ਕੁਕਰੇਤੀ ਨੇ ਬੀਮਾ ਯੋਜਨਾ ਬਾਰੇ ਜਾਣੂ ਕਰਵਾਇਆ ਅਤੇ ਅਟਲ ਪੈਨਸ਼ਨ ਯੋਜਨਾ ਬਾਰੇ ਦੱਸਿਆ।ਕੈਂਪ ਦੌਰਾਨ, ਪੇਂਡੂ ਸਵੈ-ਰੁਜ਼ਗਾਰ ਸਿਖਲਾਈ ਸੰਸਥਾ ਤੋਂ ਰਾਮ ਲਾਲ ਔਜਲਾ ਦੀ ਅਗਵਾਈ ਹੇਠ ਸਿਖਿਆਰਥੀਆਂ ਦੁਆਰਾ ਬਣਾਏ ਗਏ ਉਤਪਾਦਾਂ ਦੀ ਪ੍ਰਦਰਸ਼ਨੀ ਵੀ ਲਗਾਈ।ਕੈਂਪ ਦੌਰਾਨ ਮਹਾਦੀਆ ਗ੍ਰਾਮ ਪੰਚਾਇਤ ਅਤੇ ਆਸ ਪਾਸ ਦੀਆਂ ਹੋਰ ਪੰਚਾਇਤਾਂ ਦੇ ਵੱਡੀ ਗਿਣਤੀ ਨੁਮਾਇੰਦਿਆਂ ਅਤੇ ਲੋਕਾਂ ਨੇ ਹਿੱਸਾ ਲਿਆ। ਇਸ ਮੌਕੇ ਪ੍ਰਬੰਧਕਾਂ ਵੱਲੋਂ ਵਿਧਾਇਕ ਐਡਵੋਕੇਟ ਰਾਏ ਸਮੇਤ ਵੱਖ-ਵੱਖ ਸ਼ਖਸੀਅਤਾਂ ਨੂੰ ਸਨਮਾਨਤ ਕੀਤਾ ਗਿਆ।

# ਫਿਰੋਜ਼ਪੁਰ ਮੰਡਲ ਨੇ ਜੂਨ ਮਹੀਨੇ 'ਚ ਮਾਲ ਲਦਾਈ ਤੇ ਮਾਲੀਆ 'ਚ ਰਿਕਾਰਡ ਵਾਧਾ ਕੀਤਾ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** ਫਿਰੋਜ਼ਪੁਰ ਮੰਡਲ (ਭਾਰਤੀ ਰੇਲਵੇ ਦੇ ਸਭ ਤੋਂ ਵੱਧ ਮਾਲ ਲਦਾਈ ਵਾਲੇ ਮੰਡਲਾਂ ਵਿੱਚੋਂ ਇੱਕ) ਨੇ ਵਿੱਤੀ ਸਾਲ 2025-26 ਦੇ ਜੂਨ ਮਹੀਨੇ ਦੌਰਾਨ 1.05 ਮਿਲੀਅਨ ਟਨ ਮਾਲ ਲਦਾਈ ਕੀਤੀ, ਜੋ ਕਿ ਪਿਛਲੇ ਵਿੱਤੀ ਸਾਲ ਦੀ ਇਸੇ

**● ਰੇਲਵੇ ਦੀ ਸਮਰਪਤ ਸੇਵਾ ਨਾਲ ਉਦਮੀਆਂ ਤੇ ਅਰਥ ਵਿਵਸਥਾ ਨੂੰ ਮਿਲਿਆ ਵੱਡਾ ਹੁਲਾਰਾ**

ਮਿਆਦ ਦੀ ਤੁਲਨਾ ਵਿੱਚ ਲਗਭਗ 30 ਪ੍ਰਤੀਸ਼ਤ ਵੱਧ ਹੈ। ਇਸ ਦੌਰਾਨ ਮੰਡਲ ਨੇ ਮਾਲ ਭਾੜੇ ਤੋਂ 190.37 ਕਰੋੜ ਰੁਪਏ ਦਾ ਮਾਲੀਆ ਹਾਸਲ ਕੀਤਾ, ਜੋ ਪਿਛਲੇ ਸਾਲ ਦੀ ਇਸੇ ਮਿਆਦ ਦੇ ਮੁਕਾਬਲੇ 53 ਪ੍ਰਤੀਸ਼ਤ ਵੱਧ ਹੈ। ਜੂਨ ਮਹੀਨੇ ਵਿੱਚ ਮੰਡਲ ਨੇ ਰੋਜ਼ਮਰ੍ਹਾ ਦੀਆਂ ਵਸਤਾਂ ਜਿਵੇਂ ਕਿ ਡੱਬਾਬੰਦ ਖਾਧ ਪਦਾਰਥ, ਅਨਾਜ, ਟਰੈਕਟਰ ਆਦਿ ਸਮੱਗਰੀਆਂ ਦੀ ਲਦਾਈ ਕੀਤੀ। ਮੰਡਲ ਨੇ 0.94 ਮਿਲੀਅਨ ਟਨ ਫੂਡਗ੍ਰੇਨ ਦੀ ਲਦਾਈ ਕੀਤੀ, ਜੋ ਪਿਛਲੇ ਵਿੱਤੀ ਸਾਲ ਦੀ ਇਸੇ ਮਿਆਦ ਦੀ ਤੁਲਨਾ ਵਿੱਚ 49 ਪ੍ਰਤੀਸ਼ਤ ਵੱਧ ਹੈ ਅਤੇ 25 ਰੈਕ ਟਰੈਕਟਰਾਂ ਦੀ ਲਦਾਈ ਕੀਤੀ, ਜੋ ਪਿਛਲੇ ਸਾਲ ਦੇ ਮੁਕਾਬਲੇ 8 ਪ੍ਰਤੀਸ਼ਤ ਵੱਧ ਹੈ। ਫਿਰੋਜ਼ਪੁਰ ਮੰਡਲ ਦੀ ਸਮੇਂ



ਸਾਰਤਾ ਜੂਨ ਮਹੀਨੇ ਵਿੱਚ 83 ਪ੍ਰਤੀਸ਼ਤ ਤੋਂ ਵੱਧ ਰਹੀ, ਜੋ ਪਿਛਲੇ ਵਿੱਤੀ ਸਾਲ ਦੀ ਇਸੇ ਮਿਆਦ ਦੀ ਤੁਲਨਾ ਵਿੱਚ 14 ਪ੍ਰਤੀਸ਼ਤ ਵੱਧ ਹੈ। ਰੇਲ ਯਾਤਰੀਆਂ ਦੀ ਸਹੂਲਤ ਲਈ ਜੂਨ ਮਹੀਨੇ ਤੋਂ ਫਿਰੋਜ਼ਪੁਰ ਕੈਂਟ ਰੇਲਵੇ ਸਟੇਸ਼ਨ ਤੋਂ ਹਜ਼ੂਰ ਸਾਹਿਬ ਨਾਂਦੇੜ ਤੇ ਹਰਿਦਵਾਰ ਲਈ ਦੋ ਨਵੀਂ ਹਫਤਾਵਾਰੀ ਟਰੇਨ ਸੇਵਾਵਾਂ ਸ਼ੁਰੂ ਕੀਤੀਆਂ ਗਈਆਂ, ਜਿਸ ਨਾਲ ਸਾਰੇ ਵਰਗਾਂ ਦੇ ਲੋਕ ਲਾਭ ਪ੍ਰਾਪਤ ਕਰ ਰਹੇ ਹਨ। ਮੰਡਲ ਰੇਲ ਪ੍ਰਬੰਧਕ ਸੰਜੇ ਸਾਹੂ ਨੇ ਦੱਸਿਆ ਕਿ ਇਹ ਪ੍ਰਾਪਤੀਆਂ ਪ੍ਰਚਾਲਨ, ਵਪਾਰਕ, ਮਕੈਨੀਕਲ, ਇੰਜੀਨੀਅਰਿੰਗ, ਸਿਗਨਲ ਤੇ ਦੂਰਸੰਚਾਰ, ਬਿਜਲੀ, ਆਰਪੀਐੱਫ ਆਦਿ ਵਿਭਾਗਾਂ ਦੇ ਸੰਯੁਕਤ ਯਤਨਾਂ ਦਾ ਨਤੀਜਾ ਹਨ। ਰੇਲਵੇ ਵੱਲੋਂ ਸੁਰੱਖਿਅਤ, ਭਰੋਸੇਮੰਦ ਤੇ ਤੇਜ਼ ਆਵਾਜਾਈ ਸਹੂਲਤਾਂ ਪ੍ਰਦਾਨ ਕਰਨ ਨਾਲ ਉਦਮੀ ਤੇ ਕੰਪਨੀਆਂ ਲਾਭ ਪ੍ਰਾਪਤ ਕਰ ਰਹੀਆਂ ਹਨ ਅਤੇ ਰਾਸ਼ਟਰ ਦੀ ਅਰਥਵਿਵਸਥਾ ਵਿੱਚ ਮਹੱਤਵਪੂਰਨ ਯੋਗਦਾਨ ਪਾ ਰਹੀਆਂ ਹਨ।

# ਆਪਣੇ ਖਾਲੀ ਪਏ ਪਲਾਟਾਂ ਦੀ ਸਫਾਈ ਨਾ ਕੀਤੀ ਤਾਂ ਪ੍ਰਸ਼ਾਸਨ ਕਰੇਗਾ ਕਾਰਵਾਈ

**ਫਾਜ਼ਿਲਕਾ (ਨਿਸ਼ਾ ਸ਼ਰਮਾ)-** ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਡਾ. ਮਨਦੀਪ ਕੌਰ ਨੇ ਭਾਰਤੀ ਨਾਗਰਿਕ ਸੁਰੱਖਿਆ ਸਹਿੰਤਾ 2023 ਦੀ ਧਾਰਾ 163 (ਪੁਰਾਣੀ ਸੀ ਆਰ ਪੀ ਸੀ 1973 ਦੀ ਧਾਰਾ 144) ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹਾ ਫਾਜ਼ਿਲਕਾ ਦੀ ਹਦੂਦ ਅੰਦਰ ਨਿੱਜੀ ਕਬਜ਼ੇ/ਮਾਲਕੀ ਵਾਲੇ ਖਾਲੀ ਪਏ ਪਲਾਟਾਂ ਵਿੱਚ ਕੂੜੇ-ਕਰਕਟ, ਗੰਦਗੀ ਅਤੇ ਗੰਦੇ ਪਾਣੀ ਦੇ ਇਕੱਠੇ ਹੋਣ ਕਾਰਨ ਹੋਣ ਵਾਲੀਆਂ ਬਿਮਾਰੀਆਂ ਦੇ ਬਚਾਅ ਲਈ ਅਗਾਊਂ ਢੁੱਕਵੇਂ ਪ੍ਰਬੰਧ ਯਕੀਨੀ ਬਣਾਉਣ ਦੇ ਹੁਕਮ ਜਾਰੀ ਕੀਤੇ ਹਨ।ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਨੇ ਕਿਹਾ ਕਿ ਸ਼ਹਿਰ ਵਿੱਚ ਖਾਲੀ ਪਏ ਪਲਾਟਾਂ ਦੇ ਮਾਲਕ/ਕਾਬਜ਼ ਆਪਣੇ ਖਾਲੀ ਪਲਾਟਾਂ ਵਿੱਚ ਲੱਗੇ ਕੂੜੇ-ਕਰਕਟ ਦੇ ਢੇਰ, ਗੰਦਗੀ ਅਤੇ ਮੀਂਹ ਦੇ ਰੁਕੇ ਹੋਏ ਗੰਦੇ ਪਾਣੀ ਦੀ ਤੁਰੰਤ ਸਾਫ-ਸਫਾਈ ਆਪਣੇ ਪੱਧਰ 'ਤੇ ਕਰਵਾਉਣੀ ਯਕੀਨੀ ਬਣਾਉਣਗੇ। ਆਪਣੀ ਮਾਲਕੀ/ਕਬਜ਼ੇ ਵਾਲੇ ਖਾਲੀ ਪਲਾਟ ਦੇ ਆਲੇ-ਦੁਆਲੇ ਪੱਕੀ ਚਾਰ-ਦੀਵਾਰੀ ਜਾਂ ਫੈਂਸਿੰਗ (ਵਾੜ) ਕਰਵਾਉਣੀ ਯਕੀਨੀ ਬਣਾਈ ਜਾਵੇ ਤਾਂ ਜੋ ਪਲਾਟ ਵਿੱਚ ਕੂੜਾ-ਕਰਕਟ ਇਕੱਠਾ ਹੋਣ ਤੋਂ ਰੋਕਿਆ ਜਾਵੇ।ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਧਿਆਨ ਵਿੱਚ ਆਇਆ ਹੈ ਕਿ ਸ਼ਹਿਰ ਵਿੱਚ ਜਗ੍ਹਾ-ਜਗ੍ਹਾ 'ਤੇ ਵੱਖ-ਵੱਖ ਵਿਅਕਤੀਆਂ ਦੀ ਮਾਲਕੀ/ਕਬਜ਼ੇ ਅਧੀਨ ਖਾਲੀ ਪਏ ਪਲਾਟਾਂ ਵਿੱਚ ਕੂੜਾ-ਕਰਕਟ, ਗੰਦਗੀ ਅਤੇ ਗੰਦਾ ਪਾਣੀ ਇਕੱਠਾ ਹੁੰਦਾ ਰਹਿੰਦਾ ਹੈ ਜਿਸ ਨਾਲ ਕਈ ਤਰ੍ਹਾਂ ਦੇ ਨਕੁਸਾਨਦਾਇਕ ਜੀਵ-ਜੰਤੂ ਪੈਦਾ ਹੁੰਦੇ ਹਨ ਜੋ ਵੱਖ-ਵੱਖ ਬਿਮਾਰੀਆਂ (ਜਿਵੇਂ ਡੇਂਗੂ, ਮਲੇਰੀਆ, ਚਿਕਨਗੁਨੀਆ ਆਦਿ) ਫੈਲਾਉਂਦੇ ਹਨ ਤੇ ਇਹ ਬਿਮਾਰੀਆਂ ਸ਼ਹਿਰ ਵਾਸੀਆਂ ਦੀ ਸਿਹਤ ਲਈ ਇੱਕ ਗੰਭੀਰ ਅਤੇ ਜਾਨਲੇਵਾ ਖਤਰਾ ਹਨ। ਅਜਿਹੀ ਸਥਿਤੀ ਵਿੱਚ ਇਨ੍ਹਾਂ ਬਿਮਾਰੀਆਂ ਨੂੰ ਫੈਲਣ ਤੋਂ ਰੋਕਣ ਲਈ ਇਨ੍ਹਾਂ ਖਾਲੀ ਪਏ ਪਲਾਟਾਂ ਦੀ ਸਾਫ-ਸਫਾਈ ਹੋਣੀ ਜ਼ਰੂਰੀ ਹੈ। ਇਹ ਪਾਬੰਦੀ ਦਾ ਹੁਕਮ 31 ਅਗਸਤ 2025 ਤੱਕ ਲਾਗੂ ਰਹੇਗਾ।

# ਪੰਜਾਬ ਕੋ-ਐਜੂਕੇਸ਼ਨ ਸੀਨੀਅਰ ਸੈਕੰਡਰੀ ਸਕੂਲ ਵੱਲੋ ਨੰਨ੍ਹੇ-ਮੁੰਨੇ ਚਿਹਰਿਆਂ ਦਾ ਸਵਾਗਤ

**ਬਾਘਾ ਪੁਰਾਣਾ (ਮਨੀ ਸਿੰਗਲਾ)-** ਬਾਘਾ ਪੁਰਾਣਾ ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਪੰਜਾਬ ਕੋ-ਐਜੂਕੇਸ਼ਨ ਸੀਨੀਅਰ ਸੈਕੰਡਰੀ ਸਕੂਲ, ਬਾਘਾ ਪੁਰਾਣਾ ਜੋ ਸੰਸਥਾ ਦੇ ਬਾਨੀ ਪਿੰਸੀਪਲ ਗੁਰਦੇਵ



ਸਿੰਘ, ਡਾਇਰੈਕਟਰ ਅਤੇ ਪ੍ਰਿੰਸੀਪਲ ਸੰਦੀਪ ਮਹਿਤਾ ਦੀ ਰਹਿਨੁਮਾਈ ਵਿੱਚ ਬੱਚਿਆਂ ਦੇ ਸਰੀਰਕ, ਮਾਨਸਿਕ ਵਿਕਾਸ ਲਈ ਹਮੇਸ਼ਾ ਵਚਨਬੱਧ ਹੈ, ਵਿਖੇ ਅੱਜ ਗਰਮੀ ਦੀਆਂ ਛੁੱਟੀਆਂ ਮਨਾ ਕੇ ਵਾਪਸ ਆਏ ਨੰਨ੍ਹੇ-ਮੁਨ੍ਹੇ ਬੱਚਿਆਂ ਦਾ ਬੜੀ ਖੁਸ਼-ਦਿਲੀ ਨਾਲ ਮੁਸਕਰਾਉਂਦੇ ਚਿਹਰਿਆਂ ਦਾ ਸਵਾਗਤ ਕੀਤਾ ਗਿਆ। ਪ੍ਰਿੰਸੀਪਲ ਸੰਦੀਪ ਮਹਿਤਾ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਅੱਜ ਦੇ ਬੱਚੇ ਕੱਲ੍ਹ ਦੇ ਨੇਤਾ ਹਨ। ਇਨ੍ਹਾਂ ਦਾ ਸਰਵਪੱਖੀ ਵਿਕਾਸ ਕਰਨਾ ਸਾਡੀ ਜ਼ਿੰਮੇਵਾਰੀ ਬਣਦੀ ਹੈ। ਇਸ ਮੌਕੇ ਬੱਚਿਆਂ ਦੇ ਮਨੋਰੰਜਨ ਲਈ ਕੋਆਰਡੀਨੇਟਰ (ਮਿਡਲ) ਮੈਡਮ ਦੀਪਕਾ ਮਨਚੰਦਾ ਅਤੇ ਕੋਆਰਡੀਨੇਟਰ (ਪ੍ਰਾਇਮਰੀ) ਮੈਡਮ ਰਿਚਾ ਵੱਲੋਂ ਸਟਾਫ ਦੀ ਸਹਾਇਤਾ ਨਾਲ ਕੁਝ ਗਤੀਵਿਧੀਆਂ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਗੇਮ ਗਾਰਡਨ ਆਫ ਬੌਟਸ ਕਰਵਾਈ ਗਈ। ਇਸ ਦਾ ਆਗਾਜ਼ ਸੰਸਥਾਪਕ ਪ੍ਰਿੰਸੀਪਲ ਗੁਰਦੇਵ ਸਿੰਘ, ਪਿੰਸੀਪਲ ਅਤੇ ਡਾਇਰੈਕਟਰ ਸੰਦੀਪ ਮਹਿਤਾ, ਕੋਆਰਡੀਨੇਟਰ ਮੁਕੇਸ਼ ਅਰੋੜਾ, ਪ੍ਰਿਸੀਪਲ ਮੈਡਮ ਪ੍ਰਮਿੰਦਰ ਕੌਰ, ਮੈਡਮ ਖੁਸ਼ਪ੍ਰੀਤ ਕੌਰ ਵੱਲੋਂ ਕੀਤਾ ਗਿਆ। ਇਸ ਮੌਕੇ ਬੱਚਿਆਂ ਨੂੰ ਵੈਲਕਮ ਕਾਰਡ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਸਕੂਲ ਦਾ ਸਮੁੱਚਾ ਸਟਾਫ ਹਾਜ਼ਰ ਰਿਹਾ।

# ਹੜ੍ਹਾਂ ਦੀ ਸਥਿਤੀ ਨਾਲ ਨਜਿੱਠਣ ਲਈ ਤਿਆਰੀਆਂ ਤੇ ਪ੍ਰਬੰਧਾਂ ਦੀ ਸਮੀਖਿਆ

**ਲੁਧਿਆਣਾ (ਰੈਕਟਰ ਕਥੂਰੀਆ)** ਮਾਨਸੂਨ ਸੀਜ਼ਨ ਦੇ ਮੱਦੇਨਜ਼ਰ ਕਿਸੇ ਵੀ ਤਰ੍ਹਾਂ ਦੀ ਹੰਗਾਮੀ ਹਾਲਤ ਨਾਲ ਨਜਿੱਠਣ ਲਈ ਤਿਆਰੀਆਂ ਨੂੰ ਅੰਤਮ ਰੂਪ ਦਿੰਦਿਆਂ



ਜ਼ਿਲ੍ਹਾ ਪ੍ਰਸ਼ਾਸ਼ਨ ਨੇ ਸਬੰਧਤ ਵਿਭਾਗਾਂ ਨੂੰ ਹਰ ਪੱਖੋਂ ਲੋੜੀਂਦੇ ਤੇ ਪੁਖਤਾ ਇੰਤਜ਼ਾਮ ਅਮਲ ਵਿੱਚ ਲਿਆਉਣ ਦੇ ਨਿਰਦੇਸ਼ ਦਿੱਤੇ।ਹੜ੍ਹਾਂ ਦੀ ਸਥਿਤੀ ਪੈਦਾ ਹੋਣ 'ਤੇ ਲੋਕਾਂ ਦੀ ਸਹੂਲਤ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪ੍ਰਬੰਧਕੀ ਕੰਪਲੈਕਸ ਸਮੇਤ ਸਬ-ਡਵੀਜ਼ਨਾਂ ਵਿੱਚ 8 ਕੰਟਰੋਲ ਰੂਮ ਸਥਾਪਤ ਕੀਤੇ ਗਏ। ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕਰਦਿਆਂ ਵਧੀਕ ਡਿਪਟੀ ਕਮਿਸ਼ਨਰ ਰਾਕੇਸ਼ ਕੁਮਾਰ ਨੇ ਜ਼ਿਲ੍ਹੇ ਅੰਦਰ ਹੜ੍ਹਾਂ ਦੀ ਰੋਕਥਾਮ ਲਈ ਕੀਤੇ ਜਾ ਰਹੇ ਪ੍ਰਬੰਧਾਂ ਦੀ ਸਮੀਖਿਆ ਕਰਦਿਆਂ ਕਿਹਾ ਕਿ ਢੁੱਕਵੇਂ ਪ੍ਰਬੰਧ ਸਮੇਂ ਸਿਰ ਮੁਕੰਮਲ ਕੀਤੇ ਜਾਣ ਤਾਂ ਜੁ ਲੋੜ ਪੈਣ 'ਤੇ ਕਿਸੇ ਵੀ ਤਰ੍ਹਾਂ ਦੀ ਸਥਿਤੀ ਨਾਲ ਨਜਿੱਠਿਆ ਜਾ ਸਕੇ।ਉਨ੍ਹਾਂ ਕਿਹਾ ਕਿ ਲੋਕਾਂ ਦੀ ਸਹੂਲਤ ਲਈ ਸਿਹਤ, ਪਸ਼ੂ ਪਾਲਣ ਵਿਭਾਗ, ਨਗਰ ਨਿਗਮ ਤੇ ਨਗਰ ਕੌਂਸਲਾਂ ਵੱਲੋਂ ਲੋੜੀਂਦੀਆਂ ਤਿਆਰੀਆਂ ਨੂੰ ਅਮਲੀ ਜਾਮਾ ਪਹਿਨਾਉਣ ਦੇ ਨਾਲ-ਨਾਲ ਲੋੜੀਂਦੀਆਂ ਦਵਾਈਆਂ ਤੇ ਮਸ਼ੀਨਰੀ ਦੀ ਵਿਵਸਥਾ ਵੀ ਯਕੀਨੀ ਬਣਾਈ ਜਾਵੇ।ਉਨ੍ਹਾਂ ਕਿਹਾ ਕਿ ਜ਼ਿਲ੍ਹੇ ਵਿੱਚ ਪੈਂਦੇ ਸਤਲੁਜ ਦਰਿਆ ਦੇ ਬੰਨ੍ਹ ਦੀਆਂ ਨਾਜ਼ੁਕ ਥਾਵਾਂ ਦਾ ਅਗਾਊਂ ਦੌਰਾ ਕਰਕੇ ਸਬੰਧਤ ਅਧਿਕਾਰੀ ਜਿਸ ਥਾਂ 'ਤੇ ਲੋੜ ਹੋਵੇ ਤੁਰੰਤ ਕਾਰਵਾਈ ਨੂੰ ਅਮਲ ਵਿੱਚ ਲਿਆਉਣਗੇ। ਉਨ੍ਹਾਂ ਉਪ ਮੰਡਲ ਮੈਜਿਸਟ੍ਰੇਟਾਂ, ਤਹਿਸੀਲਦਾਰਾਂ ਤੇ ਨਾਇਬ ਤਹਿਸੀਲਦਾਰਾਂ ਨੂੰ ਵੀ ਹਦਾਇਤ ਕੀਤੀ ਕਿ ਉਹ ਆਪਣੇ-ਆਪਣੇ ਅਧਿਕਾਰ ਖੇਤਰਾਂ ਵਿੱਚ ਪੈਂਦੇ ਸਾਰੇ ਪੁਆਇੰਟਾਂ ਦਾ ਦੌਰਾ ਕਰਨਗੇ ਤੇ ਕਾਰਵਾਈ ਦੀ ਰਿਪੋਰਟ ਡਿਪਟੀ ਕਮਿਸ਼ਨਰ ਦਫ਼ਤਰ ਨੂੰ ਦੇਣਗੇ।ਵਧੀਕ ਡਿਪਟੀ ਕਮਿਸ਼ਨਰ ਨੇ ਸਬੰਧਿਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਜੇਕਰ ਪਿੰਡਾਂ ਤੇ ਸ਼ਹਿਰਾਂ ਦੀਆਂ ਸੜਕਾਂ 'ਤੇ ਪੁਲੀਆਂ ਬੰਦ ਹਨ, ਉਨ੍ਹਾਂ ਦੀ ਤੁਰੰਤ ਸਫ਼ਾਈ ਕਰਵਾ ਕੇ ਚਾਲੂ ਕੀਤਾ ਜਾਵੇ।ਉਨ੍ਹਾਂ ਕਿਹਾ ਕਿ ਜ਼ਿਲ੍ਹੇ ਦੇ ਵੱਖ-ਵੱਖ ਖੇਤਰਾਂ ਵਿੱਚ ਅਜਿਹੇ ਸਥਾਨਾਂ ਦੀ ਸ਼ਨਾਖਤ ਵੀ ਕਰ ਲਈ ਜਾਵੇ, ਜਿਨ੍ਹਾਂ ਨੂੰ ਹੜ੍ਹਾਂ ਦੀ ਸਥਿਤੀ ਦੇ ਮੱਦੇਨਜ਼ਰ ਲੋਕਾਂ ਦੇ ਠਹਿਰਾਅ ਲਈ ਵਰਤਿਆ ਜਾ ਸਕੇ।

# ਅਮਰੀਕਾ ਵਿਸ਼ਵ ਪੁਲਸ ਖੇਡਾਂ 'ਚ ਏ ਐੱਸ ਆਈ ਕਸ਼ਮੀਰ ਕੌਰ ਨੂੰ ਜੈਵਲਿਨ ਥਰੋ 'ਚੋਂ ਗੋਲਡ ਮੈਡਲ ਹਾਸਲ

**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-** ਅਮਰੀਕਾ ਦੇ ਅਲਬਾਮਾ ਦੇ ਬਰਮਿੰਗਮ ਸ਼ਹਿਰ ਵਿੱਚ ਹੋਈਆਂ 21ਵੀਆਂ ਵਿਸ਼ਵ ਪੁਲਸ ਖੇਡਾਂ ਵਿੱਚ ਫਤਿਹਗੜ੍ਹ ਸਾਹਿਬ ਪੁਲਸ ਦੇ ਮਹਿਲਾਂ ਮੁਲਾਜ਼ਮ ਏ ਐਸ ਆਈ ਕਸ਼ਮੀਰ ਕੌਰ ਨੇ ਜੈਵਲਿਨ ਥਰੋ ਦੇ ਮੁਕਾਬਲਿਆ ਵਿੱਚ ਪਹਿਲਾ ਸਥਾਨ ਹਾਸਲ ਕਰਕੇ ਗੋਲਡ ਮੈਡਲ ਜਿੱਤ ਕੇ ਇੰਡੀਆ, ਪੰਜਾਬ ਦੇ ਨਾਲ-ਨਾਲ ਖਾਸ ਕਰ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਦਾ ਮਾਣ ਵਧਾਇਆ ਹੈ। ਸਪੋਰਟਸ ਕੋਟੇ ਵਿੱਚ 2003 ਵਿੱਚ ਪੰਜਾਬ ਪੁਲਸ ਵਿੱਚ ਭਰਤੀ ਹੋ ਕੇ ਕਸ਼ਮੀਰ ਕੌਰ ਵੱਲੋਂ ਵੱਖ-ਵੱਖ ਥਾਵਾਂ 'ਤੇ ਹੋਏ ਖੇਡ



ਮੁਕਾਬਲਿਆਂ ਵਿੱਚ ਮੈਡਲ ਪ੍ਰਾਪਤ ਕਰਕੇ ਪੰਜਾਬ ਪੁਲਸ ਦਾ ਮਾਣ ਵਧਾਇਆ ਜਾਂਦਾ ਰਿਹਾ ਹੈ। ਮਾਝੇ ਦੀ ਜੰਮਪਲ ਕਸ਼ਮੀਰ ਕੌਰ ਵੱਲੋਂ ਆਪਣੀ ਪ੍ਰੈਕਟਿਸ ਮਾਤਾ ਗੁਜਰੀ ਕਾਲਜ ਫਤਿਹਗੜ੍ਹ ਸਾਹਿਬ ਦੇ ਗਰਾਊਂਡ ਵਿੱਚ ਕਰਨ ਦੇ ਨਾਲ ਨਾਲ ਹੋਰਨਾਂ ਖਿਡਾਰੀਆਂ ਨੂੰ ਵੀ ਖੇਡਾਂ ਦੇ ਨਾਲ ਜੋੜਨ ਅਤੇ ਜੈਵਲਿਨ ਥਰੋ ਦੇ ਬਰੀਕੀ ਗੁਣ ਖਿਡਾਰੀਆਂ ਨਾਲ ਸਾਂਝੇ ਕੀਤੇ ਜਾਂਦੇ ਹਨ ਤੇ ਨੌਜਵਾਨਾਂ ਨੂੰ ਖੇਡਾਂ ਨਾਲ ਜੋੜ ਕੇ ਉਹਨਾਂ ਨੂੰ ਵਧੀਆ ਖਿਡਾਰੀ ਬਣਾਉਣ ਲਈ ਪ੍ਰੇਰਿਤ ਕੀਤਾ ਜਾਂਦਾ ਹੈ, ਇੱਥੇ ਹੀ ਬਸ ਨਹੀਂ ਹਰੇਕ ਸਾਲ ਜ਼ਿਲ੍ਹਾ ਪੱਧਰ 'ਤੇ ਮਨਾਏ ਜਾਣ ਵਾਲੇ ਸੁਤੰਤਰਤਾ ਦਿਹਾੜੇ ਅਤੇ ਗਣਤੰਤਰ ਦਿਵਸ ਮੌਕੇ ਦੀ ਬਤੌਰ ਪਲਟੂਨ ਕਮਾਂਡਰ ਵੱਜੋਂ ਸ਼ਾਨਦਾਰ ਸੇਵਾਵਾਂ ਨਿਭਾਈਆਂ ਜਾਂਦੀਆਂ ਹਨ। ਅਮਰੀਕਾ ਵਿਖੇ ਹੋਈਆਂ ਵਿਸ਼ਵ ਪੁਲਸ ਖੇਡਾਂ ਵਿੱਚ ਜੈਬਲਿਨ ਥਰੋ ਦੇ ਮੁਬਲਿਆਂ ਵਿੱਚ ਪਹਿਲਾ ਸਥਾਨ ਹਾਸਲ ਕਰਕੇ ਗੋਲਡ ਮੈਡਲ ਪ੍ਰਾਪਤ ਕਰਨ 'ਤੇ ਜ਼ਿਲ੍ਹਾ ਪੁਲਸ ਮੁਖੀ ਸ਼ੁਭਮ ਅਗਰਵਾਲ, ਐਸ ਪੀ ਡੀ ਰਾਕੇਸ਼ ਯਾਦਵ ਅਤੇ ਐਸ ਪੀ ਐਚ ਹਰਵੰਤ ਕੌਰ ਵੱਲੋਂ ਏ ਐਸ ਆਈ ਕਸ਼ਮੀਰ ਕੌਰ ਨੂੰ ਮੁਬਾਰਕਬਾਦ ਦਿੱਤੀ ਹੈ।

# ਹਿੰਦਾ ਮਹਿਰਾਜ ਸਾਥੀਆਂ ਸਮੇਤ ਘਰ 'ਚ ਨਜ਼ਰਬੰਦ



**ਬਠਿੰਡਾ (ਰਾਜੀਵ ਗੋਇਲ)-** ਸੀਨੀਅਰ ਅਕਾਲੀ ਆਗੂ ਬਿਕਰਮ ਸਿੰਘ ਮਜੀਠਿਆ ਦੇ ਰਿਮਾਂਡ ਦੇ ਸੱਤ ਦਿਨ ਪੂਰੇ ਹੋਣ ਤੋਂ ਬਾਅਦ ਵਿਜੀਲੈਂਸ ਵੱਲੋਂ ਅੱਜ ਉਹਨਾਂ ਨੂੰ ਮਾਣਯੋਗ ਅਦਾਲਤ ਵਿੱਚ ਪੇਸ਼ ਕੀਤਾ ਜਾਣਾ ਸੀ, ਜਿਸ ਨੂੰ ਲੈ ਕੇ ਅਕਾਲੀ ਆਗੂਆਂ ਤੇ ਵਰਕਰਾਂ ਵੱਲੋਂ ਅੱਜ ਮਜੀਠੀਆ ਦੀ ਪੇਸ਼ੀ ਨੂੰ ਲੈ ਕੇ ਮੋਹਾਲੀ ਦਾ ਰੁਖ ਕੀਤਾ ਜਾਣਾ ਸੀ ਪਰ ਇਸ ਇਕੱਠ ਨੂੰ ਰੋਕਣ ਲਈ ਪ੍ਰਸ਼ਾਸਨ ਵੱਲੋਂ ਪੂਰੇ ਸੂਬੇ ਅੰਦਰ ਹੀ ਮੁੱਖ ਅਕਾਲੀ ਲੀਡਰਾਂ ਨੂੰ ਘਰਾਂ ਵਿੱਚ ਹੀ ਨਜ਼ਰਬੰਦ ਕਰ ਦਿੱਤਾ ਗਿਆ ਅਤੇ ਇਸੇ ਹੀ ਲੜੀ ਤਹਿਤ ਹਲਕਾ ਰਾਮਪੁਰਾ ਫੂਲ ਦੇ ਆਗੂ ਹਰਿੰਦਰ ਸਿੰਘ ਹਿੰਦਾ ਮਹਿਰਾਜ ਨੂੰ ਵੀ ਉਹਨਾਂ ਦੇ ਸਾਥੀਆਂ ਸਮੇਤ ਕਰੀਬ ਛੇ-ਸੱਤ ਵਜੇ ਘਰ ਵਿੱਚ ਹੀ ਨਜ਼ਰਬੰਦ ਕਰ ਦਿੱਤਾ ਗਿਆ ਅਤੇ ਮੋਹਾਲੀ ਜਾਣ ਤੋਂ ਰੋਕ ਦਿੱਤਾ ਗਿਆ। ਗੱਲਬਾਤ ਕਰਦਿਆਂ ਹਿੰਦਾ ਮਹਿਰਾਜ ਨੇ ਕਿਹਾ ਕਿ ਇਹ ਆਪ ਸਰਕਾਰ ਦੀ ਬੌਖਲਾਹਟ ਦਾ ਨਤੀਜਾ ਹੈ ਅਤੇ ਸਾਡੇ ਨੇਤਾ ਖਿਲਾਫ ਝੂਠਾ ਮੁਕੱਦਮਾ ਦਰਜ ਕਰਕੇ ਅਕਾਲੀ ਦਲ ਨੂੰ ਜਾਣਬੁੱਝ ਕੇ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਹਨਾਂ ਕਿਹਾ ਕਿ ਅਸੀਂ ਇਸ ਤਰ੍ਹਾਂ ਪਿੱਛੇ ਹਟਣ ਵਾਲੇ ਨਹੀਂ, ਸਗੋਂ ਸਾਡੇ ਹੌਂਸਲੇ ਹੋਰ ਵੀ ਬੁਲੰਦ ਹੋ ਗਏ ਹਨ। ਉਹਨਾਂ ਦੱਸਿਆ ਕਿ ਸਾਨੂੰ ਥਾਣਾ ਸਿਟੀ ਰਾਮਪੁਰਾ ਦੀ ਪੁਲਸ ਵੱਲੋਂ ਨਜ਼ਰਬੰਦ ਕੀਤਾ ਗਿਆ ਹੈ।

# ਪੰਜਾਬ ਦੇ ਨਿੱਜੀ ਸਕੂਲਾਂ 'ਤੇ ਐੱਸ ਸੀ ਕੋਟੇ ਦੀ ਉਲੰਘਣਾ ਦਾ ਗੰਭੀਰ ਦੋਸ਼, ਪੜਤਾਲ ਲਈ ਟੀਮਾਂ ਗਠਿਤ

**ਫਿਰੋਜ਼ਪੁਰ (ਅਸ਼ੋਕ ਸ਼ਰਮਾ) :** ਪੰਜਾਬ ਦੇ ਨਿੱਜੀ ਸਕੂਲਾਂ ਵਿੱਚ ਅਨੁਸੂਚਿਤ ਜਾਤੀ (ਐੱਸ ਸੀ) ਵਰਗ ਦੇ ਵਿਦਿਆਰਥੀਆਂ ਲਈ ਸਿੱਖਿਆ ਦੇ ਅਧਿਕਾਰ ਕਾਨੂੰਨ 2009 ਅਧੀਨ ਤੈਅ ਕੀਤੀਆਂ 25 ਪ੍ਰਤੀਸ਼ਤ ਰਾਖਵੀਂ ਸੀਟਾਂ ਵਿੱਚੋਂ 5 ਪ੍ਰਤੀਸ਼ਤ ਸੀਟਾਂ ਦੀ ਘੋਰ ਉਲੰਘਣਾ ਦਾ ਮਾਮਲਾ ਸਾਹਮਣੇ ਆਇਆ ਹੈ। ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਮੈਂਬਰ ਗੁਰਪ੍ਰੀਤ ਸਿੰਘ ਇੱਟਾਂਵਾਲੀ ਨੇ ਇਸ ਸਬੰਧੀ ਸਖ਼ਤ ਰੁਖ ਅਖ਼ਤਿਆਰ ਕਰਦਿਆਂ ਕਿਹਾ ਕਿ ਨਿੱਜੀ ਸਕੂਲ ਅਨੁਸੂਚਿਤ ਜਾਤੀ ਦੇ ਬੱਚਿਆਂ ਨੂੰ ਉਨ੍ਹਾਂ ਦੇ ਹੱਕਾਂ ਤੋਂ ਵਾਂਝਾ ਕਰਕੇ ਰਾਖਵੀਂ ਸੀਟਾਂ ਨੂੰ ਰਸੂਖਦਾਰ ਵਿਅਕਤੀਆਂ ਨੂੰ ਵੇਚ ਰਹੇ ਹਨ, ਜੋ ਕਿ ਸੰਗੀਨ ਅਪਰਾਧ ਹੈ। ਇੱਟਾਂਵਾਲੀ ਨੇ ਦੱਸਿਆ ਕਿ ਸਿੱਖਿਆ ਦਾ ਅਧਿਕਾਰ ਕਾਨੂੰਨ 2009 ਦੇ ਅਧੀਨ 18 ਦਸੰਬਰ 2010 ਨੂੰ ਜਾਰੀ ਨੋਟੀਫਿਕੇਸ਼ਨ ਅਨੁਸਾਰ 6 ਤੋਂ 14 ਸਾਲ ਦੀ ਉਮਰ ਦੇ ਅਨੁਸੂਚਿਤ ਜਾਤੀ ਵਰਗ ਦੇ ਬੱਚਿਆਂ ਲਈ ਨਿੱਜੀ ਸਕੂਲਾਂ ਵਿੱਚ ਰਾਖਵੀਂ ਸੀਟਾਂ ਦਾ ਪ੍ਰਬੰਧ ਕੀਤਾ ਗਿਆ ਸੀ। ਇਸ ਦੇ ਬਾਵਜੂਦ 2009 ਤੋਂ ਲੈ ਕੇ 2025 ਤੱਕ, ਪੰਜਾਬ ਦੇ ਮਾਨਤਾ ਪ੍ਰਾਪਤ ਨਿੱਜੀ ਸਕੂਲਾਂ ਨੇ ਇਸ



ਕੋਟੇ ਅਧੀਨ ਇੱਕ ਵੀ ਬੱਚੇ ਨੂੰ ਦਾਖਲਾ ਨਹੀਂ ਦਿੱਤਾ। ਇਸ ਨਾਲ ਨਾ ਸਿਰਫ਼ ਬੱਚਿਆਂ ਦੇ ਮੌਲਿਕ ਅਧਿਕਾਰਾਂ ਦੀ ਉਲੰਘਣਾ ਹੋਈ ਹੈ, ਸਗੋਂ ਸਿੱਖਿਆ ਦੇ ਅਧਿਕਾਰ ਕਾਨੂੰਨ ਦੀਆਂ ਧੱਜੀਆਂ ਵੀ ਉਡਾਈਆਂ ਗਈਆਂ ਹਨ। ਉਨ੍ਹਾਂ ਕਿਹਾ ਕਿ 2025-26 ਦੇ ਸਿੱਖਿਆ ਸੈਸ਼ਨ ਵਿੱਚ ਵੀ ਸਕੂਲਾਂ ਨੇ ਇਸ ਕੋਟੇ ਨੂੰ ਨਜ਼ਰਅੰਦਾਜ਼ ਕਰਕੇ ਅਨੁਸੂਚਿਤ ਜਾਤੀ ਦੇ ਬੱਚਿਆਂ ਨੂੰ ਦਾਖਲੇ ਤੋਂ ਵਾਂਝਾ ਰੱਖਿਆ। ਇੱਟਾਂਵਾਲੀ ਨੇ ਸਪੱਸ਼ਟ ਕੀਤਾ ਕਿ ਸਕੂਲਾਂ ਦੀ ਇਸ ਗੈਰ-ਕਾਨੂੰਨੀ ਹਰਕਤ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

**● ਐੱਸ ਸੀ ਕਮਿਸ਼ਨ ਨੇ ਸਕੂਲਾਂ 'ਤੇ ਸਖ਼ਤ ਕਾਰਵਾਈ ਦੀ ਦਿੱਤੀ ਚਿਤਾਵਨੀ**

ਇਸ ਮਾਮਲੇ ਵਿੱਚ ਸਤਨਾਮ ਸਿੰਘ ਗਿੱਲ ਵੱਲੋਂ ਲੋਕ ਹਿੱਤ ਵਿੱਚ ਦਰਜ ਕੀਤੀ ਸ਼ਿਕਾਇਤ ਦੇ ਅਧਾਰ 'ਤੇ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਨੇ ਨਿੱਜੀ ਸਕੂਲਾਂ ਦੀ ਜਾਂਚ ਲਈ ਵਿਸ਼ੇਸ਼ ਪੜਤਾਲੀਆਂ ਟੀਮਾਂ ਗਠਿਤ ਕਰਨ ਦਾ ਫ਼ੈਸਲਾ ਕੀਤਾ ਹੈ। ਇਹ ਟੀਮਾਂ ਸਕੂਲਾਂ ਦੇ ਰਿਕਾਰਡ ਦੀ ਬਾਰੀਕੀ ਨਾਲ ਜਾਂਚ ਕਰਨਗੀਆਂ ਤੇ ਉਨ੍ਹਾਂ ਸਕੂਲਾਂ ਨੂੰ ਸੂਚੀਬੱਧ ਕਰਨਗੀਆਂ, ਜੋ ਕਾਨੂੰਨ ਦੀ ਉਲੰਘਣਾ ਵਿੱਚ ਸ਼ਾਮਲ ਪਾਏ ਜਾਣਗੇ। ਪੜਤਾਲੀਆਂ ਟੀਮਾਂ ਵੱਲੋਂ ਤਿਆਰ ਕੀਤੀ ਗਈ ਸੀਲਬੰਦ ਰਿਪੋਰਟ ਐੱਸ ਸੀ ਕਮਿਸ਼ਨ ਨੂੰ ਸੌਂਪੀ ਜਾਵੇਗੀ, ਜਿਸ ਦੇ ਆਧਾਰ 'ਤੇ ਦੋਸ਼ੀ ਸਕੂਲਾਂ ਵਿਰੁੱਧ ਸਖ਼ਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਇੱਟਾਂਵਾਲੀ ਨੇ ਚਿਤਾਵਨੀ ਦਿੱਤੀ ਕਿ ਸਕੂਲ ਖੁੱਲ੍ਹਣ ਦੇ ਨਾਲ ਹੀ ਪੜਤਾਲੀਆਂ ਟੀਮਾਂ ਸਕੂਲਾਂ ਦੀ ਘੇਰਾਬੰਦੀ ਕਰਕੇ ਜਾਂਚ ਨੂੰ ਅੰਜਾਮ ਦੇਣਗੀਆਂ, ਤਾਂ ਜੋ ਅਨੁਸੂਚਿਤ ਜਾਤੀ ਦੇ ਬੱਚਿਆਂ ਨੂੰ ਉਨ੍ਹਾਂ ਦਾ ਜਾਇਜ਼ ਹੱਕ ਮਿਲ ਸਕੇ। ਇਸ ਮੌਕੇ ਗੁਰਪ੍ਰੀਤ ਸਿੰਘ ਇੱਟਾਂਵਾਲੀ ਦੇ ਨਿੱਜੀ ਲੋਕ ਸੰਪਰਕ ਅਫਸਰ ਸਤਨਾਮ ਸਿੰਘ ਗਿੱਲ, ਪੀ ਏ ਬਾਬਾ ਹਰਜਿੰਦਰ ਸਿੰਘ ਫਿਰੋਜ਼ਸ਼ਾਹ, ਰਾਜਵਿੰਦਰ ਸਿੰਘ ਜੋਧੇ ਤੇ ਵਕੀਲ ਜੋਤੀਪਾਲ ਭੀਮ ਪਠਾਨਕੋਟ ਸਮੇਤ ਹੋਰ ਸਾਥੀ ਹਾਜ਼ਰ ਸਨ।

# ਛੁੱਟੀਆਂ ਬਾਅਦ ਸਕੂਲ ਪਹੁੰਚੇ ਬੱਚਿਆਂ ਦਾ ਫੁੱਲਾਂ ਨਾਲ ਕੀਤਾ ਸਵਾਗਤ

**ਫਾਜ਼ਿਲਕਾ (ਨਿਸ਼ਾ ਸ਼ਰਮਾ)-** ਗਰਮੀ ਦੀਆਂ ਛੁੱਟੀਆਂ ਤੋਂ ਬਾਅਦ ਪਹਿਲੇ ਦਿਨ ਸਕੂਲ ਖੁੱਲ੍ਹਣ 'ਤੇ ਸਕੂਲੀ ਵਿਦਿਆਰਥੀਆਂ ਦਾ ਸਕੂਲ ਮੁਖੀਆਂ ਅਤੇ ਅਧਿਆਪਕਾਂ ਵੱਲੋਂ ਭਰਵਾ ਸਵਾਗਤ ਕੀਤਾ ਗਿਆ। ਜ਼ਿਲ੍ਹੇ ਦੇ ਲਗਭਗ ਸਾਰੇ ਹੀ ਸਕੂਲਾਂ ਅੰਦਰ ਸਿੱਖਿਆ ਵਿਭਾਗ ਦੇ ਦਿਸ਼ਾ ਨਿਰਦੇਸ਼ਾਂ 'ਤੇ ਵਿਦਿਆਰਥੀਆਂ ਦਾ ਸਵਾਗਤ ਕੀਤਾ ਗਿਆ। ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨੁਕੇਰੀਆ ਦੇ ਪ੍ਰਿੰਸੀਪਲ ਹੰਸ ਰਾਜ ਦੀ ਅਗਵਾਈ ਵਿਚ ਵਿਦਿਆਰਥੀਆਂ ਅਤੇ ਅਧਿਆਪਕਾਂ ਦੇ ਸਕੂਲ ਆਉਂਦਿਆਂ ਹੀ ਉਨ੍ਹਾਂ ਉਪਰ ਫੁੱਲਾਂ ਦੀ ਵਰਖਾ ਕੀਤੀ ਗਈ ਅਤੇ ਤਿਲਕ ਲਗਾ ਕੇ ਵਿਦਿਆਰਥੀਆਂ ਨੂੰ ਜੀ ਆਇਆਂ ਆਖਿਆ ਗਿਆ। ਸਵੇਰ ਦੀ ਸਭਾ ਵਿਚ ਪ੍ਰਿੰਸੀਪਲ ਹੰਸ ਰਾਜ ਨੇ ਸਾਰੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਜੀ ਆਇਆਂ ਆਖਿਆ ਅਤੇ ਤਣਾਅ ਮੁਕਤ ਹੋ ਕੇ ਪੜ੍ਹਨ ਪੜ੍ਹਾਉਣ ਦੀ ਅਪੀਲ ਕੀਤੀ। ਇਸ ਤੋਂ ਬਾਅਦ ਵਿਦਿਆਰਥੀਆਂ ਦੀਆਂ ਮਨਪਸੰਦ ਖੇਡਾਂ ਅਤੇ ਗੀਤ ਸੰਗੀਤ ਦਾ ਪ੍ਰੋਗਰਾਮ ਕਰਵਾਇਆ ਗਿਆ। ਸ.ਸ.ਸ.ਸ. ਮੰਡੀ ਅਮੀਨ ਗੰਜ ਵਿਚ ਕਾਰਜਕਾਰੀ ਪ੍ਰਿੰਸੀਪਲ ਪੂਰਨ ਦਾਸ ਅਤੇ ਧਰਮਪਾਲ ਦੀ ਅਗਵਾਈ ਵਿਚ ਬੱਚਿਆਂ ਦਾ ਨਿੱਘਾ ਸਵਾਗਤ ਕੀਤਾ ਗਿਆ। ਵਿਦਿਆਰਥੀਆਂ ਨੇ ਗਿੱਧਾ ਭੰਗੜਾ ਪਾ ਕੇ ਖੁਸ਼ੀ ਮਨਾਈ।ਸ.ਹ.ਸ. ਅਲਿਆਣਾ ਵਿਚ ਮੁੱਖ ਅਧਿਆਪਕ ਜੋਤੀ ਸੇਤੀਆ ਅਤੇ ਸਹਿਜਪਾਲ ਸਿੰਘ ਦੀ ਅਗਵਾਈ ਵਿਚ ਬੱਚਿਆਂ 'ਤੇ ਫੁੱਲ ਵਰਸਾਏ ਗਏ ਅਤੇ ਕਬੱਡੀ ਅਤੇ ਕ੍ਰਿਕਟ ਦਾ ਸ਼ੋਅ ਮੈਚ ਕਰਵਾ ਕੇ ਵਿਦਿਆਰਥੀਆਂ ਨੂੰ ਤਣਾਅ ਮੁਕਤ ਕੀਤਾ। ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਜੰਡਵਾਲਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਾਹਮਣੀ ਵਾਲਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪਾਕਾ ਦੇ ਪ੍ਰਿੰਸੀਪਲ ਜਾਂਗੜ, ਸੁਭਾਸ਼ ਸਿੰਘ ਅਤੇ ਨਰਿੰਦਰ ਪਾਲ ਦੀ ਅਗਵਾਈ ਵਿਚ ਵਿਦਿਆਰਥੀਆਂ ਦਾ ਸਵਾਗਤ ਕੀਤਾ ਗਿਆ। ਪ੍ਰਿੰਸੀਪਲ ਹੰਸ ਰਾਜ ਨੇ ਦੱਸਿਆ ਕਿ ਇਹ ਸਿੱਖਿਆ ਵਿਭਾਗ ਅਤੇ ਪੰਜਾਬ ਸਰਕਾਰ ਦੀ ਨਿਵੇਕਲੀ ਪਹਿਲ ਹੈ ਕਿਉਂਕਿ ਇਸ ਪਹਿਲਕਦਮੀ ਨਾਲ ਵਿਦਿਆਰਥੀ ਬੜੀ ਖੁਸ਼ੀ ਮਹਿਸੂਸ ਕਰ ਰਹੇ ਸਨ। ਇਲਾਕੇ ਦੇ ਪੰਚਾਂ ਸਰਪੰਚਾਂ ਅਤੇ ਮਾਪਿਆਂ ਨੇ ਵੀ ਇਸ ਫੈਸਲੇ 'ਤੇ ਖੁਸ਼ੀ ਪ੍ਰਗਟ ਕੀਤੀ ਅਤੇ ਆਪਣਿਆਂ ਬੱਚਿਆਂ ਦੇ ਸੁਨਹਿਰੇ ਭਵਿੱਖ ਦੀ ਕਾਮਨਾ ਕੀਤੀ।

# ਅਣਪਛਾਤੇ ਵਾਹਨ ਦੀ ਲਪੇਟ 'ਚ ਆ ਕੇ ਨੌਜਵਾਨ ਦੀ ਮੌਤ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)-** ਮੁੱਖ ਮਾਰਗ ਉਪਰ ਮਹਿਲ ਕਲਾਂ ਨੇੜੇ ਬੰਦ ਪਏ ਟੋਲ ਪਲਾਜ਼ਾ ਨੇੜੇ ਵਾਪਰੇ ਇੱਕ ਸੜਕ ਹਾਦਸੇ 'ਚ ਅਣਪਛਾਤੇ ਵਾਹਨ ਦੀ ਲਪੇਟ ਵਿੱਚ ਆ ਕੇ ਨੌਜਵਾਨ ਦੀ ਮੌਤ



ਹੋ ਜਾਣ ਦੀ ਦੁਖਦਾਈ ਖਬਰ ਮਿਲੀ ਹੈ। ਮਿਲੀ ਜਾਣਕਾਰੀ ਅਨੁਸਾਰ ਮਜ਼ਦੂਰ ਪਰਵਾਰ ਨਾਲ ਸੰਬੰਧਤ ਨੌਜਵਾਨ ਗੋਬਿੰਦ ਸਿੰਘ ਗੋਲਡੀ (30) ਪੁੱਤਰ ਭਾਨ ਸਿੰਘ ਵਾਸੀ ਗੰਗੋਹਰ ( ਬਰਨਾਲਾ) ਰਾਏਕੋਟ ਦੀ ਇਕ ਫੀਡ ਫੈਕਟਰੀ 'ਚ ਮਜ਼ਦੂਰੀ ਕਰਕੇ ਆਪਣੇ ਮਾਤਾ-ਪਿਤਾ ਦੀ ਸਾਂਭ ਸੰਭਾਲ ਕਰ ਰਿਹਾ ਸੀ। ਇਸ ਘਟਨਾ ਦਾ ਪਤਾ ਲੱਗਦਿਆ ਹੀ ਘਟਨਾ ਸਥਾਨ 'ਤੇ ਪੁੱਜੇ ਪਰਵਾਰਕ ਮੈਂਬਰਾਂ ਨੇ ਵੇਖਿਆ ਕਿ ਗੋਬਿੰਦ ਸਿੰਘ ਗੋਲਡੀ ਦਾ ਸਾਈਕਲ ਡਿੱਗਿਆ ਪਿਆ ਸੀ। ਉਸ ਨੂੰ ਇਲਾਜ ਲਈ ਕਮਿਊਨਿਟੀ ਹੈਲਥ ਸੈਂਟਰ ਮਹਿਲ ਕਲਾਂ ਲਿਜਾਇਆ ਗਿਆ। ਡਾਕਟਰਾਂ ਨੇ ਨਾਜ਼ੁਕ ਹਾਲਤ ਕਰਕੇ ਨੌਜਵਾਨ ਨੂੰ ਸਿਵਲ ਹਸਪਤਾਲ ਬਰਨਾਲਾ ਲਈ ਰੈਫਰ ਕਰ ਦਿੱਤਾ। ਜਿਥੇ ਜ਼ਖਮਾਂ ਦੀ ਤਾਂਬ ਨਾ ਝੱਲਦਾ ਹੋਇਆ ਉਹ ਦਮ ਤੋੜ ਗਿਆ। ਪੁਲਸ ਥਾਣਾ ਮਹਿਲ ਕਲਾਂ 'ਚ ਪਰਵਾਰਕ ਮੈਂਬਰਾਂ ਦੇ ਬਿਆਨਾਂ ਦੇ ਅਧਾਰ 'ਤੇ ਅਣਪਛਾਤੇ ਵਾਹਨ ਚਾਲਕ ਖਿਲਾਫ ਪਰਚਾ ਦਰਜ ਕਰਕੇ ਉਸ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

# ਕਿਸਾਨ, ਮਜ਼ਦੂਰ ਤੇ ਮੁਲਾਜ਼ਮ ਜਥੇਬੰਦੀਆਂ ਦੀ ਹੋਈ ਸਾਂਝੀ ਮੀਟਿੰਗ

**ਮਾਨਸਾ (ਆਤਮਾ ਸਿੰਘ ਪਮਾਰ)** ਬਾਬਾ ਬੂਝਾ ਸਿੰਘ ਭਵਨ ਵਿਖੇ 9 ਜੁਲਾਈ ਨੂੰ ਟ੍ਰੇਡ ਯੂਨੀਅਨਾਂ ਦੇ ਸੱਦੇ 'ਤੇ ਮੋਦੀ ਸਰਕਾਰ ਦੀਆਂ ਮਜ਼ਦੂਰ, ਕਿਸਾਨ ਅਤੇ ਮੁਲਾਜ਼ਮ ਵਿਰੋਧੀ ਮਾਰੂ ਨੀਤੀਆਂ ਖ਼ਿਲਾਫ਼ ਦੇਸ਼ ਭਰ 'ਚ ਸਮੂਹਿਕ ਹੜਤਾਲ ਦੇ ਸੱਦੇ ਦੇ ਸਮਰਥਨ 'ਚ ਮਜ਼ਦੂਰ ਟ੍ਰੇਡ ਯੂਨੀਅਨਾਂ, ਐਸ ਕੇ ਐਮ ਨਾਲ ਸਬੰਧਤ ਕਿਸਾਨ ਯੂਨੀਅਨਾਂ, ਮੁਲਾਜ਼ਮ ਜਥੇਬੰਦੀਆਂ ਸਹਿਤ ਮਾਨਸਾ ਜ਼ਿਲ੍ਹੇ ਨਾਲ ਸਬੰਧਤ ਸਮੂਹ ਵਪਾਰਕ ਜੱਥੇਬੰਦੀਆਂ ਦੀ ਇੱਕ ਸਾਂਝੀ ਮੀਟਿੰਗ ਹੋਈ। ਮੀਟਿੰਗ 'ਚ ਆਲ ਇੰਡੀਆ ਸੈਂਟਰਲ ਕੌਂਸਲ ਆਫ ਟ੍ਰੇਡ ਯੂਨੀਅਨ ਏਕਟੂ ਦੇ ਸੂਬਾ ਆਗੂ ਕਾ. ਰਾਜਵਿੰਦਰ ਸਿੰਘ ਰਾਣਾ ਜ਼ਿਲ੍ਹਾ ਸਕੱਤਰ ਕਾਮਰੇਡ ਵਿਜੈ ਕੁਮਾਰ ਭੀਖੀ, ਏਟਕ ਦੇ ਸੂਬਾਈ ਆਗੂ ਕਾ. ਕ੍ਰਿਸ਼ਨ ਸਿੰਘ ਚੌਹਾਨ, ਮਜ਼ਦੂਰ ਮੁਕਤੀ ਮੋਰਚਾ ਲਿਬਰੇਸ਼ਨ ਦੇ ਜ਼ਿਲ੍ਹਾ ਪ੍ਰਧਾਨ ਬਲਵਿੰਦਰ ਸਿੰਘ ਘਰਾਂਗਣਾ, ਸੀਟੀਯੂ ਪੰਜਾਬ ਲਾਲ ਚੰਦ ਸਰਦੂਲਗੜ੍ਹ, ਪੈਨਸ਼ਨਰਜ਼ ਐਸੋਸੀਏਸ਼ਨ ਪਾਵਰਕਾਮ ਟੀਯੂ ਦੇ ਦਰਸ਼ਨ ਸਿੰਘ ਜੋਗਾ, ਬੀ ਕੇ ਯੂ ਮਾਨਸਾ ਬੋਘ ਸਿੰਘ ਮਾਨਸਾ, ਜਮਹੂਰੀ ਕਿਸਾਨ ਸਭਾ ਅਮਰੀਕ ਸਿੰਘ ਫਫੜੇ ਭਾਈਕੇ, ਬੀ.ਕੇ.ਯੂ ਕਾਦੀਆਂ ਕੁਲਦੀਪ ਚੱਕ ਭਾਈਕੇ, ਆਈਸਾ ਦੇ ਜ਼ਿਲ੍ਹਾ ਆਗੂ ਅਮਨ, ਦਿਹਾਤੀ ਮਜ਼ਦੂਰ ਸਭਾ ਤੋਂ ਆਤਮਾ ਰਾਮ, ਬੀ.ਕੇ.ਯੂ ਡਕੌਂਦਾ ਤੋਂ ਲਛਮਣ ਸਿੰਘ, ਰੂਪ ਸਿੰਘ ਕੁੱਲ ਹਿੰਦ ਕਿਸਾਨ ਸਭਾ, ਅਮਰੀਕ ਸਿੰਘ ਟੀਯੂ, ਹਰਬੰਸ ਸਿੰਘ ਟਾਂਡੀਆਂ ਬੀ ਕੇ ਯੂ ਡਕੌਂਦਾ ਧਨੇਰ, ਗੁਰਜੰਟ ਮਾਨਸਾ, ਸੁਖਚਰਨ



ਸਿੰਘ ਪੰਜਾਬ ਕਿਸਾਨ ਯੂਨੀਅਨ, ਗੁਰਪ੍ਰੀਤ ਸਿੰਘ ਕੁਲਰੀਆਂ, ਗੁਰਦਾਸ ਸਿੰਘ ਕੁਲਰੀਆਂ, ਮੈਡੀਕਲ ਪ੍ਰੈਕਟਸ਼ਨਰਜ਼ ਐਸੋਸੀਏਸ਼ਨ ਸੂਬਾ ਪ੍ਰਧਾਨ ਡਾ ਧੰਨਾ ਮੱਲ ਗੋਇਲ, ਬੀ ਕੇ ਯੂ ਕਾਦੀਆਂ ਪਰਮਜੀਤ ਸਿੰਘ ਆਦਿ ਨੇ ਕਿਹਾ ਕਿ ਮੋਦੀ ਸਰਕਾਰ ਦੇਸ਼ ਦੇ ਹਰ ਵਰਗ ਉੱਤੇ ਚੌਤਰਫ਼ਾ ਹਮਲਾ ਕਰ ਰਹੀ ਹੈ, ਉਹ ਭਾਵੇਂ ਕਿਸਾਨ ਹੋਣ, ਮਜ਼ਦੂਰ ਹੋਣ ਜਾਂ ਕਿਸੇ ਵੀ ਪ੍ਰਕਾਰ ਦੇ ਮੁਲਾਜ਼ਮ ਜਾਂ ਛੋਟੇ ਵਪਾਰੀ। ਸਰਕਾਰ ਹਰ ਵਰਗ ਨੂੰ ਕਾਰਪੋਰੇਟ ਘਰਾਣਿਆਂ ਦੇ ਮਾਤਹਿਤ ਕਰਨ ਲਈ ਲੋਕ ਮਾਰੂ ਨੀਤੀਆਂ ਲੈ ਕੇ ਆ ਰਹੀ ਹੈ। ਕਿਸਾਨਾਂ ਦੀ ਐਮ ਐਸ ਪੀ ਅਤੇ ਮਜ਼ਦੂਰਾਂ ਦੀਆਂ ਘੱਟੋ-ਘੱਟ ਉਜਰਤਾਂ ਅਤੇ ਲੰਬੇ ਸੰਘਰਸ਼ਾਂ ਤੋਂ ਬਾਅਦ ਪ੍ਰਾਪਤ ਕੀਤੇ ਲੇਬਰ ਕਾਨੂੰਨਾਂ ਨੂੰ ਖ਼ਤਮ ਕੀਤਾ ਜਾ ਰਿਹਾ ਹੈ।ਚਾਰ ਲੇਬਰ ਕੋਡ ਬਿਲ ਰਹੀ ਮੋਦੀ ਸਰਕਾਰ ਮਜ਼ਦੂਰਾਂ ਦੇ ਹੱਕਾਂ ਉੱਤੇ ਡਾਕਾ ਮਾਰ ਕੇ ਉਸ ਨੂੰ ਕਾਰਪੋਰੇਟ ਗੁਲਾਮੀ ਵੱਲ ਧੱਕ ਰਹੀ ਹੈ।ਕੰਮ ਦੇ 8 ਘੰਟੇ ਨੂੰ ਘਟਾਉਣ ਦੇ ਬਜਾਏ ਮੋਦੀ ਸਰਕਾਰ ਕੰਮ ਦੇ ਘੰਟੇ 12 ਕਰਨ ਜਾ ਰਹੀ ਹੈ।ਇਸ ਰਾਹੀਂ ਉਹ 12 ਤੋਂ 18 ਘੰਟੇ ਕੰਮ, ਮਾਲਕਾਂ ਦੀ ਮਰਜ਼ੀ ਅਤੇ ਤਨਖਾਹਾਂ, ਯੂਨੀਅਨ ਬਣਾਉਣ ਤੇ ਮਾਲਕਾਂ ਦੀ ਰਹਿਮਦਿਲੀ ਜਾਂ ਮਨਜ਼ੂਰੀ, ਕਿਸੇ ਵੀ ਮਜ਼ਦੂਰ ਦੀ ਘੱਟ ਦਿਹਾੜੀ, ਤਨਖ਼ਾਹ ਜਾਂ ਹੋਰ ਕਿਸਮ ਦੀ ਲੁੱਟ ਖ਼ਿਲਾਫ਼ ਕਿਰਤ ਕਾਨੂੰਨਾਂ ਦੀ ਥਾਂ ਐਸ ਡੀ ਐਮ ਦੇ ਆਪਣੇ ਫੈਸਲੇ ਨੂੰ ਅੰਤਮ ਫ਼ੈਸਲਾ, ਕਾਰਵਾਈ ਦਾ ਕੋਈ ਨਿਯਮ ਨਾ ਹੋਣਾ ਇੰਸਪੈਕਟਰ ਰਾਜ, ਲੇਬਰ ਕੋਰਟ, ਨੂੰ ਖਤਮ ਕਰਕੇ ਮਜ਼ਦੂਰਾਂ ਤੋਂ ਕਿਸੇ ਹੋਰ ਕੋਰਟ ਵਿੱਚ ਜਾਣ ਤੋਂ ਰੋਕਣ ਦੇ ਅਧਿਕਾਰ ਬਣਾ ਕੇ ਉਸ ਨੂੰ ਪੂਰੀ ਤਰ੍ਹਾਂ ਕਮਜ਼ੋਰ ਕੀਤਾ ਜਾ ਰਿਹਾ ਹੈ। ਪੂਰੇ ਦੇਸ਼ ਦੇ ਮਜ਼ਦੂਰਾਂ, ਕਿਸਾਨਾਂ, ਮੁਲਾਜ਼ਮਾਂ ਤੇ ਵਪਾਰੀਆਂ ਸਮੇਤ ਹਰ ਵਰਗ ਨੂੰ 9 ਜੁਲਾਈ ਦੀ ਹੜਤਾਲ ਵਿੱਚ ਸ਼ਾਮਲ ਹੋਣਾ ਚਾਹੀਦਾ ਹੈ ਤੇ ਕੌਮੀ ਪੱਧਰ 'ਤੇ ਸਾਂਝੇ ਮੋਰਚੇ ਰਾਹੀਂ ਮੋਦੀ ਸਰਕਾਰ ਦੀਆਂ ਮਜ਼ਦੂਰ, ਕਿਸਾਨ, ਮੁਲਾਜ਼ਮ, ਵਪਾਰੀਆਂ ਵਿਰੋਧੀ ਮਾਰੂ ਨੀਤੀਆਂ ਖਿਲਾਫ਼ ਸਾਂਝੇ ਘੋਲ ਲਈ ਏਕਤਾ ਬਣਾਉਣੀ ਚਾਹੀਦੀ ਹੈ।ਮੀਟਿੰਗ 'ਚ ਭੀਖੀ ਬਲਾਕ ਦੇ ਮਾਨਸਾ ਬਲਾਕ ਰਲੇਵੇਂ ਦੀ ਵੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਗਈ ਤੇ ਬਲਾਕ ਬਚਾਓ ਸੰਘਰਸ਼ ਕਮੇਟੀ ਦੇ ਸਮਰਥਨ ਵਿੱਚ ਮਤਾ ਵੀ ਪਾਸ ਕੀਤਾ।

# ਬਿਜਲੀ ਸ਼ਾਰਟ ਸਰਕਟ ਨਾਲ ਮਨਰੇਗਾ ਮਜ਼ਦੂਰ ਪਤੀ-ਪਤਨੀ ਦੀ ਮੌਤ

**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)-** ਪਿੰਡ ਮੂੰਮ (ਬਰਨਾਲਾ) ਵਿਖੇ ਮਜ਼ਦੂਰ ਪਰਵਾਰ ਦੇ ਘਰ ਅੱਜ ਬਿਜਲੀ ਦੇ ਸ਼ਾਰਟ ਸਰਕਟ ਨਾਲ ਲੱਗੀ ਅੱਗ ਦੀ ਲਪੇਟ 'ਚ ਆ ਕੇ ਮਨਰੇਗਾ ਮਜ਼ਦੂਰ ਸਾਬਕਾ ਪੰਚ ਜਗਰੂਪ ਸਿੰਘ (49 ) ਪੁੱਤਰ ਲਾਭ ਸਿੰਘ ਅਤੇ ਉਸ ਦੀ ਪਤਨੀ ਅੰਗਰੇਜ ਕੌਰ ਦੀ ਮੌਤ ਹੋ ਜਾਣ ਦਾ ਦੁਖਦਾਈ ਸਮਾਚਾਰ ਮਿਲਿਆ ਹੈ। ਮ੍ਰਿਤਕ ਨੌਜਵਾਨ ਦੇ ਭਰਾ



ਹਰਚੰਦ ਸਿੰਘ ਨੇ ਦੱਸਿਆ ਕਿ ਇਸ ਘਟਨਾ ਬਾਰੇ ਉਨ੍ਹਾਂ ਨੂੰ ਉਸ ਵੇਲੇ ਪਤਾ ਲੱਗਿਆ ਜਦੋਂ ਅੱਜ ਸਵੇਰੇ ਪੌਣੇ ਤਿੰਨ ਵਜੇ ਦੇ ਕਰੀਬ ਅੱਗ ਦੀ ਲਪੇਟ ਵਿੱਚ ਆਈ ਅੰਗਰੇਜ਼ ਕੌਰ ਉਚੀ ਉਚੀ ਮਦਦ ਲਈ ਆਵਾਜ਼ਾਂ ਮਾਰਨ ਲੱਗੀ। ਇਸ ਘਟਨਾ ਦਾ ਪਤਾ ਲੱਗਦਿਆਂ ਹੀ ਤੁਰੰਤ ਪਹੁੰਚੇ ਪਰਵਾਰਕ ਮੈਂਬਰਾਂ ਨੇ ਉਸ ਨੂੰ ਇਲਾਜ ਲਈ ਫਰੀਦਕੋਟ ਹਸਪਤਾਲ ਭਰਤੀ ਕਰਾਇਆ ਜਿਥੇ ਉਹ ਗੰਭੀਰ ਜ਼ਖਮਾਂ ਦੀ ਤਾਬ ਨਾ ਸਹਾਰਦੀ ਹੋਈ ਦਮ ਤੋੜ ਗਈ। ਇਸ ਘਟਨਾ ਵਿੱਚ ਮਜ਼ਦੂਰ ਪਰਵਾਰ ਦੇ ਮੁਖੀ ਜਗਰੂਪ ਸਿੰਘ ਸਾਬਕਾ ਪੰਚ ਦੀ ਅੱਗ ਨਾਲ ਝੁਲਸ ਜਾਣ 'ਤੇ ਮੌਕੇ 'ਤੇ ਹੀ ਮੌਤ ਗਈ। ਜ਼ਿਕਰਯੋਗ ਹੈ ਕਿ ਇਸ ਪਰਵਾਰ ਦਾ ਇਕਲੌਤਾ ਦਸ ਸਾਲਾ ਬੱਚਾ ਸੁਖਮੀਤ ਸਿੰਘ ਸੋਨੂੰ ਗੁਆਂਢ 'ਚ ਆਪਣੇ ਚਾਚੇ ਘਰ ਆਪਣੇ ਦਾਦੇ ਕੋਲ ਸੁੱਤਾ ਹੋਣ ਕਰਕੇ ਬਚ ਗਿਆ।ਇਸ ਮੌਕੇ ਅੱਗ ਦੀ ਲਪੇਟ ਵਿੱਚ ਆ ਕੇ ਘਰ 'ਚ ਪਿਆ ਸਾਰਾ ਸਾਮਾਨ ਵੀ ਸੜ ਗਿਆ। ਵੱਖ ਵੱਖ ਆਗੂਆਂ, ਮੁਹਤਬਰਾਂ ਨੇ ਇਸ ਪੀੜਤ ਪਰਵਾਰ ਲਈ ਆਰਥਿਕ ਮਦਦ ਦੀ ਮੰਗ ਕੀਤੀ ਹੈ।

03-Junly-PAGE-11-Majha-25-add.qxd 7/2/2025 9:17 PM Page 1



# ਘਰਾਲਾ ਦੀ 80 ਏਕੜ ਜ਼ਮੀਨ ਐਕਵਾਇਰ ਕਰਨ ਵਿਰੁੱਧ ਪਿੰਡ 'ਚ ਵਿਸ਼ਾਲ ਰੈਲੀ


ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਪਿੰਡ ਘਰਾਲਾ ਦੇ ਗੁਰਦੁਆਰਾ ਸਾਹਿਬ ਵਿਖੇ ਬਹੁਤ ਵੱਡੀ ਗਿਣਤੀ ਵਿੱਚ ਕਿਸਾਨ ਮਜ਼ਦੂਰ ਇਕੱਤਰ ਹੋਏ ਅਤੇ ਕਿਸਾਨ ਬਚਾਓ ਸੰਘਰਸ਼ ਕਮੇਟੀ ਪਿੰਡ ਘਰਾਲਾ (ਗੁਰਦਾਸਪੁਰ ) ਦੇ ਸੱਦੇ ਤੇ ਸੰਯੁਕਤ ਕਿਸਾਨ ਮੋਰਚਾ ਅਤੇ ਹੋਰ ਮਜ਼ਦੂਰ ਜਥੇਬੰਦੀਆਂ ਨੇ ਬਹੁਤ ਵੱਡੀ ਸ਼ਮੂਲੀਅਤ ਕੀਤੀ ।ਇਸ ਵਿਸ਼ਾਲ ਰੈਲੀ ਵਿਚ ਸਰਕਾਰ ਨੂੰ ਸਪਸ਼ਟ ਸੁਨੇਹਾ ਦਿੱਤਾ ਗਿਆ ਕਿ ਅਗਰ ਪੰਜਾਬ ਦਾ ਜ਼ਮੀਨ ਐਕਵਾਇਰ ਕਰਨ ਦਾ ਲੈਂਡ ਪੋਲਿੰਗ ਐਕਟ ਤਹਿਤ ਜਾਰੀ ਕੀਤਾ ਨੋਟੀਫਿਕੇਸ਼ਨ ਰੱਦ ਨਾ ਕੀਤਾ ਗਿਆ ਤਾਂ ਇਸਦੇ ਬਹੁਤ ਗੰਭੀਰ ਸਿੱਟੇ ਨਿਕਲਣਗੇ ।ਰੈਲੀ ਦੀ ਪ੍ਰਧਾਨਗੀ ਸਾਂਝੇ ਤੌਰ 'ਤੇ ਮੱਖਣ ਸਿੰਘ ਕੁਹਾੜ ਅਤੇ ਹਰਜੀਤ ਸਿੰਘ ਕਾਹਲੋਂ (ਜਮਹੂਰੀ ਕਿਸਾਨ ਸਭਾ), ਤਰਲੋਕ ਸਿੰਘ ਬਹਿਰਾਮਪੁਰ, ਸਤਬੀਰ ਸਿੰਘ ਸੁਲਤਾਨੀ (ਕਿਰਤੀ ਕਿਸਾਨ ਯੂਨੀਅਨ) ਬਲਬੀਰ ਸਿੰਘ ਕੱਤੋਵਾਲ (ਕੁੱਲ ਹਿੰਦ ਕਿਸਾਨ ਸਭਾ), ਲਖਵਿੰਦਰ ਸਿੰਘ ਮਰੜ (ਕੁੱਲ ਹਿੰਦ ਕਿਸਾਨ ਸਭਾ ਗਰੇਵਾਲ), ਰਾਜ ਗੁਰਵਿੰਦਰ ਸਿੰਘ ਲਾਡੀ (ਕ੍ਰਾਂਤੀਕਾਰੀ ਕਿਸਾਨ ਯੂਨੀਅਨ), ਸੁਖਦੇਵ ਸਿੰਘ ਭਾਗੋਕਾਵਾਂ (ਪੰਜਾਬ ਕਿਸਾਨ ਯੂਨੀਅਨ)ਸਤਨਾਮ ਸਿੰਘ (ਮਾਝਾ ਕਿਸਾਨ ਸੰਘਰਸ਼ ਕਮੇਟੀ), ਕਰਨੈਲ ਸਿੰਘ ਸ਼ੇਰਪੁਰ (ਬੀਕੇਯੂ ਕਾਦੀਆਂ ਰਾਜ), ਗੁਰਿੰਦਰ ਸਿੰਘ ਜੀਵਨ ਚੱਕ (ਬੀਕੇਯੂ ਡਕੌਂਦਾ), ਲਖਵਿੰਦਰ ਸਿੰਘ ਮੰਜਿਆਂਵਾਲੀ (ਬੀਕੇਯੂ ਉਗਰਾਹਾਂ) ਪਲਵਿੰਦਰ ਸਿੰਘ ਮਠੋਲਾ (ਬੀਕੇਯੂ ਰਾਜੇਵਾਲ) ਐੱਸ. ਪੀ. ਸਿੰਘ ਗੋਸਲ (ਸਾਬਕਾ ਸੈਨਿਕ ਸੰਘਰਸ਼ ਕਮੇਟੀ) ਤੋਂ ਇਲਾਵਾ ਮਜ਼ਦੂਰ ਆਗੂਆਂ ਜੋਗਿੰਦਰ ਪਾਲ ਘਰਾਲਾ, ਸੁਖਦੇਵ ਰਾਜ ਬਹਿਰਾਮਪੁਰ, ਧਿਆਨ ਸਿੰਘ ਠਾਕੁਰ, ਐੱਮ. ਸੀ. ਐਡਵੋਕੇਟ ਸੁਖਵਿੰਦਰ ਸਿੰਘ, ਜ਼ਮੀਨ ਬਚਾਓ ਸੰਘਰਸ਼ ਕਮੇਟੀ ਦੇ ਦਵਿੰਦਰ ਸਿੰਘ ਸੋਨਾ ਅਤੇ ਸੰਘਰਸ਼ ਕਮੇਟੀ ਦੇ ਇੱਕ ਹੋਰ ਆਗੂ ਪਰਮਜੀਤ ਕੌਰ ਤੋਂ ਇਲਾਵਾ ਗੁਰਬੀਰ ਸਿੰਘ ਰਾਜੂ ਨੇ ਕੀਤੀ।ਗੁਲਜ਼ਾਰ ਸਿੰਘ ਬਸੰਤਕੋਟ, ਅਸ਼ਵਨੀ ਕੁਮਾਰ ਲਖਣ ਕਲਾਂ ਆਦਿ ਨੇ ਵੀ ਸੰਬੋਧਨ ਕੀਤਾ ।ਇਸ ਮੌਕੇ ਬੋਲਦਿਆਂ ਬੁਲਾਰਿਆਂ ਨੇ ਮਾਨ ਸਰਕਾਰ ਦੀ ਸਖਤ ਆਲੋਚਨਾ ਕੀਤੀ ਕਿ ਉਹ ਕਿਸਾਨਾਂ ਦੇ ਹਿਤੈਸ਼ੀ ਹੋਣ ਦਾ ਵਾਦਾ ਕਰਕੇ ਸੱਤਾ ਵਿੱਚ ਆਈ ਸੀ ਪਰ ਹੁਣ ਸਭ ਤੋਂ ਵੱਧ ਕਿਸਾਨਾਂ ਨਾਲ ਦੁਸ਼ਮਣੀ ਪਾਲ ਰਹੀ ਹੈ।ਇੱਕ ਮਤੇ ਰਾਹੀਂ ਦਲਜੀਤ ਦੁਸਾਂਝ ਦੀ ਫਿਲਮ ਸਰਦਾਰ ਜੀ- 3 ਉਤੇ ਰੋਕ ਲਾਉਣ ਦੀ ਕੇਂਦਰ ਸਰਕਾਰ ਦੀ ਸਖਤ ਅਲੋਚਨਾ ਕੀਤੀ।ਇਸੇ ਤਰ੍ਹਾਂ ਹੀ ਮਤਾ ਪਾਸ ਕੀਤਾ ਗਿਆ ਕਿ 9 ਜੁਲਾਈ ਦੀ ਦੇਸ਼ ਵਿਆਪੀ ਹੜਤਾਲ ਵਿੱਚ ਵੱਡੀ ਪੱਧਰ ਤੇ ਹਿੱਸਾ ਲਿਆ ਜਾਵੇਗਾ ਅਤੇ ਪੁਰਾਣੇ ਬੱਸ ਸਟੈਂਡ ਇਕੱਤਰ ਹੋਇਆ ਜਾਵੇਗਾ।ਅਖੀਰ ਵਿੱਚ ਜ਼ਮੀਨ ਬਚਾਓ ਸੰਘਰਸ਼ ਕਮੇਟੀ ਦੇ ਕਨਵੀਨਰ ਦਵਿੰਦਰ ਸਿੰਘ ਸੋਨਾ ਸ਼ਾਹ ਨੇ ਸਭ ਦਾ ਧੰਨਵਾਦ ਕੀਤਾ। ਇਸ ਮੌਕੇ ਕਿਸਾਨ ਆਗੂ ਰਘਬੀਰ ਸਿੰਘ ਚਾਹਲ, ਗੁਰਦੀਪ ਸਿੰਘ ਮੁਸਤਫਾਬਾਦ, ਅਜੀਤ ਸਿੰਘ ਹੁੰਦਲ, ਦਲਬੀਰ ਸਿੰਘ ਡੁਗਰੀ, ਗੁਰਪ੍ਰਤਾਪ ਸਿੰਘ, ਮੰਗਤ ਸਿੰਘ ਜੀਵਨ ਚੱਕ, ਮੱਖਣ ਸਿੰਘ ਤਿੱਬੜ, ਗੁਰਮੁਖ ਸਿੰਘ ਖਹਿਰਾ, ਜਗੀਰ ਸਿੰਘ ਸਲਾਚ, ਕਪੂਰ ਸਿੰਘ ਘੁੰਮਣ, ਸਰਵਣ ਸਿੰਘ ਮਾਨ, ਡਾ. ਬਲਬੀਰ ਸਿੰਘ ਪੀਰਾਂਬਾਗ, ਬਲਬੀਰ ਸਿੰਘ ਬੈਂਸ, ਅਮਰਜੀਤ ਕੌਰ, ਰਣਜੀਤ ਸਿੰਘ ਰਾਣਾ, ਕੁਲਵਿੰਦਰ ਸਿੰਘ ਤਿੱਬੜ, ਗੁਰਮੀਤ ਸਿੰਘ ਮਗਰਾਲਾ ਜਗਜੀਤ ਸਿੰਘ ਅਲੂਣਾ ਆਦਿ ਵੀ ਹਾਜ਼ਰ ਸਨ ।



# ਪਿਛਲੇ ਚਾਰ ਮਹੀਨਿਆਂ ਦੌਰਾਨ 19880 ਨਸ਼ਾ ਤਸਕਰ ਜੇਲ੍ਹਾਂ 'ਚ ਭੇਜੇ: ਰੰਧਾਵਾ

*** 786 ਕਿਲੋ ਹੈਰੋਇਨ ਅਤੇ 11.5 ਕਰੋੜ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ**

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਨਸ਼ਿਆਂ ਵਿਰੁੱਧ ਚਲਾਈ ਫੈਸਲਾਕੁੰਨ ਜੰਗ ਯੁੱਧ ਨਸ਼ਿਆਂ ਵਿਰੁੱਧ ਦੇ ਚਾਰ ਮਹੀਨਿਆਂ ਦੌਰਾਨ ਪੰਜਾਬ ਪੁਲਸ ਨੇ 12135 ਐੱਫਆਈਆਰਜ਼ ਦਰਜ ਕਰਕੇ 19880 ਨਸ਼ਾ ਤਸਕਰਾਂ ਨੂੰ ਗ੍ਰਿਫਤਾਰ ਕੀਤਾ ਹੈ।ਇਸੇ ਦੌਰਾਨ ਇਨ੍ਹਾਂ ਨਸ਼ਾ ਸਮਗਲਰਾਂ ਕੋਲੋਂ 786 ਕਿਲੋਗ੍ਰਾਮ ਹੈਰੋਇਨ ਅਤੇ 11.5 ਕਰੋੜ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਹੈ। ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਬਾਰੇ ਜਾਣਕਾਰੀ ਦਿੰਦਿਆਂ ਡੇਰਾ ਬਾਬਾ ਨਾਨਕ ਦੇ ਵਿਧਾਇਕ ਸ. ਗੁਰਦੀਪ ਸਿੰਘ ਰੰਧਾਵਾ ਨੇ ਦੱਸਿਆ ਕਿ ਲੋਕਾਂ ਦੇ ਸਹਿਯੋਗ ਨਾਲ ਪੰਜਾਬ ਪੁਲਸ ਨਸ਼ਾ ਤਸਕਰਾਂ ਉਪਰ ਸ਼ਿਕੰਜਾ ਕੱਸਣ ਵਿੱਚ ਕਾਮਯਾਬ ਹੋਈ ਹੈ ਅਤੇ ਸਰਕਾਰ ਦੀ ਸਖਤੀ ਕਾਰਨ ਨਸ਼ਿਆਂ ਦੀ ਸਪਲਾਈ ਲਾਈਨ ਟੁੱਟ ਚੁੱਕੀ ਹੈ।ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੁਲਿਸ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ ਅਤੇ ਐੱਸਐੱਸਪੀਜ਼ ਨੂੰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਦੇ ਹੁਕਮ ਦਿੱਤੇ ਹਨ।ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਜੰਗ ਦੀ ਨਿਗਰਾਨੀ ਲਈ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਹੇਠ 5 ਮੈਂਬਰੀ ਕੈਬਨਿਟ ਸਬ ਕਮੇਟੀ ਵੀ ਬਣਾਈ ਗਈ ਹੈ।ਵਿਧਾਇਕ ਸ. ਗੁਰਦੀਪ ਸਿੰਘ ਰੰਧਾਵਾ ਨੇ ਦੱਸਿਆ ਕਿ 786 ਕਿਲੋਗ੍ਰਾਮ ਹੈਰੋਇਨ ਤੋਂ ਇਲਾਵਾ ਪੁਲਸ ਟੀਮਾਂ ਨੇ 301 ਕਿਲੋਗ੍ਰਾਮ ਅਫੀਮ, 158 ਕੁਇੰਟਲ ਭੁੱਕੀ, 11 ਕਿਲੋਗ੍ਰਾਮ ਚਰਸ, 300 ਕਿਲੋਗ੍ਰਾਮ ਗਾਂਜਾ, 2.9 ਕਿਲੋਗ੍ਰਾਮ ਆਈਸੀਈ, 27.99 ਲੱਖ ਨਸ਼ੀਲੀਆਂ ਗੋਲੀਆਂ/ਕੈਪਸੂਲ ਅਤੇ 11.58 ਕਰੋੜ ਰੁਪਏ ਦੀ ਡਰੱਗ ਮਨੀ ਵੀ ਜ਼ਬਤ ਕੀਤੀ ਹੈ।ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸੂਬੇ 'ਚੋਂ ਨਸ਼ਿਆਂ ਦੇ ਖਾਤਮੇ ਲਈ ਤਿੰਨ-ਪੱਖੀ ਰਣਨੀਤੀ - ਇਨਫੋਰਸਮੈਂਟ, ਡੀ-ਅਡਿਕਸ਼ਨ ਅਤੇ ਪ੍ਰੀਵੈਨਸ਼ਨ (ਈਡੀਪੀ) ਲਾਗੂ ਕੀਤੀ ਗਈ ਹੈ ਅਤੇ ਇਸ ਰਣਨੀਤੀ ਦੇ ਤਹਿਤ ਨਸ਼ੇ ਦੀ ਆਦਤ ਦੇ ਸ਼ਿਕਾਰ ਨੌਜਵਾਨਾਂ ਦਾ ਮੁਫ਼ਤ ਇਲਾਜ ਕਰਕੇ ਉਨ੍ਹਾਂ ਨੂੰ ਮੁੜ ਪੈਰਾਂ ਸਿਰ ਖੜ੍ਹਾ ਕਰਨ ਲਈ ਯਤਨ ਕੀਤੇ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਪੰਜਾਬ ਨੂੰ ਨਸ਼ਾ ਮੁਕਤ ਕਰਕੇ ਇੱਕ ਵਾਰ ਫਿਰ ਰੰਗਲਾ ਪੰਜਾਬ ਬਣਾਇਆ ਜਾਵੇਗਾ।



# 13000 ਰੁਪਏ ਰਿਸ਼ਵਤ ਲੈਂਦਾ ਬਲਾਕ ਅਫ਼ਸਰ ਰੰਗੇ ਹੱਥੀਂ ਕਾਬੂ

ਅੰਮ੍ਰਿਤਸਰ (ਨਰਿੰਦਰ ਜੀਤ ਸਿੰਘ)-ਵਿਜੀਲੈਂਸ ਬਿਊਰੋ ਨੇ ਬਲਾਕ ਵਿਕਾਸ ਅਤੇ ਪੰਚਾਇਤ ਦਫ਼ਤਰ (ਬੀਡੀਪੀਓ) ਅੰਮ੍ਰਿਤਸਰ ਵਿਖੇ ਤਾਇਨਾਤ ਬਲਾਕ ਅਫ਼ਸਰ ਜਾਰਜ ਮਸੀਹ ਨੂੰ 13000 ਰੁਪਏ ਰਿਸ਼ਵਤ ਲੈਂਦਿਆਂ ਗ੍ਰਿਫ਼ਤਾਰ ਕੀਤਾ ਹੈ।ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜ਼ਮ ਨੂੰ ਪਿੰਡ ਬਕਰੌਰ, ਜ਼ਿਲ੍ਹਾ ਅੰਮ੍ਰਿਤਸਰ ਦੇ ਇੱਕ ਵਾਸੀ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਤੋਂ ਬਾਅਦ ਗ੍ਰਿਫ਼ਤਾਰ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਗਾਇਆ ਹੈ ਕਿ ਉਹ ਸਾਲ 2024 ਵਿੱਚ ਆਪਣੇ ਪਿੰਡ ਤੋਂ ਪੰਚਾਇਤੀ ਚੋਣਾਂ ਲੜਨਾ ਚਾਹੁੰਦਾ ਸੀ ਪਰ ਅਜਿਹਾ ਨਾ ਕਰ ਸਕਿਆ ਕਿਉਂਕਿ ਬਲਾਕ ਅਫ਼ਸਰ ਅਜਨਾਲਾ ਵੱਲੋਂ ਉਸਨੂੰ ਡਿਫਾਲਟਰ ਐਲਾਨਣ ਦਾ ਨੋਟਿਸ ਜਾਰੀ ਕੀਤਾ ਗਿਆ ਸੀ, ਜਿਸ ਵਿੱਚ ਕਿਹਾ ਗਿਆ ਸੀ ਕਿ ਉਸਨੇ 4 ਕਨਾਲ ਦੀ ਸਰਕਾਰੀ ਜ਼ਮੀਨ ਦੇ ਬਕਾਏ ਦਾ ਭੁਗਤਾਨ ਨਹੀਂ ਕੀਤਾ ਹੈ ਅਤੇ ਇਸ ਸਬੰਧੀ ਉਸ ਖਿਲਾਫ਼ ਐੱਫ਼ਆਈਆਰ ਦਰਜ ਕੀਤੀ ਜਾਵੇਗੀ।ਮੁਲਜ਼ਮ ਨੇ ਸ਼ਿਕਾਇਤਕਰਤਾ ਨੂੰ ਕਿਹਾ ਕਿ ਜੇਕਰ ਉਹ ਆਪਣਾ ਨਾਮ ਡਿਫਾਲਟਰ ਸੂਚੀ ਵਿੱਚੋਂ ਕਢਵਾ ਕੇ ਮਾਲ ਰਿਕਾਰਡ ਵਿੱਚ ਸੋਧ ਕਰਵਾਉਣਾ ਚਾਹੁੰਦਾ ਹੈ ਤਾਂ ਉਸਨੂੰ 13,000 ਰੁਪਏ ਰਿਸ਼ਵਤ ਦੇਣੀ ਪਵੇਗੀ।ਮੁੱਢਲੀ ਤਸਦੀਕ ਉਪਰੰਤ ਵਿਜੀਲੈਂਸ ਬਿਊਰੋ ਯੂਨਿਟ ਅੰਮ੍ਰਿਤਸਰ ਦੀ ਟੀਮ ਨੇ ਜਾਲ ਵਿਛਾ ਕੇ ਉਕਤ ਮੁਲਜ਼ਮ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 13000 ਰੁਪਏ ਰਿਸ਼ਵਤ ਲੈਂਦਿਆਂ ਕਾਬੂ ਕਰ ਲਿਆ।ਵਿਜੀਲੈਂਸ ਬਿਊਰੋ ਥਾਣਾ ਅੰਮ੍ਰਿਤਸਰ ਰੇਂਜ ਵਿੱਚ ਮੁਲਜ਼ਮ ਵਿਰੁੱਧ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਕੇਸ ਦਰਜ ਕੀਤਾ ਗਿਆ ਹੈ।ਇਸ ਸਬੰਧੀ ਅਗਲੇਰੀ ਜਾਂਚ ਜਾਰੀ ਹੈ।



# ਈ ਟੀ ਓ ਨੇ 3 ਕਰੋੜ ਰੁਪਏ ਦੀ ਲਾਗਤ ਨਾਲ ਹੋਣ ਵਾਲੇ ਵਿਕਾਸ ਕਾਰਜਾਂ ਦੇ ਰੱਖੇ ਨੀਂਹ ਪੱਥਰ

ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ):ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈਟੀਓ ਨੇ ਹਲਕਾ ਜੰਡਿਆਲਾ ਵਿਖੇ ਕਰੀਬ 3 ਕਰੋੜ ਰੁਪਏ ਦੀ ਲਾਗਤ ਨਾਲ ਹੋਣ ਵਾਲੇ ਵਿਕਾਸ ਕਾਰਜਾਂ ਦੇ ਨੀਂਹ ਪੱਥਰ ਰੱਖੇ। ਮੰਤਰੀ ਨੇ ਕਿਹਾ ਕਿ ਜੰਡਿਆਲਾ ਹਲਕੇ ਨੂੰ ਸ਼ਹਿਰ ਵਰਗੀਆਂ ਸਾਰੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਜਾਣਗੀਆਂ ਅਤੇ ਕੋਈ ਵੀ ਪਿੰਡ ਵਿਕਾਸ ਪੱਖੋਂ ਸੱਖਣਾ ਨਹੀਂ ਰਹਿਣ ਦਿੱਤਾ ਜਾਵੇਗਾ।ਉਨ੍ਹਾਂ ਕਿਹਾ ਕਿ ਸੂਬੇ ਵਿਚ ਸੜਕਾਂ ਦਾ ਜਾਲ ਵਿਛਾਇਆ ਜਾ ਰਿਹਾ ਹੈ ਤਾਂ ਜੋ ਸੂਬੇ ਦੀ ਤਰੱਕੀ ਦੀ ਰਫਤਾਰ ਨੂੰ ਵਧਾਇਆ ਜਾ ਸਕੇ।ਉਨ੍ਹਾਂ ਦੱਸਿਆ ਕਿ 1 ਕਰੋੜ 11 ਲੱਖ ਰੁਪਏ ਦੀ ਲਾਗਤ ਨਾਲ ਪਿੰਡ ਮੱਲ੍ਹੀਆਂ ਤੋਂ ਤਿੰਮੋਵਾਲ ਸੜਕ ਤੋਂ ਖੇਲਾ ਤੋਂ ਫੱਜਲਾਵੱਡੀ ਟਾਂਗਰਾ ਰੋਡ ਅਤੇ ਡਰੇਨ ਜਿਸਦੀ ਕੁੱਲ ਲੰਬਾਈ 3.15 ਕਿਲੋਮੀਟਰ ਹੈ, ਦੀ ਨਵੀਂ ਸੜਕ ਉਸਾਰੀ ਜਾਵੇਗੀ।

ਪਿੰਡ ਵਾਸੀਆਂ ਦੀ ਬੜੇ ਚਿਰ ਤੋਂ ਮੰਗ ਸੀ ਕਿ ਇਸ ਸੜਕ ਨੂੰ ਬਣਾਇਆ ਜਾਵੇ।ਉਨਾਂ ਦੱਸਿਆ ਕਿ ਲੋਕਾਂ ਨੂੰ ਆਸ ਹੀ ਨਹੀਂ ਸੀ ਕਿ ਕਦੀ ਇਹ ਸੜਕ ਵੀ ਬਣੇਗੀ। ਸ: ਈਟੀਓ ਨੇ ਕਿਹਾ ਕਿ ਇਹ ਆਮ ਲੋਕਾਂ ਦੀ ਸਰਕਾਰ ਹੈ ਅਤੇ ਆਮ ਲੋਕਾਂ ਦੇ ਕੰਮ ਪਹਿਲ ਦੇ ਆਧਾਰ ਦੇ ਕਰੇਗੀ।ਸ: ਈਟੀਓ ਵੱਲੋਂ 1 ਕਰੋੜ 72 ਲੱਖ ਰੁਪਏ ਦੀ ਲਾਗਤ ਨਾਲ ਪਿੰਡ ਮਿਹਰਬਾਨਪੁਰ ਵਿਖੇ ਇੰਟਰਲਾਕਿੰਗ ਟਾਈਲਾਂ, ਅੰਮ੍ਰਿਤਸਰ ਜਲੰਧਰ ਰੋਡ ਤੋਂ ਮਿਹਰਬਾਨਪੁਰਾ ਦੀ ਉਸਾਰੀ ਅਤੇ ਮਿਹਰਬਾਨਪੁਰਾ ਸੜਕ ਤੋਂ ਵਡਾਲੀ ਸੜਕ ਤੱਕ ਜਿਸਦੀ ਕੁੱਲ ਲੰਬਾਈ 5.164 ਕਿਲੋਮੀਟਰ ਬਣਦੀ ਹੈ, 'ਤੇ ਨਵੀਂ ਉਸਾਰੀ ਕੀਤੀ ਜਾਵੇਗੀ।ਉਨ੍ਹਾਂ ਦੱਸਿਆ ਕਿ ਸਾਰੇ ਕੰਮ ਸਬੰਧਤ ਠੇਕੇਦਾਰਾਂ ਨੂੰ ਅਲਾਟ ਕਰ ਦਿੱਤੇ ਗਏ ਹਨ ਅਤੇ ਆਉਂਦਿਆਂ 6 ਮਹੀਨੇ ਦੌਰਾਨ ਇਹ ਕੰਮ ਮੁਕੰਮਲ ਕਰਨ ਦਾ ਟੀਚਾ ਮਿਥਿਆ ਗਿਆ ਹੈ।ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਗੁਣਵੱਤਾ ਵਿਚ ਕੋਈ ਕਮੀ ਬਰਦਾਸ਼ਤ ਨਹੀ ਕੀਤੀ ਜਾਵੇਗੀ।

ਕੈਬਨਿਟ ਮੰਤਰੀ ਨੇ ਕਿਹਾ ਕਿ ਸਾਡੀ ਸਰਕਾਰ ਲੋਕਾਂ ਨੂੰ ਹਰ ਸਹੂਲਤ ਦੇਣ ਲਈ ਵਚਨਬੱਧ ਹੈ ਅਤੇ ਇਸੇ ਤਹਿਤ ਲੋਕਾਂ ਨੂੰ ਤਹਿਸੀਲਾਂ ਵਿੱਚੋਂ ਹੁੰਦੀ ਖੱਜਲ ਖ਼ੁਆਰੀ ਤੋਂ ਬਚਾਉਣ ਲਈ ਈ ਜਮ੍ਹਾਬੰਦੀ ਆਨਲਾਈਨ ਸਹੂਲਤ ਸ਼ੁਰੂ ਕਰ ਦਿੱਤੀ ਗਈ ਹੈ।ਲੋਕਾਂ ਨੂੰ ਤਹਿਸੀਲਾਂ ਦੇ ਚੱਕਰ ਮਾਰਨੇ ਨਹੀਂ ਪੈਣਗੇ।



# ਧੋਖਾ ਦੇਣ ਵਾਲੀ ਐੱਨ ਆਰ ਆਈ ਪਤਨੀ ਤੇ ਉਸ ਦੇ ਮਾਪਿਆਂ ਖ਼ਿਲਾਫ਼ ਮਾਮਲਾ ਦਰਜ

ਗੁਰਦਾਸਪੁਰ (ਜਨਕ ਮਹਾਜਨ)-ਥਾਣਾ ਸਿਟੀ ਗੁਰਦਾਸਪੁਰ ਪੁਲਸ ਨੇ ਵਿਆਹ ਤੋਂ ਬਾਅਦ ਧੋਖਾਧੜੀ ਕਰਨ ਵਾਲੀ ਪਤਨੀ ਅਤੇ ਉਸ ਦੇ ਮਾਪਿਆਂ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਕੀਤੀ ਜਾਂਚ ਪੜਤਾਲ ਵਿਚ ਪਾਇਆ ਕਿ ਬਾਨੂੰ ਵਰਮਾ ਪੁੱਤਰ ਰਕੇਸ਼ ਕੁਮਾਰ ਦਾ ਵਿਆਹ 11 ਜਨਵਰੀ 2023 ਨੂੰ ਅਲੀਸ਼ਾ ਭਗਤ ਨਾਲ ਹੋਇਆ ਸੀ। ਇਸ ਤੋਂ ਪਹਿਲਾਂ ਦੋਵਾਂ ਪਰਿਵਾਰਾਂ ਦੀ ਆਪਸੀ ਸਹਿਮਤੀ ਹੋਈ ਸੀ ਕਿ ਵਿਆਹ ਤੋਂ ਬਾਅਦ ਅਲੀਸ਼ਾ ਭਗਤ ਸਟੱਡੀ ਵੀਜ਼ੇ 'ਤੇ ਯੂ. ਕੇ. ਜਾਵੇਗੀ ਅਤੇ ਜਿੰਨੇ ਵੀ ਪੈਸੇ ਲੱਗਣਗੇ ਦੋਵੇਂ ਪਰਿਵਾਰ ਅੱਧੇ-ਅੱਧੇ ਲਗਾਉਣਗੇ। ਯੂ. ਕੇ. ਪਹੁੰਚਣ ਤੋਂ ਬਾਅਦ ਅਲੀਸ਼ਾ ਭਗਤ ਆਪਣੇ ਪਤੀ ਬਾਨੂੰ ਵਰਮਾ ਨੂੰ ਸਪਾਊਸ ਵੀਜ਼ੇ 'ਤੇ ਯੂ. ਕੇ. ਬੁਲਾਏਗੀ। ਯੂ. ਕੇ. ਜਾਣ ਲਈ ਅਲੀਸ਼ਾ ਭਗਤ ਨੂੰ ਵੀਜ਼ੇ ਲਈ ਅਤੇ ਹੋਰ ਖਰਚਿਆਂ ਜਿਸ 'ਤੇ ਪੀੜਤ ਵੱਲੋਂ 14/15 ਲੱਖ ਰੁਪਏ ਖਰਚ ਕੇ ਅਲੀਸ਼ਾ ਭਗਤ ਨੂੰ ਵਿਦੇਸ਼ ਯੂ. ਕੇ. ਭੇਜਿਆ ਸੀ। ਯੂ. ਕੇ. ਪਹੁੰਚਣ ਤੋਂ ਬਾਅਦ ਅਲੀਸ਼ਾ ਭਗਤ ਨੇ ਆਪਣੀ ਮਾਤਾ ਆਸ਼ਾ ਰਾਣੀ ਅਤੇ ਪਿਤਾ ਇੰਦਰਜੀਤ ਭਗਤ ਨਾਲ ਇਕ ਸਲਾਹ ਹੋ ਕੇ ਆਪਣੇ ਪਤੀ ਨੂੰ ਸਪਾਊਸ ਵੀਜ਼ੇ 'ਤੇ ਯੂ. ਕੇ. ਨਹੀਂ ਬੁਲਾਇਆ ਅਤੇ ਆਪਣੇ ਕੀਤੇ ਵਾਅਦੇ ਤੋਂ ਮੁੱਕਰ ਕੇ ਉਸ ਨੇ ਆਪਣੇ ਪਤੀ ਦੇ ਨਾਲ 14/15 ਲੱਖ ਰੁਪਏ ਦੀ ਠੱਗੀ ਮਾਰੀ ਹੈ। ਪੁਲਸ ਨੇ ਬਾਨੂੰ ਵਰਮਾ ਦੀ ਪਤਨੀ ਅਲੀਸ਼ਾ ਭਗਤ ਅਤੇ ਉਸ ਦੇ ਮਾਪਿਆਂ ਖ਼ਿਲਾਫ਼ ਧੋਖਾਧੜੀ ਕਰਨ ਦੇ ਦੋਸ਼ਾਂ ਹੇਠ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ।

# 'ਤਣਾਅ ਨੂੰ ਕਾਬੂ ਕਰਨਾ: ਬਰਨਆਊਟ ਤੋਂ ਸੰਤੁਲਨ ਤੱਕ' ਵਿਸ਼ੇ 'ਤੇ ਪ੍ਰੋਗਰਾਮ ਸੰਪੰਨ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)—ਖਾਲਸਾ ਕਾਲਜ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ, ਰਣਜੀਤ ਐਵੀਨਿਊ ਵਿਖੇ 'ਤਣਾਅ ਨੂੰ ਕਾਬੂ ਕਰਨਾ: ਬਰਨਆਊਟ ਤੋਂ ਸੰਤੁਲਨ ਤੱਕ' ਵਿਸ਼ੇ 'ਤੇ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ ਸੰਪੰਨ ਹੋ ਗਿਆ।ਕਾਲਜ ਡਾਇਰੈਕਟਰ ਡਾ. ਮੰਜੂ ਬਾਲਾ ਦੇ ਦਿਸ਼ਾ-ਨਿਰਦੇਸ਼ਾਂ 'ਤੇ ਕਰਵਾਏ ਗਏ ਉਕਤ ਪ੍ਰੋਗਰਾਮ ਮੌਕੇ ਰਾਜਸਥਾਨ ਯੂਨੀਵਰਸਿਟੀ, ਚੰਡੀਗੜ੍ਹ ਯੂਨੀਵਰਸਿਟੀ, ਐੱਸ. ਆਰ. ਸਰਕਾਰੀ ਕਾਲਜ ਫ਼ਾਰ ਵੁਮੈਨ, ਗਲੋਬਲ ਗਰੁੱਪ ਆਫ਼ ਇੰਸਟੀਚਿਊਟ, ਅੰਮ੍ਰਿਤਸਰ ਗਰੁੱਪ ਆਫ਼ ਕਾਲਜਿਜ਼, ਵਿਦ੍ਯੂ ਕਾਲਜ ਆਦਿ ਵੱਖ-ਵੱਖ ਸੰਸਥਾਵਾਂ ਦੇ ਬੁਲਾਰਿਆਂ ਨੇ ਸ਼ਿਰਕਤ ਕੀਤੀ। ਹਫ਼ਤਾ ਭਰ ਚੱਲੇ ਪ੍ਰੋਗਰਾਮ ਦੇ ਸਮਾਪਤੀ ਸੈਸ਼ਨ ਮੌਕੇ ਮੁੱਖ ਮਹਿਮਾਨ ਵਜੋਂ ਡੀ. ਏ. ਵੀ. ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਮਨੋਜ ਕੁਮਾਰ ਅਤੇ ਵਿਸ਼ੇਸ਼ ਮਹਿਮਾਨ ਵਜੋਂ ਮਿਨਾਕਸ਼ੀ ਖੰਨਾ (ਪ੍ਰਧਾਨ, ਐੱਨ. ਜੀ. ਓ., ਫੁਲਕਾਰੀ ਵੂਮੈਨ ਆਫ਼ ਅੰਮ੍ਰਿਤਸਰ) ਨੇ ਸ਼ਿਰਕਤ ਕੀਤੀ।ਇਸ ਮੌਕੇ ਡਾ. ਮਨੋਜ ਕੁਮਾਰ ਨੇ ਜ਼ੋਰ ਦਿੰਦਿਆਂ ਕਿਹਾ ਕਿ ਤਣਾਅ ਸਿਰਫ਼ ਇਕ ਨਿੱਜੀ ਬੋਝ ਨਹੀਂ ਹੈ, ਸਗੋਂ ਇਕ ਪੇਸ਼ੇਵਰ ਚੁਣੌਤੀ ਹੈ ਅਤੇ ਸਿੱਖਿਅਕਾਂ ਨੂੰ ਰੁਕਣਾ, ਪ੍ਰਤੀਬਿੰਬਤ ਕਰਨਾ ਅਤੇ ਖ਼ੁਦ ਨੂੰ ਉਦੇਸ਼ ਅਤੇ ਸਪੱਸ਼ਟਤਾ ਨਾਲ ਮੁੜ ਸਥਾਪਿਤ ਕਰਨਾ ਸਿੱਖਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਸਿਰਫ਼ ਇਕ ਸੰਤੁਲਿਤ ਮਨ ਹੀ ਭਵਿੱਖ ਦੇ ਮਨਾਂ ਨੂੰ ਆਕਾਰ ਦੇ ਸਕਦਾ ਹੈ।ਇਸ ਮੌਕੇ ਸ਼੍ਰੀਮਤੀ ਖੰਨਾ ਨੇ ਡਾ. ਮੰਜੂ ਬਾਲਾ ਦਾ ਅਜਿਹੇ ਵਿਚਾਰਸ਼ੀਲ ਅਤੇ ਪ੍ਰਭਾਵਸ਼ਾਲੀ ਫੈਕਲਟੀ ਵਿਕਾਸ ਪ੍ਰੋਗਰਾਮ ਦੇ ਆਯੋਜਨ ਲਈ ਧੰਨਵਾਦ ਕੀਤਾ।ਉਨ੍ਹਾਂ ਨੇ ਭਾਵਨਾਤਮਕ ਤੰਦਰੁਸਤੀ, ਰਚਨਾਤਮਕਤਾ ਅਤੇ ਸਿੱਖਿਅਕਾਂ ਦੇ ਸੰਪੂਰਨ ਵਿਕਾਸ 'ਤੇ ਧਿਆਨ ਕੇਂਦਰਿਤ ਕਰਨ ਸਬੰਧੀ ਪਹਿਲਕਦਮੀ ਦੀ ਸ਼ਲਾਘਾ ਕੀਤੀ। ਪ੍ਰੋਗਰਾਮ ਨੇ ਤੰਦਰੁਸਤੀ, ਮਾਨਸਿਕਤਾ ਅਤੇ ਪ੍ਰਯੋਗਾਤਮਕ ਸਿਖਲਾਈ ਦੇ ਵਿਲੱਖਣ ਮਿਸ਼ਰਣ ਰਾਹੀਂ ਫੈਕਲਟੀ 'ਤੇ ਸਾਰਥਿਕ ਪ੍ਰਭਾਵ ਛੱਡਿਆ।ਇਸ ਦੌਰਾਨ ਅਕਾਦਮਿਕ ਜੀਵਨ 'ਚ ਤਣਾਅ ਦੇ ਪ੍ਰਬੰਧਨ ਲਈ ਵਿਆਪਕ ਅਤੇ ਵਿਹਾਰਕ ਪਹੁੰਚ ਪੇਸ਼ ਕਰਨ ਸਬੰਧੀ ਤੰਦਰੁਸਤੀ ਕੋਚ, ਮਨੋਵਿਗਿਆਨੀ, ਕਲਾ ਥੈਰੇਪਿਸਟ, ਯੂਨੀਵਰਸਿਟੀ ਆਗੂ, ਮੈਡੀਟੇਸ਼ਨ ਐਕਸਪਰਟ, ਸਮਾਜਿਕ ਪ੍ਰਭਾਵਿਕ ਅਤੇ ਸੱਭਿਆਚਾਰਕ ਪੇਸ਼ੇਵਰਾਂ ਸਮੇਤ ਵੱਖ-ਵੱਖ ਬੁਲਾਰਿਆਂ ਨੇ ਆਪਣੇ ਵਿਚਾਰ ਸਾਂਝੇ ਕੀਤੇ।ਪ੍ਰੋਗਰਾਮ ਦੇ ਸ਼ੁਰੂ 'ਚ ਮੁੱਖ ਮਹਿਮਾਨ ਲਿਟਲ ਫਲਾਵਰ ਸੀਨੀਅਰ ਸੈਕੰਡਰੀ ਸਕੂਲ ਡਾਇਰੈਕਟਰ ਤੇਜਿੰਦਰ ਕੌਰ ਛੀਨਾ ਨੇ ਉਦਘਾਟਨ ਦੀ ਰਸਮ ਅਦਾ ਕੀਤੀ।ਪੂਰਾ ਹਫਤਾ ਵੱਖ-ਵੱਖ ਸਮੇਂ ਆਰਟ ਆਫ ਲਿਵਿੰਗ ਫ਼ਾਊਂਡੇਸ਼ਨ ਤੋਂ ਮੁਸਕਾਨ ਕਪੂਰ, ਲਘੂ ਉਦਯੋਗ ਭਾਰਤੀ ਤੋਂ ਪ੍ਰਧਾਨ ਪ੍ਰਿਯੰਕਾ ਗੋਇਲ, ਬ੍ਰਹਮਾ ਕੁਮਾਰੀ ਤੋਂ ਸਾਕਸ਼ੀ ਭਾਨ, ਰਿਧੀ ਰਾਏ ਅਤੇ ਅਨੂ ਅਰੋੜਾ (ਫੋਟੋਗ੍ਰਾਫਰ), ਫੁਲਕਾਰੀ (ਵੂਮੈਨ ਆਫ਼ ਅੰਮ੍ਰਿਤਸਰ) ਤੋਂ ਸ਼ੀਤਲ ਸੰਧਲ ਅਤੇ ਰੁਚੀ ਮਹੇਸ਼ਵਰੀ, ਵਿਕਰਾਂਤ ਕਪੂਰ, ਡਾ. ਰਿਧੀ ਖੰਨਾ, ਸ਼ਿਲਪਸ਼ੀ ਮਾਹਿਰ ਡਾ. ਮਮਤਾ ਸੋਨੀ, ਡਾ. ਅਰੋੜਾ, ਵੈੱਲਨੈੱਸ ਕੋਚ ਅਕਸ਼ੀ ਖੁਰਾਨਾ, ਆਰਟ ਥੈਰੇਪਿਸਟ ਵਰਿੰਦਾ ਅਰੋੜਾ, ਪ੍ਰਸਥੈਟਿਕਸ ਡਾ. ਕਮਲਦੀਪ ਸ਼ਰਮਾ ਨੇ ਸੈਸ਼ਨ ਦੌਰਾਨ ਪ੍ਰੋਗਰਾਮ ਨੂੰ ਪ੍ਰਭਾਵਸ਼ਾਲੀ ਬਣਾਉਂਦਿਆਂ ਅਹਿਮ ਯੋਗਦਾਨ ਪਾਇਆ।ਇਸ ਦੌਰਾਨ ਮੁਦਰਾਵਾਂ ਰਾਹੀਂ ਅਵਚੇਤਨ ਇਲਾਜ, ਧਿਆਨ ਅਤੇ ਮਾਨਸਿਕਤਾ, ਮਾਨਸਿਕ ਸਿਹਤ, ਤਣਾਅ ਪ੍ਰਬੰਧਨ, ਟੀਮ ਨਿਰਮਾਣ, ਸ਼ਖਸੀਅਤ ਵਿਕਾਸ, ਖੁਰਾਕ ਅਤੇ ਪੋਸ਼ਣ, ਕਲਾ ਥੈਰੇਪੀ, ਰਚਨਾਤਮਕ ਪ੍ਰਗਟਾਵੇ ਅਤੇ ਖੁਸ਼ੀ ਦੀਆਂ ਤਕਨੀਕਾਂ ਵਰਗੇ ਵੱਖ-ਵੱਖ ਪਰਿਵਰਤਨਸ਼ੀਲ ਵਿਸ਼ਿਆਂ 'ਤੇ ਸੈਸ਼ਨ ਕਰਵਾਏ ਗਏ।ਡਾ. ਮੰਜੂ ਬਾਲਾ ਨੇ ਤਣਾਅ ਅਤੇ ਬਰਨਆਊਟ ਨੂੰ ਦੂਰ ਕਰਨ ਸਬੰਧੀ ਵਿਚਾਰਾਂ, ਪੁਸ਼ਟੀਕਰਨ ਅਤੇ ਮਾਨਸਿਕ ਸਥਿਤੀ ਦੀ ਸ਼ਕਤੀ 'ਤੇ ਜ਼ੋਰ ਦਿੰਦਿਆਂ ਸਾਰਿਆਂ ਨੂੰ ਅਵਚੇਤਨ ਮਨ ਦੇ ਚਾਰ ਹਿੱਸਿਆਂ ਮਾਨਸ, ਬੁੱਧੀ, ਚਿਤਮ ਅਤੇ ਅਹੰਕਾਰ 'ਤੇ ਕੰਮ ਕਰਨ ਲਈ ਪ੍ਰੇਰਿਤ ਕੀਤਾ।



# ਸ਼੍ਰੋਮਣੀ ਨਾਟਕਕਾਰ ਕੇਵਲ ਧਾਲੀਵਾਲ ਦੀ ਅਗਵਾਈ ਹੇਠ 'ਪੰਜ ਰੋਜ਼ਾ ਨਾਟ ਉਤਸਵ' ਅੱਜ ਤੋਂ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਪ੍ਰਸਿੱਧ ਨਾਟ ਸੰਸਥਾ ਮੰਚ-ਰੰਗਮੰਚ ਅੰਮ੍ਰਿਤਸਰ ਅਤੇ ਵਿਰਸਾ ਵਿਹਾਰ ਸੁਸਾਇਟੀ ਅੰਮ੍ਰਿਤਸਰ ਵੱਲੋਂ ਰਾਸ਼ਟਰਪਤੀ ਪੁਰਸਕਾਰ ਨਾਲ ਸਨਮਾਨਿਤ ਸ਼੍ਰੋਮਣੀ ਨਾਟਕਕਾਰ ਕੇਵਲ ਧਾਲੀਵਾਲ ਦੀ ਅਗਵਾਈ ਹੇਠ 06 ਜੂਨ ਤੋਂ 5 ਜੁਲਾਈ ਤੱਕ ਰਾਸ਼ਟਰੀ ਰੰਗਮੰਚ ਕਾਰਜਸ਼ਾਲਾ ਚੱਲ ਰਹੀ ਹੈ ਜਿਸ ਵਿੱਚ ਏਸ਼ੀਆਂ ਦੀ ਸਭ ਤੋਂ ਵੱਡੀ ਨਾਟ ਸੰਸਥਾ ਨੈਸ਼ਨਲ ਸਕੂਲ ਆਫ਼ ਡਰਾਮਾ ਨਵੀਂ ਦਿੱਲੀ ਤੋਂ ਪਾਸ ਆਊਟ ਅਧਿਆਪਕ ਪਾਰਥੋ ਬੈਨਰਜੀ ਅਤੇ ਪ੍ਰੀਤਪਾਲ ਰੁਪਾਣਾ ਬੱਚਿਆਂ ਨੂੰ ਰੰਗਮੰਚ ਦੀਆਂ ਬਾਰੀਕੀਆਂ ਬਾਰੇ ਜਾਣਕਾਰੀ ਦੇ ਰਹੇ ਹਨ।ਇਸ ਰੰਗਮੰਚ ਕਾਰਜਸ਼ਾਲਾ ਵਿੱਚ ਪੰਜਾਬ, ਹਰਿਆਣਾ, ਦਿੱਲੀ, ਉੱਤਰਪ੍ਰਦੇਸ਼, ਮੱਧ ਪ੍ਰਦੇਸ਼, ਰਾਜਸਥਾਨ ਅਤੇ ਹੋਰਨਾਂ ਸੂਬਿਆਂ ਤੋਂ ਆਏ ਵਿਦਿਆਰਥੀ ਰੰਗਮੰਚ ਦੀ ਸਿੱਖਿਆ ਪ੍ਰਾਪਤ ਕਰ ਰਹੇ ਹਨ।ਮਹੀਨਾ ਲਗਾਤਾਰ ਚੱਲਣ ਵਾਲੀ ਰੰਗਮੰਚ ਕਾਰਜਸ਼ਾਲਾ ਵਿੱਚ ਵਿਦਿਆਰਥੀਆਂ ਵੱਲੋਂ ਤਿਆਰ ਕਰਵਾਏ ਗਏ ਨਾਟਕ 03 ਜੁਲਾਈ ਤੋਂ 07 ਜੁਲਾਈ ਤੱਕ 'ਪੰਜ ਰੋਜ਼ਾ ਨਾਟ ਉਤਸਵ' ਵਿਰਸਾ ਵਿਹਾਰ ਅਤੇ ਪ੍ਰੀਤ ਨਗਰ ਵਿਖੇ ਕਰਵਾਇਆ ਜਾ ਰਿਹਾ ਹੈ।

ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਕੇਵਲ ਧਾਲੀਵਾਲ ਨੇ ਦੱਸਿਆ ਕਿ ਇਸ ਪੰਜ ਰੋਜ਼ਾ ਨਾਟ ਉਤਸਵ ਦੇ ਪਹਿਲੇ ਦਿਨ 03 ਜੁਲਾਈ ਨੂੰ ਸੰਸਾਰ ਪ੍ਰਸਿੱਧ ਨਾਟਕਕਾਰ ਅਗਾਥਾ ਕ੍ਰਿਸਟੀ ਦਾ ਲਿਖਿਆ ਅਤੇ ਪ੍ਰੀਤਪਾਲ ਰੁਪਾਣਾ ਦਾ ਨਿਰਦੇਸ਼ਤ ਕੀਤਾ ਨਾਟਕ 'ਗਵਾਹੀ' ਪੇਸ਼ ਕੀਤਾ ਜਾਵੇਗਾ।4 ਜੁਲਾਈ ਨੂੰ ਬਾਦਲ ਸਰਕਾਰ ਦਾ ਲਿਖਿਆ ਅਤੇ ਪਾਰਥੋ ਬੈਨਰਜੀ ਦਾ ਨਿਰਦੇਸ਼ਤ ਕੀਤਾ ਨਾਟਕ 'ਸਪਾਰਟਾਕਸ' ਪੇਸ਼ ਕੀਤਾ ਜਾਵੇਗਾ।

ਤੀਜੇ ਦਿਨ 05 ਜੁਲਾਈ ਨੂੰ ਮਨਿੰਦਰ ਕਾਂਗ ਦਾ ਲਿਖਿਆ ਅਤੇ ਕੇਵਲ ਧਾਲੀਵਾਲ ਦਾ ਨਿਰਦੇਸ਼ਤ ਕੀਤਾ ਨਾਟਕ 'ਭਾਰ' ਪੇਸ਼ ਕੀਤਾ ਜਾਵੇਗਾ। 6 ਜੁਲਾਈ ਨੂੰ ਡਾ. ਹਰਜੀਤ ਸਿੰਘ ਦਾ ਲਿਖਿਆ ਅਤੇ ਕੇਵਲ ਧਾਲੀਵਾਲ ਦਾ ਨਿਰਦੇਸ਼ਤ ਕੀਤਾ ਨਾਟਕ 'ਸਾਂਦਲ ਬਾਰ' ਪੇਸ਼ ਕੀਤਾ ਜਾਵੇਗਾ।ਪੰਜਵੇਂ ਦਿਨ 07 ਜੁਲਾਈ ਨੂੰ ਡਾ. ਹਰਜੀਤ ਸਿੰਘ ਦਾ ਲਿਖਿਆ ਅਤੇ ਕੇਵਲ ਧਾਲੀਵਾਲ ਦਾ ਨਿਰਦੇਸ਼ਤ ਕੀਤਾ ਨਾਟਕ 'ਸਾਂਦਲ ਬਾਰ' ਪ੍ਰੀਤ ਨਗਰ ਵਿਖੇ ਪੇਸ਼ ਕੀਤਾ ਜਾਵੇਗਾ।ਪਹਿਲੇ ਚਾਰ ਨਾਟਕ ਵਿਰਸਾ ਵਿਹਾਰ ਦੇ ਸ੍ਰ. ਕਰਤਾਰ ਸਿੰਘ ਦੁੱਗਲ ਆਡੀਟੋਰੀਅਮ 'ਚ ਰੋਜ਼ਾਨਾ ਸ਼ਾਮ 6.30 ਵਜੇ ਬਿਨਾਂ ਕਿਸੇ ਟਿਕਟ ਅਤੇ ਪਾਸ ਦੇ ਮੁਫ਼ਤ ਵਿਖਾਏ ਜਾਣਗੇ ਅਤੇ ਆਖ਼ਰੀ 7 ਜੁਲਾਈ ਨੂੰ ਹੋਣ ਵਾਲਾ ਨਾਟਕ ਪ੍ਰੀਤ ਨਗਰ ਵਿਖੇ ਕੀਤਾ ਜਾਵੇਗਾ।ਆਪ ਸਭ ਨੂੰ ਹਾਰਦਿਕ ਸੱਦਾ ਹੈ।

# ਮੋਦੀ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਖ਼ਿਲਾਫ਼ ਰੋਸ ਧਰਨਾ 9 ਨੂੰ

ਗੁਰਦਾਸਪੁਰ (ਜਨਕ ਮਹਾਜਨ)-ਸੀ ਪੀ ਆਈ ਐੱਮ ਦੇ ਸਾਬਕਾ ਜ਼ਿਲਾ ਆਗੂ ਤੇ ਸੀਟੂ ਦੇ ਜ਼ਿਲ੍ਹਾ ਵਿੱਚ ਸਕੱਤਰ ਕਾਮਰੇਡ ਅਮਰਜੀਤ ਸਿੰਘ ਸੈਣੀ ਨੇ ਕਿਹਾ ਕਿ ਮੋਦੀ ਸਰਕਾਰ ਨੂੰ ਸਿਰਫ ਕਾਰਪੋਰੇਟ ਘਰਾਣਿਆਂ ਦੀ ਚਿੰਤਾ ਹੈ ਅਤੇ ਇਹ ਉਨ੍ਹਾਂ ਨੂੰ ਲਾਭ ਪਹੁੰਚਾਉਣਾ ਚਾਹੁੰਦੀ ਹੈ। ਮੋਦੀ ਸਰਕਾਰ ਅੱਗੇ ਜਿਹੜੇ ਕਾਨੂੰਨ ਲਿਆ ਰਹੀ ਹੈ ਉਹ ਲੋਕ, ਕਿਰਤੀ, ਮਜ਼ਦੂਰ, ਕਿਸਾਨ, ਪੈਨਸ਼ਨਰ ਤੇ ਮੁਲਾਜ਼ਮ ਵਿਰੋਧੀ ਹਨ। ਪੈਨਸ਼ਨਰਾਂ ਤੇ ਮੁਲਾਜ਼ਮਾਂ ਵਿੱਚ ਮੋਦੀ ਸਰਕਾਰ ਪ੍ਰਤੀ ਭਾਰੀ ਰੋਸ ਹੈ। ਮੋਦੀ ਸਰਕਾਰ ਨੂੰ ਸਤਾ ਸੰਭਾਲਦਿਆਂ 11 ਸਾਲਾਂ ਦਾ ਸਮਾਂ ਹੋ ਚੁੱਕਾ ਹੈ ਅਤੇ ਹਰ ਮਹੀਨੇ ਬਾਅਦ ਰਸੋਈ ਗੈਸ ਦੀਆਂ ਕੀਮਤਾਂ ਵਿੱਚ ਵਾਧਾ ਕਰਕੇ ਗਰੀਬ ਲੋਕਾਂ ਦਾ ਕੰਚੂਬਰ ਕੱਢਿਆ ਜਾ ਰਿਹਾ ਹੈ ਜਿਸ ਦਾ ਜਥੇਬੰਦੀ ਸਖਤ ਵਿਰੋਧ ਕਰਦੀ ਹੈ। ਕਾਮਰੇਡ ਸੈਣੀ ਨੇ ਦੱਸਿਆ ਕਿ ਮੋਦੀ ਸਰਕਾਰ ਦੇ ਖਿਲਾਫ ਕੇਂਦਰੀ ਟਰੇਡ ਯੂਨੀਅਨ, ਮੁਲਾਜ਼ਮ ਫੈਡਰੇਸ਼ਨਾਂ ਅਤੇ ਐਸੋਸੀਏਸ਼ਨਾਂ ਵੱਲੋਂ 9 ਜੁਲਾਈ ਨੂੰ ਗੁਰਦਾਸਪੁਰ ਦੇ ਪੁਰਾਣੇ ਬੱਸ ਅੱਡੇ 'ਤੇ ਦੇਸ਼ ਵਿਆਪੀ ਹੜਤਾਲ ਦੇ ਸੱਦੇ 'ਤੇ ਰੋਸ ਧਰਨਾ 12 ਤੋਂ 3 ਵਜੇ ਤੱਕ ਦੇ ਕੇ ਸ਼ਹਿਰ ਵਿੱਚ ਰੋਸ ਮਾਰਚ ਕੱਢਿਆ ਜਾਵੇਗਾ। ਉਨ੍ਹਾਂ ਕਿਹਾ ਕਿ ਸਾਰੇ ਮਜ਼ਦੂਰ, ਕਿਸਾਨ, ਪੈਨਸ਼ਨਰ ਤੇ ਮੁਲਾਜ਼ਮਾਂ ਨੂੰ ਅਪੀਲ ਹੈ ਕਿ ਇਸ ਰੋਸ ਧਰਨੇ ਵੱਧ-ਚੜ੍ਹ ਕੇ ਪਹੁੰਚਣ ਤਾਂ ਜੋ ਮੋਦੀ ਸਰਕਾਰ 'ਤੇ ਦਬਾਅ ਬਣਾਇਆ ਜਾ ਸਕੇ। ਇਸ ਮੌਕੇ ਉਨ੍ਹਾਂ ਨਾਲ ਰਘਬੀਰ ਸਿੰਘ ਚਾਹਲ, ਕੁਲਜੀਤ ਸਿੰਘ ਸਿੱਧਵਾਂ, ਕਰਨੈਲ ਸਿੰਘ ਭੁੱਲੇਚੱਕ, ਮਨਮੋਹਨ ਸਿੰਘ ਛੀਨਾ, ਡਾ. ਰਾਜ ਕੁਮਾਰ ਅਤਰੀ, ਭੁਪਿੰਦਰ ਸਿੰਘ, ਕੁਲਵਿੰਦਰ ਸਿੰਘ, ਲਖਵਿੰਦਰ ਸਿੰਘ, ਦਰਸ਼ਨ ਸਿੰਘ, ਮਨਜੀਤ ਸਿੰਘ, ਗੁਰਨਾਮ ਸਿੰਘ, ਵਿਜੇ ਕੁਮਾਰ ਅਤੇ ਮੈਨੂਅਲ ਨਾਹਰ ਆਦਿ ਹਾਜ਼ਰ ਸਨ।

# 'ਨਸ਼ਿਆਂ ਵਿਰੁੱਧ ਜਾਗਰੂਕਤਾ ਸੈਮੀਨਾਰ' ਦਾ ਸਿਹਤ ਵਿਭਾਗ ਵੱਲੋਂ ਪੁਰਜ਼ੋਰ ਸਮਰਥਨ


ਝਬਾਲ (ਹਰਜਿੰਦਰ ਸਿੰਘ ਸੋਨੀ)-ਪਿੰਡ ਝਬਾਲ ਵਿਖੇ ਪੰਚਾਇਤਾਂ, ਪੁਲਸ ਪ੍ਰਸ਼ਾਸਨ, ਸਿਹਤ ਵਿਭਾਗ ਅਤੇ ਸਮੂਹ ਪਿੰਡ ਵਾਸੀਆਂ ਦੇ ਯਤਨਾਂ ਸਦਕਾ ਕਰਮ ਸਿੰਘ ਹਿਸਟੋਰੀਅਨ ਯਾਦਗਾਰੀ ਲਾਇਬ੍ਰੇਰੀ ਵਿੱਚ ਨਸ਼ਿਆਂ ਵਿਰੁੱਧ ਜਾਗਰੂਕਤਾ ਸੈਮੀਨਾਰ ਆਯੋਜਿਤ ਕਰਵਾਇਆ ਗਿਆ ਜਿਸ ਵਿੱਚ ਕੁਲ ਹਿੰਦ ਖੇਤ ਮਜ਼ਦੂਰ ਯੂਨੀਅਨ ਮਾਝਾ ਜ਼ੋਨ ਦੇ ਪ੍ਰਧਾਨ ਜਸਬੀਰ ਸਿੰਘ ਝਬਾਲ, ਕਾਮਰੇਡ ਮਨਜੀਤ ਸਿੰਘ ਝਬਾਲ, ਬਿਕਰਮ ਸਿੰਘ ਢਿੱਲੋਂ ਸਰਪੰਚ, ਐੱਸਐੱਚਓ ਥਾਣਾ ਝਬਾਲ ਇੰਸਪੈਕਟਰ ਪਰਮਜੀਤ ਸਿੰਘ ਵਿਰਦੀ, ਬਲਾਕ ਐਕਸਟੈਨਸ਼ਨ ਐਜੂਕੇਟਰ ਗੁਰਲਾਲ ਸਿੰਘ, ਮੈਂਬਰ ਪੰਚਾਇਤ ਤੇਜਿੰਦਰ ਸਿੰਘ ਰੂਬੀ ਅਤੇ ਹੋਰ ਮੋਹਤਬਰਾਂ ਨੇ ਭਾਗ ਲਿਆ।ਸੀਨੀਅਰ ਮੈਡੀਕਲ ਅਫ਼ਸਰ ਡਾ. ਮਨਜੀਤ ਸਿੰਘ ਰਟੌਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਬਲਾਕ ਐਜੂਕੇਟਰ ਗੁਰਲਾਲ ਸਿੰਘ ਨੇ ਇਸ ਸੈਮੀਨਾਰ ਵਿੱਚ ਉਚੇਚੇ ਤੌਰ 'ਤੇ ਲੈਕਚਰ ਦਿੱਤਾ।ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਚਲਾਈ ਜਾ ਰਹੀ ਲੋਕ ਲਹਿਰ ਯੁੱਧ ਨਸ਼ਿਆਂ ਵਿਰੁੱਧ ਤਹਿਤ ਸੀਐੱਚਸੀ ਝਬਾਲ ਦੇ ਸਿਹਤ ਕਰਮੀਆਂ ਵੱਲੋਂ ਲਗਾਤਾਰ ਜਾਗਰੂਕਤਾ ਗਤੀਵਿਧੀਆਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਨੇ ਸੈਮੀਨਾਰ ਵਿੱਚ ਹਾਜ਼ਰ ਸਮੂਹ ਪ੍ਰਬੰਧਕਾਂ, ਆਗੂਆਂ ਅਤੇ ਪਿੰਡ ਵਾਸੀਆਂ ਦੇ ਇਸ ਯਤਨ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸਿਹਤ ਅਤੇ ਸਮਾਜਿਕ ਢਾਂਚੇ ਨੂੰ ਬਿਹਤਰ ਬਣਾਉਣ ਅਤੇ ਲੋਕ ਭਲਾਈ ਲਈ ਉਲੀਕੇ ਜਾਣ ਵਾਲੇ ਪ੍ਰੋਗਰਾਮਾਂ ਵਿੱਚ ਸਿਹਤ ਵਿਭਾਗ ਦਾ ਹਮੇਸ਼ਾ ਸਹਿਯੋਗ ਰਿਹਾ ਹੈ ਅਤੇ ਰਹੇਗਾ।ਇਸ ਮੌਕੇ ਥਾਣਾ ਮੁਖੀ ਪਰਮਜੀਤ ਸਿੰਘ ਵਿਰਦੀ ਨੇ ਕਿਹਾ ਕਿ ਨਸ਼ਿਆਂ ਦੇ ਕੋਹੜ ਨੂੰ ਖਤਮ ਕਰਨਾ ਕਿਸੇ ਇੱਕ ਵਿਭਾਗ ਜਾਂ ਇਕੱਲੀ ਸਰਕਾਰ ਦਾ ਕੰਮ ਨਹੀਂ ਬਲਕਿ ਸਾਂਝੇ ਯਤਨ ਕਰਨ ਦੀ ਲੋੜ ਹੈ।

ਉਨ੍ਹਾਂ ਕਿਹਾ ਕਿ ਨਸ਼ਾ ਤਸਕਰਾਂ ਤੇ ਸ਼ਿਕੰਜਾ ਕੱਸਣ ਅਤੇ ਉਨ੍ਹਾਂ ਵਿਰੁੱਧ ਬਣਦੀ ਕਾਨੂੰਨੀ ਕਾਰਵਾਈ ਕਰਨ ਲਈ ਥਾਣਾ ਝਬਾਲ ਅਤੇ ਸਮੂਹ ਪੁਲਿਸ ਪ੍ਰਸ਼ਾਸਨ ਪੂਰੀ ਤਰ੍ਹਾਂ ਤਤਪਰ ਹੈ।



# ਖਾਲੀ ਪਏ ਪਲਾਟਾਂ ਦੀ ਸਾਫ਼-ਸਫ਼ਾਈ 10 ਜੁਲਾਈ ਤੱਕ ਕਰਨ ਦੇ ਹੁਕਮ ਜਾਰੀ

ਪਠਾਨਕੋਟ (ਦਵਿੰਦਰ ਸਿੰਘ)-ਜ਼ਿਲ੍ਹਾ ਮੈਜਿਸਟਰੇਟ ਅਦਿੱਤਿਆ ਉੱਪਲ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ, 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹੇ ਦੀ ਹਦੂਦ ਅੰਦਰ ਨਿੱਜੀ ਜਾਂ ਸਰਕਾਰੀ ਕਬਜ਼ੇ/ਮਾਲਕੀ ਵਾਲੇ ਖਾਲੀ ਪਏ ਪਲਾਟਾਂ ਵਿੱਚ ਕੂੜਾ ਕਰਕਟ, ਗੰਦਗੀ ਅਤੇ ਗੰਦੇ ਪਾਣੀ ਦੇ ਇਕੱਠੇ ਹੋਣ ਕਾਰਨ ਹੋਣ ਵਾਲੀਆ ਬੀਮਾਰੀਆਂ ਦੇ ਬਚਾਅ ਲਈ ਅਗਾਊਂ ਢੁੱਕਵੇਂ ਪ੍ਰਬੰਧ ਯਕੀਨੀ ਬਣਾਉਣ ਲਈ ਇਕ ਹੁਕਮ ਜਾਰੀ ਕੀਤਾ ਹੈ।ਉਨ੍ਹਾਂ ਆਪਣੇ ਹੁਕਮ ਵਿੱਚ ਸਪੱਸ਼ਟ ਕੀਤਾ ਹੈ ਕਿ ਸ਼ਹਿਰ ਵਿੱਚ ਖਾਲੀ ਪਏ ਪਲਾਟਾਂ ਦੇ ਮਾਲਕ/ਕਾਬਜ਼ ਆਪਣੇ ਖਾਲੀ ਪਲਾਟਾਂ ਵਿੱਚ ਲੱਗੇ ਕੂੜੇ-ਕਰਕਟ ਦੇ ਢੇਰ, ਗੰਦਗੀ ਅਤੇ ਮੀਂਹ ਦੇ ਰੁਕੇ ਹੋਏ ਗੰਦੇ ਪਾਣੀ ਦੀ ਤੁਰੰਤ ਸਾਫ-ਸਫਾਈ ਆਪਣੇ ਪੱਧਰ ਤੇ ਕਰਵਾਉਣੀ ਯਕੀਨੀ ਬਣਾਉਣਗੇ ਅਤੇ ਅਗਾਂਹ ਤੋਂ ਵੀ ਇਹ ਗੰਦਗੀ ਦੇ ਢੇਰ ਆਪਣੇ ਪਲਾਟਾਂ ਵਿੱਚ ਲੱਗਣ ਤੋਂ ਰੋਕਣ ਲਈ ਕਦਮ ਚੁੱਕਣਗੇ।ਉਨ੍ਹਾਂ ਇਹ ਕੰਮ 10 ਜੁਲਾਈ ਤੱਕ ਮੁਕੰਮਲ ਕਰਨ ਦਾ ਹੁਕਮ ਦਿੱਤਾ।ਇਸ ਤੋਂ ਇਲਾਵਾ ਜੇਕਰ 10 ਜੁਲਾਈ ਉਪਰੰਤ ਪਲਾਟ ਦੀ ਸਾਫ-ਸਫਾਈ ਦਾ ਕੰਮ ਨਗਰ ਨਿਗਮ ਜਾਂ ਨਗਰ ਕੌਂਸਲ/ਪੰਚਾਇਤ ਵੱਲੋਂ ਕਰਵਾਇਆ ਜਾਂਦਾ ਹੈ ਤਾਂ ਸਾਫ-ਸਫਾਈ ਤੇ ਹੋਣ ਵਾਲੇ ਖਰਚ ਦੀ ਰਿਕਵਰੀ ਪਲਾਟ ਦੇ ਕਾਬਜ਼/ਮਾਲਕ ਪਾਸੋਂ ਕੀਤੀ ਜਾਵੇ।ਇਹ ਹੁਕਮ ਤੁਰੰਤ ਲਾਗੂ ਹੋ ਕੇ 2 ਸਤੰਬਰ 2025 ਤੱਕ ਲਾਗੂ ਰਹੇਗਾ।



# ਆਮ ਆਦਮੀ ਕਲੀਨਿਕਾਂ 'ਚ ਸੇਵਾਵਾਂ ਨਿਭਾ ਰਹੇ ਮੈਡੀਕਲ ਅਫ਼ਸਰਾਂ ਦੀ ਟਰੇਨਿੰਗ ਲਗਾਈ

ਗੁਰਦਾਸਪੁਰ (ਜਨਕ ਮਹਾਜਨ)-ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਤੇ ਡਾਇਰੈਕਟਰ ਸਿਹਤ ਪੰਜਾਬ ਦੀਆਂ ਹਦਾਇਤਾਂ ਅਨੁਸਾਰ ਰੈਬੀਜ਼, ਕੁਪੋਸ਼ਨ ਅਤੇ ਗੈਰ ਸੰਚਾਰੀ ਰੋਗਾਂ ਵਿਸ਼ੇ 'ਤੇ ਸਿਹਤ ਵਿਭਾਗ ਵੱਲੋਂ ਗੁਰਦਾਸਪੁਰ ਵਿਖੇ ਆਮ ਆਦਮੀ ਕਲੀਨਿਕਾਂ ਦੇ ਮੈਡੀਕਲ ਅਫ਼ਸਰਾਂ ਦੀ ਇੱਕ ਦਿਨਾ ਟਰੇਨਿੰਗ ਲਗਾਈ ਗਈ। ਵਧੀਕ ਡਿਪਟੀ ਕਮਿਸ਼ਨਰ (ਜ) ਡਾ. ਹਰਜਿੰਦਰ ਸਿੰਘ ਬੇਦੀ ਨੇ ਕਿਹਾ ਕਿ ਗੈਰ ਸੰਚਾਰੀ ਰੋਗ ਮਹਾਂਮਾਰੀ ਵਾਂਗੂ ਫੈਲ ਰਹੇ ਹਨ ਅਤੇ ਇੱਕ ਅਧਿਐਨ ਅਨੁਸਾਰ 40 ਫ਼ੀਸਦੀ ਲੋਕ ਹਾਈ ਬਲੱਡ ਪ੍ਰੈਸ਼ਰ ਦੇ ਸ਼ਿਕਾਰ ਹਨ, ਜਦਕਿ 10 ਫ਼ੀਸਦੀ ਲੋਕ ਸ਼ੱਕਰ ਰੋਗ ਦੇ ਸ਼ਿਕਾਰ ਹਨ। ਉਨ੍ਹਾਂ ਕਿਹਾ ਕਿ 30 ਸਾਲ ਤੋਂ ਵੱਧ ਉਮਰ ਦੇ ਵਿਅਕਤੀਆਂ ਦਾ ਹਰੇਕ ਸਿਹਤ ਸੰਸਥਾ ਵਿੱਚ ਬੀਪੀ ਅਤੇ ਸ਼ੂਗਰ ਦਾ ਟੈਸਟ ਲਾਜ਼ਮੀ ਕੀਤਾ ਜਾ ਰਿਹਾ ਹੈ। ਸਿਵਲ ਸਰਜਨ ਡਾ. ਜਸਵਿੰਦਰ ਸਿੰਘ ਨੇ ਕਿਹਾ ਕਿ ਸਿਹਤ ਵਿਭਾਗ ਵੱਲੋਂ ਸਮੂਹ ਆਮ ਆਦਮੀ ਕਲੀਨਿਕਾਂ ਵਿੱਚ 12 ਨਵੀਆਂ ਸਿਹਤ ਸਹੂਲਤਾਂ ਦਾ ਲਾਭ ਲੋਕਾਂ ਨੂੰ ਮਿਲੇਗਾ। ਉਨ੍ਹਾਂ ਕਿਹਾ ਕਿ ਰੈਬੀਜ਼ ਇੱਕ ਖ਼ਤਰਨਾਕ ਰੋਗ ਹੈ ਅਤੇ ਇਸ ਜਾਨਲੇਵਾ ਰੋਗ ਦੇ ਇਲਾਜ ਬਾਰੇ ਮੈਡੀਕਲ ਅਫ਼ਸਰਾਂ ਨੂੰ ਦੱਸਿਆ ਗਿਆ ਹੈ। ਇਸ ਮੌਕੇ ਡਿਪਟੀ ਮੈਡੀਕਲ ਕਮਿਸ਼ਨਰ ਡਾ. ਰੋਮੀ ਰਾਜਾ ਮਹਾਜਨ, ਜ਼ਿਲ੍ਹਾ ਪਰਿਵਾਰ ਭਲਾਈ ਅਫ਼ਸਰ ਡਾ. ਤੇਜਿੰਦਰ ਕੌਰ, ਡਾ. ਅੰਕੁਰ ਕੌਸ਼ਲ, ਡਾ. ਗੁਰਪ੍ਰੀਤ ਕੌਰ, ਡਾ. ਸੁਰੇਸ਼ ਕੁਮਾਰ, ਡਾ. ਰਵਿੰਦਰ ਸਿੰਘ, ਡਾ. ਮਨਮੋਹਨਜੀਤ ਸਿੰਘ, ਡਾ. ਲਖਵਿੰਦਰ ਸਿੰਘ, ਡਾ. ਰਮੇਸ਼ ਅਤਰੀ, ਡਾ. ਬ੍ਰਿਜੇਸ਼ ਸਿੰਘ, ਡਾ. ਸੁਖਵਿੰਦਰ ਸਿੰਘ, ਡਾ. ਨੀਲਮ, ਡਾ. ਅਨੀਤਾ ਮਹਾਜਨ, ਡਾ. ਗੁਨੀਤ ਕੌਰ, ਮਾਸ ਮੀਡੀਆ ਅਫ਼ਸਰ ਪਰਮਿੰਦਰ ਸਿੰਘ ਆਦਿ ਹਾਜ਼ਰ ਸਨ।



# ਸ਼੍ਰੀਰਾਮ ਫਾਰਮ ਸਲਿਊਸ਼ਨਜ਼ ਵੱਲੋਂ ਤਿੰਨ ਨਵੇਂ ਸਪੈਸ਼ਲਿਟੀ ਪਲਾਂਟ ਨਿਊਟ੍ਰੀਸ਼ਨ ਉਤਪਾਦ ਲਾਂਚ

ਬਠਿੰਡਾ : ਡੀਸੀਐੱਮ ਸ਼੍ਰੀਰਾਮ ਲਿਮਟਿਡ ਦੇ ਇੱਕ ਡਵੀਜ਼ਨ ਸ਼੍ਰੀਰਾਮ ਫਾਰਮ ਸਲਿਊਸ਼ਨਜ਼ ਨੇ ਆਪਣੇ ਨਵੇਂ ਸਪੈਸ਼ਲਿਟੀ ਪਲਾਂਟ ਪੋਸ਼ਣ ਉਤਪਾਦਾਂ ਦਾ ਉਦਘਾਟਨ ਕੀਤਾ।ਇਸ ਮੌਕੇ ਕੰਪਨੀ ਨੇ ਹਾਲ ਹੀ ਵਿੱਚ ਲਾਂਚ ਕੀਤੇ ਗਏ ਸ਼੍ਰੀਰਾਮ ਫਸਲ ਸੁਰੱਖਿਆ ਅਤੇ ਬੀਜ ਉਤਪਾਦਾਂ ਦੀ ਸਫਲਤਾ ਬਾਰੇ ਚਰਚਾ ਕੀਤੀ। ਇਸ ਸਮਾਗਮ ਵਿੱਚ ਖੇਤਰ ਦੇ ਚੈਨਲ ਭਾਈਵਾਲਾਂ ਅਤੇ 275 ਤੋਂ ਵੱਧ ਵਿਤਰਕਾਂ ਨੇ ਸ਼ਿਰਕਤ ਕੀਤੀ।ਕੰਪਨੀ ਦੁਆਰਾ ਪੇਸ਼ ਕੀਤੇ ਗਏ ਨਵੀਨਤਮ ਉਤਪਾਦਾਂ ਵਿੱਚ ਸ਼੍ਰੀਰਾਮ ਐਕਰੀਏਟਰ ਸ਼ਾਮਲ ਹੈ, ਜੋ ਮੱਕੀ ਅਤੇ ਗੰਨੇ ਵਿੱਚ ਨਦੀਨਾਂ ਦੇ ਨਿਯੰਤਰਣ ਲਈ ਤਿਆਰ ਕੀਤਾ ਗਿਆ ਹੈ। ਕਾਰਜਕਾਰੀ ਨਿਰਦੇਸ਼ਕ ਸੰਜੇ ਛਾਬੜਾ ਨੇ ਦੱਸਿਆ ਕਿ ਅਸੀਂ ਖੇਤੀਬਾੜੀ ਨਵੀਨਤਾ ਦੀਆਂ ਸੀਮਾਵਾਂ ਨੂੰ ਅੱਗੇ ਵਧਾਉਣ ਦੀ ਉਮੀਦ ਕਰਦੇ ਹਾਂ ਦੋ ਆਧੁਨਿਕ ਤਰਲ ਖਾਦਾਂ ਸ਼੍ਰੀਰਾਮ ਪਿਕਾਸੋਲ ਅਤੇ ਸ਼੍ਰੀਰਾਮ ਮੈਗਨਿਕਾ ਪੇਸ਼ ਕੀਤੀਆਂ ਗਈਆਂ ਹਨ।ਦੋਵੇਂ ਉਤਪਾਦ ਪੇਟੈਂਟ ਤਕਨਾਲੋਜੀ ਦੁਆਰਾ ਬਾਇਓਐਕਟਿਵ ਟਾਈਟੇਨੀਅਮ (ਭਾਰਤ ਵਿੱਚ ਪਹਿਲੀ ਵਾਰ) ਦੇ ਨਾਲ ਵਿਕਸਿਤ ਕੀਤੇ ਗਏ ਹਨ ।

# ਖੇਤਾਂ 'ਚ ਕੰਮ ਕਰਦੇ ਵਿਅਕਤੀ ਨੂੰ ਸੱਪ ਨੇ ਡੰਗਿਆ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਪਿੰਡ ਲੀਲ ਕਲਾਂ ਵਿਖੇ ਖੇਤਾਂ ਦੇ ਵਿੱਚ ਕੰਮ ਕਰਦੇ ਇੱਕ ਵਿਅਕਤੀ ਨੂੰ ਸੱਪ ਵੱਲੋਂ ਡੰਗਣ ਦਾ ਸਮਾਚਾਰ ਮਿਲਿਆ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਗੁਰਮੇਲ ਸਿੰਘ ਪੁੱਤਰ ਗੁਰਨਾਮ ਸਿੰਘ ਜੋ ਕਿ ਖੇਤਾਂ ਦੇ ਵਿੱਚ ਕੰਮ ਕਰ ਰਿਹਾ ਸੀ ਤਾਂ ਅਚਾਨਕ ਉਸ ਨੂੰ ਇੱਕ ਸੱਪ ਨੇ ਡੰਗ ਮਾਰ ਦਿੱਤਾ ਜਿਸ ਤੋਂ ਬਾਅਦ ਉਸ ਨੇ ਆਪਣੇ ਪਰਿਵਾਰਕ ਮੈਂਬਰਾਂ ਨੂੰ ਦੱਸਿਆ। ਤੁਰੰਤ ਨਜ਼ਦੀਕੀ ਸਿਵਲ ਹਸਪਤਾਲ ਕਾਦੀਆਂ ਵਿਖੇ ਇਲਾਜ ਲਈ ਦਾਖਲ ਕਰਵਾਇਆ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸਿਵਿਲ ਹਸਪਤਾਲ ਕਾਦੀਆਂ ਤੋਂ ਮੈਡੀਕਲ ਅਫਸਰ ਡਾ. ਸ਼ੁਭਨੀਤ ਕੁਮਾਰ ਨੇ ਦੱਸਿਆ ਕਿ ਗੁਰਮੇਲ ਸਿੰਘ ਜੋ ਕਿ ਖੇਤਾਂ ਵਿੱਚ ਕੰਮ ਕਰ ਰਿਹਾ ਸੀ, ਨੂੰ ਸੱਪ ਨੇ ਡੰਗ ਮਾਰ ਦਿੱਤਾ ਸੀ।ਉਸਦੇ ਪਰਿਵਾਰ ਨੇ ਤੁਰੰਤ ਉਸ ਨੂੰ ਇਲਾਜ ਲਈ ਸਿਵਲ ਹਸਪਤਾਲ ਦਾਖਲ ਕਰਵਾਇਆ ਅਤੇ ਉਨ੍ਹਾਂ ਦੇ ਵੱਲੋਂ ਉਸ ਦਾ ਇਲਾਜ ਕੀਤਾ ਗਿਆ। ਹੁਣ ਗੁਰਮੇਲ ਸਿੰਘ ਖਤਰੇ ਤੋਂ ਬਾਹਰ ਹੈ। ਡਾ. ਨੇ ਅੱਗੇ ਦੱਸਿਆ ਕਿ ਸਾਡੀ ਡਾਕਟਰਾਂ ਦੀ ਟੀਮ ਇਲਾਜ ਦੇ ਲਈ ਅਤੇ ਲੋਕਾਂ ਦੀ ਜਾਨ ਮਾਲ ਦੀ ਰਾਖੀ ਲਈ 24 ਘੰਟੇ ਹਾਜ਼ਰ ਹੈ। ਇਸ ਮੌਕੇ ਗੁਰਮੇਲ ਸਿੰਘ ਅਤੇ ਉਨਾਂ ਦੇ ਪਰਿਵਾਰ ਨੇ ਡਾਕਟਰਾਂ ਦੀ ਟੀਮ ਦਾ ਤਹਿ ਦਿਲ ਤੋਂ ਧੰਨਵਾਦ ਕੀਤਾ।ਇਸ ਮੌਕੇ ਉਨ੍ਹਾਂ ਦੇ ਨਾਲ ਹੋਰਨਾਂ ਤੋਂ ਇਲਾਵਾ ਡਾ. ਪਲਵੀ ਅਤੇ ਸਮੁੱਚਾ ਸਟਾਫ ਹਾਜ਼ਰ ਸੀ।




# ਐਮਾਜ਼ੋਨ ਨੇ ਪ੍ਰਾਈਮ ਡੇ -2025 ਤੋਂ ਪਹਿਲਾਂ ਆਪਣੇ ਆਪਰੇਸ਼ਨ ਨੈੱਟਵਰਕ 'ਚ ਪੰਜ ਨਵੇਂ ਫੁੱਲਫਿਲਮੈਂਟ ਸੈਂਟਰ ਜੋੜੇ

ਲੁਧਿਆਣਾ : ਪ੍ਰਾਈਮ ਡੇ -2025 ਜੁਲਾਈ 'ਚ ਸ਼ੁਰੂ ਹੋਣ ਵਾਲਾ ਹੈ ਤੇ ਉਸ ਨਾਲੋਂ ਪਹਿਲਾਂ ਐਮਾਜ਼ੋਨ ਨੇ ਭਾਰਤ 'ਚ ਆਪਣੇ ਮਜ਼ਬੂਤ ਆਪਰੇਸ਼ਨ ਨੈੱਟਵਰਕ ਨੂੰ ਹੋਰ ਵਧਾਉਣ ਦੇ ਲਈ ਪੰਜ ਨਵੇਂ ਫੁੱਲਫਿਲਮੈਂਟ ਸੈਂਟਰਾਂ ਦੀ ਸ਼ੁਰੂਆਤ ਕੀਤੀ ਹੈ। ਪਹਿਲੀ ਵਾਰ ਇੰਦੌਰ, ਭੁਵਨੇਸ਼ਵਰ, ਕੋਚੀ ਅਤੇ ਰਾਜਪੁਰਾ 'ਚ ਐਮਾਜ਼ੋਨ ਦੇ ਫੁੱਲਫਿਲਮੈਂਟ ਸੈਂਟਰ ਸ਼ੁਰੂ ਕੀਤੇ ਗਏ ਹਨ। ਇਸ ਵਿਸਤਾਰ ਨਾਲ ਸੇਲਰਜ਼ ਨੂੰ ਗਾਹਕਾਂ ਤੱਕ ਸਾਮਾਨ ਜਲਦੀ ਪਹੁੰਚਾਉਣ 'ਚ ਮਦਦ ਮਿਲੇਗੀ ਕਿਉਂਕਿ ਹੁਣ ਪ੍ਰੋਡਕਟਸ ਗਾਹਕਾਂ ਦੇ ਹੋਰ ਨੇੜੇ ਸਟੋਰ ਕੀਤੇ ਜਾ ਸਕਣਗੇ। ਅਭਿਨਵ ਸਿੰਘ ਜਿਹੜੇ ਐਮਾਜ਼ੋਨ ਇੰਡੀਆ ਅਤੇ ਆਸਟ੍ਰੇਲੀਆ 'ਚ ਆਪਰੇਸ਼ੰਜ਼ ਦੇ ਵਾਈਸ ਪ੍ਰੈਜ਼ੀਡੈਂਟ ਹਨ, ਦਾ ਕਹਿਣਾ ਹੈ ਕਿ ਅਸੀਂ ਭਾਰਤ ਦਾ ਸਭ ਤੋਂ ਤੇਜ਼, ਸਭ ਤੋਂ ਸੁਰੱਖਿਅਤ ਅਤੇ ਨਾਲ ਹੀ ਸਭ ਤੋਂ ਭੋਰੇਸਮੰਦ ਲਾਜਿਸਟਿਕਸ ਨੈੱਟਵਰਕ ਤਿਆਰ ਕਰਨ ਅਤੇ ਉਸਨੂੰ ਚਲਾਉਣ ਤੇ ਧਿਆਨ ਦੇ ਰਹੇ ਹਾਂ।

# ਸ਼ਾਹਪੁਰ ਕੰਢੀ ਪੁਲਸ ਨੇ ਦੋ ਨੌਜਵਾਨਾਂ ਨੂੰ ਚਿੱਟਾ ਪੀਂਦੇ ਫੜਿਆ

ਪਠਾਨਕੋਟ (ਦਵਿੰਦਰ ਸਿੰਘ)-ਸ਼ਾਹਪੁਰ ਕੰਢੀ ਖੇਤਰ ਦੇ ਦੋ ਨੌਜਵਾਨਾਂ ਨੂੰ ਪੁਲਸ ਨੇ ਚਿੱਟਾ ਪੀਂਦੇ ਰੰਗੇ ਹੱਥੀਂ ਫੜਿਆ।ਸ਼ਾਹਪੁਰ ਕੰਢੀ ਪੁਲਸ ਸਟੇਸ਼ਨ ਦੇ ਐੱਸਐੱਚਓ ਸਬ ਇੰਸਪੈਕਟਰ ਅਮਨਪ੍ਰੀਤ ਕੌਰ ਨੇ ਦੱਸਿਆ ਕਿ ਬੀਤੀ ਸ਼ਾਮ ਉਨ੍ਹਾਂ ਦੀ ਪੁਲਸ ਦੇ ਜਾਂਚ ਅਧਿਕਾਰੀ ਏਐੱਸਆਈ ਧਰਮਪਾਲ ਪਿੰਡ ਬਧੋਈ ਰਾਣੀਪੁਰ ਦੀ ਸੜਕ 'ਤੇ ਗਸ਼ਤ ਕਰ ਰਹੇ ਸਨ ਅਤੇ ਉਸ ਸਮੇਂ ਜਦੋਂ ਉਨ੍ਹਾਂ ਦੀ ਪੁਲਸ ਪਾਰਟੀ ਇੱਕ ਨਿੱਜੀ ਸਕੂਲ ਦੇ ਨੇੜੇ ਪਹੁੰਚੀ ਤਾਂ ਸੜਕ ਦੇ ਕਿਨਾਰੇ ਦੋ ਨੌਜਵਾਨ ਬਿਨਾਂ ਨੰਬਰ ਵਾਲੇ ਮੋਟਰਸਾਈਕਲ ਨਾਲ ਖੜ੍ਹੇ ਸਨ ਅਤੇ ਜਿਵੇਂ ਹੀ ਦੋਵਾਂ ਨੌਜਵਾਨਾਂ ਨੇ ਪੁਲਸ ਪਾਰਟੀ ਨੂੰ ਆਪਣੇ ਵੱਲ ਆਉਂਦੇ ਦੇਖਿਆ ਤਾਂ ਉਹ ਡਰ ਗਏ ਅਤੇ ਤੇਜ਼ ਦੌੜਨ ਲੱਗੇ, ਜਿਸ ਤੇ ਪੁਲਸ ਪਾਰਟੀ ਨੇ ਉਨ੍ਹਾਂ ਨੂੰ ਰੋਕਿਆ ਅਤੇ ਪੁੱਛਗਿੱਛ ਕੀਤੀ ਤਾਂ ਉਨ੍ਹਾਂ ਵਿੱਚੋਂ ਇੱਕ ਚਾਂਦੀ ਦਾ ਕਾਗਜ਼ ਮਿਲਿਆ ਜੋ ਪੂਰੀ ਤਰ੍ਹਾਂ ਕਾਲਾ ਹੋ ਗਿਆ ਸੀ ਅਤੇ ਇਸ ਨੂੰ ਸੁੰਘਣ 'ਤੇ ਚਿੱਟੇ ਦੀ ਬਦਬੂ ਆ ਰਹੀ ਸੀ, ਜਿਸ ਤੇ ਪੁਲਸ ਨੇ ਦੋਵਾਂ ਨੌਜਵਾਨਾਂ ਤੋਂ ਪੁੱਛਗਿੱਛ ਕੀਤੀ ਤਾਂ ਪਤਾ ਲੱਗਾ ਕਿ ਦੋਵੇਂ ਨੌਜਵਾਨ ਆਪਣਾ ਨਸ਼ਾ ਸ਼ਾਂਤ ਕਰਨ ਲਈ ਚਿੱਟਾ ਪੀ ਰਹੇ ਸਨ। ਗ੍ਰਿਫ਼ਤਾਰ ਕੀਤੇ ਗਏ ਨੌਜਵਾਨਾਂ ਦੀ ਪਛਾਣ ਰਵੀ ਕੁਮਾਰ ਅਤੇ ਠਾਕੁਰ ਦਾਸ ਵਾਸੀ ਸ਼ਾਹਪੁਰ ਕੰਢੀ ਵਜੋਂ ਹੋਈ ਹੈ।ਜਾਂਚ ਅਧਿਕਾਰੀ ਏਐੱਸਆਈ ਧਰਮਪਾਲ ਨੇ ਦੋਵਾਂ ਨੌਜਵਾਨਾਂ ਨੂੰ ਗ੍ਰਿਫ਼ਤਾਰ ਕਰਕੇ ਐੱਨਡੀਪੀਐੱਸ ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।



# ਰਾਜਾਸਾਂਸੀ ਵਿਖੇ ਸ਼ਹੀਦ ਮਨਿੰਦਰ ਸਿੰਘ ਯਾਦਗਾਰੀ ਗੇਟ ਦਾ ਰੱਖਿਆ ਨੀਂਹ ਪੱਥਰ


ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)-ਸ਼ਹੀਦ ਦੇਸ਼ ਦਾ ਸਰਮਾਇਆ ਹੁੰਦੇ ਹਨ ਅਤੇ ਇਨ੍ਹਾਂ ਸ਼ਹੀਦਾਂ ਦੇ ਬਦੌਲਤ ਹੀ ਅਸੀਂ ਆਪਣੇ ਘਰਾਂ ਵਿੱਚ ਸੁੱਖ ਦਾ ਸਾਹ ਮਾਣ ਰਹੇ ਹਾਂ ਅਤੇ ਮੁੱਖ ਮੰਤਰੀ ਪੰਜਾਬ ਸ: ਭਗਵੰਤ ਸਿੰਘ ਮਾਨ ਦੀ ਸਰਕਾਰ ਸ਼ਹੀਦਾਂ ਦੇ ਪਰਿਵਾਰਾਂ ਨਾਲ ਡੱਟ ਕੇ ਖੜ੍ਹੀ ਹੈ ਅਤੇ ਉਨਾਂ ਨੂੰ ਕਿਸੇ ਕਿਸਮ ਦੀ ਕੋਈ ਵੀ ਮੁਸ਼ਕਿਲ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਲੋਕ ਨਿਰਮਾਣ ਮੰਤਰੀ ਪੰਜਾਬ ਸ: ਹਰਭਜਨ ਸਿੰਘ ਈਟੀਓ ਨੇ ਰਾਜਾਸਾਂਸੀ ਵਿਖੇ ਸ਼ਹੀਦ ਮਨਿੰਦਰ ਸਿੰਘ ਯਾਦਗਾਰੀ ਗੇਟ ਦਾ ਨੀਂਹ ਪੱਥਰ ਰੱਖਣ ਉਪਰੰਤ ਕੀਤਾ।

ਉਨ੍ਹਾਂ ਕਿਹਾ ਕਿ ਫੌਜੀ ਸ਼ਹੀਦ ਮਨਿੰਦਰ ਸਿੰਘ (ਜਨਮ 24 ਅਗਸਤ 1990) ਉਮਰ 17 ਸਾਲ ਪੁੱਤਰ ਸ਼ਹੀਦ ਸੁਖਦੇਵ ਸਿੰਘ ਸਿਆਚਿਨ ਗਲੇਸ਼ੀਅਰ ਵਿੱਚ ਆਪਣੀ ਡਿਊਟੀ ਕਰਦੇ ਹੋਏ ਜਦ ਵਾਪਿਸ ਆ ਰਿਹਾ ਸੀ ਤਾਂ ਅਚਾਨਕ ਐਵੀਲਾਂਚ ਆਉਣ ਕਾਰਨ ਉਹ ਸ਼ਹੀਦ ਹੋ ਗਿਆ ਸੀ। 18 ਨਵੰਬਰ 2019 ਨੂੰ ਉਹ ਸ਼ਹੀਦ ਹੋਇਆ ਸੀ। ਪਿੱਛੇ ਪਤਨੀ ਅਤੇ 3 ਸਾਲ ਦਾ ਬੇਟਾ ਛੱਡ ਗਿਆ ਸੀ।ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਪਾਰਿਵਾਰਕ ਮੈਂਬਰਾਂ ਨੇ ਇੱਛਾ ਪ੍ਰਗਟ ਕੀਤੀ ਸੀ ਕਿ ਸ਼ਹੀਦ ਦਾ ਯਾਦਗਾਰੀ ਗੇਟ ਬਣਾਇਆ ਜਾਵੇ ਅਤੇ ਉਨਾਂ ਵਲੋਂ ਮੁੱਖ ਮੰਤਰੀ ਪੰਜਾਬ ਦੇ ਧਿਆਨ ਵਿੱਚ ਲਿਆਂਦਾ ਗਿਆ, ਜਿਨ੍ਹਾਂ ਨੇ ਤੁਰੰਤ ਹੀ ਇਸ ਯਾਦਗਾਰੀ ਗੇਟ ਨੂੰ ਬਣਾਉਣ ਲਈ 42 ਲੱਖ 11 ਹਜ਼ਾਰ ਰੁਪਏ ਦੀ ਰਾਸ਼ੀ ਜਾਰੀ ਕਰ ਦਿੱਤੀ ਹੈ।ਉਨਾਂ ਦੱਸਿਆ ਕਿ ਸਬੰਧਤ ਠੇਕੇਦਾਰ ਨੂੰ ਗੇਟ ਬਣਾਉਣ ਦਾ ਕੰਮ ਅਲਾਟ ਕਰ ਦਿੱਤਾ ਗਿਅ ਹੈ ਅਤੇ ਛੇ ਮਹੀਨਿਆਂ ਦੌਰਾਨ ਇਹ ਗੇਟ ਬਣ ਕੇ ਤਿਆਰ ਹੋ ਜਾਵੇਗਾ।ਸ: ਈਟੀਓ ਨੇ ਕਿਹਾ ਕਿ ਪੰਜਾਬ ਸਰਕਾਰ ਅਗਨੀਵੀਰ ਸਕੀਮ ਅਧੀਨ ਭਰਤੀ ਹੋਏ ਸਾਰੇ ਫੌਜੀਆਂ ਨੂੰ ਬਾਕੀ ਫੌਜੀਆਂ ਵਾਂਗ ਪੂਰੀਆਂ ਸਹੂਲਤਾਂ ਦੇਵੇਗੀ।ਇਸ ਮੌਕੇ ਰਾਜਾਸਾਂਸੀ ਹਲਕਾ ਇੰਚਾਰਜ ਮੈਡਮ ਸੋਨੀਆ ਮਾਨ, ਇਕਵਿੰਦਰ ਕੌਰ ਵੀ ਹਾਜ਼ਰ ਸਨ।



# ਘੋਨੇਵਾਲਾ ਵਿਖੇ ਰਾਵੀ 'ਤੇ ਬਣ ਰਿਹਾ ਪੁਲ ਜਲਦੀ ਹੋਵੇਗਾ ਲੋਕਾਂ ਨੂੰ ਸਮਰਪਿਤ: ਧਾਲੀਵਾਲ

ਚੇਤਨਪੁਰਾ (ਸੁਖਵੰਤ ਚੇਤਨਪੁਰੀ)-ਹਲਕਾ ਅਜਨਾਲਾ ਦੇ ਵਿਧਾਇਕ ਅਤੇ ਪ੍ਰਵਾਸੀ ਭਾਰਤੀ ਮਾਮਲਿਆਂ ਦੇ ਮੰਤਰੀ ਪੰਜਾਬ ਸ: ਕੁਲਦੀਪ ਸਿੰਘ ਧਾਲੀਵਾਲ ਵੱਲੋਂ ਅਜਨਾਲਾ ਸਬ ਡਵੀਜ਼ਨ 'ਚ ਕੌਮਾਂਤਰੀ ਸਰਹੱਦੀ ਚੌਕੀ ਨੇੜੇ ਰਾਵੀ ਦਰਿਆ 'ਤੇ ਨਿਰਮਾਣ ਅਧੀਨ ਪੁਲ ਦਾ ਵੱਖ ਵੱਖ ਵਿਭਾਗਾਂ ਦੇ ਮੁੱਖ ਅਧਿਕਾਰੀਆਂ ਦੀ ਸ਼ਮੂਲੀਅਤ ਨਾਲ ਉਚ ਪੱਧਰੀ ਜਾਇਜ਼ਾ ਲਿਆ ਗਿਆ।ਜਾਇਜ਼ਾ ਲੈਣ ਮੌਕੇ ਸ਼੍ਰੀ ਧਾਲੀਵਾਲ ਨੇ ਕਿਸਾਨਾਂ, ਗ੍ਰਾਮ ਪੰਚਾਇਤਾਂ ਤੇ ਪੇਂਡੂ ਲੋਕਾਂ ਲਈ ਸੰਭਾਵੀ ਹੜ੍ਹ ਦੀ ਸਥਿਤੀ ਪੈਦਾ ਹੋਣ ਮੌਕੇ ਪੇਸ਼ ਆਉਣ ਵਾਲੀਆਂ ਮੁਸ਼ਕਿਲਾਂ ਦੀ ਜਾਣਕਾਰੀ ਹਾਸਲ ਕੀਤੀ। ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਹੜ੍ਹਾਂ ਦੀ ਸਥਿਤੀ ਪੈਦਾ ਹੋਣ ਤੇ ਸਰਹੱਦੀ ਤੇ ਦਰਿਆ ਨੇੜਲੇ ਪਿੰਡਾਂ ਦੇ ਵਸਨੀਕਾਂ ਦੀ ਜਾਨ ਮਾਲ ਦੀ ਰੱਖਿਆ ਲਈ ਮੁੱਖ ਮੰਤਰੀ ਸ: ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵਚਨਬੱਧ ਹੈ।ਉਨ੍ਹਾਂ ਦੱਸਿਆ ਕਿ ਹੜ੍ਹਾਂ ਦੀ ਰੋਕਥਾਮ ਦੇ ਪ੍ਰਬੰਧਾਂ ਲਈ 120 ਕਰੋੜ ਰੁਪਏ ਦੀ ਰਾਸ਼ੀ ਜਾਰੀ ਕਰਕੇ ਸਰਕਾਰ ਨੇ ਸਿੰਚਾਈ, ਡਰੇਨਜ਼, ਜੰਗਲਾਤ, ਮਾਈਨਿੰਗ ਵਿਭਾਗ ਦੇ ਅਧਿਕਾਰੀਆਂ ਨੂੰ ਸਖਤ ਦਿਸ਼ਾ ਨਿਰਦੇਸ਼ ਦਿੱਤੇ ਹੋਏ ਹਨ ਕਿ ਹੜ੍ਹਾਂ ਤੋਂ ਪਹਿਲਾਂ ਪਹਿਲਾਂ ਡਰੇਨਾਂ ਦੀ ਸਾਫ ਸਫਾਈ ਸਮੇਤ ਦਰਿਆਵਾਂ ਦੇ ਨਾਜ਼ੁਕ ਧੁੱਸੀ ਬੰਨ੍ਹ ਥਾਵਾਂ ਤੇ ਕੰਮ ਨੇਪਰੇ ਚਾੜ੍ਹ ਲਏ ਜਾਣ।ਉਨ੍ਹਾਂ ਗੱਲਬਾਤ ਦੌਰਾਨ ਇਹ ਵੀ ਪ੍ਰਗਟਾਵਾ ਕੀਤਾ ਕਿ ਅਜਨਾਲਾ ਸਬ ਡਵੀਜ਼ਨ 'ਚੋਂ ਲੰਘਦੇ ਰਾਵੀ ਦਰਿਆ ਤੋਂ ਪਾਰਲੇ ਪਾਸੇ ਸੈਂਕੜੇ ਕਿਸਾਨਾਂ ਦੀ 3 ਹਜ਼ਾਰ ਏਕੜ ਦੇ ਕਰੀਬ ਖੇਤੀ ਅਧੀਨ ਉਪਜਾਊ ਜ਼ਮੀਨ ਹੈ। ਬਰਸਾਤਾਂ ਤੇ ਆਮ ਦਿਨਾਂ 'ਚ ਰਾਵੀ ਦਰਿਆ ਤੋਂ ਪਾਰ ਫਸਲਾਂ ਦੀ ਬਿਜਾਈ ਅਤੇ ਸਾਂਭ ਸੰਭਾਲ ਕਰਨ ਲਈ ਸਬ ਡਵੀਜ਼ਨ ਨੇੜਲੇ ਪਿੰਡਾਂ ਦੇ ਕਿਸਾਨਾਂ, ਮਜ਼ਦੂਰਾਂ ਨੂੰ ਪਿਛਲੇ 50 ਸਾਲ ਤੋਂ ਵੱਧ ਅਰਸੇ ਤੋਂ ਵੱਡੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ, ਪਰ 50 ਸਾਲ ਦੌਰਾਨ ਅਜਨਾਲਾ ਹਲਕੇ ਸਮੇਤ ਪੰਜਾਬ ਦੀ ਸੱਤਾ ਤੇ ਕਾਬਜ਼ ਰਹੀਆਂ ਸਾਬਕਾ ਕਾਂਗਰਸ ਤੇ ਅਕਾਲੀ-ਭਾਜਪਾ ਸਰਕਾਰਾਂ ਨੇ ਸਰਹੱਦੀ ਲੋਕਾਂ ਨੂੰ ਦਰਪੇਸ਼ ਸਮੱਸਿਆਵਾਂ ਹੱਲ ਕਰਨ ਦੀ ਬਜਾਏ ਅੱਖਾਂ ਬੰਦ ਰੱਖੀਆਂ। ਘੋਨੇਵਾਲਾ ਤੇ ਕੋਟ ਰਜ਼ਾਦਾ ਵਿਖੇ ਰਾਵੀ ਦਰਿਆ ਦੇ ਪੱਤਣਾਂ ਤੇ ਕਿਸਾਨਾਂ-ਮਜ਼ਦੂਰਾਂ ਦੇ ਆਉਣ ਜਾਣ ਦੀ ਸਹੂਲਤ ਲਈ 2 ਪਲਟੂਨ ਪੁਲ ਬਣਾਏ ਅਤੇ 11 ਕਰੋੜ ਰੁਪਏ ਦੀ ਲਾਗਤ ਨਾਲ ਘੋਨੇਵਾਲਾ ਵਿਖੇ ਦਰਿਆ ਤੋਂ ਆਰ-ਪਾਰ ਜਾਣ ਲਈ ਪੱਕਾ ਨਵਾਂ ਪੁਲ ਨਿਰਮਾਣ ਅਧੀਨ ਹੈ, ਜੋ ਆਉਂਦੇ ਕੁੱਝ ਦਿਨਾਂ 'ਚ ਸਰਹੱਦੀ ਤੇ ਦਰਿਆ ਕੰਢੇ ਵਸੇ ਕਿਸਾਨਾਂ ਤੇ ਆਮ ਲੋਕਾਂ ਨੂੰ ਸਮਰਪਿਤ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਸ ਪੁਲ ਦੇ ਜਾਇਜ਼ੇ ਮੌਕੇ ਮੌਜੂਦ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਗਏ ਹਨ ਕਿ ਹੜ੍ਹਾਂ ਦੀ ਸਥਿਤੀ ਪੈਦਾ ਹੋਣ ਤੋਂ ਪਹਿਲਾਂ ਪਹਿਲਾਂ ਪੁਲ ਦਦਾ 100 ਫੀਸਦੀ ਕੰਮ ਮੁਕੰਮਲ ਕਰ ਲਿਆ ਜਾਵੇ।ਇਸ ਮੌਕੇ ਖੁਸ਼ਪਾਲ ਸਿੰਘ ਧਾਲੀਵਾਲ ਸਮੇਤ ਐੱਸ. ਡੀ. ਐੱਮ. ਅਜਨਾਲਾ ਰਵਿੰਦਰ ਸਿੰਘ ਅਰੋੜਾ, ਸਿੰਚਾਈ, ਡਰੇਨਜ਼, ਜੰਗਲਾਤ, ਮਾਈਨਿੰਗ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।



# ਦਰਿਆ ਬਿਆਸ ਦੀ ਧੁੱਸੀ 'ਤੇ ਕੱਚੀ ਪਟੜੀ ਤੋਂ ਲੋਕਾਂ ਦਾ ਲੰਘਣਾ ਹੋਇਆ ਮੁਸ਼ਕਿਲ

ਗੁਰਦਾਸਪੁਰ (ਜਨਕ ਮਹਾਜਨ)-ਗੁਰਦਾਸਪੁਰ-ਮੁਕੇਰੀਆਂ ਸੜਕ 'ਤੇ ਪੈਂਦੇ ਦਰਿਆ ਬਿਆਸ ਦੀ ਧੁੱਸੀ ਉਤੇ ਬਣੀ ਕੱਚੀ ਪਟੜੀ ਦੀ ਹਾਲਤ ਖਸਤਾ ਅਤੇ ਉੱਬੜ-ਖਾਬੜ ਹੋਣ ਕਾਰਨ ਇੱਥੋਂ ਲੰਘਣਾ ਕਾਫ਼ੀ ਮੁਸ਼ਕਿਲ ਹੋਇਆ ਪਿਆ ਹੈ। ਲਗਭਗ ਦੋ ਸਾਲ ਪਹਿਲਾਂ ਦਰਿਆ ਬਿਆਸ ਵਿਚ ਹੜ੍ਹ ਆਉਣ ਕਾਰਨ ਧੁੱਸੀ ਵਿਚਕਾਰ ਪਾੜ ਪੈ ਗਿਆ ਸੀ ਅਤੇ ਜਗ੍ਹਾ ਤੋਂ ਧੁੱਸੀ ਦੀ ਸੜਕ ਟੁੱਟ ਗਈ ਸੀ। ਬਾਅਦ ਵਿਚ ਪ੍ਰਸ਼ਾਸਨ ਵਲੋਂ ਧੁੱਸੀ ਦੇ ਪਾੜਾਂ ਨੂੰ ਮਿੱਟੀ ਨਾਲ ਭਰਨ ਤੋਂ ਇਲਾਵਾ ਧੁੱਸੀ ਉਤੇ ਮਿੱਟੀ ਪਾਈ ਗਈ ਸੀ ਪਰ ਕਾਫੀ ਸਮਾਂ ਬੀਤਣ ਦੇ ਬਾਵਜੂਦ ਧੁੱਸੀ 'ਤੇ ਨਾ ਤਾਂ ਬਜਰਾ ਪਾਇਆ ਗਿਆ ਅਤੇ ਨਾ ਹੀ ਪ੍ਰੀਮਿਕਸ ਪਾ ਕੇ ਕੱਚੀ ਪਟੜੀ ਨੂੰ ਪੱਕਾ ਕੀਤਾ ਗਿਆ। ਬਰਸਾਤਾਂ ਦੇ ਦਿਨਾਂ ਵਿੱਚ ਇਸ ਕੱਚੀ ਪਟੜੀ 'ਤੇ ਚਿੱਕੜ ਖੋਬਾ ਹੋ ਜਾਂਦਾ ਹੈ ਅਤੇ ਇਸ ਤੋਂ ਇਲਾਵਾ ਡੂੰਘੇ-ਡੂੰਘੇ ਟੋਏ ਵੀ ਪੈ ਜਾਂਦੇ ਹਨ ਜਿਸ ਕਰਕੇ ਵਾਹਨਾਂ ਦਾ ਲੰਘਣਾ ਇਥੋਂ ਮੁਸ਼ਕਿਲ ਹੋ ਜਾਂਦਾ ਹੈ। ਧੁੱਸੀ ਕੰਢੇ ਪੈਂਦੇ ਪਿੰਡਾਂ ਦੇ ਲੋਕਾਂ ਨੂੰ ਬਿਆਸ ਦਰਿਆ ਦੇ ਦਾਊਵਾਲ ਨਾਕੇ 'ਤੇ ਪੁੱਜਣ ਵਾਸਤੇ ਖਾਸ ਕਰਕੇ ਗੰਨੇ ਆਦਿ ਦੀਆਂ ਟਰਾਲੀਆਂ ਅਤੇ ਹੋਰ ਫ਼ਸਲਾਂ ਨੂੰ ਲਿਜਾਣ ਵਾਸਤੇ ਕਿਸਾਨ 10-12 ਕਿਲੋਮੀਟਰ ਦਾ ਵਾਧੂ ਸਫਰ ਤੈਅ ਕਰਕੇ ਵਾਇਆ ਚੇਚੀਆਂ ਛੋੜੀਆਂ, ਪੱਖੋਵਾਲ ਕੁੱਲੀਆਂ, ਛੀਨਾ ਬੇਟ, ਪੁਰਾਣਾ ਸ਼ਾਲਾ ਆਦਿ ਪਿੰਡਾਂ ਵਲੋਂ ਦੀ ਹੋ ਕੇ ਮੁਕੇਰੀਆਂ ਨੂੰ ਜਾਂਦੇ ਹਨ ਜਿਸ ਨਾਲ ਸਮੇਂ ਦੀ ਬਰਬਾਦੀ ਅਤੇ ਤੇਲ ਖਰਚਾ ਵੀ ਵਧ ਜਾਂਦਾ ਹੈ। ਇਸ ਧੁੱਸੀ ਕੰਢੇ ਕੁਝ ਪਿੰਡਾਂ ਤੋਂ ਇਲਾਵਾ ਕਾਫੀ ਡੇਰੇ ਦਰਿਆ ਬਿਆਸ ਮੰਡ ਵਿਚ ਪੈਂਦੇ ਹਨ ਜਿਥੋਂ ਦੇ ਲੋਕ ਖੇਤੀ ਵਗੈਰਾ ਕਰਦੇ ਹਨ। ਉਘੇ ਕਿਸਾਨ ਤਰਸੇਮ ਲਾਲ ਨੇ ਦੱਸਿਆ ਕਿ ਕਈ ਵਾਰ ਟਰੈਕਟਰ ਟਰਾਲੀ ਕੱਚੇ ਰਸਤੇ ਵਿੱਚ ਫਸ ਜਾਂਦੇ ਹਨ ਤੇ ਟਰੈਕਟਰ ਦਾ ਕੋਈ ਨਾ ਕੋਈ ਸਮਾਨ ਟੁੱਟ ਭੱਜ ਜਾਂਦਾ ਹੈ। ਲੋਕਾਂ ਨੇ ਦੱਸਿਆ ਕਿ ਇਸ ਸਬੰਧੀ ਕਈ ਵਾਰ ਅਧਿਕਾਰੀਆਂ ਅਤੇ ਸਿਆਸੀ ਆਗੂਆਂ ਦੇ ਧਿਆਨ ਵਿੱਚ ਲਿਆਂਦਾ ਜਾ ਚੁੱਕਿਆ ਹੈ ਪਰ ਕੋਈ ਵੀ ਹੱਲ ਨਹੀਂ ਨਿਕਲਿਆ। ਪੰਜਾਬ ਸਰਕਾਰ ਅਤੇ ਸੰਬੰਧਤ ਵਿਭਾਗ ਪਾਸੋਂ ਮੰਗ ਹੈ ਕਿ ਲੋਕਾਂ ਦੀ ਇਹ ਮੁਸ਼ਕਿਲ ਦਾ ਹੱਲ ਕੀਤੀ ਜਾਵੇ।



# ਨੰਨ੍ਹੀ ਦਿਵਾਂਸ਼ੀ ਨੇ ਵਿਨਰ ਦਾ ਖਿਤਾਬ ਕੀਤਾ ਆਪਣੇ ਨਾਂਅ





**ਜਲੰਧਰ** : ਡਿਪਸ ਸਕੂਲ ਕਰੋਲ ਬਾਗ ਜਲੰਧਰ ਦੀ ਵਿਦਿਆਰਥਣ ਦਿਵਾਂਸ਼ੀ ਪੋਖਰੀਯਾਲ ਨੇ ਧੂਰੀ ਚੱਲ ਰਹੇ ਟੀ ਵੀ ਰਿਆਲਟੀ ਸ਼ੋਅ 'ਹੈ ਕਿਸਮੇਂ ਕਿਤਨਾ ਹੈ ਦਮ' 'ਚ ਆਪਣੀ ਸ਼ਾਨਦਾਰ ਪਰਫਾਰਮੈਂਸ ਨਾਲ ਨਾ ਸਿਰਫ਼ ਵਿਨਰ ਦਾ ਖਿਤਾਬ ਜਿੱਤਿਆ, ਬਲਕਿ ਹਰ ਕਿਸੇ ਦਾ ਦਿਲ ਵਿੱਚ ਆਪਣੀ ਇੱਕ ਵੱਖਰੀ ਪਛਾਣ ਬਣਾ ਲਈ। ਇਸ ਸ਼ੋਅ ਦਾ ਨਿਰਮਾਣ ਵਰੁਣ ਬਾਂਸਲ ਵੱਲੋਂ ਕੀਤਾ ਗਿਆ ਸੀ। ਦੇਸ਼ ਭਰ ਤੋਂ ਆਏ ਸੈਂਕੜੇ ਵਿਦਿਆਰਥੀਆਂ ਵਿਚਾਲੇ ਸਖ਼ਤ ਮੁਕਾਬਲੇ ਦੇ ਬਾਵਜੂਦ ਬੇਟੀ ਦਵਾਂਸ਼ੀ ਪੋਖਰੀਯਾਲ ਨੇ ਆਪਣੀ ਕਲਾ, ਮਿਹਨਤ ਅਤੇ ਆਤਮਵਿਸ਼ਵਾਸ ਨਾਲ ਸਾਰਿਆਂ ਨੂੰ ਪ੍ਰਭਾਵਿਤ ਕੀਤਾ। ਦਿਵਾਂਸ਼ੀ ਦੇ ਮਾਤਾ ਪਿਤਾ ਨੇ ਹਮੇਸ਼ਾ ਉਸ ਨੂੰ ਅੱਗੇ ਵਧਣ ਲਈ ਪ੍ਰੇਰਿਤ ਕੀਤਾ। ਸ਼ੋਅ ਦੇ ਜੱਜ ਵਿਕਰਾਂਤ ਭਾਰਤ, ਚਾਚਾ ਬਿਸ਼ਨਾ, ਬਲਵਿੰਦਰ ਕਮਲ, ਬਲਵੰਤ, ਸਾਹਿਲ ਜੋਸ਼ੀ ਨੇ ਦਿਵਾਂਸ਼ੀ ਦੀ ਪਰਫਾਰਮੈਂਸ ਦੀ ਪ੍ਰਸ਼ੰਸਾ ਕੀਤੀ। ਦਿਵਾਂਸ਼ੀ ਦੇ ਕੋਚ 'ਨਟਰਾਜ ਡਾਂਸ ਅਤੇ ਫਿਟਨੈਸ ਸਟੂਡੀਓ' ਕਾਜਲ ਸ਼ਰਮਾ ਨੇ ਕਿਹਾ ਦਿਵਾਂਸ਼ੀ ਅੰਦਰ ਜੋ ਮਿਹਨਤ ਅਤੇ ਲਗਨ ਹੈ, ਉਹੀ ਉਸ ਨੂੰ ਇੱਕ ਦਿਨ ਦੁਨੀਆ 'ਚ ਚਮਕਦਾ ਸਿਤਾਰਾ ਬਣਾਏਗੀ।

# ਗੁਰੂ ਅੰਗਦ ਨਗਰ ਦੀ ਚਾਰ ਨੰਬਰ ਸਟਰੀਟ ਵਾਸੀ ਸੀਵਰੇਜ ਲੀਕੇਜ਼ ਤੋਂ ਹੋਏ ਪ੍ਰੇਸ਼ਾਨ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਸਥਾਨਕ ਚੰਡੀਗੜ੍ਹ ਰੋਡ 'ਤੇ ਸਥਿੱਤ ਗੁਰੂ ਅੰਗਦ ਨਗਰ ਦੇ ਚਾਰ ਨੰਬਰ ਸਟਰੀਟ ਦੇ ਵਸਨੀਕ ਵਧੀਕ ਡਿਪਟੀ ਕਮਿਸ਼ਨਰ ਵਿਕਾਸ ਰਾਜੀਵ ਵਰਮਾ ਨੂੰ ਉਹਨਾਂ ਦੇ ਦਫਤਰ ਵਿੱਚ ਮਿਲੇ ਤੇ ਸੀਵਰੇਜ ਦੀ ਗੰਭੀਰ ਮੁਸ਼ਕਲ ਸਬੰਧੀ ਮੰਗ ਪੱਤਰ ਦਿੱਤਾ। ਜ਼ਿਕਰਯੋਗ ਹੈ ਕਿ ਇਹ ਸਟਰੀਟ ਮਾਨਯੋਗ ਐਸ.ਐਸ.ਪੀ ਰਹਾਇਸ਼ ਦੇ ਬਿਲਕੁੱਲ ਸਾਹਮਣੇ ਹੈ। ਇਸ ਸਟਰੀਟ ਦਾ ਜੋ ਹਿੱਸਾ ਚੰਡੀਗੜ੍ਹ ਰੋਡ ਨੂੰ ਜੁੜਦਾ ਹੈ ਉਸ ਦੀ ਪਹਿਲੀ ਹੌਦੀ



ਓਵਰਫਲੋਅ ਨਾਲ ਲਗਾਤਾਰ ਲੀਕੇਜ ਕਰ ਰਹੀ ਹੈ। ਨਾ-ਬਰਦਾਸ਼ਤਯੋਗ ਬਦਬੂਦਾਰ ਵਾਤਾਵਰਣ ਕਰਕੇ ਇੱਥੇ ਦੇ ਵਸਨੀਕਾਂ ਦਾ ਰਹਿਣਾ ਅਤੇ ਲੰਘਣਾ ਫਿਰਨਾ ਬਹੁਤ ਮੁਸ਼ਕਲ ਭਰਿਆ ਬਣਿਆ ਹੋਇਆ ਹੈ। ਲਗਾਤਾਰ ਲੀਕੇਜ ਨਾਲ੍ਹ ਬਿਮਾਰੀਆਂ ਫੈਲਣ ਦਾ ਖਤਰਾ ਬਣਿਆ ਹੋਇਆ ਹੈ। ਇਸ ਲਾਈਨ ਵਿੱਚ ਦੋ ਤਿੰਨ ਮਹੱਲਿਆਂ ਦੀ ਸਪਲਾਈ ਜੁੜੀ ਹੋਈ ਹੋਣ ਕਰਕੇ ਇਹ ਦਿੱਕਤ ਸਥਾਈ ਤੌਰ 'ਤੇ ਬਣੀ ਹੋਈ ਹੈ। ਸਾਲ 2011-12 ਵਿੱਚ ਦੂਜੇ ਮਹੱਲਿਆਂ ਨੂੰ ਜੋੜਨ ਦਾ ਵਿਰੋਧ ਵੀ ਕੀਤਾ ਗਿਆ ਤੇ ਵਿਸ਼ਵਾਸ ਦੁਆਇਆ ਗਿਆ ਸੀ ਕਿ ਅਗਲੀਆਂ ਗਲੀਆਂ ਦੀਆਂ ਵੱਖਰੀਆਂ ਵੱਖਰੀਆਂ ਲਾਈਨਾਂ ਕੱਢੀਆਂ ਜਾਣਗੀਆਂ। ਵਧੀਕ ਡਿਪਟੀ ਕਮਿਸ਼ਨਰ ਵਲੋਂ ਸਬੰਧਤ ਅਧਿਕਾਰੀਆਂ ਨੂੰ ਤਰੁੰਤ ਬਣਦੀ ਕਾਰਵਾਈ ਕਰਨ ਦੀ ਹਦਾਇਤ ਕੀਤੀ। ਮੁਹੱਲੇ ਦੇ ਦਸਤਖਤਾਂ ਵਾਲਾ ਮੰਗ ਪੱਤਰ ਦੇਣ ਵੇਲੇ ਹਰਪਾਲ ਸਿੰਘ ਸਕੱਤਰ ਰੈੱਡ ਕਰਾਸ, ਜੇ ਐਸ ਗਿੱਦਾ, ਧਰਮਿੰਦਰ ਚੋਪੜਾ, ਸੁਰਿੰਦਰ ਸਿੰਘ, ਦਲਜੀਤ ਸਿੰਘ, ਅਵਿਨਾਸ਼ ਕੁਮਾਰ ਤੇ ਮੈਡਮ ਕੀਰਤੀ ਹਾਜਰ ਸਨ।

# ਬੱਚਿਆਂ 'ਤੇ ਮੋਬਾਈਲ ਫੋਨ ਦੇ ਨੁਕਸਾਨਦੇਹ ਪ੍ਰਭਾਵ

ਮੌਜੂਦਾ ਯੁੱਗ ਵਿੱਚ, ਅਸੀਂ ਬੱਚਿਆਂ ਦੀ ਮਾਨਸਿਕਤਾ ਵਿੱਚ ਚਿੰਤਾਜਨਕ ਤਬਦੀਲੀ ਦੇਖ ਰਹੇ ਹਾਂ। ਇਸ ਤਬਦੀਲੀ ਲਈ ਮੋਬਾਈਲ ਫੋਨ ਨੂੰ ਜ਼ਿੰਮੇਵਾਰ ਠਹਿਰਾਉਣਾ ਬੇਇਨਸਾਫੀ ਨਹੀਂ ਹੋਵੇਗੀ।

ਅਕਸਰ ਦੇਖਿਆ ਜਾਂਦਾ ਹੈ ਕਿ ਮਾਪੇ ਆਪਣੇ ਬੱਚਿਆਂ ਨੂੰ ਖੁਸ਼ ਕਰਨ ਲਈ ਜਾਂ ਆਪਣੀ ਜ਼ਿੱਦ ਪੂਰੀ ਕਰਨ ਲਈ ਮੋਬਾਈਲ ਫੋਨ ਦਿੰਦੇ ਹਨ। ਬੱਚੇ ਹਮੇਸ਼ਾ ਸੋਸ਼ਲ ਸਾਈਟਾਂ 'ਤੇ ਧਿਆਨ ਕੇਂਦਰਤ ਰੱਖਣ ਕਾਰਨ 'ਫੁੱਟਬਾਲ, ਕ੍ਰਿਕਟ, ਸਾਈਕਲਿੰਗ' ਵਰਗੀਆਂ ਬਾਹਰੀ ਖੇਡਾਂ ਤੋਂ ਭਟਕ ਰਹੇ ਹਨ। ਲਗਾਤਾਰ ਫੋਨ 'ਤੇ ਰਹਿਣ ਨਾਲ ਉਨ੍ਹਾਂ ਦੀਆਂ ਅੱਖਾਂ 'ਤੇ ਬੁਰਾ ਪ੍ਰਭਾਵ ਪੈਂਦਾ ਹੈ ਅਤੇ ਉਨ੍ਹਾਂ ਨੂੰ ਬਚਪਨ ਤੋਂ ਹੀ ਐਨਕਾਂ ਲਗਾਉਣੀਆਂ ਪੈਂਦੀਆਂ ਹਨ।



ਕੁਸੁਮ ਲਤਾ

ਇਹ ਬੱਚੇ, ਜੋ ਮੋਬਾਈਲ ਨੂੰ ਆਪਣਾ ਖਿਡੌਣਾ ਸਮਝਦੇ ਹਨ, ਕੁਦਰਤੀ ਹਰਿਆਲੀ ਤੋਂ ਦੂਰ ਰਹਿ ਰਹੇ ਹਨ ਅਤੇ ਦਿਨ-ਰਾਤ ਮੋਬਾਈਲ ਨਾਲ ਚਿਪਕੇ ਹੋਏ ਹਨ। ਇਸ ਨਾਲ ਬੱਚਿਆਂ ਦਾ ਦਿਮਾਗ ਕਮਜ਼ੋਰ ਹੋ ਰਿਹਾ ਹੈ। ਲਗਾਤਾਰ ਵਰਤੋਂ ਨਾਲ ਹੱਥਾਂ ਦੀਆਂ ਮਾਸਪੇਸ਼ੀਆਂ ਕਮਜ਼ੋਰ ਹੋ ਰਹੀਆਂ ਹਨ। ਬੱਚੇ ਇਕੱਲੇ ਰਹਿਣਾ ਪਸੰਦ ਕਰਦੇ ਹਨ ਅਤੇ ਬਾਹਰੀ ਦੁਨੀਆ ਤੋਂ ਵੱਖ ਹੋ ਜਾਂਦੇ ਹਨ ਅਤੇ ਨਤੀਜੇ ਵਜੋਂ ਸਰੀਰਕ ਤੌਰ 'ਤੇ ਸਿਹਤਮੰਦ ਨਹੀਂ ਹੋ ਰਹੇ ਹਨ।

ਸਾਰੀ ਸਮੱਗਰੀ ਨੈੱਟ 'ਤੇ ਆਸਾਨੀ ਨਾਲ ਉਪਲੱਬਧ ਹੋਣ ਕਰਕੇ ਉਨ੍ਹਾਂ ਨੂੰ ਆਪਣੇ ਦਿਮਾਗ ਦੀ ਜ਼ਿਆਦਾ ਕਸਰਤ ਕਰਨ ਦੀ ਜ਼ਰੂਰਤ ਨਹੀਂ ਹੈ। ਸਾਰੀ ਸਮੱਗਰੀ ਆਸਾਨੀ ਨਾਲ ਉਪਲੱਬਧ ਹੋਣ ਕਰਕੇ ਉਹ ਮਿਹਨਤ ਨਾਲ ਪੜ੍ਹਾਈ ਕਰਨਾ ਭੁੱਲ ਗਏ ਹਨ, ਜਿਸ ਕਾਰਨ ਉਹ ਅਸਲ ਗਿਆਨ ਤੋਂ ਦੂਰ ਰਹਿ ਗਏ ਹਨ। ਦੇਰ ਰਾਤ ਤੱਕ ਮੋਬਾਈਲ ਫੋਨ ਦੀ ਵਰਤੋਂ ਕਰਨ ਨਾਲ ਉਨ੍ਹਾਂ ਨੂੰ ਪੂਰੀ ਨੀਂਦ ਨਹੀਂ ਆਉਂਦੀ, ਜਿਸ ਕਾਰਨ ਉਹ ਸਾਰਾ ਦਿਨ ਥੱਕੇ ਰਹਿੰਦੇ ਹਨ। ਬੱਚੇ ਡਿਪਰੈਸ਼ਨ, ਚਿੜਚਿੜੇ ਅਤੇ ਗੁੱਸੇ ਵਿੱਚ ਰਹਿਣ ਵਰਗੀਆਂ ਕਈ ਬਿਮਾਰੀਆਂ ਦਾ ਸ਼ਿਕਾਰ ਹੋ ਜਾਂਦੇ ਹਨ। ਕਈ ਵਾਰ ਸਕੂਲੀ ਵਿਦਿਆਰਥੀਆਂ ਦੀ ਮਾਨਸਿਕਤਾ ਹਿੰਸਕ ਰੂਪ ਧਾਰਨ ਕਰ ਚੁੱਕੀ ਹੈ ਅਤੇ ਵਿਰੋਧੀ ਟੀਮ ਦੇ ਆਪਣੇ ਹੀ ਸਹਿਪਾਠੀਆਂ ਜਾਂ ਉਸੇ ਉਮਰ ਦੇ ਬੱਚਿਆਂ ਨੂੰ ਮਾਰ ਕੇ ਸਮਾਜ ਲਈ ਗੰਭੀਰ ਚੁਣੌਤੀਆਂ ਖੜ੍ਹੀਆਂ ਕਰ ਚੁੱਕੀ ਹੈ।

ਮੋਬਾਈਲ ਫੋਨ ਦੀ ਬਹੁਤ ਜ਼ਿਆਦਾ ਵਰਤੋਂ ਕਰਨਾ, ਆਪਣੇ ਅਸਲੀ ਦੋਸਤਾਂ ਨੂੰ ਭੁੱਲ ਕੇ ਫੇਸਬੁੱਕ 'ਤੇ ਦੋਸਤ ਬਣਾਉਣਾ, ਉਨ੍ਹਾਂ ਨਾਲ ਜ਼ਿਆਦਾ ਜਾਣੂ ਨਾ ਹੋਣ ਦੇ ਬਾਵਜੂਦ, ਉਨ੍ਹਾਂ ਨਾਲ ਲੰਬੇ ਸਮੇਂ ਤੱਕ ਗੱਲਾਂ ਕਰਨ ਨਾਲ ਬੱਚੇ ਉਨ੍ਹਾਂ ਦੇ ਅਸਲ ਰਿਸ਼ਤਿਆਂ ਤੋਂ ਦੂਰ ਹੋ ਗਏ ਹਨ। ਮਾਪਿਆਂ ਜਾਂ ਅਧਿਆਪਕਾਂ ਵੱਲੋਂ ਉਨ੍ਹਾਂ ਦਾ ਧਿਆਨ 'ਪੜ੍ਹਾਈ ਅਤੇ ਖੇਤੀ' ਤੋਂ ਭਟਕਦਾ ਦੇਖ ਕੇ ਕੀਤੀਆਂ ਗਈਆਂ ਝਿੜਕਾਂ ਨੇ ਉਨ੍ਹਾਂ ਨੂੰ ਉਨ੍ਹਾਂ ਤੋਂ ਵੀ ਦੂਰ ਕਰ ਦਿੱਤਾ ਹੈ। ਉਹ ਮੋਬਾਈਲ ਫੋਨ ਵੱਲ ਦੇਖਣ ਦੀ ਇਸ ਦਲਦਲ ਵਿੱਚ ਦਿਨੋ-ਦਿਨ ਡੁੱਬਦੇ ਜਾ ਰਹੇ ਹਨ।

ਕਿਸੇ ਵੀ ਮੋਬਾਈਲ ਸਾਈਟ 'ਤੇ ਕੋਈ ਪਾਬੰਦੀ ਨਹੀਂ ਹੈ, ਜਿਸ ਨੂੰ ਬੱਚੇ ਜਾਣੇ-ਅਣਜਾਣੇ ਵਿੱਚ ਦੇਖਦੇ ਹਨ, ਜਿਸ ਦਾ ਉਨ੍ਹਾਂ ਦੀ ਮਾਨਸਿਕਤਾ 'ਤੇ ਬੁਰਾ ਪ੍ਰਭਾਵ ਪੈਂਦਾ ਹੈ, ਉਨ੍ਹਾਂ ਦਾ ਬਚਪਨ ਗੁਆਚ ਰਿਹਾ ਹੈ ਅਤੇ ਉਹ ਸਮੇਂ ਤੋਂ ਪਹਿਲਾਂ ਪਰਿਪੱਕ ਹੋ ਰਹੇ ਹਨ। ਮੋਬਾਈਲ ਦਾ ਵਧਦਾ ਕ੍ਰੇਜ਼ ਨਾ ਸਿਰਫ਼ ਉਨ੍ਹਾਂ ਨੂੰ ਉਨ੍ਹਾਂ ਦੇ ਮਾਪਿਆਂ ਤੋਂ ਦੂਰ ਕਰ ਰਿਹਾ ਹੈ, ਸਗੋਂ ਉਨ੍ਹਾਂ ਨੂੰ ਸਮਾਜ ਤੋਂ ਵੀ ਤੋੜ ਰਿਹਾ ਹੈ।

ਅੱਜ ਸੋਸ਼ਲ ਮੀਡੀਆ ਦੇ ਇਸ ਯੁੱਗ ਵਿੱਚ ਬੱਚਿਆਂ ਦਾ ਧਿਆਨ ਰੱਖਣ ਦੀ ਬਹੁਤ ਲੋੜ ਹੈ। ਮਾਪਿਆਂ ਨੂੰ ਬੱਚਿਆਂ ਨੂੰ ਸਮਝਾਉਣਾ ਚਾਹੀਦਾ ਹੈ ਕਿ ਮੱਛਰਦਾਨੀ ਤੋਂ ਨਿਕਲਣ ਵਾਲੇ ਰੇਡੀਏਸ਼ਨ ਦਾ ਉਨ੍ਹਾਂ ਦੇ ਦਿਮਾਗ 'ਤੇ ਵੀ ਡੂੰਘਾ ਪ੍ਰਭਾਵ ਪੈਂਦਾ ਹੈ, ਜਿਸ ਕਾਰਨ ਉਨ੍ਹਾਂ ਦੀ ਯਾਦਦਾਸ਼ਤ ਸ਼ਕਤੀ ਵੀ ਕਮਜ਼ੋਰ ਹੋਣ ਲੱਗਦੀ ਹੈ।

ਮਾਪਿਆਂ ਨੂੰ ਖੁਦ ਮੋਬਾਈਲ ਫੋਨ ਦੀ ਵਰਤੋਂ ਘੱਟ ਕਰਨੀ ਚਾਹੀਦੀ ਹੈ ਅਤੇ ਆਪਣੇ ਬੱਚਿਆਂ ਨੂੰ ਮੋਬਾਈਲ ਫੋਨ ਦੇ ਮਾੜੇ ਪ੍ਰਭਾਵਾਂ ਬਾਰੇ ਜਾਣਕਾਰੀ ਦੇ ਕੇ ਜਿੰਨਾ ਹੋ ਸਕੇ, ਮੋਬਾਈਲ ਫੋਨ ਤੋਂ ਦੂਰ ਰੱਖਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਤਾਂ ਜੋ ਬੱਚਿਆਂ ਦਾ ਬਚਪਨ, ਸੱਭਿਆਚਾਰ ਅਤੇ ਨੈਤਿਕਤਾ ਬਰਕਰਾਰ ਰਹੇ।

**ਸੰਪਰਕ** : 98760-21530

# ਝੋਨੇ ਦੀ ਲਵਾਈ ਜ਼ੋਰਾਂ 'ਤੇ, ਪਰ ਨਹੀਂ ਮਿਲ ਰਹੀ ਬਿਜਲੀ : ਖੁਣਖੁਣ, ਲਾਚੋਵਾਲ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਝੋਨੇ ਦੀ ਲਵਾਈ ਜੋਰਾਂ ਉੱਪਰ ਚੱਲ ਰਹੀ ਹੈ ਪਰ ਲਾਚੋਵਾਲ ਬਿਜਲੀ ਘਰ ਅਧੀਨ ਆਉਂਦੇ ਪਥਿਆਲ ਫੀਡਰ ਸਟਿਆਣਾ ਫੀਡਰ ਅਤੇ ਸ਼ਾਮ ਚੁਰਾਸੀ ਬਿਜਲੀ ਘਰ ਅਧੀਨ ਆਉਂਦੇ ਚੱਕ ਗੁਜਰਾਂ ਫੀਡਰ ਅਧੀਨ ਦੇ ਕਿਸਾਨਾਂ ਨੂੰ ਝੋਨੇ ਦੀ ਲਵਾਈ ਲਈ ਪਾਣੀ ਦਾ ਪ੍ਰਬੰਧ ਕਰਨ ਲਈ ਬਿਜਲੀ ਸਪਲਾਈ ਨਹੀਂ ਮਿਲ ਰਹੀ ਜਿਸ ਦੇ ਵਿਰੋਧ ਵਿੱਚ ਆਜਾਦ ਕਿਸਾਨ ਸੰਘਰਸ ਕਮੇਟੀ ਲਾਚੋਵਾਲ ਦਾ ਇੱਕ ਵਫਦ ਗੁਰਦੀਪ ਸਿੰਘ ਖੁਣਖੁਣ ਸਰਪ੍ਰਸਤ, ਪਰਮਿੰਦਰ ਸਿੰਘ ਲਾਚੋਵਾਲ ਪ੍ਰਧਾਨ,ਰਣਧੀਰ ਸਿੰਘ ਅਸਲਪੁਰ, ਹਰਪ੍ਰੀਤ ਸਿੰਘ ਲਾਲੀ ਅਤੇ ਗੁਰਨਾਮ ਸਿੰਘ ਸਿੰਗੜੀਵਾਲਾ ਦੀ ਅਗਵਾਈ ਹੇਠ ਅਧਿਕਾਰੀਆਂ ਨੂੰ ਮਿਲਣ ਲਈ ਸਬ-ਅਰਬਨ ਸਬ ਡਿਵੀਜਨ ਹੁਸ਼ਿ?ਆਰਪੁਰ ਮਿਲਣ ਲਈ ਪਹੁੰਚਿਆ ਪਰ ਅੱਗਿਓਂ ਕੋਈ ਵੀ ਅਧਿਕਾਰੀ ਐਸਡੀਓ ਜਾਂ ਐਕਸੀਜਨ ਆਪਣੇ ਦਫਤਰ ਵਿਖੇ ਮੌਜੂਦ ਨਹੀਂ ਸੀ। ਫਿਰ ਕਿਸਾਨਾਂ ਵਫਦ ਬਿਜਲੀ ਬੋਰਡ ਦੇ ਉੱਚ ਅਧਿਕਾਰੀ ਐਸ ਸੀ ਦੇ ਦਫਤਰ ਵਿਖੇ ਪਹੁੰਚਿਆ ਉੱਥੇ ਵੀ ਕੋਈ ਅਧਿਕਾਰੀ ਮਿਲਣ ਲਈ ਮੌਜੂਦ ਨਹੀਂ ਸੀ। ਇਸ ਸਮੇਂ ਕਿਸਾਨ ਆਗੂਆਂ ਨੇ ਬਿਜਲੀ ਬੋਰਡ ਦੇ ਉੱਚ ਅਧਿਕਾਰੀ ਐਸ ਸੀ ਸਾਹਿਬ ਨਾਲ ਫੋਨ ਉੱਪਰ ਗੱਲਬਾਤ ਕੀਤੀ ਜਿਨ੍ਹਾਂ ਨੇ ਜੇਈ ਨਾਲ ਗੱਲਬਾਤ ਕਰਕੇ ਬਿਜਲੀ ਸੁਚਾਰੂ ਢੰਗ ਨਾਲ ਨਿਰਵਿਘਨ ਸਪਲਾਈ ਕਰਨ ਦਾ ਵਿਸਵਾਸ ਦਵਾਇਆ ਪਰ ਖਬਰ ਲਿਖੇ ਜਾਣ ਸਮੇਂ ਤੱਕ ਬਿਜਲੀ ਦੀ ਕੋਈ ਸਪਲਾਈ ਨਹੀਂ ਕੀਤੀ ਗਈ, ਇਸ ਸਮੇਂ ਕਿਸਾਨ ਆਗੂ ਗੁਰਦੀਪ ਸਿੰਘ ਖੁਣਖੁਣ ਪਰਮਿੰਦਰ ਸਿੰਘ ਲਾਚੋਵਾਲ ਰਣਧੀਰ ਸਿੰਘ ਅਸਲਪੁਰ ਨੇ ਸਾਂਝੇ ਤੌਰ ਤੇ ਕਿਹਾ ਕਿ ਜੇਕਰ ਜਲਦ ਬਿਜਲੀ ਦੀ ਸਪਲਾਈ ਨੂੰ ਸੁਚਾਰੂ ਢੰਗ ਨਾਲ ਚਾਲੂ ਨਾ ਕੀਤਾ ਗਿਆ ਤਾਂ ਇਸ ਦੇ ਵਿਰੋਧ ਵਿਚ ਤਿੱਖਾ ਸੰਘਰਸ਼ ਕੀਤਾ ਜਾਵੇਗਾ। ਇਸ ਸਮੇਂ ਆਗੂਆਂ ਨੇ ਠੇਕੇਦਾਰਾਂ ਕੋਲ ਕੰਮ ਕਰਦੇ ਲਾਇਨ ਮੈਨ ਦੇ ਸਹਾਇਕ ਕੱਚੇ ਕਾਮਿਆਂ ਦੇ ਸੰਘਰਸ਼ ਦੀ ਪੁਰਜ਼ੋਰ ਸ਼ਬਦਾਂ ਵਿੱਚ ਹਮਾਇਤ ਕੀਤੀ ਜੋ ਪਿਛਲੇ ਸਮੇਂ ਤੋਂ ਉਹਨਾਂ ਨੂੰ ਰੈਗੂਲਰ ਕਰਨ ਅਤੇ ਹਾਦਸਾ ਪੀੜਤਾਂ ਨੂੰ ਮੁਆਵਜਾ ਮਿਲਣ ਲਈ ਮੰਗਾਂ ਤੇ ਸੰਘਰਸ਼ ਕਰ ਰਹੇ ਹਨ, ਜਿਨਾਂ ਦੀ ਠੇਕੇਦਾਰ ਬੁਰੀ ਤਰ੍ਹਾਂ ਲੁੱਟ ਕਰ ਰਹੇ ਹਨ ਦੀ ਸਖਤ ਨਿਖੇਧੀ ਕੀਤੀ ਗਈ ਅਤੇ ਸਰਕਾਰ ਉਨਾਂ ਦੀਆਂ ਮੰਗਾਂ ਤੁਰੰਤ ਪ੍ਰਵਾਨ ਕਰੇ। ਇਸ ਸਮੇਂ ਕਿਰਪਾਲ ਸਿੰਘ ਪੰਡੋਰੀ ਖੰਜੂਰ, ਸੁਖਵਿੰਦਰ ਸਿੰਘ ਲੁਹਾਰ ਕੰਗਣਾ, ਜੋਗਿੰਦਰ ਸਿੰਘ ਪਥਿਆਲ, ਹਰਜਿੰਦਰ ਸਿੰਘ ਪਥਿਆਲ, ਸੁਰਿੰਦਰ ਸਿੰਘ ਪਥਿਆਲ, ਸੁਰਿੰਦਰ ਪਾਲ ਸਿੰਘ ਲੁਹਾਰ ਕੰਗਣਾ, ਜਸਵੀਰ ਸਿੰਘ ਸੇਰਪੁਰ, ਗੁਲਵਿੰਦਰ ਸਿੰਘ ਪਥਿਆਲ, ਰਵਿੰਦਰ ਸਿੰਘ ਪਥਿਆਲ ਆਦਿ ਹਾਜਰ ਸਨ।

# ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਨੇ ਲਾਇਆ ਬਿਜਲੀ ਘਰ ਕੰਧਾਲਾ ਜੱਟਾਂ ਸਾਹਮਣੇ ਧਰਨਾ

**ਅੱਡਾ ਸਰਾਂ, (ਜਸਵੀਰ ਕਾਜਲ)**

ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੀ ਹੁਸ਼ਿਆਰਪੁਰ ਇਕਾਈ ਵੱਲੋਂ ਅੱਡਾ ਸਰਾਂ ਇਲਾਕੇ ਦੇ ਪਿੰਡਾਂ ਵਿਚ ਮੋਟਰਾਂ ਅਤੇ ਘਰਾਂ ਦੀ ਬਿਜਲੀ ਸਪਲਾਈ ਨਾ ਆਉਣ ਦੇ ਰੋਸ ਵਜੋਂ ਬਿਜਲੀ ਘਰ ਕੰਧਾਲਾ ਜੱਟਾਂ ਦੇ ਸਾਹਮਣੇ ਰੋਸ ਧਰਨਾ ਦਿੱਤਾ ਗਿਆ । ਸੂਬਾਈ ਆਗੂ ਸਵਿੰਦਰ ਸਿੰਘ ਚੁਤਾਲਾ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਇਲਾਕੇ ਦੇ ਕਿਸਾਨਾਂ ਦੀ ਪ੍ਰੇਸ਼ਾਨੀ ਦੇ ਹੱਲ ਲਈ ਜਥੇਬੰਦੀ ਦੇ ਜ਼ਿਲਾ ਪ੍ਰਧਾਨ ਪਰਮਜੀਤ ਸਿੰਘ ਭੁੱਲਾ ਦੀ ਅਗਵਾਈ ਵਿਚ



ਸਵੇਰੇ ਤੋਂ ਦੁਪਹਿਰ ਢਾਈ ਵਜੇ ਤੱਕ ਲਾਏ ਗਏ ਇਸ ਧਰਨੇ ਦੌਰਾਨ ਸਰਕਾਰ ਅਤੇ ਬਿਜਲੀ ਮਹਿਕਮੇ ਦੇ ਖਿਲਾਫ ਨਾਅਰੇਬਾਜ਼ੀ ਕੀਤੀ ਗਈ । ਇਸ ਦੌਰਾਨ ਜ਼ਿਲਾ ਪ੍ਰਧਾਨ ਭੁੱਲਾ ਨੇ ਆਖਿਆ ਕਿ ਪਿਛਲੇ ਤਿੰਨ ਦਿਨਾਂ ਤੋਂ ਜੌੜਾ, ਦਰੀਆ, ਚਾਹਲ ਆਦਿ ਪਿੰਡਾਂ ਦੇ ਫੀਡਰ ਬੰਦ ਹੋਣ ਕਾਰਨ ਮੋਟਰਾਂ ਦੀ ਬਿਜਲੀ ਸਪਲਾਈ ਬੰਦ ਹੈ ਅਤੇ ਜੌੜਾ ਅਤੇ ਭੱਟੀਆਂ ਪਿੰਡਾਂ ਦੀ ਘਰਾਂ ਦੀ ਸਪਲਾਈ ਵੀ ਬੰਦ ਹੈ । ਇਨ੍ਹਾਂ ਹਲਾਤਾਂ ਵਿਚ ਜਿੱਥੇ ਕਿਸਾਨਾਂ ਦੀਆਂ ਫਸਲਾਂ ਦਾ ਨੁਕਸਾਨ ਹੋ ਰਿਹਾ ਹੈ । ਉਨ੍ਹਾਂ ਇਸਦੇ ਨਾਲ ਹੀ ਗੱਲ ਦਾ ਮਲਾਲ ਜਤਾਇਆ ਕਿ ਜਿਸ ਬਿਜਲੀ ਘਰ ਵਿਚ 100 ਕਰੀਬ ਕਰਮਚਾਰੀ ਹੋਣੇ ਚਾਹੀਦੇ ਹਨ ਉੱਥੇ ਸਿਰਫ 12 -13 ਕਰਮਚਾਰੀ ਸੇਵਾਵਾਂ ਦੇ ਰਹੇ ਹਨ । ਉਨ੍ਹਾਂ ਸਟਾਫ ਦੀ ਕਮੀ ਨੂੰ ਵੀ ਪੂਰਾ ਕਰਨ ਦੀ ਮੰਗ ਕੀਤੀ । ਉਨ੍ਹਾਂ ਆਖਿਆ ਕਿ ਇਸੇ ਲਈ ਬਿਜਲੀ ਦੇ ਨਿੱਜੀਕਰਨ ਦੇ ਵਿਰੱਧ ਅਤੇ ਕਰਮਚਾਰੀਆਂ ਦੀ ਭਰਤੀ ਦੀ ਮੰਗ ਨੂੰ ਲੈਕੇ ਜਥੇਬੰਦੀ 14 ਜੁਲਾਈ ਨੂੰ ਜ਼ਿਲਾ ਪੱਧਰੀ ਧਰਨਾ ਦੇਣ ਜਾ ਰਹੀ ਹੈ । ਇਸ ਮੌਕੇ ਐਸ. ਡੀ. ਓ. ਜਸਵੰਤ ਸਿੰਘ ਵੱਲੋਂ ਫੌਰੀ ਤੌਰ 'ਤੇ ਬਿਜਲੀ ਸਪਲਾਈ ਬਹਾਲ ਕਰਵਾਏ ਜਾਣ ਤੋਂ ਬਾਅਦ ਧਰਨਾ ਖਤਮ ਕੀਤਾ ਗਿਆ । ਇਸ ਮੌਕੇ ਗਣੇਸ਼ ਦੋਸਾਂਝ, ਗੁਰਜੀਤ ਸਿੰਘ ਕੰਗ, ਤਰਲੋਕ ਸਿੰਘ, ਜਸਪਾਲ ਸਿੰਘ, ਜਰਨੈਲ ਸਿੰਘ, ਲਭਿੰਦਰ ਸਿੰਘ ਜੌੜਾ, ਸੁਖਵੀਰ ਸਿੰਘ ਨਰਵਾਲ, ਸਰਪੰਚ ਜਗਜੀਤ ਸਿੰਘ ਚੌਹਾਨ, ਮਨਜੀਤ ਸਿੰਘ, ਸਰਪੰਚ ਹੀਰਾ ਸਿੰਘ, ਅਮਰਦੀਪ ਸਿੰਘ, ਰਮਨਦੀਪ ਸਿੰਘ ਮੋਖਾ ਆਦਿ ਮੌਜੂਦ ਸਨ।

# ਸ਼ੋਕ ਸਮਾਚਾਰ

**ਆਦਮਪੁਰ (ਪਰਮਜੀਤ ਸਿੰਘ)**- ਭੋਗਪੁਰ ਤੋਂ ਸੀਨੀਅਰ ਪੱਤਰਕਾਰ ਅਦਾਰਾ ਨਵਾਂ ਜ਼ਮਾਨਾ ਦੇ ਕੁਲਵੀਰ ਸਿੰਘ ਕਾਹਲੋਂ ਪੁੱਤਰ ਗੁਰਦਿਆਲ ਸਿੰਘ. ਪਿੰਡ ਚੱਕ ਝੰਡੂ ਜ਼ਿਲ੍ਹਾ ਜਲੰਧਰ ਜੋ 25 ਜੂਨ ਨੂੰ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ ਅਕਾਲ ਪੁਰਖ ਦੇ ਚਰਨਾਂ ਵਿੱਚ ਜਾ ਬਿਰਾਜੇ ਹਨ। ਉਹਨਾਂ ਦੇ ਨਮਿਤ ਰੱਖੇ ਗਏ ਪਾਠ ਦੇ ਭੋਗ ਅਤੇ ਅੰਤਿਮ ਅਰਦਾਸ ਦੀ ਰਸਮ 04 ਜੁਲਾਈ ਦਿਨ ਸ਼ੁੱਕਰਵਾਰ ਨੂੰ ਗੁਰਦੁਆਰਾ ਸਿੰਘ ਸਭਾ ਪਿੰਡ ਚੱਕ ਝੰਡੂ ਜ਼ਿਲ੍ਹਾ ਜਲੰਧਰ ਵਿਖੇ ਬਾਅਦ ਦੁਪਿਹਰ 12 ਤੋਂ 1 ਵਜੇ ਤੱਕ ਹੋਵੇਗੀ।

# 63 ਨਸ਼ੇ ਦੀਆਂ ਗੋਲੀਆਂ ਸਮੇਤ ਕਾਬੂ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**—ਸੰਦੀਪ ਕੁਮਾਰ ਮਲਿਕ ਆਈ.ਪੀ.ਐਸ. ਸੀਨੀਅਰ ਪੁਲਸ ਕਪਤਾਨ ਹੁਸ਼ਿਆਰਪੁਰ ਦੇ ਦਿਸ਼ਾ ਨਿਰਦੇਸ਼ਾਂ 'ਤੇ ਮੁਕੇਸ਼ ਕੁਮਾਰ ਐਸ.ਪੀ ਇੰਨਵੈਸਟੀਗੇਸ਼ਨ ਅਤੇ ਡੀ. ਐਸ. ਪੀ. ਸਬ-ਡਵੀਜਨ ਦਸੂਹਾ ਦੀਆ ਹਦਾਇਤਾਂ ਮੁਤਾਬਿਕ





ਇੰਸਪੈਕਟਰ ਰਜਿੰਦਰ ਸਿੰਘ ਮੁੱਖ ਅਫਸਰ ਥਾਣਾ ਦਸੂਹਾ ਦੀ ਅਗਵਾਈ ਹੇਠ ਨਸ਼ਾ ਵੇਚਣ ਅਤੇ ਪੀਣ ਵਾਲਿਆ ਖਿਲਾਫ ਚਲਾਈ ਗਈ ਮੁਹਿੰਮ "ਯੁੱਧ ਨਸ਼ਿਆਂ ਵਿਰੁੱਧ" ਤਹਿਤ ਏ.ਐਸ.ਆਈ ਸਰਬਜੀਤ ਸਿੰਘ ਨੇ ਮੁਲਜਮ ਗਗਨ ਪੁੱਤਰ ਸੰਤੋਖ ਸਿੰਘ ਵਾਸੀ ਵਾਰਡ ਨੰ 5 ਕਸਬਾ ਮੁਹੱਲਾ ਦਸੂਹਾ ਹੁਸ਼ਿਆਰਪੁਰ ਨੂੰ ਕਾਬੂ ਕਰਕੇ ਉਸ ਪਾਸੋਂ 63 ਨਸ਼ੀਲੀਆਂ ਗੋਲੀਆਂ ਬ੍ਰਾਮਦ ਕਰਕੇ ਐਨ.ਡੀ.ਪੀ.ਐਸ ਐਕਟ ਤਹਿਤ ਮੁਕੱਦਮਾ ਦਰਜ ਕੀਤਾ ਹੈ।

# ਰਾਮਗੜ੍ਹੀਆ ਕਾਲਜ ਆਫ ਐਜੂਕੇਸ਼ਨ ਵਿਖੇ ਪਲੇਸਮੈਂਟ ਡਰਾਈਵ

**ਫਗਵਾੜਾ, (ਡਾ. ਰਮਨ)**

ਰਾਮਗੜ੍ਹੀਆ ਕਾਲਜ ਆਫ ਐਜੂਕੇਸ਼ਨ,ਫਗਵਾੜਾ ਵਿਖੇ ਕਾਲਜ ਦੇ ਕਰੀਅਰ ਕਾਊਂਸਲਿੰਗ ਤੇ ਪਲੇਸਮੈਂਟ ਸੈੱਲ ਦੁਆਰਾ ਪਲੇਸਮੈਂਟ ਡਰਾਈਵ ਦਾ ਆਯੋਜਨ ਕੀਤਾ ਗਿਆ। ਇਸ ਪਲੇਸਮੈਂਟ ਡਰਾਈਵ ਦਾ ਉਦੇਸ਼ ਵਿਦਿਆਰਥੀਆਂ ਨੂੰ ਨੌਕਰੀਆਂ ਦੇ ਮੌਕੇ ਪ੍ਰਦਾਨ ਕਰਨਾ ਸੀ। ਇਸ ਪਲੇਸਮੈਂਟ ਡਰਾਈਵ ਵਿਚ ਬੀ.ਐੱਡ. ਅਤੇ ਐੱਮ.ਐੱਡ. ਦੇ ਵਿਦਿਆਰਥੀਆਂ ਨੇ ਹਿੱਸਾ ਲਿਆ । ਜਲੰਧਰ ਅਤੇ ਫਗਵਾੜਾ ਦੇ ਵੱਖ-ਵੱਖ ਸਕੂਲਾਂ ਅਤੇ ਸੰਸਥਾਵਾਂ ਦੇ ਪ੍ਰਿੰਸੀਪਲ ਸਹਿਬਾਨਾਂ ਤੇ ਸਟਾਫ ਮੈਂਬਰਾਂ ਨੇ ਵਿਦਿਆਰਥੀਆਂ ਦੀ ਵੱਖ-ਵੱਖ ਵਿਸ਼ਿਆਂ ਤੇ ਇੰਟਰਵਿਊ ਲਈ ਅਤੇ ਉਹਨਾਂ ਦੀਆਂ ਸਹਿ -ਸਹਾਇਕ ਕਿਰਿਆਵਾਂ ਤੇ ਹੋਰ ਖੇਤਰ ਵਿੱਚ ਪ੍ਰਾਪਤੀਆਂ ਨੂੰ ਵੀ ਦੇਖਿਆ ਕੁੱਲ ਮਿਲਾ ਕੇ, ਇਹ ਕੈਂਪਸ ਪਲੇਸਮੈਂਟ ਡਰਾਈਵ ਇੱਕ ਸਫਲਤਾਪੂਰਵਕ ਕਦਮ ਸੀ। ਪਲੇਸਮੈਂਟ ਡਰਾਈਵ ਤੋਂ ਪਹਿਲਾਂ ਵਿਦਿਆਰਥੀਆਂ ਨੂੰ ਇੰਟਰਵਿਊ ਵਿੱਚ ਪ੍ਰਭਾਵਸ਼ਾਲੀ ਪ੍ਰਦਰਸ਼ਨ ਅਤੇ ਰੈਜ਼ਿਊਮੇ ਤਿਆਰ ਕਰਨ ਦੀ ਵੀ ਸਿਖਲਾਈ ਦਿੱਤੀ ਗਈ ਸੀ। ਪ੍ਰਿੰਸੀਪਲ ਡਾ. ਸੁਰਿੰਦਰ ਜੀਤ ਕੌਰ, ਰਾਮਗੜ੍ਹੀਆ ਕਾਲਜ ਆਫ ਐਜੂਕੇਸ਼ਨ ਨੇ ਕਿਹਾ ਕਿ ਪਲੇਸਮੈਂਟ ਡਰਾਈਵ ਉਹਨਾਂ ਵਿਦਿਆਰਥੀਆਂ ਨੂੰ ਇਕ ਪਲੇਟਫਾਰਮ ਪ੍ਰਦਾਨ ਕਰਦੀ ਹੈ,ਜੋ ਇੱਛਿਤ ਨੌਕਰੀਆਂ ਲਈ ਮਿਹਨਤ ਕਰਦੇ ਹਨ। ਉਹਨਾਂ ਕਿਹਾ ਕਿ ਡਿਗਰੀ ਪੂਰੀ ਹੋਣ ਤੋਂ ਪਹਿਲਾਂ ਹੀ ਪਲੇਸਮੈਂਟ ਹੋਣ





ਨਾਲ ਵਿਦਿਆਰਥੀਆਂ ਦੇ ਕੀਮਤੀ ਸਮੇਂ ਦਾ ਬਚਾਅ ਹੁੰਦਾ ਹੈ। ਉਹਨਾਂ ਨੇ ਚੁਣੇ ਹੋਏ ਵਿਦਿਆਰਥੀਆਂ ਨੂੰ ਸ਼ੁੱਭ ਇੱਛਾਵਾਂ ਵੀ ਦਿੱਤੀਆਂ। ਉਹਨਾਂ ਉਮੀਦ ਕੀਤੀ ਕਿ ਵਿਦਿਆਰਥੀ ਮਨ ਲਗਾ ਕੇ ਕੰਮ ਕਰਨਗੇ ਅਤੇ ਕਾਲਜ ਦਾ ਨਾਂਅ ਰੌਸ਼ਨ ਕਰਨਗੇ। ਸ੍ਰੀਮਤੀ ਮਨਪ੍ਰੀਤ ਕੌਰ ਭੋਗਲ, ਚੇਅਰਪਰਸਨ ਰਾਮਗੜ੍ਹੀਆ ਐਜੂਕੇਸ਼ਨਲ ਕੌਂਸਲ ਫਗਵਾੜਾ ਨੇ ਪ੍ਰਿੰਸੀਪਲ ਡਾ. ਸੁਰਿੰਦਰ ਜੀਤ ਕੌਰ, ਕਰੀਅਰ ਕਾਊਂਸਲਿੰਗ ਤੇ ਪਲੇਸਮੈਂਟ ਸੈੱਲ ਦੇ ਇੰਚਾਰਜ ਡਾ. ਮੋਨਾ ਵਿੱਜ, ਸਟਾਫ ਮੈਂਬਰਾਂ ਤੇ ਵਿਦਿਆਰਥੀਆ ਨੂੰ ਪਲੇਸਮੈਂਟ ਡਰਾਈਵ ਦੇ ਆਯੋਜਨ ਲਈ ਵਧਾਈ ਦਿੱਤੀ। ਉਹਨਾਂ ਕਿਹਾ ਕਿ ਇਹ ਕਾਲਜ ਆਪਣੀ ਸਥਾਪਤੀ ਦੇ ਸਮੇਂ 1956 ਤੋਂ ਹੀ ਵਿਦਿਆਰਥੀਆਂ ਨੂੰ ਪੜ੍ਹਾਈ ਵਿੱਚ ਗੁਣਵੱਤਾ ਦੇ ਨਾਲ-ਨਾਲ ਨੌਕਰੀਆਂ ਦੇ ਮੌਕੇ ਵੀ ਪ੍ਰਦਾਨ ਕਰਨ ਲਈ ਵਚਨਬੱਧ ਹੈ । ਅੱਜ ਇੱਕੀਵੀਂ ਸਦੀ ਵਿੱਚ ਵਿਦਿਆਰਥੀਆਂ ਨੂੰ ਉਹਨਾਂ ਦੀਆਂ ਯੋਗਤਾਵਾਂ, ਰੁਚੀਆਂ ਅਤੇ ਸਮੱਰਥਾ ਦੇ ਅਨੁਸਾਰ ਨੌਕਰੀਆਂ ਮਿਲਣੀਆਂ ਚਾਹੀਦੀਆ ਹਨ। ਉਹਨਾਂ ਨੇ ਕਿਹਾ ਕਿ ਕਾਲਜ ਭਵਿੱਖ ਵਿੱਚ ਵੀ ਅਜਿਹੇ ਉਪਰਾਲੇ ਜਾਰੀ ਰੱਖੇਗਾ।

# ਅਮਰਨਾਥ ਯਾਤਰਾ ਨੂੰ ਜਾਣ ਵਾਲੇ ਸ਼ਰਧਾਲੂਆਂ ਦੀ ਸਹੂਲਤ ਤੇ ਸੁਰੱਖਿਆ ਲਈ ਪੁਖਤਾ ਇੰਤਜ਼ਾਮ : ਅਮਰਬੀਰ ਕੌਰ ਭੁੱਲਰ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਵਧੀਕ ਡਿਪਟੀ ਕਮਿਸ਼ਨਰ (ਜ) ਅਮਰਬੀਰ ਕੌਰ ਭੁੱਲਰ ਨੇ ਕਿਹਾ ਕਿ 3 ਜੁਲਾਈ ਤੋਂ ਸ਼ੁਰੂ ਹੋਣ ਵਾਲੀ ਅਮਰਨਾਥ ਯਾਤਰਾ ਲਈ ਜ਼ਿਲ੍ਹੇ ਵਿੱਚੋਂ ਲੰਘਣ ਵਾਲੇ ਸ਼ਰਧਾਲੂਆਂ ਦੀ ਸਹੂਲਤ ਅਤੇ ਸੁਰੱਖਿਆ ਲਈ ਢੁੱਕਵੇਂ ਪ੍ਰਬੰਧ ਕਰ ਲਏ ਗਏ ਹਨ। ਉਨ੍ਹਾਂ ਕਿਹਾ ਕਿ ਸਿਵਲ ਅਤੇ ਪੁਲਸ ਪ੍ਰਸ਼ਾਸਨ ਸਿਸਟਮ ਨੂੰ ਸੁਚਾਰੂ ਬਣਾਉਣ ਲਈ ਦਿਨ-ਰਾਤ ਸਾਂਝੇ ਤੌਰ 'ਤੇ ਕੰਮ ਕਰ ਰਿਹਾ ਹੈ। ਉਹ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਅਮਰਨਾਥ ਯਾਤਰਾ-2025 ਦੇ ਸੁਚਾਰੂ ਪ੍ਰਬੰਧਾਂ ਸਬੰਧੀ ਸਿਵਲ ਅਤੇ ਪੁਲਸ ਅਧਿਕਾਰੀਆਂ ਦੀ ਮੀਟਿੰਗ ਨੂੰ ਸੰਬੋਧਨ ਕਰ ਰਹੇ ਸਨ। ਇਸ ਮੌਕੇ ਸਹਾਇਕ ਕਮਿਸ਼ਨਰ ਓਇਸ਼ੀ ਮੰਡਲ, ਐਸ.ਡੀ.ਐਮ ਹੁਸ਼ਿਆਰਪੁਰ ਗੁਰਸਿਮਰਨਜੀਤ ਕੌਰ ਅਤੇ ਐਸ.ਡੀ.ਐਮ ਦਸੂਹਾ ਕੰਵਲਜੀਤ ਸਿੰਘ ਵੀ ਉਨ੍ਹਾਂ ਨਾਲ ਮੌਜੂਦ ਸਨ।ਵਧੀਕ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਅਮਰਨਾਥ ਯਾਤਰਾ ਲਈ ਜਾਣ ਵਾਲੇ ਬਹੁਤ ਸਾਰੇ ਸ਼ਰਧਾਲੂ ਹੁਸ਼ਿਆਰਪੁਰ ਜ਼ਿਲ੍ਹੇ ਵਿੱਚੋਂ ਲੰਘਦੇ ਹਨ, ਇਸ ਲਈ ਉਨ੍ਹਾਂ ਦੀ ਸਹੂਲਤ ਅਤੇ ਸੁਰੱਖਿਆ ਲਈ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ। ਉਨ੍ਹਾਂ ਆਰ.ਟੀ.ਓ ਨੂੰ ਬੱਸਾਂ ਅਤੇ ਟਰੱਕਾਂ ਦੀ ਜਾਂਚ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਇਹ ਜ਼ਰੂਰ ਧਿਆਨ ਰੱਖਿਆ ਜਾਵੇ ਕਿ ਸ਼ਰਧਾਲੂਆਂ ਦਾ ਜੱਥਾ ਭਾਰ ਢੋਣ ਵਾਲੇ ਵਾਹਨਾਂ 'ਤੇ ਨਾ ਜਾਣ, ਕਿਉਂਕਿ ਇਨ੍ਹਾਂ ਵਾਹਨਾਂ ਨਾਲ ਦੁਰਘਟਨਾ ਦਾ ਖ਼ਤਰਾ ਬਣਿਆ ਰਹਿੰਦਾ ਹੈ।ਇਸ ਤੋਂ ਇਲਾਵਾ ਉਨ੍ਹਾਂ ਆਰ. ਟੀ.ਓ. ਨੂੰ ਨਿਰਦੇਸ਼ ਦਿੱਤੇ ਕਿ ਪੁਲਸ ਨਾਲ ਤਾਲਮੇਲ ਕਰਕੇ ਰਿਕਵਰੀ ਵੈਨ ਦੀ ਵਿਵਸਥਾ ਵੀ ਯਕੀਨੀ ਬਣਾਈ ਜਾਵੇ। ਉਨ੍ਹਾਂ ਐਸ.ਡੀ.ਐਮਜ਼ ਅਤੇ ਡੀ.ਐਸ.ਪੀਜ਼ ਨੂੰ ਹਦਾਇਤ ਕੀਤੀ ਕਿ ਉਹ ਆਪਣੇ-ਆਪਣੇ ਇਲਾਕਿਆਂ ਵਿੱਚ ਲੰਗਰ ਸਥਾਨਾਂ ਦਾ ਦੌਰਾ ਕਰਨ ਅਤੇ ਢੁਕਵੇਂ ਪ੍ਰਬੰਧ, ਸੁਰੱਖਿਆ ਅਤੇ ਟ੍ਰੈਫਿਕ ਕੰਟਰੋਲ ਨੂੰ ਯਕੀਨੀ ਬਣਾਉਣ ਤਾਂ ਜੋ ਸ਼ਰਧਾਲੂਆਂ ਨੂੰ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ।ਵਧੀਕ ਡਿਪਟੀ ਕਮਿਸ਼ਨਰ ਅਮਰਬੀਰ ਕੌਰ ਨੇ ਸਿਵਲ ਸਰਜਨ ਨੂੰ ਵੀ ਲੰਗਰ ਵਾਲੀਆਂ ਥਾਵਾਂ 'ਤੇ ਮੈਡੀਕਲ ਟੀਮਾਂ ਤਾਇਨਾਤ ਕਰਨ ਦੇ ਨਿਰਦੇਸ਼ ਵੀ ਦਿੱਤੇ, ਇਸ ਤੋਂ ਇਲਾਵਾ ਕਾਰਜਕਾਰੀ ਅਧਿਕਾਰੀਆਂ ਨੂੰ ਲੰਗਰ ਸਥਾਨਾਂ 'ਤੇ ਸਫਾਈ ਯਕੀਨੀ ਬਣਾਉਣ ਅਤੇ ਫਾਇਰ ਟੈਂਡਰ ਤਾਇਨਾਤ ਰੱਖਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਸਥਾਨਕ ਪ੍ਰਸ਼ਾਸਨ ਨੂੰ ਇਹ ਵੀ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਲੰਗਰ ਦੌਰਾਨ ਸਿੰਗਲ-ਯੂਜ਼ ਪਲਾਸਟਿਕ ਦੀ ਵਰਤੋਂ ਨਾ ਹੋ ਸਕੇ। ਇਸ ਮੌਕੇ ਉਨ੍ਹਾਂ ਕਿਹਾ ਕਿ ਸਿਵਲ ਅਤੇ ਪੁਲਸ ਪ੍ਰਸ਼ਾਸਨ ਨੂੰ ਇੱਕ ਦੂਜੇ ਨਾਲ ਤਾਲਮੇਲ ਕਰਕੇ ਆਪਣੀਆਂ ਡਿਊਟੀਆਂ ਨਿਭਾਉਣ।ਇਸ ਦੌਰਾਨ ਮੌਜੂਦ ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਯਾਤਰਾ ਦੌਰਾਨ ਕਾਨੂੰਨ ਵਿਵਸਥਾ ਬਣਾਈ ਰੱਖਣ ਲਈ ਵੱਖ-ਵੱਖ ਥਾਵਾਂ 'ਤੇ ਨਾਕੇ ਲਗਾ ਕੇ ਚੈਕਿੰਗ ਨੂੰ ਯਕੀਨੀ ਬਣਾਇਆ ਜਾ ਰਿਹਾ ਹੈ। ਇਸ ਤੋਂ ਇਲਾਵਾ ਲੰਗਰ ਲਗਾਉਣ ਵਾਲੀਆਂ ਥਾਵਾਂ 'ਤੇ ਵੀ ਵਿਸ਼ੇਸ਼ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ। ਜ਼ਿਲ੍ਹੇ ਵਿੱਚ ਡੀ.ਐਸ.ਪੀ ਪੱਧਰ 'ਤੇ ਸੁਰੱਖਿਆ ਉਪਾਵਾਂ ਅਤੇ ਟ੍ਰੈਫਿਕ ਪ੍ਰਬੰਧਨ ਵਰਗੇ ਮੁੱਦਿਆਂ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ। ਇਸ ਮੌਕੇ ਸਮੂਹ ਡੀ.ਐਸ.ਪੀਜ਼, ਤਹਿਸੀਲਦਾਰ, ਕਾਰਜਕਾਰੀ ਅਧਿਕਾਰੀ, ਖੁਰਾਕ ਅਤੇ ਸਪਲਾਈ ਕੰਟਰੋਲਰ, ਸਹਾਇਕ ਆਰ.ਟੀ.ਓ ਤੋਂ ਇਲਾਵਾ ਹੋਰ ਵਿਭਾਗਾਂ ਦੇ ਅਧਿਕਾਰੀ ਵੀ ਮੌਜੂਦ ਸਨ।





# ਰੋਜ਼ਾ ਸ਼ਰੀਫ਼ ਮੰਢਾਲੀ ਵਿਖੇ ਮੇਲੇ ਦੇ ਚੌਥੇ ਦਿਨ ਕਲਾਕਾਰਾਂ ਨੇ ਹਾਜ਼ਰੀਆਂ ਭਰੀਆਂ



**ਬੰਗਾ (ਅਵਤਾਰ ਕਲੇਰ)**

ਦਰਬਾਰ ਸੱਯਦ ਉੱਲ ਸ਼ੇਖ ਬਾਬਾ ਅਬਦੁੱਲਾ ਸ਼ਾਹ ਕਾਦਰੀ ਜੀ ਰੌਜ਼ਾ ਸ਼ਰੀਫ਼ ਮੰਢਾਲੀ ਵਿਖੇ ਸਾਲਾਨਾ ਮੇਲਾ ਗੱਦੀ ਨਸ਼ੀਨ ਸਾਈਂ ਉਮਰੇ ਸ਼ਾਹ ਕਾਦਰੀ ਜੀ ਦੀ ਰਹਿਨੁਮਾਈ ਹੇਠ ਮਨਾਇਆ ਜਾ ਰਿਹਾ ਹੈ। ਮੇਲੇ ਦੇ ਚੌਥੇ ਦਿਨ ਪੰਜਾਬ ਦੇ ਮਸ਼ਹੂਰ ਕਲਾਕਾਰ ਬੂਟਾ ਮੁਹੰਮਦ, ਕਾਸ਼ੀ ਨਾਥ, ਪਰਵੇਜ਼ ਆਲਮ, ਦਲਵਿੰਦਰ ਦਿਆਲਪੁਰੀ,ਫਿਰੋਜ ਖਾਨ , ਗੁਰਮੇਜ ਮੇਹਲੀ, ਰਮੇਸ਼ ਚੌਹਾਨ ਤੋਂ ਇਲਾਵਾ ਕਵਾਲ ਅਤੇ ਨਕਾਲ ਪਾਰਟੀਆਂ ਨੇ ਹਾਜ਼ਰੀਆਂ ਭਰੀਆਂ। ਵੱਖ ਵੱਖ ਦਰਬਾਰਾਂ ਤੋਂ ਸੰਤ ਮਹਾਂਪੁਰਸ਼ਾਂ ਨੇ ਸ਼ਿਰਕਤ ਕੀਤੀ। ਇਸ ਮੌਕੇ ਸਾਈਂ ਉਮਰੇ ਸ਼ਾਹ ਕਾਦਰੀ,ਬੀਬੀ ਸੀਤਾ ਦੇਵੀ ,ਮੁਹੰਮਦ ਆਸ਼ਿਕ ਨੀਲਾ, ਮੀਰਾਂ ਸ਼ਰਮਾ ਸਰਪੰਚ ਮੰਢਾਲੀ, ਕਮਲਜੀਤ ਕੌਰ ਸਾਬਕਾ ਸਰਪੰਚ ਮੰਢਾਲੀ, ਧਰਮਿੰਦਰ ਸਿੰਘ ਨੰਬਰਦਾਰ ਮੰਢਾਲੀ, ਬਲਜੀਤ ਸਿੰਘ ਸਾਬਕਾ ਸਰਪੰਚ ਕੁਲਥਮ, ਮਲਕੀਤ ਮੰਢਾਲੀ, ਰਜਿੰਦਰ ਸ਼ਰਮਾ, ਹੁਸਨ ਲਾਲ ਜੱਬੋਵਾਲ, ਹਰਬੰਸ ਸਿੰਘ ਜੱਬੋਵਾਲ, ਡਾ ਸਤਨਾਮ ਪਰਸੋਵਾਲ, ਸੋਨੂੰ ਜੱਸੋਮਜਾਰਾ, ਗੋਰਾ ਚੱਕ ਪ੍ਰੇਮਾ, ਚਰਨਜੀਤ ਰਾਏ, ਡਾ ਜਗਦੀਸ਼ ਮੁਹੰਮਦ, ਸੋਨੀ ਮੰਢਾਲੀ, ਪੱਪੀ ਅਨੀਹਰ, ਹਰਪ੍ਰੀਤ ਜੱਖੂ, ਅਮਰਜੀਤ ਜੀਤਾ, ਚੰਨੀ ਖੋਥੜਾਂ, ਸੋਨੂੰ ਬਾਵਾ, ਨੂਰ ਮੁਹੰਮਦ, ਬੰਟੀ, ਜਗਜੀਤ ਪੀਟਾ, ਮਨੀ, ਗੱਗੀ, ਹਨੀ ਆਦਿ ਹਾਜ਼ਰ ਸਨ।

# ਜ਼ਿਲ੍ਹੇ 'ਚ ਬਣਨਗੇ 25 ਆਂਗਣਵਾੜੀ ਸੈਂਟਰ, 9 ਸੈਂਟਰਾਂ ਦਾ ਨਿਰਮਾਣ ਕਾਰਜ ਮੁਕੰਮਲ

**ਸ਼ਹੀਦ ਭਗਤ ਸਿੰਘ ਨਗਰ, (ਮਨੋਜ ਲਾਡੀ)**

ਪੰਜਾਬ ਸਰਕਾਰ ਵੱਲੋਂ ਜ਼ਿਲ੍ਹੇ ਵਿੱਚ 25 ਆਂਗਣਵਾੜੀ ਸੈਂਟਰਾਂ ਦੀ ਉਸਾਰੀ ਕੀਤੀ ਜਾ ਰਹੀ ਹੈ ਜਿਨ੍ਹਾਂ ਵਿੱਚੋਂ 9 ਸੈਂਟਰਾਂ ਦਾ ਨਿਰਮਾਣ ਕਾਰਜ ਮੁਕੰਮਲ ਹੋ ਚੁੱਕਾ ਹੈ ਅਤੇ ਬਾਕੀ ਸੈਂਟਰ ਵੀ ਜਲਦ ਕਾਰਜਸ਼ੀਲ ਹੋ ਜਾਣਗੇ। ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਦੀਆਂ ਹਦਾਇਤਾਂ 'ਤੇ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਅਵਨੀਤ ਕੌਰ ਨੇ ਬਲਾਕ ਬਲਾਚੌਰ ਅਧੀਨ ਗਰਾਮ ਪੰਚਾਇਤ ਰੱਕੜਾਂ ਬੇਟ ਵਿਖੇ ਆਂਗਣਵਾੜੀ ਸੈਂਟਰ ਦੇ ਨਿਰਮਾਣ ਕਾਰਜ ਦਾ ਨਿਰੀਖਣ ਕਰਦਿਆਂ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਸਾਰੀ ਤੈਅ ਸਮੇਂ ਵਿੱਚ ਮੁਕੰਮਲ ਕੀਤੀ ਜਾਵੇ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿੱਚ ਬਣ ਰਹੇ 25 ਸੈਂਟਰਾਂ 'ਤੇ ਕਰੀਬ 2.50 ਕਰੋੜ ਰੁਪਏ ਦੀ ਲਾਗਤ ਆਵੇਗੀ ਜਿਨ੍ਹਾਂ ਵਿੱਚੋਂ ਪ੍ਰਤੀ ਸੈਂਟਰ 2 ਲੱਖ ਰੁਪਏ ਆਈ.ਸੀ.ਡੀ.ਐਸ. ਸਕੀਮ ਤਹਿਤ ਖਰਚੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਮੁਕੰਮਲ ਹੋ ਚੁੱਕੇ 9 ਸੈਂਟਰ ਜਲਦ ਹੀ ਜ਼ਿਲ੍ਹਾ ਵਾਸੀਆਂ ਨੂੰ ਸਮਰਪਿਤ ਕੀਤੇ ਜਾਣਗੇ। ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਨ੍ਹਾਂ ਸੈਂਟਰਾਂ ਦੇ ਨਿਰਮਾਣ ਨਾਲ 25 ਥਾਵਾਂ 'ਤੇ ਕਈ ਪਿੰਡਾਂ ਵਿੱਚ ਆਂਗਣਵਾੜੀ ਦੀ ਸਹੂਲਤ ਦਾ ਲੋਕਾਂ ਨੂੰ ਵੱਡਾ ਫਾਇਦਾ ਹੋਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਇਨ੍ਹਾਂ ਸੈਂਟਰਾਂ ਵਿੱਚ ਵੱਖ-ਵੱਖ ਸਹੂਲਤਾਂ ਦਿੱਤੀਆਂ ਜਾਣਗੀਆਂ ਤਾਂ ਜੋ ਜੱਚਾ-ਬੱਚਾ ਭਲਾਈ ਉਪਰਾਲਿਆਂ ਨੂੰ ਹਰ ਲਾਭਪਾਤਰੀ ਤੱਕ ਪੁੱਜਦਾ ਕੀਤਾ ਜਾ ਸਕੇ। ਜ਼ਿਕਰਯੋਗ ਹੈ ਕਿ ਬੱਚਿਆਂ ਨੂੰ ਸੁਰੱਖਿਅਤ ਤੇ ਸੁਖਾਵਾਂ ਮਾਹੌਲ ਪ੍ਰਦਾਨ ਕਰਨ ਲਈ ਇਨ੍ਹਾਂ ਸੈਂਟਰਾਂ ਵਿੱਚ ਆਰਾਮਦਾਇਕ ਫਰਨੀਚਰ, ਸਾਫ-ਸੁਥਰੇ ਪਖਾਨੇ, ਖਿਡੌਣੇ ਰਾਹੀਂ ਅਤਿ ਆਧੁਨਿਕ ਸਹੂਲਤਾਂ ਮੁਹੱਈਆ ਕਰਵਾਈਆਂ ਜਾਣਗੀਆਂ।



# ਗਲੋਬਲ ਵਿਜ਼ਡਮ ਇੰਟਰਨੈਸ਼ਨਲ ਸਕੂਲ 'ਚ ਅਧਿਆਪਕਾਂ ਲਈ ਵਰਕਸ਼ਾਪ

**ਡੇਰਾ ਬੱਸੀ (ਵਿਨੈ ਕੁਮਾਰ ਜੈਨ)**

ਗਲੋਬਲ ਵਿਜ਼ਡਮ ਇੰਟਰਨੈਸ਼ਨਲ ਸਕੂਲ, ਡੇਰਾਬੱਸੀ ਦੁਆਰਾ ਪੇਸ਼ੇਵਰ ਵਿਕਾਸ ਅਤੇ ਵਿੱਦਿਅਕ ਉੱਤਮਤਾ ਪ੍ਰਤੀ ਆਪਣੀ ਨਿਰੰਤਰ ਵਚਨਬੱਧਤਾ ਦੇ ਹਿੱਸੇ ਵਜੋਂ, ਕਲਾਸਰੂਮ ਪ੍ਰਬੰਧਨ ਅਤੇ ਸੰਚਾਰ 'ਤੇ ਇੱਕ ਗਤੀਸੀਲ ਅਤੇ ਸੂਝਵਾਨ ਸੈਸ਼ਨ ਦਾ ਆਯੋਜਨ ਕੀਤਾ ਗਿਆ। ਇਸ ਸੈਸ਼ਨ ਦੀ ਸਹੂਲਤ ਸ੍ਰੀਮਤੀ ਵਿਨੀਤਾ ਸਰੀਨ, ਪੇਸ਼ੇਵਰ ਵਿਕਾਸ ਵਿੱਚ ਸੀਨੀਅਰ ਮੈਨੇਜਰ ਅਤੇ ਵਿਦਿਅਕ ਲੀਡਰਸ਼ਿਪ ਅਤੇ ਸੰਚਾਰ ਰਣਨੀਤੀਆਂ ਵਿੱਚ ਇੱਕ ਚੰਗੀ ਤਰ੍ਹਾਂ ਮਾਨਤਾ ਪ੍ਰਾਪਤ ਮਾਹਰ ਦੁਆਰਾ ਦਿੱਤੀ ਗਈ ਸੀ। ਵਰਕਸ਼ਾਪ ਅਧਿਆਪਕਾਂ ਨੂੰ ਕਲਾਸਰੂਮਾਂ ਦੇ ਪ੍ਰਬੰਧਨ, ਵਿਦਿਆਰਥੀ ਅਨੁਸਾਸਨ ਨੂੰ ਪਾਲਣ ਪੋਸਣ ਅਤੇ ਵਿਦਿਆਰਥੀਆਂ, ਮਾਪਿਆਂ ਅਤੇ ਸਾਥੀ ਸਿੱਖਿਅਕਾਂ ਨਾਲ ਸੰਚਾਰ ਵਧਾਉਣ ਲਈ ਪ੍ਰਭਾਵਸਾਲੀ ਸਾਧਨਾਂ ਅਤੇ ਤਕਨੀਕਾਂ ਨਾਲ ਲੈਸ ਕਰਨ ਲਈ ਤਿਆਰ ਕੀਤੀ ਗਈ ਸੀ। ਅਧਿਆਪਕਾਂ ਨੂੰ ਸਮੂਹ ਚਰਚਾਵਾਂ, ਕੇਸ ਸਟੱਡੀਜ ਅਤੇ ਭੂਮਿਕਾ ਨਿਭਾਉਣ ਵਾਲੀਆਂ ਗਤੀਵਿਧੀਆਂ ਰਾਹੀਂ ਸਰਗਰਮੀ ਨਾਲ ਸਾਮਲ ਕੀਤਾ ਗਿਆ ਸੀ, ਜਿਸ ਨਾਲ ਅਸਲ ਕਲਾਸਰੂਮ ਚੁਣੌਤੀਆਂ 'ਤੇ ਵਿਹਾਰਕ ਪ੍ਰਤੀਬਿੰਬ ਦੀ ਆਗਿਆ ਦਿੱਤੀ ਗਈ ਸੀ। ਇੱਕ ਸਹਾਇਕ ਅਤੇ ਸਕਾਰਾਤਮਕ ਸਿੱਖਣ ਦੇ ਵਾਤਾਵਰਣ ਨੂੰ ਉਤਸਾਹਿਤ ਕਰਦੇ ਹੋਏ ਕਲਾਸਰੂਮ ਅਨੁਸਾਸਨ ਨੂੰ ਬਣਾਈ ਰੱਖਣ 'ਤੇ ਜੋਰ ਦਿੱਤਾ ਗਿਆ ਸੀ। ਇਹ ਪਹਿਲ ਪ੍ਰਿੰਸੀਪਲ ਡਾ. ਬਸੁੰਧਰਾ ਦੁਆਰਾ ਕੀਤੀ ਗਈ ਸੀ, ਜਿਨ੍ਹਾਂ ਨੇ ਟਿੱਪਣੀ ਕਰਦਿਆਂ ਕਿਹਾ, "ਪ੍ਰਭਾਵਸ਼ਾਲੀ ਸੰਚਾਰ ਅਤੇ ਕਲਾਸਰੂਮ ਪ੍ਰਬੰਧਨ ਸਫਲ ਸਿੱਖਿਆ ਦੇ ਅਧਾਰ ਹਨ। ਇਸ ਤਰ੍ਹਾਂ ਦੇ ਸੈਸ਼ਨ ਸਾਡੇ ਅਧਿਆਪਕਾਂ ਨੂੰ ਢਾਂਚਾਗਤ ਅਤੇ ਸਹਾਇਕ ਕਲਾਸਰੂਮ ਬਣਾਉਣ ਲਈ ਸ਼ਕਤੀ ਪ੍ਰਦਾਨ ਕਰਦੇ ਹਨ।" ਸਕੂਲ ਦੇ ਚੇਅਰਮੈਨ ਦੁਆਰਾ ਇਨ੍ਹਾਂ ਯਤਨਾਂ ਦੀ ਬਹੁਤ ਪ੍ਰਸ਼ੰਸਾ ਕੀਤੀ ਗਈ ਅਤੇ ਸੈਸ਼ਨ ਨੂੰ ਅਧਿਆਪਨ-ਸਿਖਲਾਈ ਪ੍ਰਕਿਰਿਆ ਨੂੰ ਅਮੀਰ ਬਣਾਉਣ ਵੱਲ ਇੱਕ ਕੀਮਤੀ ਕਦਮ ਵਜੋਂ ਸਵੀਕਾਰ ਕੀਤਾ ਗਿਆ।



# ਮਨਰੇਗਾ ਮਜ਼ਦੂਰਾਂ ਵੱਲੋਂ 9 ਦੀ ਦੇਸ਼ ਪੱਧਰੀ ਹੜਤਾਲ 'ਚ ਸ਼ਾਮਲ ਹੋਣ ਦਾ ਐਲਾਨ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਪਿੰਡ ਬਸੀ ਦੌਲਤ ਖਾਂ ਵਿਖੇ ਮਨਰੇਗਾ ਮਜ਼ਦੂਰਾਂ ਦੀ ਭਰਵੀਂ ਮੀਟਿੰਗ ਹੋਈ। ਇਸ ਮੀਟਿੰਗ ਨੂੰ ਸੀਟੂ ਦੇ ਪੰਜਾਬ ਦੇ ਵਾਇਸ ਪ੍ਰਧਾਨ ਮਹਿੰਦਰ ਕੁਮਾਰ ਬੱਡੋਆਣ ਤੇ ਧਨਪਤ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਮੋਦੀ ਸਰਕਾਰ ਤੇ ਪੰਜਾਬ ਸਰਕਾਰ ਦੀਆਂ ਮਜ਼ਦੂਰ ਤੇ ਕਿਸਾਨ ਵਿਰੋਧੀ ਨੀਤੀਆਂ ਵਿਰੁੱਧ 9 ਜੁਲਾਈ ਨੂੰ ਦੇਸ਼ ਪੱਧਰ ਦੀ ਹੋ ਰਹੀ ਹੜਤਾਲ ਵਿੱਚ ਸ਼ਾਮਲ ਹੋ ਕੇ ਜਬਰਦਸਤ ਵਿਰੋਧ ਕੀਤਾ ਜਾਵੇਗਾ ਅਤੇ ਚੱਕਾ ਜਾਮ ਕੀਤਾ ਜਾਵੇਗਾ। ਮੋਦੀ ਸਰਕਾਰ ਨੇ 12 ਘੰਟੇ ਡਿਊਟੀ ਕਰਨ ਦਾ ਕਾਨੂੰਨ ਪਾਸ ਕਰ ਦਿੱਤਾ ਅਤੇ ਹੁਣ ਮੋਦੀ ਸਰਕਾਰ 4 ਲੇਬਰ ਕੋਡ ਲਾਗੂ ਕਰਨ ਜਾ ਰਹੀ ਹੈ। ਜਿਸ ਨਾਲ ਯੂਨੀਅਨ ਬਣਾਉਣ ਦੇ ਅਧਿਕਾਰ ਅਤੇ ਧਰਨਾ ਰੈਲੀ ਕਰਨ 'ਤੇ ਪਾਬੰਦੀ ਲੱਗ ਜਾਵੇਗੀ। ਮਨਰੇਗਾ ਮਜ਼ਦੂਰਾਂ ਦੇ ਬਜਟ ਵਿੱਚ 10 ਹਜ਼ਾਰ ਕਰੋੜ ਦਾ ਕੱਟ ਮਾਰ ਕੇ ਮਜ਼ਦੂਰਾਂ ਦੇ ਰੁਜ਼ਗਾਰ ਤੇ ਹਮਲਾ ਕੀਤਾ ਹੈ। ਆਗੂਆਂ ਨੇ ਕਿਹਾ 700 ਰੁਪਏ ਦਿਹਾੜੀ, 26000 ਰੁਪਏ ਉਜਰਤ ਅਤੇ ਸਾਰਾ ਸਾਲ ਕੰਮ ਲੈਣ ਲਈ 9 ਜੁਲਾਈ ਦੀ ਹੜਤਾਲ ਚੱਕਾ ਜਾਮ ਕਰਨ ਲਈ ਹੁਸ਼ਿਆਰਪੁਰ ਗਰੀਨ ਪਾਰਕ ਵਿਖੇ ਵਹੀਰਾ ਘੱਤ ਕੇ ਪੁੱਜੋ। ਇਸ ਮੌਕੇ ਪਰਮਜੀਤ ਕੌਰ ਸਰਪੰਚ, ਮਨਜੀਤ ਕੌਰ ਸਿਮਰਨ, ਕੁਲਵਿੰਦਰ ਕੌਰ, ਮਨਪਰੀਤ ਕੌਰ, ਰਾਜਪਾਲ, ਸ਼ਾਮਪਾਲ ਬਬਲੀ ਅਤੇ ਜਅਵਤਾਰ ਨੇ ਵੀ ਸੰਬੋਧਨ ਕੀਤਾ।

# ਸੀ ਟੀ ਗਰੁੱਪ ਤੇ ਜਾਪਾਨ ਦੀ ਟੀਓਕੀਓ 'ਵਰਸਿਟੀ ਨੇ ਮਿਲਾਇਆ ਹੱਥ



**ਜਲੰਧਰ (ਸ਼ੈਲੀ ਐਲਬਰਟ)**

ਸੀ.ਟੀ. ਗਰੁੱਪ ਦੇ ਵਿਸ਼ਵ ਪੱਧਰੀ ਖੋਜ ਉੱਤਮਤਾ ਅਤੇ ਅਕਾਦਮਿਕ ਸਹਿਯੋਗ ਦੀ ਪ੍ਰਤੀਬੱਧਤਾ ਦੇ ਤਹਿਤ, ਜਾਪਾਨ ਦੀ ਪ੍ਰਸਿੱਧ ਟੀਯੋਕੀਓ ਯੂਨੀਵਰਸਿਟੀ ਇੰਸਟੀਚਿਊਟ ਆਫ ਮੈਡੀਕਲ ਮਾਈਕੋਲੋਜੀ (TIMM) ਨਾਲ ਇੱਕ ਮਹੱਤਵਪੂਰਨ ਖੋਜ ਪ੍ਰੋਜੈਕਟ ਸ਼ੁਰੂ ਕੀਤਾ ਗਿਆ ਹੈ।ਇਸ ਸਾਂਝੇ ਪ੍ਰੋਜੈਕਟ ਦੀ ਅਗਵਾਈ ਸੀ.ਟੀ. ਯੂਨੀਵਰਸਿਟੀ ਦੇ ਪ੍ਰੋਫੈਸਰ ਵੀਰ ਵਿਕਰਮ ਅਤੇ ਖੋਜ ਵਿਦਵਾਨ ਮਿਸਟਰ ਰਾਏ ਦੁਆਰਾ ਕੀਤੀ ਜਾ ਰਹੀ ਹੈ। ਇਹ ਖੋਜ ਮੈਡੀਕਲ ਮਾਈਕੋਲੋਜੀ ਦੇ ਖੇਤਰ ਵਿੱਚ ਸਿਲਕਵਰਮ ਦੇ ਵੱਖ-ਵੱਖ ਵਿਕਾਸ ਪੜਾਵਾਂ ਅਤੇ ਫੰਗਲ ਰੋਗਾਣੂਆਂ ਨਾਲ ਇਨ੍ਹਾਂ ਦੀ ਪਰਸਪਰ ਕ੍ਰਿਆ ਦਾ ਅਧਿਐਨ ਕਰਦੀ ਹੈ। ਇਸ ਖੋਜ ਰਾਹੀਂ ਹੋਸਟ-ਪੈਥੋਜਨ ਡਾਇਨੈਮਿਕਸ, ਪ੍ਰਤੀਰੋਧ ਮਕੈਨਿਜ਼ਮ ਅਤੇ ਫੰਗਲ ਬਾਇਓਲੋਜੀ ਬਾਰੇ ਨਵੀਨ ਜਾਣਕਾਰੀ ਪ੍ਰਾਪਤ ਹੋਣ ਦੀ ਉਮੀਦ ਹੈ।ਟੀਯੋਕੀਓ ਯੂਨੀਵਰਸਿਟੀ ਵਿੱਚ ਆਪਣੇ ਸਮੇਂ ਦੌਰਾਨ, ਸੀ.ਟੀ. ਯੂਨੀਵਰਸਿਟੀ ਦੀ ਟੀਮ ਨੇ ਇਸ ਖੇਤਰ ਦੇ ਮਸ਼ਹੂਰ ਖੋਜਕਰਤਾ ਡਾ. ਅਤਸੁਸ਼ੀ ਮਿਯਾਸ਼ਿਤਾ ਨਾਲ ਨਜ਼ਦੀਕੀ ਤੋਂ ਕੰਮ ਕੀਤਾ ਅਤੇ ਯੂਨੀਵਰਸਿਟੀ ਦੇ ਡਾਇਰੈਕਟਰ ਪ੍ਰੋਫੈਸਰ ਕੋਇਚੀ ਮਾਕੀਮੁਰਾ ਨਾਲ ਵਿਚਾਰ-ਵਟਾਂਦਰਾ ਕੀਤਾ। ਇਸ ਪ੍ਰੋਜੈਕਟ ਰਾਹੀਂ TIMM ਦੀ ਅਧੁਨਿਕ ਲੈਬ ਸਹੂਲਤ ਅਤੇ ਵਿਧੀਆਂ ਦੀ ਵਰਤੋਂ ਕੀਤੀ ਗਈ, ਜੋ ਕਿ ਰੋਗ ਨਿਦਾਨ, ਐਂਟੀਫੰਗਲ ਦਵਾਈ ਪ੍ਰਤੀਰੋਧ ਅਤੇ ਪੈਥੋਜੈਨਿਕ ਫੰਗਲ ਦੇ ਮੌਲੀਕਿਊਲਰ ਵਿਸ਼ਲੇਸ਼ਣ ਖੇਤਰ ਵਿੱਚ ਆਪਣੇ ਯੋਗਦਾਨ ਲਈ ਜਾਣੀ ਜਾਂਦੀ ਹੈ।ਇਹ ਸਹਿਯੋਗ ਸੀ.ਟੀ. ਯੂਨੀਵਰਸਿਟੀ ਦੇ ਇੱਕ ਫਾਰਮਲ ਦੌਰੇ ਦੌਰਾਨ ਸ਼ੁਰੂ ਹੋਇਆ ਸੀ, ਜਿਸਨੂੰ ਯੂਨੀਵਰਸਿਟੀ ਦੇ ਪ੍ਰੋ-ਚਾਂਸਲਰ ਡਾ. ਮਨਬੀਰ ਸਿੰਘ ਦਾ ਸਮਰਥਨ ਪ੍ਰਾਪਤ ਸੀ। ਉਨ੍ਹਾਂ ਨੇ ਜ਼ੋਰ ਦਿੰਦੇ ਹੋਏ ਕਿਹਾ: 'ਟੀਯੋਕੀਓ ਯੂਨੀਵਰਸਿਟੀ ਦੀ ਮਾਈਕੋਲੋਜੀਕਲ ਖੋਜ ਵਿੱਚ ਉੱਤਮਤਾ ਸੀ.ਟੀ. ਯੂਨੀਵਰਸਿਟੀ ਦੇ ਨਵੀਨਤਾ, ਗਿਆਨ ਸਾਂਝਾ ਕਰਨ ਅਤੇ ਵਿਸ਼ਵਿਕ ਸਹਿਯੋਗ ਦੇ ਟੀਚੇ ਨਾਲ ਮੇਲ ਖਾਂਦੀ ਹੈ'। ਇਹ ਸਾਂਝਾ ਖੋਜ ਪ੍ਰੋਜੈਕਟ ਸੀ.ਟੀ. ਗਰੁੱਪ ਅਤੇ ਟੀਯੋਕੀਓ ਯੂਨੀਵਰਸਿਟੀ ਵਿਚਕਾਰ ਇੱਕ ਡੂੰਘੇ ਗਠਜੋੜ ਦੀ ਸ਼ੁਰੂਆਤ ਹੈ, ਜਿਸਦਾ ਟੀਚਾ ਅੰਤਰ-ਵਿਸ਼ਾਈ ਸਹਿਯੋਗ, ਫੈਕਲਟੀ ਅਤੇ ਵਿਦਿਆਰਥੀ ਵਟਾਂਦਰਾ, ਅਤੇ ਵਿਗਿਆਨਕ ਖੋਜ ਨੂੰ ਵਧਾਉਣਾ ਹੈ।

# ਖਟੀਕ ਸਮਾਜ ਹਰਿਆਣਾ ਦੇ ਵ਼ਫਦ ਨੇ ਨਾਇਬ ਸਿੰਘ ਸੈਣੀ ਨਾਲ ਕੀਤੀ ਮੁਲਾਕਾਤ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**

ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨਾਲ ਚੰਡੀਗੜ੍ਹ ਵਿੱਚ ਸਮਾਜਿਕ, ਨਿਆਂ ਅਧਿਕਾਰਤਾ, ਅਨੁਸੂਚਿਤ ਜਾਤੀਆਂ ਅਤੇ ਪਿੱਛੜਾ ਵਰਗ ਭਲਾਈ ਅਤੇ ਅੰਤਯੋਦਿਆ ਮੰਤਰੀ ਕ੍ਰਿਸ਼ਣ ਕੁਮਾਰ ਬੇਦੀ ਦੀ ਅਗਵਾਈ ਹੇਠ ਖਟੀਕ ਸਮਾਜ ਹਰਿਆਣਾ ਦੇ ਵਫ਼ਦ ਨੇ ਸ਼ਿਸ਼ਟਾਚਾਰ ਭੇਂਟ ਕੀਤੀ। ਇਸ ਮੌਕੇ 'ਤੇ ਵਫ਼ਦ ਨੇ ਆਗਾਮੀ 6 ਸਤੰਬਰ 2025 ਨੂੰ ਹਿਸਾਰ ਵਿੱਚ ਪ੍ਰਬੰਧਿਤ ਹੋਣ ਵਾਲੇ ਸੰਤ ਸ਼੍ਰੋਮਣੀ ਦੁਰਬਲਨਾਥ ਦੇ ਰਾਜ ਪੱਧਰੀ ਜੈਯੰਤੀ ਪ੍ਰੋਗਰਾਮ ਲਈ ਮੁੱਖ ਮੰਤਰੀ ਨੂੰ ਸੱਦਾ ਪੱਤਰ ਭੇਂਟ ਕੀਤਾ।ਵਫ਼ਦ ਨੇ ਮੁੱਖ ਮੰਤਰੀ ਦਾ ਧੰਨਵਾਦ ਕਰਦੇ ਹੋਏ ਦੱਸਿਆ ਕਿ ਹਰਿਆਣਾ ਸਰਕਾਰ ਵੱਲੋਂ ਸਭਦਾ ਸਾਥ, ਸਭਦਾ ਵਿਕਾਸ, ਸਭਦਾ ਵਿਸ਼ਵਾਸ ਅਤੇ ਸਭਦਾ ਪ੍ਰਯਾਸ ਦੇ ਸਿਧਾਂਤ 'ਤੇ ਚਲਦੇ ਹੋਏ ਸੰਤ ਦੁਰਬਲਨਾਥ ਸਿੱਖਿਆ ਖਟੀਕ ਸਮਾਜ ਨੂੰ ਸਮਾਜਿਕ, ਧਾਰਮਿਕ ਅਤੇ ਸਿੱਖਿਅਕ ਕੰਮਾਂ ਦੇ ਸੰਚਾਲਨ ਲਈ ਪੀਐਲ ਸੈਕਟਰ, ਹਿਸਾਰ ਵਿੱਚ 781.82 ਵਰਗ ਮੀਟਰ ਭੂਮੀ ਸਰਕਾਰੀ ਦਰ 'ਤੇ ਵੰਡ ਕੀਤੀ ਗਈ ਹੈ।ਵਫ਼ਦ ਨੇ ਮੁੱਖ ਮੰਤਰੀ ਨੂੰ ਅਪੀਲ ਕੀਤੀ ਕਿ ਉਹ 6 ਸਤੰਬਰ ਨੂੰ ਹੋਣ ਵਾਲੇ ਇਸ ਇਤਿਹਾਸਕ ਪ੍ਰੋਗਰਾਮ ਵਿੱਚ ਬਤੌਰ ਮੁੱਖ ਮਹਿਮਾਨ ਸ਼ਿਰਕਤ ਕਰਨ ਅਤੇ ਉਕਤ ਭੂਮੀ 'ਤੇ ਨਿਰਮਾਣ ਕਾਰਜ ਦਾ ਨੀਂਹ ਪੱਥਰ ਵੀ ਰੱਖਣ।ਮੁੱਖ ਮੰਤਰੀ ਨੇ ਖਟੀਕ ਸਮਾਜ ਵੱਲੋ ਸਮਾਜ ਦੀ ਉੱਨਤੀ ਅਤੇ ਏਕਤਾ ਲਈ ਕੀਤੇ ਜਾ ਰਹੇ ਯਤਨਾਂ ਦੀ ਸਲਾਂਘਾ ਕੀਤੀ। ਉਨ੍ਹਾਂ ਨੇ ਕਿਹਾ ਕਿ ਸਮਾਜਿਕ ਸਮਰਸਤਾ ਅਤੇ ਭਾਈਚਾਰੇ ਨੂੰ ਉਤਸ਼ਾਹਿਤ ਕਰਨ ਦੇ ਟੀਚੇ ਨਾਲ ਹਰਿਆਣਾ ਸਰਕਾਰ ਨੇ ਸੰਤਾਂ ਅਤੇ ਮਹਾਪੁਰਖਾਂ ਦੇ ਸੰਦੇਸ਼ ਨੂੰ ਜਨਤਕ ਤੱਕ ਪਹੁੰਚਾਉਣ ਲਈ ਸੰਤ ਮਹਾਪੁਰਖ ਸਨਮਾਨ ਵਿਚਾਰ ਅਤੇ ਪ੍ਰਸਾਰ ਯੋਜਨਾ ਸ਼ੁਰੂ ਕੀਤੀ ਹੋਈ ਹੈ। ਇਸ ਦੇ ਤਹਿਤ ਸਾਰੇ ਸਮਾਜ ਦੇ ਸੰਤਾਂ-ਮਹਾਪੁਰਖਾਂ ਦੀ ਜੈਅੰਤਿਆਂ ਅਤੇ ਵਿਸ਼ੇਸ਼ ਦਿਨਾਂ ਨੂੰ ਰਾਜ ਪੱਧਰ 'ਤੇ ਮਨਾਇਆ ਜਾ ਰਿਹਾ ਹੈ। ਉਨ੍ਹਾਂ ਨੇ ਭਰੋਸਾ ਦਿਲਾਇਆ ਕਿ ਹਰਿਆਣਾ ਸਰਕਾਰ ਸਮਾਜਿਕ ਸਮਰਸਤਾ ਅਤੇ ਸਾਰੇ ਵਰਗਾਂ ਦੀ ਉੱਨਤੀ ਲਈ ਹਮੇਸ਼ਾ ਵਚਨਬੱਧ ਹੈ।ਵਫ਼ਦ ਵਿੱਚ ਸੰਤ ਦੁਰਬਲਨਾਥ ਸਿੱਖਿਆ ਕਮੇਟੀ, ਹਿਸਾਰ ਦੇ ਪ੍ਰਧਾਨ ਰਘੁਬੀਰ ਸਿੰਘ ਬਧਗੁੱਜਰ, ਪੂਰਣਚੰਦ ਪੰਵਾਰ, ਰਮੇਸ਼ ਰਤਵਾਯਾ, ਠਾਕਰ ਦੱਤ ਪੰਵਾਰ, ਨੇਕਰਾਮ ਬਸਵਾਲਾ, ਸਲੀਰਾਮ ਚੰਦੇਲ, ਸ਼ੇਰਸਿੰਘ ਖੰਨਾ, ਡਾ. ਸਤਪਾਲ ਚਾਵਲਾ, ਪ੍ਰੋ. ਸੁਰੇਂਦਰ ਬੜਗੁੱਜਰ, ਐਡਵੋਕੇਟ ਸੁਮਿਤ ਮੈਨੀ, ਪ੍ਰਵੇਸ਼ ਕੁਮਾਰ ਸਮੇਤ ਹੋਰ ਪਦਾਧਿਕਾਰੀ ਸ਼ਾਮਲ ਸਨ।